24-MAR-PAGE-1.qxd 3/23/2024 10:43 PM Page 1

ਐਤਵਾਰ, 24 ਮਾਰਚ, 2024
11 ਚੇਤ { ਨਾਨਕਸ਼ਾਹੀ 556 / ਬਿਕਰਮੀ 2080
ਜਿਲਦ/VOL. : 72
ਅੰਕ/NO. : 294

# ਨਵਾਂ ਜ਼ਮਾਨਾ

DAILY NAWAN ZAMANA • SUNDAY, 24 MARCH, 2024 ਜਲੰਧਰ

nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ 8+6=14

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |


## 1000 ਰੁਪਏ ਵਾਲਾ ਵਾਅਦਾ ਜ਼ਰੂਰ ਪੂਰਾ ਕਰਾਂਗਾ, ਪਤਨੀ ਨੇ ਕੇਜਰੀਵਾਲ ਦਾ ਸੰਦੇਸ਼ ਪੜ੍ਹ ਕੇ ਸੁਣਾਇਆ

### ਕਰੋੜਾਂ ਦੁਆਵਾਂ ਮੇਰੇ ਨਾਲ

**ਨਵੀਂ ਦਿੱਲੀ** : ਅਰਵਿੰਦ ਕੇਜਰੀਵਾਲ ਦੀ ਪਤਨੀ ਸੁਨੀਤਾ ਕੇਜਰੀਵਾਲ ਨੇ ਇੱਕ ਵੀਡੀਓ ਮੈਸੇਜ ਜਾਰੀ ਕੀਤਾ ਹੈ। ਸੁਨੀਤਾ ਕੇਜਰੀਵਾਲ ਨੇ ਕਿਹਾ—ਤੁਹਾਡੇ ਬੇਟੇ ਅਤੇ ਤੁਹਾਡੇ ਭਰਾ ਅਰਵਿੰਦ ਕੇਜਰੀਵਾਲ ਨੇ ਜੇਲ੍ਹ ਤੋਂ ਤੁਹਾਡੇ ਲਈ ਸੰਦੇਸ਼ ਭੇਜਿਆ ਹੈ... ਮੇਰੇ ਪਿਆਰੇ ਦੇਸ਼ ਵਾਸੀਓ, ਮੈਨੂੰ ਬੀਤੇ ਦਿਨੀ ਗ੍ਰਿਫ਼ਤਾਰ ਕਰ ਲਿਆ, ਮੈਂ ਅੰਦਰ ਰਹਾਂ ਜਾਂ ਬਾਹਰ, ਹਰ ਪਲ ਦੇਸ਼ ਦੀ ਸੇਵਾ ਕਰਦਾ ਰਹਾਂਗਾ। ਸੁਨੀਤਾ ਨੇ ਕੇਜਰੀਵਾਲ ਦਾ ਸੰਦੇਸ਼ ਪੜ੍ਹਦੇ ਹੋਏ ਕਿਹਾ ਕਿ ਕੇਜਰੀਵਾਲ ਆਪਣਾ 1000 ਰੁਪਏ ਵਾਲਾ ਵਾਅਦਾ ਜ਼ਰੂਰ ਪੂਰਾ ਕਰਨਗੇ। ਇਸੇ ਦੇ ਨਾਲ ਉਨ੍ਹਾ ਲੋਕਾਂ ਨੂੰ ਮੰਦਰ ਜਾਣ ਦੀ ਵੀ ਅਪੀਲ ਕੀਤੀ। ਸੁਨੀਤਾ ਨੇ ਕੇਜਰੀਵਾਲ ਦਾ ਸੰਦੇਸ਼ ਪੜ੍ਹਦੇ ਹੋਏ ਕਿਹਾ—ਮੇਰਾ ਜੀਵਨ ਸੰਘਰਸ਼ ਲਈ ਹੀ ਹੋਇਆ ਹੈ। ਮੇਰਾ ਇੱਕ-ਇੱਕ ਕਤਰਾ ਦੇਸ਼ ਲਈ ਹੈ। ਅੱਜ ਤੱਕ ਮੈਂ ਬਹੁਤ ਸੰਘਰਸ਼ ਕੀਤਾ, ਅੱਗੇ ਵੀ ਕਰਦਾ ਰਹਾਂਗਾ, ਇਸ ਲਈ ਇਸ ਗ੍ਰਿਫ਼ਤਾਰੀ ਤੋਂ ਹੈਰਾਨ ਨਹੀਂ ਹਾਂ। ਪਿਛਲੇ ਜਨਮ 'ਚ ਜ਼ਰੂਰ ਮੈਂ ਚੰਗੇ ਕੰਮ ਕੀਤੇ ਹੋਣਗੇ,

● ਬਾਕੀ ਸਫ਼ਾ 2 'ਤੇ

### ਗ੍ਰਿਫ਼ਤਾਰੀ ਖਿਲਾਫ਼ ਹਾਈ ਕੋਰਟ ਪਹੁੰਚੇ ਕੇਜਰੀਵਾਲ

**ਨਵੀਂ ਦਿੱਲੀ** : ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਆਪਣੀ ਗ੍ਰਿਫਤਾਰੀ ਅਤੇ ਸ਼ੁੱਕਰਵਾਰ ਨੂੰ ਟਰਾਇਲ ਕੋਰਟ ਵੱਲੋਂ ਈ ਡੀ ਨੂੰ ਦਿੱਤੇ ਰਿਮਾਂਡ ਖਿਲਾਫ਼ ਦਿੱਲੀ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਹੈ। ਉਨ੍ਹਾ ਆਪਣੀ ਪਟੀਸ਼ਨ 'ਚ ਹਾਈ ਕੋਰਟ ਨੂੰ ਤਤਕਾਲ ਸੁਣਵਾਈ ਦੀ ਮੰਗ ਕਰਦੇ ਹੋਏ ਸੁਣਵਾਈ ਦੀ ਗੁਹਾਰ ਲਾਈ ਹੈ। ਕੇਜਰੀਵਾਲ ਨੇ ਆਪਣੀ ਪਟੀਸ਼ਨ 'ਚ ਦਲੀਲ ਦਿੱਤੀ ਹੈ ਕਿ

● ਬਾਕੀ ਸਫ਼ਾ 2 'ਤੇ

### ਅਦਾਲਤ ਨੇ ਕੇ. ਕਵਿਤਾ ਦੀ ਵਧਾਈ ਤਿੰਨ ਦਿਨ ਹਿਰਾਸਤ

**ਨਵੀਂ ਦਿੱਲੀ** : ਦਿੱਲੀ ਦੇ ਕਥਿਤ ਸ਼ਰਾਬ ਘੁਟਾਲੇ ਮਾਮਲੇ 'ਚ ਗ੍ਰਿਫ਼ਤਾਰ ਬੀ ਆਰ ਐੱਸ ਨੇਤਾ ਕੇ. ਕਵਿਤਾ ਦਾ ਰਿਮਾਂਡ ਕੋਰਟ ਨੇ ਤਿੰਨ ਦਿਨਾ ਲਈ ਵਧਾ ਦਿੱਤਾ ਹੈ। ਈ ਡੀ ਨੇ ਸ਼ਨੀਵਾਰ ਉਨ੍ਹਾ ਦੀ ਹਿਰਾਸਤ ਦੀ ਮਿਤੀ ਖ਼ਤਮ ਹੋਣ ਬਾਅਦ ਉਨ੍ਹਾ ਨੂੰ ਰਾਊਜ਼ ਐਵੇਨਿਊ ਕੋਰਟ 'ਚ ਪੇਸ਼ ਕੀਤਾ ਸੀ ਅਤੇ ਪੰਜ ਦਿਨ ਰਿਮਾਂਡ ਵਧਾਉਣ ਦੀ ਮੰਗ ਕੀਤੀ ਸੀ। ਕੋਰਟ ਨੇ ਇਸ ਮਾਮਲੇ 'ਚ ਉਨ੍ਹਾ ਨੂੰ ਤਿੰਨ ਦਿਨ ਦੀ

● ਬਾਕੀ ਸਫ਼ਾ 2 'ਤੇ

## ਸੀ ਪੀ ਆਈ ਦੇ ਵਫਦ ਨੇ ਕੀਤੀ ਸੁਨੀਤਾ ਕੇਜਰੀਵਾਲ ਨਾਲ ਮੁਲਾਕਾਤ



**ਨਵੀਂ ਦਿੱਲੀ** : ਇੱਥੇ ਡੀ ਰਾਜਾ ਜਨਰਲ ਸਕੱਤਰ ਭਾਰਤੀ ਕਮਿਊਨਿਸਟ ਪਾਰਟੀ ਦੀ ਅਗਵਾਈ 'ਚ ਇਕ ਵਫਦ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਰਿਹਾਇਸ਼ 'ਤੇ ਪੁੱਜ ਕੇ ਉਨ੍ਹਾ ਦੀ ਪਤਨੀ ਸੁਨੀਤਾ ਕੇਜਰੀਵਾਲ ਅਤੇ ਬੇਟੀ ਹਰਸ਼ਿਤਾ ਨੂੰ ਸੀ ਪੀ ਆਈ ਵੱਲੋਂ ਕੇਜਰੀਵਾਲ ਦੀ ਗ੍ਰਿਫ਼ਤਾਰੀ ਦੇ ਵਿਰੁੱਧ ਸਮਰਥਨ ਦਿੱਤਾ। ਡਾ. ਬੀ ਕੇ ਕਾਂਗੋ, ਰਾਮਾਕ੍ਰਿਸ਼ਨ ਪਾਂਡਾ ਦੋਵੇਂ ਸੀ ਪੀ ਆਈ ਰਾਸ਼ਟਰੀ ਸਕੱਤਰ ਅਤੇ ਸੀ ਪੀ ਆਈ ਦਿੱਲੀ ਦੇ ਸਕੱਤਰ ਪ੍ਰੋਫੈਸਰ ਦਿਨੇਸ਼ ਵਾਰਸ਼ਨੇ ਨੇ ਕਿਹਾ ਕਿ ਅਸੀਂ ਸਾਰੇ ਸੰਯੁਕਤ ਰੂਪ ਨਾਲ ਮੋਦੀ ਸਰਕਾਰ ਦੀ ਤਾਨਾਸ਼ਾਹੀ ਖਿਲਾਫ਼ ਪੂਰੇ ਭਾਰਤ 'ਚ ਸੰਘਰਸ਼ ਤੇਜ਼ ਕਰਾਂਗੇ। ਉਨ੍ਹਾਂ ਕਿਹਾ ਕਿ ਇਹ ਗ੍ਰਿਫ਼ਤਾਰੀਆਂ ਵਿਰੋਧੀ ਧਿਰਾਂ ਨੂੰ ਚੋਣ ਪ੍ਰਚਾਰ ਤੋਂ ਰੋਕਣ ਦੀ ਕੋਝੀ ਚਾਲ ਹੈ। ਭਾਜਪਾ ਸਰਕਾਰ ਕੇਂਦਰੀ ਏਜੰਸੀਆਂ ਈ ਡੀ ਅਤੇ ਸੀ ਬੀ ਆਈ ਨੂੰ ਆਪਣੇ ਰਾਜਨੀਤਕ ਹਿੱਤਾਂ ਲਈ ਵਰਤ ਰਹੀ ਹੈ। 'ਇੰਡੀਆ' ਗਠਜੋੜ ਇਸ ਦਾ ਡਟ ਕੇ ਸਾਹਮਣਾ ਕਰੇਗਾ। ਇਸ ਦੇ ਨਾਲ ਹੀ ਸੀ ਪੀ ਆਈ ਨੇ ਦਿੱਲੀ 'ਚ ਮੋਦੀ ਸਰਕਾਰ ਵਿਰੁੱਧ ਪ੍ਰਦਰਸ਼ਨ ਕੀਤਾ।

## ਫਿਰਕਾਪ੍ਰਸਤੀ ਨੂੰ ਨਕਾਰ ਕੇ ਭਾਜਪਾ ਨੂੰ ਹਰਾਉਣ ਲੋਕ : ਅਰਸ਼ੀ



**ਭੀਖੀ (ਧਰਮਵੀਰ ਸ਼ਰਮਾ)**

ਸੰਯੁਕਤ ਕਿਸਾਨ ਮੋਰਚਾ ਭਾਰਤ ਦੇ ਸੱਦੇ 'ਤੇ ਮੋਰਚੇ 'ਚ ਸ਼ਾਮਲ ਕਿਸਾਨ ਜਥੇਬੰਦੀਆਂ, ਨਵਯੁਗ ਸਾਹਿਤ ਕਲਾ ਮੰਚ ਅਤੇ ਹੋਰ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਸ਼ਹੀਦੇ ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ 'ਤੇ ਇੱਕ ਸਮਾਗਮ ਸਥਾਨਕ ਸ਼ਹੀਦ ਭਗਤ ਸਿੰਘ ਯਾਦਗਾਰੀ ਲਾਇਬਰੇਰੀ ਵਿਖੇ ਕਰਵਾਇਆ ਗਿਆ। ਸਮਾਗਮ ਦੇ ਮੁੱਖ ਬੁਲਾਰੇ ਹਰਦੇਵ ਅਰਸ਼ੀ ਤੇ ਸੁਖਦਰਸ਼ਨ ਨੱਤ ਸਨ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਕਿਸਾਨ ਆਗੂ ਭੋਲਾ ਸਿੰਘ ਸਮਾਉਂ, ਗੁਰਨਾਮ ਸਿੰਘ ਗਾਮਾ, ਸਤਪਾਲ ਰਿਸ਼ੀ, ਪ੍ਰਸ਼ੋਤਮ ਸਿੰਘ ਗਿੱਲ, ਰੂਪ ਸਿੰਘ ਢਿੱਲੋਂ, ਰਜਿੰਦਰ ਰੋਹੀ, ਲਛਮਣ ਸਿੰਘ, ਛੱਜੂ ਰਾਮ ਰਿਸ਼ੀ, ਅਮਰੀਕ ਸਿੰਘ ਫਫੜੇ ਤੇ ਹੋਰ ਆਗੂ ਸ਼ਾਮਲ ਹੋਏ। ਸਮਾਗਮ ਨੂੰ ਸੰਬੋਧਨ ਕਰਦਿਆਂ ਹਰਦੇਵ ਅਰਸ਼ੀ ਨੇ ਕਿਹਾ ਕਿ ਅੱਜ ਦੇਸ਼ ਦੇ ਹਾਲਾਤ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਨ। ਭਾਜਪਾ ਤੇ ਆਰ ਐੱਸ ਐੱਸ ਦੇਸ਼ 'ਤੇ ਆਪਣਾ ਹਿੰਦੂਤਵੀ ਏਜੰਡਾ ਲਾਗੂ ਕਰਕੇ ਦੇਸ਼ 'ਚ ਫਿਰਕਾਪ੍ਰਸਤੀ ਦਾ ਮਾਹੌਲ ਬਣਾ ਰਹੀ ਹੈ। 'ਨਾ ਖਾਊਂਗਾ, ਨਾ ਖਾਨੇ ਦੂੰਗਾਂ' ਕਹਿਣ ਵਾਲਾ ਪ੍ਰਧਾਨ ਮੰਤਰੀ ਦੇਸ਼ ਨੂੰ ਕਾਰਪੋਰੇਟਾਂ ਨੂੰ ਖਵਾਉਣ 'ਚ ਸਾਰੇ ਹੱਦਾਂ-ਬੰਨੇ ਪਾਰ ਕਰ ਦਿੱਤੇ ਹਨ। ਭਾਜਪਾ ਨੇ ਕਾਰਪੋਰੇਟਾਂ ਤੋਂ ਚੋਣ ਬਾਂਡਾਂ ਦੇ ਜ਼ਰੀਏ ਮੋਟਾ ਪੈਸਾ ਲਿਆ ਤੇ ਬਦਲੇ 'ਚ ਉਨ੍ਹਾਂ ਨੂੰ ਦੇਸ਼ ਦਾ ਸਰਮਾਇਆ ਲੁਟਾਇਆ। ਅੱਜ ਦੇਸ਼ ਦੇ ਲੋਕਾਂ 'ਚ ਵੀ ਭਾਜਪਾ ਖਿਲਾਫ ਰੋਸ ਹੈ। ਭਾਜਪਾ ਦੀ ਕਿਸੇ ਵੀ ਸੂਬੇ 'ਚ ਵਧੀਆ ਕਾਰਗੁਜ਼ਾਰੀ ਦੀ ਰਿਪੋਰਟ ਨਹੀਂ ਆ ਰਹੀ। ਭਾਜਪਾ ਤੇ ਆਰ ਐੱਸ ਐੱਸ ਇੰਡੀਆ ਗੱਠਜੋੜ ਤੋਂ ਪੂਰੀ ਤਰਾਂ ਡਰੀ ਹੋਈ ਹੈ, ਜਿਸ ਦੀ ਉਦਾਹਰਨ ਕਾਂਗਰਸ ਦੇ ਸਾਰੇ ਖਾਤੇ ਸੀਜ਼ ਕਰਨਾ ਤੇ ਐਨ ਚੋਣਾਂ ਮੌਕੇ ਕੇਜਰੀਵਾਲ ਨੂੰ ਗ੍ਰਿਫਤਾਰ ਕਰਨਾ ਹੈ। ਉਨ੍ਹਾ ਕਿਹਾ ਕਿ ਇੰਡੀਆ ਗਠਜੋੜ 'ਚ ਸਭ ਤੋਂ ਵੱਡੀ ਪਾਰਟੀ ਕਾਂਗਰਸ ਹੈ ਤੇ ਉਸ ਨੂੰ ਬਾਕੀ ਖੇਤਰੀ ਪਾਰਟੀਆਂ ਨਾਲ ਸੀਟਾਂ ਦੇ ਮਾਮਲੇ 'ਤੇ ਸਮਝੌਤੇ ਕਰਨੇ ਚਾਹੀਦੇ ਹਨ। ਉਨ੍ਹਾ ਸਪੱਸ਼ਟ ਸ਼ਬਦਾਂ 'ਚ ਕਿਹਾ ਕਿ ਜੇਕਰ ਭਾਜਪਾ ਬਹੁਮਤ 'ਚ ਆਉਂਦੀ ਹੈ ਤਾਂ ਇਸ ਦਾ ਜ਼ਿੰਮੇਵਾਰ ਕਾਂਗਰਸ ਦਾ ਹੰਕਾਰ ਹੋਵੇਗਾ। ਇਹ ਚੋਣਾਂ ਦੇਸ਼ ਤੇ ਸੰਵਿਧਾਨ ਨੂੰ ਬਚਾਉਣ ਲਈ ਬਹੁਤ ਮਹੱਤਵਪੂਰਨ ਹਨ, ਜਿਸ ਦੀ ਭਾਜਪਾ ਖਿਲਾਫ ਦੇਸ਼ ਅੰਦਰ ਜ਼ੋਰਦਾਰ ਆਵਾਜ਼ ਉੱਠਣੀ ਚਾਹੀਦੀ ਹੈ।

ਸੁਖਦਰਸ਼ਨ ਨੱਤ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ

● ਬਾਕੀ ਸਫ਼ਾ 2 'ਤੇ

## ਭਗਤ ਸਿੰਘ ਦੇ ਸੁਪਨਿਆਂ ਦਾ ਭਾਰਤ ਬਣਾਉਣ ਲਈ ਭਾਜਪਾ ਨੂੰ ਹਰਾਉਣਾ ਜ਼ਰੂਰੀ : ਬੰਤ ਬਰਾੜ

**ਬੰਗਾ/ਨਵਾਂਸ਼ਹਿਰ (ਅਵਤਾਰ ਕਲੇਰ/ ਕੁਲਵਿੰਦਰ ਸਿੰਘ ਦੁਰਗਾਪੁਰੀਆ)**



ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐੱਮ ਪੀ ਆਈ) ਵੱਲੋਂ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ 'ਤੇ ਖਟਕੜ ਕਲਾਂ ਵਿਖੇ ਵਿਸ਼ਾਲ ਸ਼ਹੀਦੀ ਕਾਨਫਰੰਸ ਕੀਤੀ ਗਈ।ਕਾਨਫਰੰਸ ਨੂੰ ਸੀ ਪੀ ਆਈ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ, ਆਰ ਐੱਮ ਪੀ ਆਈ ਦੇ ਕੌਮੀ ਜਨਰਲ ਸਕੱਤਰ ਮੰਗਤ ਰਾਮ ਪਾਸਲਾ, ਏਟਕ ਪੰਜਾਬ ਦੇ ਪ੍ਰਧਾਨ ਨਿਰਮਲ ਸਿੰਘ ਧਾਲੀਵਾਲ, ਪੰਜਾਬ ਖੇਤ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਦੇਵੀ ਕੁਮਾਰੀ ਨੇ ਸੰਬੋਧਨ ਕੀਤਾ।ਵੱਖ-ਵੱਖ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ਼ਹੀਦ ਭਗਤ ਸਿੰਘ ਅਤੇ ਇਹਨਾਂ ਦੇ ਸਾਥੀਆਂ ਨੇ ਫਾਂਸੀ ਦਾ ਰੱਸਾ ਚੁੰਮਿਆ ਅਤੇ ਛੋਟੀ ਉਮਰ 'ਚ ਹੀ ਵੱਡਾ ਕੰਮ ਕਰ ਗਏ। ਅਜ਼ਾਦੀ ਦੇ ਸਾਢੇ ਸੱਤ ਦਹਾਕਿਆਂ ਬਾਅਦ ਵੀ ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਗਰੀਬੀ, ਜਾਤਪਾਤ ਦਾ ਬੋਲਬਾਲਾ ਹੈ।ਤਿੰਨੇ ਸ਼ਹੀਦਾਂ ਦਾ ਧਰਮ, ਜਾਤ ਅਤੇ ਸੂਬਾ ਵੀ ਇੱਕ ਨਹੀਂ ਸੀ, ਪਰ ਉਹਨਾਂ ਦੀ ਸੋਚ ਸਾਂਝੀ ਸੀ।ਸਮਾਜਵਾਦੀ ਸੋਚ ਸੀ।ਭਗਤ ਸਿੰਘ ਇਕੱਲੀ ਅਜ਼ਾਦੀ ਨਹੀਂ ਸੀ ਚਾਹੁੰਦਾ, ਉਹ ਸਾਂਝੇ ਲੋਕਾਂ ਦਾ ਰਾਜ, ਮਜ਼ਦੂਰਾਂ, ਕਿਸਾਨਾਂ ਅਤੇ ਕਿਰਤੀ ਲੋਕਾਂ ਦਾ ਰਾਜ, ਸਮਾਜਵਾਦ ਅਤੇ ਸਾਂਝੀਵਾਲਤਾ ਦਾ ਰਾਜ ਚਾਹੁੰਦਾ ਸੀ।ਇਹਨਾਂ ਸ਼ਹੀਦਾਂ ਦੀ ਕੁਰਬਾਨੀ ਦਾ ਅੱਜ ਖਾਸ ਮਹੱਤਵ ਹੈ, ਕਿਉਂਕਿ ਸਾਡੇ ਦੇਸ਼ ਅੰਦਰ ਲੋਕ ਸਭਾ ਦੀਆਂ ਚੋਣਾਂ ਆ ਰਹੀਆਂ ਹਨ।ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਇਹੋ ਸੱਚੀ ਸ਼ਰਧਾਂਜਲੀ ਹੋਵੇਗੀ ਕਿ ਭਗਤ ਸਿੰਘ ਦੇ ਸੁਪਨਿਆਂ ਦਾ ਭਾਰਤ ਬਣਾਉਣ ਲਈ ਭਾਜਪਾ ਅਤੇ ਉਸ ਦੇ ਸਹਿਯੋਗੀਆਂ ਨੂੰ ਹਰਾਇਆ ਜਾਵੇ।ਅੱਜ ਉਹ ਲੋਕ ਸੱਤਾ 'ਚ ਹਨ, ਜਿਨ੍ਹਾਂ ਦੇਸ਼ ਨਾਲ

● ਬਾਕੀ ਸਫ਼ਾ 2 'ਤੇ

## ਫਾਸ਼ੀਵਾਦੀ ਤਾਕਤਾਂ ਦਾ ਮੁਕਾਬਲਾ ਕਰਨ ਲਈ ਨੌਜਵਾਨਾਂ ਨੂੰ ਸ਼ਹੀਦਾਂ ਦੀ ਵਿਚਾਰਧਾਰਾ ਤੋਂ ਅਗਵਾਈ ਲੈਣ ਦੀ ਲੋੜ : ਥਿਰਮਲਾਈ, ਜਗਰੂਪ

**ਹੁਸੈਨੀਵਾਲਾ/ਫਿਰੋਜ਼ਪੁਰ (ਅਸ਼ੋਕ ਸ਼ਰਮਾ)**



ਜੰਗ-ਏ-ਆਜ਼ਾਦੀ ਦੇ ਮਹਾਨ ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ ਅਤੇ ਸ਼ਹੀਦ ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਬਨੇਗਾ ਦਿਵਸ ਵਜੋਂ ਮਨਾਉਂਦਿਆਂ ਸ਼ਹੀਦੀ ਸਮਾਰਕ ਹੁਸੈਨੀਵਾਲਾ ਵਿਖੇ ਸ਼ਨੀਵਾਰ ਸਰਬ ਭਾਰਤ ਨੌਜਵਾਨ ਸਭਾ ਅਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵੱਲੋਂ ਸ਼ਹੀਦਾਂ ਦੇ ਸੁਪਨਿਆਂ ਦਾ ਖਾਕਾ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ (ਬਨੇਗਾ) ਦੀ ਪ੍ਰਾਪਤੀ ਲਈ ਸੰਘਰਸ਼ ਨੂੰ ਦੇਸ਼ ਪੱਧਰ 'ਤੇ ਹੋਰ ਤੇਜ਼ ਕਰਨ ਲਈ ਹਰ ਸਾਲ 23 ਮਾਰਚ ਨੂੰ ਬਨੇਗਾ ਦਿਵਸ ਮਨਾਉਣ ਦਾ ਸੰਕਲਪ ਲਿਆ ਗਿਆ। ਇਸ ਮੌਕੇ ਸੈਂਕੜਿਆਂ ਦੀ ਗਿਣਤੀ 'ਚ ਨੌਜਵਾਨਾਂ ਅਤੇ ਵਿਦਿਆਰਥੀਆਂ ਨੇ ਹਿੱਸਾ ਲਿਆ।ਇਸ ਬਨੇਗਾ ਦਿਵਸ ਸੰਕਲਪ ਮਾਰਚ ਦੀ ਅਗਵਾਈ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਪਰਮਜੀਤ ਸਿੰਘ ਢਾਬਾਂ, ਸਕੱਤਰ ਚਰਨਜੀਤ ਸਿੰਘ ਛਾਂਗਾ ਰਾਏ, ਕੌਮੀ ਕੌਂਸਲ ਮੈਂਬਰ ਕਰਮਵੀਰ ਬੱਧਨੀ ਅਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਰਮਨ ਧਰਮੂਵਾਲਾ ਅਤੇ ਸੂਬਾ ਸਕੱਤਰ ਪ੍ਰਿਤਪਾਲ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਕੀਤੀ।ਇਸ ਮੌਕੇ ਸਰਬ ਭਾਰਤ ਨੌਜਵਾਨ ਸਭਾ ਦੇ ਕੌਮੀ ਜਨਰਲ ਸਕੱਤਰ ਥਿਰਮਲਾਈ ਰਮਨ ਅਤੇ ਕੌਮੀ ਪ੍ਰਧਾਨ ਸੁਖਜਿੰਦਰ ਮਹੇਸਰੀ ਅਤੇ ਰੁਜ਼ਗਾਰ ਪ੍ਰਾਪਤੀ ਮੁਹਿੰਮ ਦੇ ਮੁੱਖ ਸਲਾਹਕਾਰ ਜਗਰੂਪ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

ਇਸ ਮੌਕੇ 23 ਮਾਰਚ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕੌਮੀ ਆਗੂਆਂ ਥਿਰਮਲਾਈ ਰਮਨ ਅਤੇ ਸੁਖਜਿੰਦਰ ਮਹੇਸਰੀ ਨੇ ਕਿਹਾ ਕਿ ਜੰਗ ਏ ਆਜ਼ਾਦੀ ਦੇ ਮਹਾਨ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦਾ ਸਮੁੱਚਾ ਜੀਵਨ ਫਲਸਫ਼ਾ ਕੁਰਬਾਨੀਆਂ ਭਰਿਆ ਅਤੇ ਅੱਜ ਵੀ ਪ੍ਰੇਰਨਾਸਰੋਤ ਹੈ।ਉਹਨਾ ਕਿਹਾ ਕਿ ਸ਼ਹੀਦਾਂ ਦੀ ਅਨੋਖੀ ਸ਼ਹਾਦਤ ਨੇ ਦੇਸ਼ ਦੀ ਗੁਲਾਮ ਜਨਤਾ ਅੰਦਰ ਇਨਕਲਾਬੀ ਜੋਸ਼ ਪੈਦਾ ਕੀਤਾ, ਜਿਸ

● ਬਾਕੀ ਸਫ਼ਾ 2 'ਤੇ

## ਸਰਕਾਰੀ ਗਵਾਹ ਕੰਪਨੀ ਨੇ ਭਾਜਪਾ ਨੂੰ ਦਿੱਤੇ 59 ਕਰੋੜ ਦੇ ਬਾਂਡ : ਆਤਿਸ਼ੀ



**ਨਵੀਂ ਦਿੱਲੀ** : ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰ ਤੋਂ ਬਾਅਦ ਆਮ ਆਦਮੀ ਪਾਰਟੀ ਲਗਾਤਾਰ ਕੇਂਦਰ 'ਤੇ ਹਮਲਾਵਰ ਹੈ। ਦਿੱਲੀ ਸਰਕਾਰ 'ਚ ਮੰਤਰੀ ਅਤੇ ਪਾਰਟੀ ਨੇਤਾ ਆਤਿਸ਼ੀ ਨੇ ਪ੍ਰੈੱਸ ਕਾਨਫਰੰਸ 'ਚ ਸਵਾਲ ਉਠਾਉਂਦੇ ਹੋਏ ਕਿਹਾ ਕਿ ਆਬਕਾਰੀ ਨੀਤੀ ਦੇ ਮਾਮਲੇ 'ਚ ਇੱਕ ਸਵਾਲ ਲਗਾਤਾਰ ਉਠਦਾ ਰਿਹਾ ਹੈ ਕਿ ਪੈਸੇ ਦਾ ਰਸਤਾ ਕਿੱਥੇ ਹੈ, ਸ਼ਰਾਬ ਕਾਰੋਬਾਰੀ ਨੇ ਕਿਸ ਨੂੰ ਅਤੇ ਕਿੱਥੇ ਭੁਗਤਾਨ ਕੀਤਾ? ਈ ਡੀ ਮਨੀ ਲਾਂਡਰਿੰਗ ਟਰੇਲ ਸਥਾਪਤ ਨਹੀਂ ਕਰ ਸਕੀ, ਸਿਰਫ਼ ਬਿਆਨ ਦੇ ਅਧਾਰ 'ਤੇ ਗ੍ਰਿਫ਼ਤਾਰੀ ਹੋਈ ਹੈ। ਸੁਪਰੀਮ ਕੋਰਟ ਨੇ ਇੱਕ ਹੀ ਸਵਾਲ ਪੁੱਛਿਆ ਕਿ ਮਨੀ ਟਰੇਲ ਕਿੱਥੇ ਹੈ। ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਸ਼ਰਥ ਰੈਡੀ ਦੇ ਹੀ ਬਿਆਨ 'ਤੇ ਅਧਾਰਿਤ ਹੈ। ਦਿੱਲੀ ਸ਼ਰਾਬ ਘੁਟਾਲੇ 'ਚ ਦੋਸ਼ੀ ਅਰਬਿੰਦੋ ਫਰਮ ਦੇ ਐੱਮ ਡੀ ਸ਼ਰਥ ਰੈਡੀ ਸਰਕਾਰ ਗਵਾਹ ਹੈ। ਆਤਿਸ਼ੀ ਨੇ ਚੋਣਾਵੀ ਚੰਦੇ ਨਾਲ ਜੁੜੇ ਦਸਤਾਵੇਜ਼ ਦਿਖਾਉਂਦੇ ਕਿਹਾ ਕਿ ਰੈਡੀ ਦੀਆਂ ਕੰਪਨੀਆਂ ਨੇ ਭਾਜਪਾ ਨੂੰ ਇਲੈਕਟਰੋਲ ਬਾਂਡ ਜ਼ਰੀਏ 4.5 ਕਰੋੜ ਰੁਪਏ ਦਿੱਤੇ। ਇੰਡੋ ਫਾਰਮ, ਏ ਪੀ ਐੱਲ ਹੈੱਲਥ ਕੇਅਰ ਦੇ ਮਾਲਕ ਰੈਡੀ ਨੇ ਚੋਣਾਵੀ ਬਾਂਡ ਦੇ ਰੂਪ 'ਚ ਭਾਜਪਾ ਨੂੰ ਪੈਸੇ ਦਿੱਤੇ। ਗ੍ਰਿਫ਼ਤਾਰੀ ਤੋਂ ਬਾਅਦ ਰੈਡੀ ਦੀਆਂ ਕੰਪਨੀਆਂ ਨੇ 55 ਕਰੋੜ ਰੁਪਏ ਦਾ ਚੋਣਾਵੀ ਚੰਦਾ ਦਿੱਤਾ। ਮਨੀ ਟਰੇਲ ਦਾ ਪਤਾ ਚੱਲਿਆ, ਸਾਰਾ ਪੈਸਾ ਚੋਣਾਵੀ ਬਾਂਡ ਦੇ ਰੂਪ 'ਚ ਭਾਜਪਾ ਦੇ ਖਾਤੇ 'ਚ ਗਿਆ। ਆਤਿਸ਼ੀ ਨੇ ਕਿਹਾ ਕਿ ਮਾਮਲੇ 'ਚ ਭਾਜਪਾ ਨੂੰ ਦੋਸ਼ੀ ਬਣਾਇਆ ਜਾਣਾ ਚਾਹੀਦਾ ਹੈ, ਈ ਡੀ ਨੂੰ ਚਾਹੀਦਾ ਕਿ ਜੇ ਪੀ ਨੱਢਾ ਨੂੰ ਗ੍ਰਿਫ਼ਤਾਰ ਕਰੇ। ਚੋਣਾਵੀ ਚੰਦੇ ਦੇ ਰੂਪ 'ਚ 4.5 ਕਰੋੜ ਰੁਪਏ ਅਤੇ 55 ਕਰੋੜ ਰੁਪਏ ਰੈਡੀ ਵੱਲੋਂ ਕੈਸ਼ ਕਰਵਾਏ ਗਏ, ਜੋ ਕਿ ਐਕਸਾਈਜ਼ ਪਾਲਸੀ 'ਚ ਦੋਸ਼ੀ ਹੈ।

● ਬਾਕੀ ਸਫ਼ਾ 2 'ਤੇ

## ਸੀ ਪੀ ਆਈ ਵੱਲੋਂ 4 ਉਮੀਦਵਾਰਾਂ ਦਾ ਐਲਾਨ

**ਨਵੀਂ ਦਿੱਲੀ** : ਭਾਰਤੀ ਕਮਿਊਨਿਸਟ ਪਾਰਟੀ ਦੇ ਸਕੱਤਰੇਤ ਵੱਲੋਂ ਲੋਕ ਸਭਾ ਚੋਣਾਂ ਲਈ ਬਿਹਾਰ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਤੋਂ ਆਪਣੇ 4 ਉਮੀਦਵਾਰਾਂ ਦਾ ਐਲਾਨ ਕੀਤਾ ਗਿਆ ਹੈ। ਬਿਹਾਰ ਦੀ ਬੇਗੂਸਰਾਏ ਸੀਟ ਤੋਂ ਕਾਮਰੇਡ ਅਵਧੇਸ਼ ਕੁਮਾਰ ਰਾਏ ਤੇ ਸਿੱਧੀ ਸੀਟ ਤੋਂ ਕਾਮਰੇਡ ਸੰਜੇ ਕੁਮਾਰ ਨਾਮਦੇਵ, ਮੱਧ ਪ੍ਰਦੇਸ ਦੀ ਸ਼ਹਡੋਲ ਸੀਟ ਤੋਂ ਕਾਮਰੇਡ ਸਮਰ ਸ਼ਾਹ ਅਤੇ ਛੱਤੀਸਗੜ੍ਹ ਦੀ ਬਸਤਰ ਸੀਟ ਤੋਂ ਕਾਮਰੇਡ ਫੂਲ ਸਿੰਘ ਕਚਲਾਮ ਨੂੰ ਉਮੀਦਵਾਰ ਬਣਾਇਆ ਗਿਆ ਹੈ।



## ਭਾਜਪਾ ਦੇਸ਼ 'ਚ ਤਾਨਾਸ਼ਾਹੀ ਲਿਆਉਣਾ ਚਾਹੁੰਦੀ : ਭਗਵੰਤ ਮਾਨ

**ਨਵੀਂ ਦਿੱਲੀ/ਚੰਡੀਗੜ੍ਹ (ਗੁਰਜੀਤ ਬਿੱਲਾ)**



ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਆਗੂ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਉਨ੍ਹਾਂ ਦੇ ਸਹੀਦੀ ਦਿਹਾੜੇ 'ਤੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਸਾਡੇ ਦੇਸ਼ 'ਚ ਲੋਕਤੰਤਰ ਦੀ ਹਾਲਤ ਦੇਖ ਕੇ ਭਗਤ ਸਿੰਘ ਦੀ ਆਤਮਾ ਨੂੰ ਵੀ ਦੁੱਖ ਹੋ ਰਿਹਾ ਹੋਵੇਗਾ। ਦਿੱਲੀ ਦੇ ਸ਼ਹੀਦ ਪਾਰਕ ਵਿਖੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਮਾਨ ਨੇ ਕਿਹਾ ਕਿ ਭਗਤ ਸਿੰਘ ਨੇ 23 ਸਾਲ ਦੀ ਛੋਟੀ ਉਮਰ 'ਚ ਆਪਣਾ ਬਲਿਦਾਨ ਦਿੱਤਾ, ਤਾਂ ਜੋ ਸਾਡਾ ਦੇਸ਼ ਆਜ਼ਾਦ ਹੋ ਸਕੇ ਅਤੇ ਸਾਨੂੰ ਵੋਟ ਪਾਉਣ ਅਤੇ ਆਪਣੇ ਆਗੂ ਚੁਣਨ ਦਾ ਅਧਿਕਾਰ ਮਿਲ ਸਕੇ, ਪਰ ਅੱਜ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀਆਂ ਰੂਹਾਂ ਨੂੰ ਜ਼ਰੂਰ ਦੁੱਖ ਹੋਵੇਗਾ ਕਿ ਇਸ ਦੇਸ 'ਚ ਲੋਕਤੰਤਰ ਨਹੀਂ। ਉਹ (ਭਗਤ ਸਿੰਘ) ਜ਼ਰੂਰ ਸੋਚ ਰਿਹਾ ਹੋਵੇਗਾ, ਕੀ ਅਸੀਂ ਇਸ ਆਜ਼ਾਦੀ ਲਈ ਕੁਰਬਾਨੀ ਦਿੱਤੀ ਸੀ? ਮਾਨ ਨੇ ਅੱਗੇ ਕਿਹਾ ਕਿ ਇਹ ਕਿਹੋ ਜਿਹਾ ਲੋਕਤੰਤਰ ਜਾਂ ਅਜ਼ਾਦੀ ਹੈ, ਜਿੱਥੇ ਇੱਕ ਪਾਰਟੀ ਵਿਰੋਧੀ ਧਿਰ ਨੂੰ ਚੋਣ ਪ੍ਰਚਾਰ ਨਹੀਂ ਕਰਨ ਦਿੰਦੀ, ਵਿਰੋਧੀ ਧਿਰ ਨੂੰ ਚੋਣ ਲੜਨ ਨਹੀਂ ਦਿੰਦੀ, ਵਿਰੋਧੀ ਧਿਰ ਦੇ ਨੇਤਾ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਭੇਜਦੀ ਹੈ। ਜੇਕਰ ਵਿਰੋਧੀ ਧਿਰ ਜਿੱਤ ਰਹੀ ਹੈ ਤਾਂ

● ਬਾਕੀ ਸਫ਼ਾ 2 'ਤੇ

## ਜਰਮਨ ਦਾ ਰਾਜਦੂਤ ਤਲਬ

**ਨਵੀਂ ਦਿੱਲੀ** : ਭਾਰਤ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ 'ਤੇ ਟਿੱਪਣੀਆਂ ਕਰਨ 'ਤੇ ਆਪਣਾ ਵਿਰੋਧ ਦਰਜ ਕਰਾਉਣ ਲਈ ਜਰਮਨ ਦੂਤਘਰ ਦੇ ਉਪ ਮੁਖੀ ਨੂੰ ਤਲਬ ਕੀਤਾ।ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਨੇ ਜਰਮਨ ਰਾਜਦੂਤ ਜਾਰਜ ਐਨਜ਼ਵੇਲਰ ਨੂੰ ਤਲਬ ਕੀਤਾ ਅਤੇ ਦੱਸਿਆ ਕਿ ਜਰਮਨੀ ਦੇ ਵਿਦੇਸ਼ ਮੰਤਰਾਲੇ ਦੀ ਕੇਜਰੀਵਾਲ ਦੀ ਗ੍ਰਿਫਤਾਰੀ 'ਤੇ ਟਿੱਪਣੀ ਭਾਰਤ ਦੀ ਨਿਆਂਇਕ ਪ੍ਰਕਿਰਿਆ 'ਚ ਦਖਲ ਹੈ।ਜਰਮਨੀ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਕੇਜਰੀਵਾਲ ਦੀ ਗ੍ਰਿਫਤਾਰੀ ਦਾ ਨੋਟਿਸ ਲਿਆ ਸੀ।ਜਰਮਨ ਅਧਿਕਾਰੀ ਨੇ ਕਿਹਾ, ਅਸੀਂ ਮੰਨਦੇ ਹਾਂ ਅਤੇ ਉਮੀਦ ਕਰਦੇ ਹਾਂ ਕਿ ਨਿਆਂਪਾਲਿਕਾ ਦੀ ਆਜ਼ਾਦੀ ਨਾਲ ਸੰਬੰਧਤ ਮਾਪਦੰਡ ਅਤੇ ਬੁਨਿਆਦੀ ਲੋਕਤੰਤਰੀ ਸਿਧਾਂਤਾਂ ਨੂੰ ਵੀ ਇਸ ਮਾਮਲੇ 'ਚ ਲਾਗੂ ਕੀਤਾ ਜਾਵੇਗਾ।'

## ਮਾਸਕੋ ਹਮਲੇ 'ਚ ਤਾਬੜਤੋੜ ਐਕਸ਼ਨ, 11 ਸ਼ੱਕੀ ਗ੍ਰਿਫ਼ਤਾਰ

### ਮਰਨ ਵਾਲਿਆਂ ਦੀ ਗਿਣਤੀ 115 ਤੋਂ ਪਾਰ

**ਮਾਸਕੋ** : ਰੂਸ ਦੀ ਰਾਜਧਾਨੀ ਮਾਸਕੋ ਦੇ ਇੱਕ ਸਮਾਰੋਹ 'ਚ ਹੋਏ ਹਮਲੇ ਵਿੱਚ ਮ੍ਰਿਤਕਾਂ ਦੀ ਗਿਣਤੀ ਵਧ ਕੇ 115 ਹੋ ਗਈ ਹੈ। ਜ਼ਖ਼ਮੀਆਂ ਦੀ ਗਿਣਤੀ 187 ਦੇ ਕਰੀਬ ਦੱਸੀ ਗਈ ਹੈ। ਹਮਲਾਵਰਾਂ ਨੇ ਗੋਲੀਬਾਰੀ ਤੋਂ ਬਾਅਦ ਸਮਾਰੋਹ ਸਥਾਨ ਨੂੰ ਅੱਗ ਲਾ ਦਿੱਤੀ ਸੀ। ਇਸਲਾਮਿਕ ਸਟੇਟ ਅੱਤਵਾਦੀ ਸਮੂਹ ਆਈ ਐੱਸ ਆਈ ਐੱਸ-ਕੇ (ਆਈ ਐੱਸ ਆਈ ਐੱਲ) ਨੇ ਇਸ ਹਮਲੇ ਦੀ ਜ਼ਿੰਮੇਵਾਰੀ ਲਈ ਹੈ। ਦੂਜੇ ਪਾਸੇ ਰੂਸੀ ਜਾਂਚ ਏਜੰਸੀਆਂ ਨੇ ਇਸ ਮਾਮਲੇ 'ਚ ਤੇਜ਼ੀ ਦਿਖਾਉਂਦੇ ਹੋਏ 11 ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਰੂਸ ਦੀ ਸੰਘੀ ਸੁਰੱਖਿਆ ਸੇਵਾ ਦੇ ਪ੍ਰਮੁੱਖ ਨੇ ਖੁਦ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੂੰ ਸ਼ਨੀਵਾਰ ਇਸ ਦੀ ਜਾਣਕਾਰੀ ਦਿੱਤੀ। ਮਾਸਕੋ ਦੇ ਮੇਅਰ ਸਰਗੋਈ ਨੇ ਹਮਲੇ ਨੂੰ ਬਹੁਤ ਵੱਡੀ ਤਰਾਸਦੀ ਦੱਸਿਆ। ਹਾਲ ਮਾਸਕੋ ਦੇ ਪੱਛਮੀ ਕਿਨਾਰੇ 'ਚ ਸਥਿਤ ਵਿਸ਼ਾਲ ਸੰਗੀਤ ਸਥਾਨ ਹੈ, ਜਿਸ 'ਚ 6,200 ਲੋਕ ਬੈਠ ਸਕਦੇ ਹਨ।

ਇਹ ਹਮਲਾ ਉਸ ਸਮੇਂ ਹੋਇਆ, ਜਦੋਂ ਮਸ਼ਹੂਰ ਰੂਸੀ ਰਾਕ ਬੈਂਡ 'ਪਿਕਨਿਕ' ਦੇ ਸੰਗੀਤ ਸਮਾਰੋਹ 'ਚ ਸ਼ਾਮਲ ਹੋਣ ਲਈ ਕ੍ਰੋਕਸ ਸਿਟੀ ਹਾਲ 'ਚ ਲੋਕਾਂ ਦੀ ਭੀੜ ਇਕੱਠੀ ਹੋਈ ਸੀ।ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਬੁਲਾਰੇ ਫਰਹਾਨ ਹੱਕ ਨੇ ਇਸ ਹਮਲੇ ਨੂੰ ਲੈ ਕੇ ਕਿਹਾ, 'ਸੰਯੁਕਤ ਰਾਸ਼ਟਰ ਜਨਰਲ ਸਕੱਤਰ ਐਂਟੋਨੀਓ ਗੁਟੇਰੇਸ ਨੇ ਮਾਸਕੋ 'ਤੇ ਹੋਏ ਆਈ ਐੱਸ ਆਈ ਐੱਸ ਦੇ ਇਸ ਹਮਲੇ ਦੀ ਸਖ਼ਤ ਸ਼ਬਦਾਂ 'ਚ ਨਿੰਦਾ ਕੀਤੀ ਹੈ।

## ਮਹੂਆ ਮੋਇਤਰਾ ਦੇ ਘਰ ਸੀ ਬੀ ਆਈ ਦਾ ਛਾਪਾ

**ਕੋਲਕਾਤਾ** : ਟੀ ਐੱਮ ਸੀ ਨੇਤਾ ਮਹੂਆ ਮੋਇਤਰਾ ਦੇ ਕੋਲਕਾਤਾ ਸਥਿਤ ਘਰ 'ਤੇ ਸੀ ਬੀ ਆਈ ਨੇ ਸ਼ਨੀਵਾਰ ਨੂੰ ਛਾਪਾ ਮਾਰਿਆ । ਸੰਸਦ 'ਚ ਪੈਸੇ ਲੈ ਕੇ ਸਵਾਲ ਪੁੱਛਣ ਦੇ ਦੋਸ਼ਾਂ ਨੂੰ ਲੈ ਕੇ ਸੀ ਬੀ ਆਈ ਦੀ ਟੀਮ ਉਨ੍ਹਾ ਦੇ ਘਰ ਤਲਾਸ਼ੀ ਕਰ ਰਹੀ ਹੈ। ਇਸ ਕੇਸ 'ਚ ਮਹੂਆ ਦੀ 8 ਦਸੰਬਰ 2023 ਨੂੰ ਸੰਸਦ ਮੈਂਬਰੀ ਚਲੀ ਗਈ ਸੀ।

ਲੋਕਪਾਲ ਦੇ ਆਦੇਸ਼ ਤੋਂ ਬਾਅਦ ਸੀ ਬੀ ਆਈ ਨੇ 21 ਮਾਰਚ ਨੂੰ ਮਹੂਆ ਖਿਲਾਫ਼ ਐੱਫ ਆਈ ਆਰ ਦਰਜ ਕੀਤੀ ਸੀ। ਲੋਕਪਾਲ ਨੇ ਸੀ ਬੀ ਆਈ ਨੂੰ ਛੇ ਮਹੀਨੇ ਦੇ ਅੰਦਰ ਉਨ੍ਹਾ ਖਿਲਾਫ਼ ਸ਼ਿਕਾਇਤਾਂ ਦੇ ਸਾਰੇ ਪਹਿਲੂਆਂ ਤੋਂ ਜਾਂਚ ਕਰਨ ਦੇ ਆਦੇਸ਼ ਦਿੱਤੇ ਹਨ। ਮਹੂਆ ਨੇ 2016 'ਚ ਪਹਿਲੀ ਚੋਣ ਪੱਛਮੀ ਬੰਗਾਲ ਦੇ ਕਰੀਮ ਨਗਰ ਵਿਧਾਨ ਸਭਾ ਤੋਂ ਜਿੱਤੀ ਸੀ। 2019 'ਚ ਉਹ ਟੀ ਐੱਮ ਸੀ ਦੇ ਟਿਕਟ 'ਤੇ ਕ੍ਰਿਸ਼ਨ ਨਗਰ ਤੋਂ ਚੋਣ ਜਿੱਤੀ ਸੀ।

## ਗੁਜਰਾਤ 'ਚ ਭਾਜਪਾ ਨੂੰ ਝਟਕੇ 'ਤੇ ਝਟਕਾ

### ਦੋ ਉਮੀਦਵਾਰਾਂ ਨੇ ਨਾਂਅ ਵਾਪਸ ਲਿਆ

**ਅਹਿਮਦਾਬਾਦ** : ਭਾਰਤੀ ਜਨਤਾ ਪਾਰਟੀ ਨੂੰ ਲੋਕਸਭਾ ਚੋਣਾਂ ਤੋਂ ਪਹਿਲਾਂ ਗੁਜਰਾਤ 'ਚ ਦੋਹਰਾ ਝਟਕਾ ਲੱਗਾ ਹੈ। ਇੱਕ ਹੀ ਦਿਨ ਦੇ ਅੰਦਰ ਦੋ ਉਮੀਦਵਾਰਾਂ ਨੇ ਚੋਣ ਨਾ ਲੜਨ ਦਾ ਫੈਸਲਾ ਕੀਤਾ ਹੈ। ਸਵੇਰੇ ਗੁਜਰਾਤ ਦੀ ਵੜੋਦਰਾ ਸੀਟ 'ਤੇ ਮੌਜੂਦਾ ਸਾਂਸਦ ਅਤੇ ਭਾਜਪਾ ਉਮੀਦਵਾਰ ਰੰਜਨ ਭੱਟ ਨੇ ਚੋਣ ਨਾ ਲੜਨ ਦਾ ਫੈਸਲਾ ਲਿਆ ਸੀ। ਹੁਣ ਗੁਜਰਾਤ ਦੀ ਸਾਬਰਕਾਂਠਾ ਸੀਟ ਤੋਂ ਭਾਜਪਾ ਉਮੀਦਵਾਰ ਨੇ ਵੀ ਚੋਣ ਨਾ ਲੜਨ ਦਾ ਫੈਸਲਾ ਕੀਤਾ ਹੈ। ਬੀਤੇ ਦਿਨੀਂ ਭਾਜਪਾ ਨੇ ਸਾਬਰਕਾਂਠਾ ਲੋਕਸਭਾ ਸੀਟ ਤੋਂ ਭੀਕਾਜੀ ਠਾਕੁਰ ਨੂੰ ਲੋਕਸਭਾ ਟਿਕਟ ਦਿੱਤੀ ਸੀ। ਹੁਣ ਉਨ੍ਹਾ ਨੇ ਵੀ ਚੋਣ ਨਾ ਲੜਨ ਦਾ ਫੈਸਲਾ ਕੀਤਾ ਹੈ। ਭੀਕਾਜੀ ਠਾਕੁਰ ਸੀਟ ਤੋਂ ਚੋਣ ਨਾ ਲੜਨ ਦੀ ਇੱਛਾ ਪ੍ਰਗਟਾਉਣ ਤੋਂ ਪਹਿਲਾਂ ਸਵੇਰੇ ਗੁਜਰਾਤ ਦੀ ਵੜੋਦਰਾ ਸੀਟ ਤੋਂ ਰੰਜਨ ਭੱਟ ਨੇ 'ਐਕਸ' 'ਤੇ ਪੋਸਟ ਲਿਖੀ, 'ਮੈਂ ਰੰਜਨਬੇਨ ਧੰਨਜੈ ਭੱਟ ਨਿੱਜੀ ਕਾਰਨਾਂ ਕਰਕੇ ਲੋਕਸਭਾ ਚੋਣ 2024 ਲੜਨ ਦੀ ਇੱਛਾ ਨਹੀਂ ਹੈ।' ਇਸ ਦੇ ਕੁਝ ਦੇਰ ਬਾਅਦ ਹੀ ਸਾਬਰਕਾਂਠਾ ਤੋਂ ਭਾਜਪਾ ਦੀ ਲੋਕਸਭਾ ਉਮੀਦਵਾਰ ਭੀਕਾਜੀ ਠਾਕੁਰ ਨੇ ਸੋਸ਼ਲ ਮੀਡੀਆ ਮੰਚ 'ਇੰਸਟਾਗ੍ਰਾਮ' 'ਤੇ ਲਿਖਿਆ ਕਿ ਉਹ ਚੋਣ ਨਹੀਂ ਲੜਨਾ ਚਾਹੁੰਦੇ। ਉਨ੍ਹਾ ਨੇ ਲਿਖਿਆ, 'ਮੈਂ ਭੀਕਾਜੀ ਠਾਕੁਰ ਨਿੱਜੀ ਕਾਰਨਾਂ ਕਰਕੇ ਸਾਬਰਕਾਂਠਾ ਤੋਂ ਲੋਕਸਭਾ ਚੋਣ 2024 ਚੋਣ ਲੜਨ ਦਾ ਇੱਛੁਕ ਨਹੀਂ ਹਾਂ।' ਭੱਟ

## ਅੱਜ-ਨਾਮਾ

ਰਾਜਸੀ ਰੱਫੜਾਂ ਵਿੱਚ ਫਾਥੀ ਰਹੇ ਦਿੱਲੀ,
ਜਨਤਕ ਮੁਸ਼ਕਲਾਂ ਵੱਲ ਧਿਆਨ ਨਾਹੀਂ।
ਸੜਕਾਂ ਸਾਰੀਆਂ ਉੱਤੇ ਬਈ ਜਾਮ ਏਨਾ,
ਕਰਨਾ ਸੌਖਾ ਕੋਈ ਹਾਲ ਬਿਆਨ ਨਾਹੀਂ।
ਉਲਝੇ ਔਕੜਾਂ ਵਿੱਚ ਤਾਂ ਰਹਿਣ ਲੋਕੀਂ,
ਜਾਂਦੇ ਸੁਣੇ ਕੋਈ ਭਾਰੇ ਫੁਰਮਾਨ ਨਾਹੀਂ।
ਗਾਲ੍ਹਾਂ ਲੋਕੀਂ ਸਰਕਾਰ ਨੂੰ ਜਿਵੇਂ ਕੱਢਣ,
ਕਿਸੇ ਵੀ ਆਗੂ ਨੂੰ ਕੱਖ ਗਿਆਨ ਨਾਹੀਂ।
ਚੋਣ ਆਈ ਪਈ ਜਦੋਂ ਫਿਰ ਸਿਰ ਉੱਪਰ,
ਆਇਆ ਲੋਕਾਂ ਦਾ ਕੋਈ ਖਿਆਲ ਨਾਹੀਂ।
ਸ਼ੋਸ਼ੇਬਾਜ਼ੀ 'ਤੇ ਟਿਕੀ ਪਈ ਟੇਕ ਲੱਗਦੀ,
ਤਾਹੀਉਂ ਪੁੱਛਿਆ ਲੋਕਾਂ ਦਾ ਹਾਲ ਨਾਹੀਂ।

-ਤੀਸ ਮਾਰ ਖਾਂ

## ਸਮੁੰਦਰੀ ਲੁਟੇਰਿਆਂ ਨੂੰ ਚੁੱਕ ਲਿਆਈ ਇੰਡੀਅਨ ਨੇਵੀ



**ਮੁੰਬਈ** : ਸੋਮਾਲੀਆ ਤੱਟ ਕੋਲ ਭਾਰਤੀ ਨੇਵੀ ਨੇ ਇੱਕ ਵੱਡੇ ਅਪ੍ਰੇਸ਼ਨ ਨੂੰ ਅੰਜਾਮ ਦਿੱਤਾ। ਇਸ ਅਭਿਆਨ ਦੇ ਤਹਿਤ 35 ਸਮੁੰਦਰੀ ਲੁਟੇਰਿਆਂ ਨੂੰ ਭਾਰਤੀ ਨੇਵੀ ਨੇ ਫੜ ਲਿਆ ਅਤੇ ਉਨ੍ਹਾ ਨੂੰ ਆਈ ਐੱਨ ਐੱਸ ਕੋਲਕਾਤਾ ਤੋਂ ਲੈ ਕੇ ਮੁੰਬਈ ਪਹੁੰਚ ਗਈ।

ਇਸ ਤੋਂ ਬਾਅਦ ਸਮੁੰਦਰੀ ਡਾਕੂਆਂ ਨੂੰ ਮੁੰਬਈ ਪੁਲਸ ਦੇ ਹਵਾਲੇ ਕਰ ਦਿੱਤਾ ਗਿਆ। ਨੇਵੀ ਨੇ ਸਮੁੰਦਰ 'ਚ ਕਰੀਬ 40 ਘੰਟੇ ਤੱਕ ਅਪ੍ਰੇਸ਼ਨ ਕੀਤਾ ਅਤੇ ਆਈ ਐੱਨ ਐੱਸ ਕੋਲਕਾਤਾ ਤੋਂ 35 ਸਮੁੰਦਰੀ ਲੁਟੇਰਿਆਂ ਨੂੰ ਫੜ ਕੇ ਸ਼ਨੀਵਾਰ ਮੁੰਬਈ ਪਹੁੰਚ ਗਈ। ਜ਼ਿਕਰਯੋਗ ਹੈ ਕਿ ਇਸ ਕਾਰਵਾਈ ਨੂੰ 'ਅਪ੍ਰੇਸ਼ਨ ਸੰਕਲਪ' ਨਾਂਅ ਦਿੱਤਾ ਗਿਆ। ਇਸ ਦੇ ਤਹਿਤ ਭਾਰਤੀ ਨੇਵੀ ਦੇ ਜਹਾਜ਼ ਨੂੰ ਅਰਬ ਸਾਗਰ ਅਤੇ ਅਦਨ ਦੀ ਖਾੜੀ 'ਚ ਤਾਇਨਾਤ ਕੀਤਾ ਗਿਆ ਹੈ।

ਇਸ ਤਰ੍ਹਾਂ ਇਸ ਲਈ ਕੀਤਾ ਗਿਆ ਤਾਂ ਕਿ ਇੱਥੋਂ ਲੰਘਣ ਵਾਲੇ ਸਮੁੰਦਰੀ ਜਹਾਜ਼ਾਂ ਦੀ ਸੁਰੱਖਿਆ ਕੀਤੀ ਜਾ ਸਕੇ।

## ਟ੍ਰੈਕਟਰ-ਟਰਾਲੀ ਨੇ ਦੋ ਬੱਚੀਆਂ ਨੂੰ ਕੁਚਲਿਆ, ਇੱਕ ਦੀ ਮੌਤ

**ਲੁਧਿਆਣਾ** : ਜਗਰਾਓਂ-ਜਲੰਧਰ ਮਾਰਗ 'ਤੇ ਹੋਲੇ-ਮਹੱਲੇ ਸ੍ਰੀ ਅਨੰਦਪੁਰ ਸਾਹਿਬ ਨੂੰ ਜਾ ਰਹੀ ਟ੍ਰੈਕਟਰ-ਟਰਾਲੀ ਨੇ ਦੋ ਬੱਚੀਆਂ ਨੂੰ ਕੁਚਲ ਦਿੱਤਾ, ਜਿਸ ਵਿਚ ਇਕ ਬੱਚੀ ਦੀ ਮੌਤ ਹੋ ਗਈ, ਜਦੋਂਕਿ ਦੂਸਰੀ ਬੱਚੀ ਜ਼ਖ਼ਮੀ ਹੋ ਗਈ।ਸਿੱਧਵਾਂ ਬੇਟ ਤੋਂ ਥੋੜ੍ਹੀ ਦੂਰ ਪਿੰਡ ਕੁਰਸ਼ੈਦਪੁਰਾ ਵਿਖੇ ਹੋਲਾ-ਮਹੱਲਾ ਸ੍ਰੀ ਅਨੰਦਪੁਰ ਸਾਹਿਬ ਵਿਖੇ ਟ੍ਰੈਕਟਰ-ਟਰਾਲੀ 5911 ਤੇਜ਼ ਰਫਤਾਰ ਨਾਲ ਸੰਗਤ ਲੈ ਕੇ ਜਾ ਰਹੀ ਸੀ। ਸਤਲੁਜ ਦਰਿਆ ਪਾਰ ਕਰਦਿਆਂ ਪਿੰਡ ਕੁਰਸ਼ੈਦਪੁਰਾ ਵਿਖੇ ਟ੍ਰੈਕਟਰ ਨੇ ਦੋ ਬੱਚੀਆਂ ਪਲਕ ਤੇ ਅਰਸ਼ਦੀਪ ਕੌਰ ਨੂੰ ਫੇਟ ਮਾਰ ਦਿੱਤੀ, ਜਿਸ ਕਾਰਨ ਪਲਕ 10 ਸਾਲ ਪੁੱਤਰੀ ਜਸਵਿੰਦਰ ਸਿੰਘ ਪਿੰਡ ਕੁਰਸ਼ੈਦਪੁਰ ਦੀ ਮੌਕੇ 'ਤੇ ਹੀ ਮੌਤ ਹੋ ਗਈ।ਜਦੋਂਕਿ ਅਰਸ਼ਦੀਪ ਕੌਰ ਉਮਰ 11 ਸਾਲ ਪੁੱਤਰ ਤਰਲੋਕ ਸਿੰਘ ਗੰਭੀਰ ਜ਼ਖ਼ਮੀ ਹੋ ਗਈ, ਜਿਸ ਨੂੰ ਸਿੱਧਵਾਂ ਬੇਟ ਵਿਖੇ ਲਿਆਂਦਾ ਗਿਆ ਤੇ ਹਾਲਤ ਦੇਖਦੇ ਹੋਏ ਉਸ ਨੂੰ ਅੱਗੇ ਰੈਫਰ ਕਰ ਦਿੱਤਾ। ਦੂਜੇ ਪਾਸੇ ਤੇਜ਼ ਰਫਤਾਰ ਟ੍ਰੈਕਟਰ-ਟਰਾਲੀ ਸੜਕ 'ਤੇ ਹੀ ਪਲਟ ਗਈ।ਮੌਕਾ ਦੇਖਦਿਆਂ ਟ੍ਰੈਕਟਰ ਦਾ ਡਰਾਈਵਰ ਤੇ ਸਾਰੀ ਸੰਗਤ ਘਟਨਾ ਵਾਲੀ ਥਾਂ ਤੋਂ ਫਰਾਰ ਹੋ ਗਏ।

## ਨਕਲੀ ਸ਼ਰਾਬ ਮਾਮਲੇ ਦੀ ਜਾਂਚ ਲਈ ਐੱਸ ਆਈ ਟੀ ਦਾ ਗਠਨ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਸੰਗਰੂਰ ਨਕਲੀ ਸ਼ਰਾਬ ਕੇਸ ਪਿੱਛੇ ਕੰਮ ਕਰਦੇ ਸਮੁੱਚੇ ਗਠਜੋੜ ਦਾ ਪਰਦਾ ਫਾਸ਼ ਕਰਨ ਲਈ ਪੰਜਾਬ ਪੁਲਸ ਨੇ ਸ਼ਨੀਵਾਰ ਨੂੰ ਇਸ ਕੇਸ ਵਿੱਚ ਪੇਸ਼ੇਵਰ ਅਤੇ ਵਿਗਿਆਨਕ ਢੰਗ ਨਾਲ ਅਗਲੀਆਂ-ਪਿਛਲੀਆਂ ਕੜੀਆਂ ਦੀ ਵਿਧੀਵਤ ਪੜਤਾਲ ਤੇ ਪੁਣ-ਛਾਣ ਕਰਨ ਦੇ ਮੱਦੇਨਜ਼ਰ ਇੱਕ ਚਾਰ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਦਾ ਗਠਨ ਕੀਤਾ ਹੈ।

ਚਾਰ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਦੀ ਅਗਵਾਈ ਏ ਡੀ ਜੀ ਪੀ ਲਾਅ ਐਂਡ ਆਰਡਰ ਗੁਰਿੰਦਰ ਸਿੰਘ ਢਿੱਲੋਂ ਕਰ ਰਹੇ ਹਨ, ਜਦਕਿ ਡੀ ਆਈ ਜੀ ਪਟਿਆਲਾ ਰੇਂਜ ਹਰਚਰਨ ਸਿੰਘ ਭੁੱਲਰ, ਐੱਸ ਐੱਸ ਪੀ ਸੰਗਰੂਰ ਸਰਤਾਜ ਚਾਹਲ ਅਤੇ ਵਧੀਕ ਕਮਿਸ਼ਨਰ (ਆਬਕਾਰੀ) ਨਰੇਸ਼ ਦੂਬੇ ਇਸ ਦੇ ਮੈਂਬਰ ਹਨ।

### ਚੋਣ ਕਮਿਸ਼ਨ ਨੇ ਮੁੱਖ ਸਕੱਤਰ ਤੇ ਡੀ ਜੀ ਪੀ ਤੋਂ ਰਿਪੋਰਟ ਮੰਗੀ

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਰਾਹੀਂ ਭਾਰਤੀ ਚੋਣ ਕਮਿਸ਼ਨ ਨੇ ਸ਼ਨੀਵਾਰ ਨੂੰ ਪੰਜਾਬ ਦੇ ਮੁੱਖ ਸਕੱਤਰ ਅਤੇ ਡੀ ਜੀ ਪੀ ਤੋਂ ਸੰਗਰੂਰ ਦੇ ਜ਼ਹਿਰੀਲੀ ਸ਼ਰਾਬ ਦੁਖਾਂਤ ਮਾਮਲੇ ਦੀ ਤੁਰੰਤ ਰਿਪੋਰਟ ਮੰਗੀ ਹੈ। ਕਮਿਸ਼ਨ ਦੀ ਜਾਣਕਾਰੀ ਅਨੁਸਾਰ ਇਸ ਮਾਮਲੇ ਵਿੱਚ 20 ਦੇ ਕਰੀਬ ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ 20 ਲੋਕ ਸੰਗਰੂਰ ਅਤੇ ਪਟਿਆਲਾ ਜ਼ਿਲ੍ਹੇ ਦੇ ਵੱਖ-ਵੱਖ ਹਸਪਤਾਲਾਂ ਵਿੱਚ ਇਲਾਜ ਅਧੀਨ ਹਨ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਨੇ ਪੰਜਾਬ ਦੇ ਮੁੱਖ ਸਕੱਤਰ ਅਤੇ ਡੀ ਜੀ ਪੀ ਪੰਜਾਬ ਨੂੰ ਇੱਕ ਪੱਤਰ ਲਿਖ ਕੇ ਇਸ ਸਮੁੱਚੇ ਘਟਨਾਕ੍ਰਮ ਬਾਰੇ ਤੁਰੰਤ ਮੁੱਢਲੀ ਰਿਪੋਰਟ ਅਤੇ ਵਿਸਤ੍ਰਿਤ ਰਿਪੋਰਟ ਅੱਜ ਹੀ ਦੇਣ ਲਈ ਕਿਹਾ ਹੈ ਤਾਂ ਜੋ ਇਸ ਬਾਬਤ ਭਾਰਤੀ ਚੋਣ ਕਮਿਸ਼ਨ ਨੂੰ ਜਾਣੂੰ ਕਰਵਾਇਆ ਜਾ ਸਕੇ।

24-MAR-PAGE-1.qxd 3/23/2024 10:44 PM Page 2



## ਤਰਕਸ਼ੀਲ ਸੁਸਾਇਟੀ ਨੇ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ




**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਰਾਮਪੁਰਾ ਫੂਲ ਨੇ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਉਸ ਦੇ ਇਨਕਲਾਬੀ ਕਾਰਜ ਨੂੰ ਸਲਾਮ ਕੀਤਾ ।ਆਗੂਆਂ ਕਿਹਾ ਕਿ ਅੱਜ ਭਾਰਤ 1947 ਤੋਂ ਵੀ ਵੱਧ ਖਤਰਨਾਕ ਗੁਲਾਮੀ ਵੱਲ ਧੱਕਿਆ ਜਾ ਚੁੱਕਾ ਹੈ । ਭਗਤ ਸਿੰਘ ਦੇ ਇਨਕਲਾਬੀ ਰਾਹ ਦੀ ਅੱਜ ਦੇ ਸਮੇਂ ਵਿੱਚ ਅਤਿਅੰਤ ਸਾਰਥਕਤਾ ਅਤੇ ਅਣਸਰਦੀ ਲੋੜ ਹੈ। ਕਾਰਪੋਰੇਟ ਜਗਤ ਅਤੇ ਸਰਕਾਰ ਦੀ ਮਿਲੀਭੁਗਤ ਦੀ ਇੱਕ ਪਰਤ ਐਸ ਬੀ ਆਈ ਦੁਆਰਾ ਦਿੱਤੀ ਇਲੈਕਟੋਰਲ ਬਾਂਡਾਂ ਦੀ ਜਾਣਕਾਰੀ ਬੇਪਰਦ ਕਰ ਰਹੀ ਹੈ। ਗੁਜਰਾਤ ਮਾਡਲ ਨੂੰ ਲਾਗੂ ਕਰਦਿਆਂ ਮਨੀਪੁਰ ਦਾ ਸੰਪਰਦਾਇਕ ਕਤਲੇਆਮ ਸਿਰਜਿਆ ਗਿਆ ਹੈ। ਲੋਕਾਂ ਦੀ ਅਵਾਜ਼ ਨੂੰ ਦਬਾਉਣ ਲਈ 295 ਅਤੇ ਹੋਰ ਕਈ ਕਾਲੇ ਕਾਨੂੰਨਾਂ ਦੁਆਰਾ ਜਾਗਰੂਕ ਅਤੇ ਲੋਕਾਂ ਨੂੰ ਅਗਵਾਈ ਦੇ ਰਹੇ ਲੋਕਾਂ 'ਤੇ ਕੇਸ ਮੜ੍ਹੇ ਜਾ ਰਹੇ ਹਨ ਅਤੇ ਸਾਲਾਂਬੱਧੀ ਝੂਠੇ ਕੇਸਾਂ ਵਿੱਚ ਗ੍ਰਿਫਤਾਰ ਰੱਖਿਆ ਜਾ ਰਿਹਾ ਹੈ । ਪਰ ਸਰਕਾਰ ਦੁਆਰਾ ਮੀਡੀਆ ਉੱਤੇ ਕੀਤਾ ਕੰਟਰੋਲ ਅਤੇ ਸੋਸ਼ਲ ਮੀਡੀਆ ਤੇ ਕੀਤਾ ਜਾ ਰਿਹਾ ਕੰਟਰੋਲ, ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਤੇ ਪਰਦਾ ਪਾਉਣ ਅਤੇ ਲੋਕਾਂ ਨੂੰ ਸੰਪਰਦਾਇਕ ਮਸਲਿਆਂ ਵਿੱਚ ਉਲਝਾ ਕੇ ਰੱਖਣ ਵਿੱਚ ਕਾਮਯਾਬ ਹੁੰਦਾ ਜਾ ਰਿਹਾ ਹੈ । ਇਸ ਸਮੇਂ ਭਗਤ ਸਿੰਘ ਦਾ ਇਨਕਲਾਬੀ ਰਾਹ ਹੀ ਲੋਕਾਂ ਦੀ ਆਜ਼ਾਦੀ ਲੈਣ ਦਾ ਇੱਕੋ ਇੱਕ ਰਾਹ ਬਾਕੀ ਹੈ । ਅੱਜ ਦੇ ਸ਼ਰਧਾਂਜਲੀ ਪ੍ਰੋਗਰਾਮ ਵਿੱਚ ਜੰਟਾ ਸਿੰਘ, ਗਗਨ ਰਾਮਪੁਰਾ, ਅਵਤਾਰ ਸਿੰਘ, ਜਗਦੇਵ ਸਿੰਘ ਡਾਕਟਰ ਜਗਤਾਰ ਫੂਲ, ਪਰਮੋਦ ਕੁਮਾਰ, ਗੁਰਦੀਪ ਸਿੰਘ, ਮੇਜਰ ਸਿੰਘ, ਗਗਨ ਕਾਂਗੜ ਆਦਿ ਸ਼ਾਮਲ ਸਨ।

## ਟਰੇਡ ਯੂਨੀਅਨ ਕੌਂਸਲ ਨੇ ਮਨਾਇਆ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ




**ਮੋਗਾ (ਇਕਬਾਲ ਸਿੰਘ ਖਹਿਰਾ)**-ਸਥਾਨਕ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਵਿਖੇ ਟਰੇਡ ਯੂਨੀਅਨ ਕੌਂਸਲ ਮੋਗਾ ਵੱਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਬੜੇ ਜੋਸ਼ੋ-ਖਰੋਸ਼ ਨਾਲ ਮਨਾਇਆ ਗਿਆ। ਇਸ ਮੌਕੇ ਵੱਖ ਵੱਖ ਜਥੇਬੰਦੀਆਂ ਦੇ ਅਹੁਦੇਦਾਰਾਂ ਵੱਲੋਂ ਸ਼ਹੀਦ ਭਗਤ ਸਿੰਘ ਦੇ ਕਾਰਨਾਮਿਆਂ ਬਾਰੇ ਚਰਚਾ ਕੀਤੀ ਗਈ। ਬੁਲਾਰਿਆਂ ਨੇ ਕਿਹਾ ਕਿ ਭਗਤ ਸਿੰਘ ਇੱਕ ਵਿਅਕਤੀ ਨਹੀਂ ਸਗੋਂ ਇੱਕ ਸੋਚ ਸਨ। ਉਨ੍ਹਾਂ ਨੇ ਸਿਰਫ਼ ਗੋਰਿਆਂ ਤੋਂ ਹੀ ਆਜ਼ਾਦੀ ਦੀ ਕਲਪਨਾ ਨਹੀਂ ਸੀ ਕੀਤੀ, ਸਗੋਂ ਸਮੁੱਚੇ ਲੁਟੇਰਾ ਪ੍ਰਬੰਧ ਤੋਂ ਮੁਕਤੀ ਹਾਸਲ ਕਰਨ ਨੂੰ ਆਜ਼ਾਦੀ ਚਿਤਵਿਆ ਸੀ। ਉਹ ਜਾਤਪਾਤ, ਧਰਮਾਂ ਦੇ ਬੰਧਨਾਂ ਤੋਂ ਮੁਕਤ ਸਮਾਜ ਚਾਹੁੰਦੇ ਸਨ, ਪਰ ਅੱਜਕੱਲ੍ਹ ਭਗਤ ਸਿੰਘ ਨੂੰ ਵੱਖ ਵੱਖ ਪੇਂਟਿੰਗਜ਼ ਦੇ ਅਧਾਰ 'ਤੇ ਵੱਖ ਵੱਖ ਰੂਪਾਂ ਵਿੱਚ ਦਿਖਾਇਆ ਜਾ ਰਿਹਾ ਹੈ। ਕਦੇ ਭਗਤ ਸਿੰਘ ਦੇ ਕੇਸਰੀ ਪਗੜੀ ਬੰਨ੍ਹ ਕੇ ਦਿਖਾਇਆ ਜਾਂਦਾ ਹੈ, ਕਦੇ ਉਸ ਦੇ ਹੱਥ ਵਿੱਚ ਪਿਸਤੌਲ ਦਿਖਾਇਆ ਜਾਂਦਾ ਹੈ, ਜਿਸ ਤੋਂ ਉਸ ਦੇ ਅੱਤਵਾਦੀ ਹੋਣ ਦਾ ਭੁਲੇਖਾ ਪੈਂਦਾ ਹੈ। ਜਦਕਿ ਭਗਤ ਸਿੰਘ ਨੇ 'ਸਮਾਜਵਾਦੀ ਇਨਕਲਾਬ' ਦਾ ਨਾਅਰਾ ਲਾਇਆ ਸੀ, ਜਿਸ ਤੋਂ ਪਤਾ ਲਗਦਾ ਹੈ ਕਿ ਉਹ ਆਮ ਲੋਕਾਂ ਨੂੰ ਸੱਤਾ 'ਤੇ ਕਾਬਜ਼ ਦੇਖਣਾ ਚਾਹੁੰਦਾ ਸੀ। ਉਹ ਫਾਸ਼ੀਵਾਦ ਦੇ ਵੀ ਪੂਰੀ ਤਰ੍ਹਾਂ ਉਲਟ ਸੀ। ਬੁਲਾਰਿਆਂ ਨੇ ਦੱਸਿਆ ਕਿ ਇਸ ਸੋਚ ਦੇ ਪਿੱਛੇ ਉਸ ਦਾ ਕਿਤਾਬਾਂ ਪੜ੍ਹਨਾ ਸੀ, ਜਿਸ ਨਾਲ ਗਿਆਨ ਹਾਸਲ ਕਰਕੇ ਉਸ ਦੀ ਸੋਚ ਨਿੱਖਰਦੀ ਗਈ ਤੇ ਉਸ ਦਾ ਝੁਕਾਅ ਖੱਬੇ ਪੱਖੀ ਵਿਚਾਰਾਂ ਵੱਲ ਹੋ ਗਿਆ, ਪਰ ਉਸ ਦੇ ਵਿਚਾਰ ਸਮੇਂ ਦੀ ਹਕੂਮਤ ਨੂੰ ਰਾਸ ਨਹੀਂ ਸਨ ਆਉਂਦੇ, ਇਸ ਲਈ ਉਸ ਨੂੰ ਉਸ ਦਾ ਪੁਰਾਣਾ ਕੇਸ ਦੁਬਾਰਾ ਖੋਲ੍ਹ ਕੇ ਫਾਂਸੀ ਦੀ ਸਜ਼ਾ ਦਿੱਤੀ ਗਈ। ਇਹ ਇੱਕ ਰਾਜਨੀਤਕ ਫਾਂਸੀ ਸੀ, ਜਿਸ ਨਾਲ ਕਿਸੇ ਆਦਮੀ ਦੇ ਵਿਚਾਰਾਂ ਤੋਂ ਡਰਦੀ ਹਕੂਮਤ ਨੇ ਉਸ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਸ ਦੀ ਸੋਚ ਖਤਮ ਨਹੀਂ ਹੋਣੀ, ਕਿਉਂਕਿ ਉਹ ਦੱਬੇ ਕੁਚਲੇ ਲੋਕਾਂ ਦਾ ਪੱਖ ਪੂਰਦੀ ਹੈ। ਇਸ ਮੌਕੇ ਬੁਲਾਰਿਆਂ 'ਚ ਜਗਦੀਸ਼ ਸਿੰਘ ਚਾਹਲ, ਡਾ. ਇੰਦਰਵੀਰ ਗਿੱਲ, ਭੂਪਿੰਦਰ ਸਿੰਘ ਸੇਖੋਂ, ਦਰਸ਼ਨ ਲਾਲ, ਗੁਰਮੇਲ ਸਿੰਘ ਨਾਹਰ, ਸੁਰਿੰਦਰ ਸਿੰਘ ਬਰਾੜ, ਗੁਰਚਰਨ ਕੌਰ, ਸਵਰਨ ਖੋਸਾ, ਜਗਸੀਰ ਖੋਸਾ, ਬਚਿੱਤਰ ਸਿੰਘ ਧੋਥੜ, ਗੁਰਜੰਟ ਸਿੰਘ ਕੋਕਰੀ, ਬੂਟਾ ਸਿੰਘ ਭੱਟੀ, ਬਲਬੀਰ ਸਿੰਘ ਰਾਮੂੰਵਾਲਾ, ਅਜਮੇਰ ਸਿੰਘ ਅਖਾੜਾ, ਅਜਮੇਰ ਸਿੰਘ ਕੈਸ਼ੀਅਰ, ਜਗਪਾਲ ਸਿੰਘ ਆਦਿ ਨੇ ਕਿਹਾ ਕਿ ਅੱਜ ਦੇ ਦਿਨ ਸਾਨੂੰ ਪ੍ਰਣ ਕਰਨਾ ਚਾਹੀਦਾ ਹੈ ਕਿ ਅਸੀਂ ਭਗਤ ਸਿੰਘ ਤੇ ਉਸ ਦੇ ਸਾਥੀਆਂ ਦੀ ਸੋਚ 'ਤੇ ਪਹਿਰਾ ਦਿਆਂਗੇ ਤੇ ਆਉਣ ਵਾਲੀਆਂ ਚੋਣਾਂ ਵਿੱਚ ਫਾਸ਼ੀਵਾਦੀ ਅਜੰਡਾ ਰੱਖਣ ਵਾਲੀ ਭਾਜਪਾ ਸਰਕਾਰ ਤੇ ਆਰ ਐੱਸ ਐੱਸ ਨੂੰ ਚਲਦਾ ਕਰਾਂਗੇ। ਉਨ੍ਹਾਂ ਇਹ ਵੀ ਕਿਹਾ ਕਿ ਸਿਰਫ਼ ਪੀਲੀਆਂ ਪੱਗਾਂ ਬੰਨ੍ਹ ਕੇ ਭਗਤ ਸਿੰਘ ਨਹੀਂ ਬਣਿਆ ਜਾ ਸਕਦਾ, ਸਗੋਂ ਉਸ ਦੀ ਵਿਚਾਰਧਾਰਾ ਮੁਤਾਬਕ ਕੰਮ ਕਰਨ ਨਾਲ ਹੀ ਉਸ ਦੀ ਸੋਚ ਨੂੰ ਅੱਗੇ ਲੈਜਾਇਆ ਜਾ ਸਕਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਹ ਸਰਕਾਰਾਂ ਕੁੱਝ ਮੁਫ਼ਤ ਦੀਆਂ ਰਿਆਇਤਾਂ ਦੇ ਕੇ ਆਮ ਲੋਕਾਂ ਨੂੰ ਸਹੂਲਤਾਂ ਦੇਣ ਦੇ ਨਾਂ 'ਤੇ ਲੋਕਾਂ ਤੋਂ ਵੋਟਾਂ ਵਟੋਰ ਜਾਂਦੀਆਂ ਹਨ, ਪਰ ਅਸਲ ਮੁੱਦਿਆਂ 'ਤੇ ਇਹ ਸਰਕਾਰਾਂ ਕੰਮ ਨਹੀਂ ਕਰਦੀਆਂ। ਉਨ੍ਹਾਂ ਕਿਹਾ ਕਿ ਅਸਲ ਵਿੱਚ ਲੋਕਾਂ ਨੂੰ ਰੋਜ਼ਗਾਰ ਦੇਣਾ ਸਰਕਾਰ ਦੀ ਪਹਿਲੀ ਡਿਊਟੀ ਹੈ। ਲੋਕਾਂ ਨੂੰ ਸਿਹਤ ਤੇ ਵਿੱਦਿਆ ਦੇਣਾ ਵੀ ਸਰਕਾਰ ਦਾ ਕੰਮ ਹੈ, ਜਿਸ ਨਾਲ ਲੋਕਾਂ ਵਿੱਚ ਸੋਝੀ ਆਉਂਦੀ ਹੈ ਤੇ ਉਨ੍ਹਾਂ ਦੀ ਸੋਚ ਨਿੱਖਰਦੀ ਹੈ, ਪਰ ਇਹ ਸਰਕਾਰਾਂ ਵਿੱਦਿਆ ਨੂੰ ਲੋਕਾਂ ਤੋਂ ਖੋਹਣ ਦਾ ਕੰਮ ਕਰ ਰਹੀਆਂ ਹਨ ਤਾਂ ਕਿ ਲੋਕਾਂ ਨੂੰ ਸੋਝੀ ਹੀ ਨਾ ਆਵੇ ਤੇ ਉਹ ਆਪਣੇ ਹੱਕ ਨਾ ਮੰਗਣ। ਇਸ ਮੌਕੇ ਵੱਖ-ਵੱਖ ਜਥੇਬੰਦੀਆਂ ਨੇ ਵਰਕਰਜ਼ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## ਪ੍ਰੈੱਸ ਕਲੱਬ ਵਲੋਂ ਭਗਤ ਸਿੰਘ ਤੇ ਸਾਥੀਆਂ ਨੂੰ ਸ਼ਹੀਦੀ ਦਿਹਾੜੇ ਮੌਕੇ ਸ਼ਰਧਾਂਜਲੀਆਂ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਪ੍ਰੈੱਸ ਕਲੱਬ ਗੁਰੂ ਹਰਸਹਾਏ ਵੱਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸ਼ਹੀਦੀ ਦਿਹਾੜੇ ਮੌਕੇ ਯਾਦ ਕਰਦਿਆਂ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਪ੍ਰੈੱਸ ਕਲੱਬ ਦੇ ਪ੍ਰਧਾਨ ਪਵਨ ਕੰਧਾਰੀ ਤੇ ਸੀਨੀਅਰ ਪੱਤਰਕਾਰ ਮਨਦੀਪ ਸਿੰਘ ਸੋਢੀ ਦੀ ਅਗਵਾਈ ਹੇਠ ਕਰਵਾਏ ਗਏ ਸ਼ਰਧਾਂਜਲੀ ਸਮਾਗਮ ਦੌਰਾਨ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀ ਮਹਾਨ ਕੁਰਬਾਨੀ ਨੂੰ ਯਾਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਾਨੂੰ ਸ਼ਹੀਦਾਂ ਦੀ ਸੋਚ ਮੁਤਾਬਕ ਚੱਲਣਾ ਚਾਹੀਦਾ ਹੈ, ਉਨ੍ਹਾਂ ਦੀ ਸੋਚ ਨੂੰ ਨੌਜਵਾਨ ਪੀੜ੍ਹੀ ਤੱਕ ਲਿਜਾਣ ਦੀ ਲੋੜ ਹੈ, ਕਿਉਂਕਿ ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਹੀ ਅਸੀਂ ਅਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਸ਼ਹੀਦਾਂ ਦੇ ਮਾਰਗ ਅਨੁਸਾਰ ਉਨ੍ਹਾਂ ਦੀ ਸੋਚ ਨੂੰ ਅਪਣਾਉਣਾ ਹੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਇਸ ਮੌਕੇ ਸ਼ਹੀਦ ਭਗਤ ਸਿੰਘ ਦੀ ਫੋਟੋ ਨੂੰ ਪ੍ਰਣਾਮ ਕਰਦਿਆਂ ਸਿਜਦਾ ਕੀਤਾ ਗਿਆ। ਇਸ ਮੌਕੇ ਹਰਚਰਨ ਸਿੰਘ ਸੰਧੂ, ਮਨਦੀਪ ਸਿੰਘ ਸੋਢੀ, ਜਸਵਿੰਦਰ ਮੌਂਗਾ, ਸ਼ਮਿੰਦਰਪਾਲ ਸਿੰਘ ਸੋਢੀ, ਸੁਰਿੰਦਰ ਸਿੰਘ ਲਾਡੀ, ਦਲਜੀਤ ਸਿੰਘ ਕਪੂਰ, ਗੁਰਮੇਜ ਸਿੰਘ, ਪੱਪੂ ਸੰਧਾ, ਵਿਜੇ ਹਾਂਡਾ, ਬੇਅੰਤ ਸਿੰਘ ਸ਼ਾਮ ਸਿੰਘ ਵਾਲਾ ਆਦਿ ਪੱਤਰਕਾਰਾਂ ਸਮੇਤ ਕਈ ਹੋਰ ਪਤਵੰਤੇ ਹਾਜ਼ਰ ਸਨ।

## ਸੰਤ ਨਿਰੰਕਾਰੀ ਸਤਸੰਗ ਭਵਨ ਜਲਾਲ 'ਚ ਖੂਨਦਾਨ ਕੈਂਪ



**ਭਗਤਾ ਭਾਈ ਕਾ (ਰਾਜੀਵ ਗੋਇਲ)**-ਮਾਨਵ ਹੋ ਮਾਨਵ ਨੂੰ ਪਿਆਰਾ, ਇਕ ਦੂਜੇ ਦਾ ਬਣੇ ਸਹਾਰਾ ਦੇ ਸੰਦੇਸ਼ ਤਹਿਤ ਨਿਰੰਕਾਰੀ ਸਤਿਗੁਰੂ ਮਾਤਾ ਸੁਦੀਕਸ਼ਾ ਦੇ ਪਾਵਨ ਅਸ਼ੀਰਵਾਦ ਸਦਕਾ ਸੰਤ ਨਿਰੰਕਾਰੀ ਸਤਿਸੰਗ ਭਵਨ ਬਰਾਂਚ ਜਲਾਲ ਵਿਖੇ ਨਾਲ ਲੱਗਦੀਆਂ ਬ੍ਰਾਂਚਾਂ ਭਗਤਾ ਭਾਈਕਾ, ਕੋਠਾ ਗੁਰੂ ਕਾ, ਭਾਈ ਰੂਪਾ, ਸਿਰੀਏ ਵਾਲਾ ਦੇ ਸਹਿਯੋਗ ਨਾਲ ਵਿਸ਼ਾਲ ਖੂਨਦਾਨ ਕੈਂਪ ਲਗਾਇਆ ਗਿਆ। ਖੂਨਦਾਨ ਕੈਂਪ ਦਾ ਉਦਘਾਟਨ ਮੁੱਖ ਮਹਿਮਾਨ ਸੰਤ ਬ੍ਰਹਮ ਮੁਨੀ (ਜਲਾਲ ਵਾਲੇ) ਇੰਚਾਰਜ ਵਿਵੇਕ ਆਸ਼ਰਮ ਜਲਾਲ ਅਤੇ ਵਿਸ਼ੇਸ਼ ਮਹਿਮਾਨ ਬਠਿੰਡਾ ਜ਼ੋਨ ਦੇ ਇੰਚਾਰਜ ਐੱਸ ਪੀ ਦੁੱਗਲ ਨੇ ਸਾਂਝੇ ਰੂਪ ਵਿੱਚ ਕੀਤਾ। ਇਸ ਮੌਕੇ ਸਿਵਲ ਹਸਪਤਾਲ ਬਠਿੰਡਾ ਦੇ ਡਾ. ਮੋਹਿਤ ਅਤੇ ਉਨ੍ਹਾਂ ਦੀ ਟੀਮ ਵੱਲੋਂ 85 ਯੂਨਿਟ ਖੂਨ ਇਕੱਠੇ ਕੀਤੇ ਗਏ। ਇਸ ਮੌਕੇ ਸੰਤ ਬ੍ਰਹਮ ਮੁਨੀ ਨੇ ਕਿਹਾ ਕਿ ਮੇਰੇ ਲਈ ਇਹ ਖੁਸ਼ੀ ਦੀ ਗੱਲ ਹੈ ਕਿ ਮੈਂ ਇਸ ਖੂਨਦਾਨ ਕੈਂਪ ਦਾ ਹਿੱਸਾ ਬਣਿਆ ਹਾਂ। ਜ਼ੋਨਲ ਇੰਚਾਰਜ ਐੱਸ ਪੀ ਦੁੱਗਲ ਨੇ ਦੱਸਿਆ ਕਿ ਨਿਰੰਕਾਰੀ ਸਤਿਗੁਰੂ ਮਾਤਾ ਸੁਦੀਕਸ਼ਾ ਨੇ ਹਮੇਸ਼ਾ ਹੀ ਮਾਨਵ ਸੇਵਾ ਨੂੰ ਪਹਿਲ ਦੇਣ ਦਾ ਉਪਦੇਸ਼ ਦਿੱਤਾ ਹੈ ਕਿਉਂਕਿ ਭਗਤੀ ਹੀ ਮਾਨਵ ਸੇਵਾ ਲਈ ਪ੍ਰੇਰਨਾ ਸਰੋਤ ਹੈ। ਉਨ੍ਹਾਂ ਕਿਹਾ ਕਿ ਮਨੁੱਖੀ ਖੂਨ ਦਾ ਇੱਕੋ ਇੱਕ ਬਦਲ ਮਨੁੱਖੀ ਖੂਨ ਹੈ। ਇਸ ਲਈ ਇੱਕ ਖੂਨਦਾਨੀ ਖੂਨਦਾਨ ਕਰਕੇ ਦੂਜਿਆਂ ਦੀ ਜਾਨ ਬਚਾਉਣ ਵਿੱਚ ਮਦਦ ਕਰਦਾ ਹੈ। ਇਸ ਮੌਕੇ ਭਗਤਾ ਭਾਈਕਾ ਬ੍ਰਾਂਚ ਦੇ ਸੰਯੋਜਕ ਸੇਵਕ ਸਿੰਘ ਅਤੇ ਜਲਾਲ ਬ੍ਰਾਂਚ ਦੇ ਮੁਖੀ ਕਸ਼ਮੀਰੀ ਲਾਲ ਧੀਰ ਨੇ ਖੂਨਦਾਨੀਆਂ, ਵੱਖ ਵੱਖ ਬ੍ਰਾਂਚਾਂ ਤੋਂ ਆਏ ਹੋਏ ਮੁਖੀ, ਸੰਯੋਜਕ ਅਤੇ ਇਲਾਕੇ ਦੇ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ। ਇਸ ਖੂਨਦਾਨ ਕੈਂਪ ਨੂੰ ਸਫਲ ਬਣਾਉਣ ਲਈ ਜਲਾਲ ਯੂਨਿਟ ਦੇ ਸਾਰੇ ਹੀ ਨਿਰੰਕਾਰੀ ਸੇਵਾਦਾਰਾਂ ਨੇ ਭਰਪੂਰ ਸਹਿਯੋਗ ਦਿੱਤਾ

## ਘਰ 'ਚ ਬੀਜੇ ਪੋਸਤ ਦੇ ਮਾਮਲੇ 'ਚ ਨਾਮਜ਼ਦ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਨਸ਼ਿਆਂ ਵਿਰੁੱਧ ਸ਼ੁਰੂ ਕੀਤੀ ਮੁਹਿੰਮ ਤਹਿਤ ਪਾਤੜਾਂ ਪੁਲਸ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ, ਜਦੋਂ ਨਜ਼ਦੀਕੀ ਪਿੰਡ ਦੁਗਾਲ ਵਿਖੇ ਇੱਕ ਵਿਅਕਤੀ ਵੱਲੋਂ ਆਪਣੇ ਘਰ 'ਚ ਬੀਜੀ ਪੋਸਤ ਦਾ ਪਤਾ ਲੱਗਣ 'ਤੇ ਮੌਕੇ ਉੱਤੇ ਛਾਪੇਮਾਰੀ ਕਰਕੇ ਪੋਸਤ ਬੀਜਣ ਵਾਲੇ ਨੂੰ ਮੌਕੇ ਉੱਤੇ ਕਾਬੂ ਕਰ ਲਿਆ। ਇਸ ਮਾਮਲੇ ਸੰਬੰਧੀ ਪੁਲਸ ਵੱਲੋਂ ਪਰਚਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ। ਜਾਣਕਾਰੀ ਦਿੰਦਿਆਂ ਥਾਣਾ ਮੁਖੀ ਪਾਤੜਾਂ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਸਬ ਇੰਸਪੈਕਟਰ ਪਰਮਜੀਤ ਕੌਰ ਨੇ ਮੁਖਬਰ ਵੱਲੋਂ ਮਿਲੀ ਇਤਲਾਹ ਉਤੇ ਗੁਰਦੀਪ ਸਿੰਘ ਉਰਫ ਸਾਧ ਵਾਸੀ ਦੁਗਾਲ ਕਲਾਂ ਦੇ ਘਰ ਛਾਪੇਮਾਰੀ ਕੀਤੀ, ਜਿਸ ਨੇ ਆਪਣੇ ਘਰ 'ਚ ਸਬਜ਼ੀ ਤੇ ਹੋਰ ਫਲਦਾਰ ਬੂਟਿਆਂ ਵਿਚਕਾਰ ਪੋਸਤ ਦੇ ਹਰੇ ਪੌਦੇ ਬੀਜੇ ਹੋਏ ਸਨ। ਮੁਲਜ਼ਮ ਗੁਰਦੀਪ ਸਿੰਘ ਨੂੰ ਮੌਕੇ 'ਤੇ ਗ੍ਰਿਫਤਾਰ ਕਰਕੇ ਉਸ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ। ਕਥਿਤ ਦੋਸ਼ੀ ਉਕਤ ਦੇ ਕਬਜ਼ੇ ਵਿੱਚੋਂ ਹਰੇ ਪੋਸਤ ਦੇ ਪੌਦੇ ਬਰਾਮਦ ਕੀਤੇ ਗਏ, ਜਿਨ੍ਹਾਂ ਦਾ ਵਜ਼ਨ 15 ਕਿੱਲੋ ਪਾਇਆ ਗਿਆ। ਕਥਿਤ ਦੋਸ਼ੀ ਮਾਨਯੋਗ ਅਦਾਲਤ ਵਿੱਚ ਪੇਸ਼ ਕੀਤਾ ਗਿਆ।

## ਕਿੰਡਰ ਗਾਰਟਨ ਸਕੂਲ ਨੇ ਮਨਾਇਆ ਸ਼ਹੀਦੀ ਦਿਵਸ



**ਸਮਰਾਲਾ (ਸੁਰਜੀਤ ਸਿੰਘ)**-ਸਥਾਨਕ ਕਿੰਡਰ ਗਾਰਟਨ ਸੀ.ਸੈ ਸਕੂਲ ਵਿੱਚ ਅੱਜ ਸ. ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਸਿੰਘ ਦਾ ਸ਼ਹੀਦੀ ਦਿਵਸ ਮਨਾਇਆ । ਜਿਸ ਵਿੱਚ ਨੰਨ੍ਹੇ-ਮੁੰਨੇ ਬੱਚਿਆਂ ਨੇ ਸ. ਸ਼ਹੀਦ ਭਗਤ ਸਿੰਘ ਦੇ ਜੀਵਨ ਨਾਲ ਸਬੰਧਤ ਕਵਿਤਾਵਾਂ ਤੇ ਦੇਸ਼ ਭਗਤੀ ਦੇ ਗੀਤਾਂ ਰਾਹੀਂ ਕਈ ਸੰਦੇਸ਼ ਸਾਂਝੇ ਕੀਤੇ। ਇਸ ਮੌਕੇ ਅਧਿਆਪਕਾਂ ਨੇ ਸ. ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਸਿੰਘ ਦੇ ਜੀਵਨ ਤੋਂ ਸ਼ਹੀਦੀ ਤੱਕ ਦਾ ਸਫ਼ਰ ਬੱਚਿਆਂ ਨਾਲ ਸਾਂਝਾ ਕੀਤਾ। ਸਕੂਲ ਦੇ ਪ੍ਰਿੰਸੀਪਲ ਰਣਜੋਤ ਕੌਰ ਨੇ ਬੱਚਿਆਂ ਨੂੰ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸ਼ਹੀਦ ਸੁਖਦੇਵ ਦੀ ਦੇਸ਼ ਖਾਤਰ ਦਿੱਤੀ ਅਦੁੱਤੀ ਸ਼ਹਾਦਤ ਨੂੰ ਸਿਜਦਾ ਕੀਤਾ ਹੈ। ਸਕੂਲ ਡਾਇਰੈਕਟਰ ਸਰਬਜੀਤ ਕੌਰ ਨੇ ਡਾ. ਦਲੀਪ ਕੌਰ ਟਿਵਾਣਾ ਦੀ ਕਹਾਣੀ 'ਸਤੀਆਂ ਸੇਈ' ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਕਿਵੇਂ ਉਹ ਰੇਲ ਗੱਡੀ ਵਿੱਚ ਸਫ਼ਰ ਕਰਦਿਆਂ ਇੱਕ ਮੰਗਤੇ ਨੂੰ ਗੀਤ ਗਾਉਂਦਿਆਂ ਸੁਣ ਕੇ ਭਗਤ ਸਿੰਘ ਦੀ ਮੰਗੇਤਰ ਬਾਰੇ ਸੋਚਦੀ ਹੋਈ ਉਸ ਦੇ ਪਿੰਡ ਚੱਲੀ ਜਾਂਦੀ ਹੈ ਤੇ ਅਪਣੀ ਸੋਚ ਵਿੱਚ ਹੀ ਉਸ ਨਾਲ ਗੱਲਾਂ ਕਰਦੀ ਹੈ ਉਹ ਆਖਦੀ ਹੈ ਕਿ ਭਗਤ ਸਿੰਘ ਉਹਦਾ ਨਹੀਂ ਸਗੋਂ ਸਾਰਿਆਂ ਦਾ ਸੀ। ਸੱਚਮੁੱਚ ਭਗਤ ਸਿੰਘ ਸਾਡਾ ਸਾਰਿਆਂ ਦਾ ਸੀ, ਸਾਰਿਆਂ ਦਾ ਹੈ ਅਤੇ ਸਾਰਿਆਂ ਦਾ ਹੀ ਰਹੇਗਾ। ਸਕੂਲ ਦੇ ਡਾਇਰੈਕਟਰ ਸਰਬਜੀਤ ਕੌਰ, ਪ੍ਰਿੰਸੀਪਲ ਰਣਜੋਤ ਕੌਰ ਅਤੇ ਸਮੂਹ ਸਟਾਫ਼ ਵੱਲੋਂ ਸ਼ਹੀਦ ਸ. ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।

## ਟੋਲ ਪਲਾਜ਼ਾ 'ਤੇ ਸ਼ਹੀਦ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਸ੍ਰੀ ਮੁਕਤਸਰ ਸਾਹਿਬ ਦੇ ਨਜ਼ਦੀਕ ਪੈਂਦੇ ਪਿੰਡ ਵੜਿੰਗ ਵਿਖੇ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਵੱਲੋਂ ਜ਼ਿਲ੍ਹਾ ਪ੍ਰਧਾਨ ਪੂਰਨ ਸਿੰਘ ਵੱਟੂ ਦੀ ਅਗਵਾਈ 'ਚ ਪਿੰਡ ਵੜਿੰਗ ਦੇ ਟੋਲ ਪਲਾਜ਼ਾ 'ਤੇ ਸ਼ਹੀਦ ਭਗਤ ਸਿੰਘ ਦਾ 94ਵਾਂ ਸ਼ਹੀਦੀ ਦਿਹਾੜਾ ਮਨਾਇਆ ਗਿਆ। ਇਸ ਸਮੇਂ ਵੱਖ-ਵੱਖ ਕਿਸਾਨਾਂ ਵੱਲੋਂ ਸ਼ਹੀਦ ਭਗਤ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਜ਼ਿਲ੍ਹਾ ਪ੍ਰਧਾਨ ਪੂਰਨ ਸਿੰਘ ਵੱਟੂ ਨੇ ਕਿਹਾ ਕਿ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ, ਜਿਨਾਂ ਨੇ ਦੇਸ਼ ਲਈ ਆਪਣੀਆਂ ਜਾਨਾਂ ਵਾਰੀਆਂ। ਉਨ੍ਹਾਂ ਕਿਹਾ ਕਿ ਸਾਨੂੰ ਸਭ ਨੂੰ ਆਪਣੇ ਬੱਚਿਆਂ ਨੂੰ ਸ਼ਹੀਦ ਭਗਤ ਸਿੰਘ ਦੀਆਂ ਦਿੱਤੀਆਂ ਕੁਰਬਾਨੀਆਂ ਬਾਰੇ ਦੱਸਣਾ ਚਾਹੀਦਾ ਹੈ। ਇਸ ਸਮੇਂ ਉਨ੍ਹਾਂ ਨਾਲ ਬਲਦੇਵ ਸਿੰਘ ਬਲਾਕ ਪ੍ਰਧਾਨ, ਅਮਨਦੀਪ ਸਿੰਘ ਖਜ਼ਾਨਚੀ, ਸਰਜਿੰਦਰ ਸਿੰਘ ਗੋਪੀ ਵੜਿੰਗ, ਇਕਬਾਲ ਸਿੰਘ , ਗੁਰਦੀਪ ਸਿੰਘ, ਰੇਸ਼ਮ ਸਿੰਘ, ਬਲਦੇਵ ਸਿੰਘ ਵੱਟੂ, ਬੇਅੰਤ ਸਿੰਘ, ਦਿਲਬਾਗ ਸਿੰਘ, ਕੁਲਦੀਪ ਸਿੰਘ ਮਰਾੜ, ਬਲਜੀਤ ਸਿੰਘ, ਬਲਜਿੰਦਰ ਸਿੰਘ, ਅਮਰਜੀਤ ਸਿੰਘ, ਥਾਣਾ ਸਿੰਘ, ਗੁਰਨਾਮ ਸਿੰਘ, ਗੁਰਮੀਤ ਸਿੰਘ ਹਰੀਕੇ ਕਲਾਂ,ਪੱਪਾ ਹਰੀਕੇ ਕਲਾਂ, ਗੁਰਸੰਤ ਸਿੰਘ ,ਹਰੀਕੇ ਕਲਾਂ ਗੁਰਦੀਪ ਸਿੰਘ ਹਰੀਕੇ ਕਲਾਂ, ਜੱਸਾ ਸਿੰਘ ਮਰਾੜ, ਦਿਲਬਾਗ ਸਿੰਘ ਮਰਾੜ, ਅਮਰਜੀਤ ਸ਼ਰਮਾ, ਮਨਪ੍ਰੀਤ ਸਿੰਘ ਹਰਾਜ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵੱਖ-ਵੱਖ ਪਿੰਡਾਂ ਦੇ ਕਿਸਾਨ ਆਗੂ ਹਾਜ਼ਰ ਸਨ।

## ਔਰਤਾਂ ਦੇ ਹਾਲਾਤ ਬਦਲਣ ਲਈ ਸੋਚ ਬਦਲਣੀ ਹੋਵੇਗੀ : ਕੰਵਲਜੀਤ ਕੌਰ ਢਿੱਲੋਂ

### ਜ਼ਿਲ੍ਹਾ ਪੱਧਰੀ ਕੌਮਾਂਤਰੀ ਮਹਿਲਾ ਦਿਹਾੜਾ ਮਨਾਇਆ



**ਮਲੋਟ (ਗੁਰਮੀਤ ਸਿੰਘ ਮੱਕੜ)**-ਪੰਜਾਬ ਇਸਤਰੀ ਸਭਾ ਵੱਲੋਂ 8 ਮਾਰਚ ਤੋਂ ਸ਼ੁਰੂ ਕੀਤੇ ਕੌਮਾਂਤਰੀ ਮਹਿਲਾ ਦਿਹਾੜੇ ਦੇ ਪੰਦਰਵਾੜੇ ਦੀ ਲੜੀ ਵਿੱਚ ਅੱਜ ਭਾਰਤੀ ਕਮਿਊਨਿਸਟ ਪਾਰਟੀ ਦੇ ਦਫਤਰ ਵਿਸ਼ਵ ਦੀਆਂ ਮਹਾਨ ਔਰਤਾਂ ਦੀਆਂ ਤਸਵੀਰਾਂ ਨਾਲ ਵਿਸ਼ੇਸ਼ ਰੂਪ ਵਿੱਚ ਸਜਾਏ ਸ਼ਹੀਦ ਭਗਤ ਸਿੰਘ ਕਿਤਾਬ ਘਰ ਵਿਖੇ ਜ਼ਿਲ੍ਹਾ ਪੱਧਰੀ ਕੌਮਾਂਤਰੀ ਮਹਿਲਾ ਦਿਹਾੜਾ ਮਨਾਇਆ ਗਿਆ ।ਇਸ ਵਿੱਚ ਮੁੱਖ ਮਹਿਮਾਨ ਵਜੋਂ ਆਲ ਇੰਡੀਆ ਵੂਮਨ ਫੈਡਰੇਸ਼ਨ ਦੀ ਨੈਸ਼ਨਲ ਸਕੱਤਰ ਕੰਵਲਜੀਤ ਢਿੱਲੋਂ ਤੇ ਪੰਜਾਬ ਇਸਤਰੀ ਸਭਾ ਦੀ ਸੂਬਾ ਸਕੱਤਰ ਸ਼੍ਰੀਮਤੀ ਨਰਿੰਦਰ ਸੋਹਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਪ੍ਰੋਗਰਾਮ ਦਾ ਆਗਾਜ਼ ਮਸ਼ਾਲ ਬਾਲ਼ ਕੇ ਕੀਤਾ। ਹਰਫੂਲ ਤੱਪਾਖੇੜਾ ਨੇ 'ਮਘਦਾ ਰਹੀਂ ਵੇ ਸੂਰਜਾ' ਗੀਤ ਤੇ ਭਾਗਸਰ ਤੋਂ ਹਰਪ੍ਰੀਤ ਕੌਰ ਅਤੇ ਪ੍ਰੇਮ ਨੇ 'ਮੰਗਤੀ' ਕਵਿਤਾ ਦੀ ਪੇਸ਼ ਕਰਕੇ ਰੰਗ ਬੰਨ੍ਹਿਆ।ਬੁਲਾਰਿਆਂ ਨੇ ਇਸ ਦਿਹਾੜੇ ਦੀ ਮਹੱਤਤਾ, ਪਿਛੋਕੜ ਤੇ ਮੌਜੂਦਾ ਹਾਲਤਾਂ ਦਾ ਜ਼ਿਕਰ ਕਰਦੇ ਹੋਏ ਪਿਛਲੇ ਸਮੇਂ ਔਰਤਾਂ ਤੇ ਵੱਧ ਰਹੇ ਅੱਤਿਆਚਾਰਾਂ ਲਈ ਬੀਜੇਪੀ ਦੀਆਂ ਸਰਕਾਰਾਂ ਦੀ ਆਲੋਚਨਾ ਕੀਤੀ। ਆਲ ਇੰਡੀਆ ਵੂਮੈਨ ਫੈਡਰੇਸ਼ਨ ਦੀ ਨੈਸ਼ਨਲ ਸਕੱਤਰ ਕੰਵਲਜੀਤ ਕੌਰ ਢਿੱਲੋਂ ਨੇ ਕਿਹਾ ਕਿ ਔਰਤਾਂ ਨੂੰ ਆਪਣੇ ਖਿਲਾਫ ਹੋਈ ਹਿੰਸਾ ਲਈ ਖੱਲ੍ਹ ਕੇ ਬੋਲਣਾ ਚਾਹੀਦਾ ਹੈ। ਆਪਣੇ ਆਪ ਨੂੰ ਮਜ਼ਬੂਤ ਬਣਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਆਪਣੀ ਸੋਚ ਬਦਲਣੀ ਚਾਹੀਦੀ ਹੈ ਤੇ ਲੜਕੀਆਂ ਨੂੰ ਵੱਧ ਤੋਂ ਵੱਧ ਪੜ੍ਹਾਉਣਾ ਚਾਹੀਦਾ ਹੈ। ਇਸ ਪ੍ਰੋਗਰਾਮ ਵਿੱਚ ਮਲੋਟ, ਰੱਥੜੀਆਂ, ਆਲਮਵਾਲਾ, ਛਾਪਿਆਂਵਾਲੀ, ਅਬੁੱਲਖੁਰਾਣਾ, ਪਿੰਡ ਮਲੋਟ, ਸ਼ੇਰਗੜ੍ਹ ਤੇ ਬਾਮਾਂ ਤੋਂ ਭਾਰੀ ਗਿਣਤੀ ਵਿੱਚ ਔਰਤਾਂ ਸ਼ਾਮਲ ਹੋਈਆਂ। ਇਸ ਮੌਕੇ ਉੱਘੀਆਂ ਸ਼ਖਸੀਅਤਾਂ, ਮੁਕਤਸਰ ਦੇ ਸਾਬਕਾ ਮੈਂਬਰ ਮੈਡਮ ਪਰਮਪਾਲ ਕੌਰ, ਰਾਜਵਿੰਦਰ ਕੌਰ, ਨਾਰੀ ਚੇਤਨਾ ਮੰਚ ਫਰੀਦਕੋਟ ਤੋਂ ਸ਼ਸ਼ੀ ਸ਼ਰਮਾ, ਕੁਲਦੀਪ ਕੌਰ, ਸੁਖਦੇਵ ਕੌਰ ਬਾਦਲ, ਗੁਰਪ੍ਰੀਤ ਸਿੰਘ ਕੱਟਿਆਂਵਾਲੀ, ਸ੍ਰ. ਬਲਰਾਜ ਸਿੰਘ ਬਰਾੜ ਸਾਬਕਾ ਪ੍ਰਧਾਨ ਲੋਕ ਰੰਗਮੰਚ, ਏ.ਆਈ.ਐੱਸ.ਐੱਫ. ਦੇ ਜ਼ਿਲ੍ਹਾ ਪ੍ਰਧਾਨ ਗੁਰਵਿੰਦਰ ਸਿੰਘ ਨੇ ਵੀ ਸ਼ਿਰਕਤ ਕੀਤੀ।ਆਏ ਹੋਏ ਵਿਸ਼ੇਸ਼ ਮਹਿਮਾਨਾਂ ਤੇ ਵੱਖ-ਵੱਖ ਜਥੇਬੰਦੀਆਂ ਦੇ ਅਹੁਦੇਦਾਰਾਂ ਨੂੰ ਸਨਮਾਨਤ ਕੀਤਾ ਗਿਆ। ਸਟੇਜ ਦੀ ਕਾਰਵਾਈ ਕਾਮਰੇਡ ਪ੍ਰੇਮਲਤਾ ਨੇ ਨਿਭਾਈ ਤੇ ਕਾਮਰੇਡ ਸੁਦੇਸ਼ ਕੁਮਾਰੀ ਨੇ ਆਏ ਹੋਏ ਸਭਨਾਂ ਦਾ ਧੰਨਵਾਦ ਕੀਤਾ।

## ਭਾਰਤ ਵਿਕਾਸ ਪ੍ਰੀਸ਼ਦ ਅਮਲੋਹ ਵੱਲੋਂ ਮੁਫਤ ਮੈਡੀਕਲ ਚੈੱਕਅੱਪ ਕੈਂਪ



**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**-ਭਾਰਤ ਵਿਕਾਸ ਪ੍ਰੀਸ਼ਦ ਬਰਾਂਚ ਅਮਲੋਹ ਵੱਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਮੁਫਤ ਮੈਡੀਕਲ ਚੈੱਕਅਪ ਕੈਂਪ ਫੋਰਟੀਜ ਹਸਪਤਾਲ ਲੁਧਿਆਨਾ ਦੇ ਸਹਿਯੋਗ ਨਾਲ ਸਥਾਨਕ ਰਾਮਲੀਲ੍ਹਾ ਹਾਲ ਵਿਖੇ ਲਗਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਦੇ ਤੌਰ 'ਤੇ ਸਮਾਜ ਸੇਵੀ ਡਾਕਟਰ ਕਰਨੈਲ ਸਿੰਘ ਵੱਲੋਂ ਸ਼ਿਰਕਤ ਕੀਤੀ ਗਈ। ਉਨ੍ਹਾਂ ਵੱਲੋਂ ਜੋਤੀ ਪ੍ਰਚੰਡ ਕਰਨ ਉਪਰੰਤ ਫੀਤਾ ਕੱਟ ਕੇ ਮੈਡੀਕਲ ਕੈਂਪ ਦਾ ਉਦਘਾਟਨ ਕੀਤਾ ਗਿਆ। ਉਨ੍ਹਾਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਭਾਰਤ ਵਿਕਾਸ ਪ੍ਰੀਸ਼ਦ ਅਮਲੋਹ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਜਿੰਨੀ ਸ਼ਲਾਘਾ ਕੀਤੀ ਜਾਵੇ, ਘੱਟ ਹੈ। ਉਨ੍ਹਾਂ ਕਿਹਾ ਕਿ ਡਾਕਟਰੀ ਪੇਸ਼ਾ ਇਮਾਨਦਾਰੀ ਨਾਲ ਨਿਭਾਉਣਾ ਚਾਹੀਦਾ ਹੈ ਤੇ ਘੱਟ ਤੋਂ ਘੱਟ ਖਰਚੇ 'ਤੇ ਮਰੀਜ਼ਾਂ ਦਾ ਇਲਾਜ ਕਰਨਾ ਚਾਹੀਦਾ ਹੈ। ਇਸ ਕੈਂਪ ਵਿੱਚ ਡਾਕਟਰ ਮੁਦਿਤ ਕੁਮਾਰ ਪੇਟ ਤੇ ਜਿਗਰ ਦੇ ਰੋਗਾਂ ਦੇ ਮਾਹਰ, ਡਾਕਟਰ ਸ਼ਿਵਾਨੀ ਗਰਗ ਜ਼ਨਾਨਾ ਰੋਗਾਂ ਦੇ ਮਾਹਰ, ਡਾਕਟਰ ਅੰਕਿਤ ਗੁਪਤਾ ਗਦੂਦਾਂ ਤੇ ਪਿਸ਼ਾਬ ਰੋਗਾਂ ਦੇ ਮਾਹਰ, ਡਾਕਟਰ ਮਨਦੀਪ ਸਿੰਘ ਸੈਣੀ ਮੈਡੀਸਨ ਦੇ ਸਪੈਸ਼ਲਿਸਟ, ਡਾਕਟਰ ਦੀਪ ਚੰਦ ਅੱਖਾਂ ਦੇ ਸਪੈਸ਼ਲਿਸਟ ਵੱਲੋਂ ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ। ਇਸ ਮੌਕੇ ਮਰੀਜ਼ਾਂ ਦਾ ਬਲੱਡ ਪ੍ਰੈਸ਼ਰ, ਸ਼ੂਗਰ ਤੇ ਈਸੀਜੀ ਟੈਸਟ ਮੌਕੇ 'ਤੇ ਹੀ ਕੀਤੇ ਗਏ। ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਆਉਣ ਵਾਲੇ ਮਰੀਜ਼ਾਂ ਨੂੰ ਮੁਫਤ ਦਵਾਈਆਂ ਤੇ ਰਿਫਰੈਸ਼ਮੈਂਟ ਵੀ ਮੁਹੱਈਆ ਕਰਵਾਈ ਗਈ। ਕੈਂਪ ਵਿੱਚ 223 ਦੇ ਕਰੀਬ ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ। ਪ੍ਰੀਸ਼ਦ ਦੇ ਪ੍ਰਧਾਨ ਬ੍ਰਿਜ ਭੂਸ਼ਣ ਗਰਗ ਨੇ ਸਮੂਹ ਮੈਂਬਰਾਨ ਤੇ ਇਲਾਕਾ ਨਿਵਾਸੀਆਂ ਦਾ ਭਰਪੂਰ ਸਹਿਯੋਗ ਕਰਨ 'ਤੇ ਧੰਨਵਾਦ ਕੀਤਾ। ਕੈਂਪ ਵਿੱਚ ਉਚੇਚੇ ਤੌਰ 'ਤੇ ਪਹੁੰਚੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਵੱਲੋਂ ਵੀ ਪ੍ਰੀਸ਼ਦ ਦੇ ਕਾਰਜਾਂ ਦੀ ਸ਼ਲਾਘਾ ਕੀਤੀ ਗਈ ਤੇ ਹਰ ਸੰਭਵ ਸਹਾਇਤਾ ਦੇਣ ਦਾ ਵਾਅਦਾ ਕੀਤਾ ਗਿਆ।

ਇਸ ਕੈਂਪ ਵਿੱਚ ਐਕਸੀਅਨ ਬਿਜਲੀ ਬੋਰਡ ਇੰਜਨੀਅਰ ਗੁਰਪ੍ਰੀਤ ਸਿੰਘ, ਐੱਸਡੀਓ ਗੁਰਦਰਸ਼ਨ ਸਿੰਘ, ਰਿਟਾਇਰਡ ਤਹਿਸੀਲਦਾਰ ਜਸਪਾਲ ਸਿੰਘ, ਡਾਕਟਰ ਬਗਿਸ ਸਵਰੂਪ ਬ੍ਰਹਮਚਾਰੀ, ਐਡਵੋਕੇਟ ਯਾਦਵਿੰਦਰ ਸਿੰਘ, ਜਤਿੰਦਰ ਸਿੰਘ ਦਿਓਲ, ਸਤਿੰਦਰਪਾਲ ਬਾਂਸਲ, ਐੱਨ.ਆਰ.ਆਈ. ਸਪੋਰਟਸ ਕਲੱਬ ਦੇ ਪ੍ਰਧਾਨ ਸਿੰਦਰ ਮੋਹਣ ਪੁਰੀ, ਸਚਿਨ ਕੁਮਾਰ ਪੀਆਰਓ ਫੋਰਟਿਸ ਹਸਪਤਾਲ ਲੁਧਿਆਣਾ, ਹੈਪੀ ਸੇਡਾ ਵਾਈਸ ਪ੍ਰਧਾਨ ਨਗਰ ਕੌਂਸਲ, ਜਗਦੀਸ਼ ਸਿੰਘ ਲੋਟੇ, ਰਾਕੇਸ਼ ਸੇਡਾ, ਮੋਨੂੰ ਪੰਜਾਬ ਟੈਂਟ ਵੀ ਹਾਜ਼ਰ ਸਨ।

## ਸਮਾਜਕ ਸਮਾਨਤਾ ਵਾਲੇ ਸਮਾਜ ਦੀ ਸਿਰਜਣਾ ਹੀ ਭਗਤ ਸਿੰਘ ਤੇ ਸਾਥੀਆਂ ਨੂੰ ਸੱਚੀ ਸ਼ਰਧਾਂਜਲੀ : ਚੌਹਾਨ/ਉੱਡਤ



**ਮਾਨਸਾ (ਆਤਮਾ ਸਿੰਘ ਪਮਾਰ )**-23 ਮਾਰਚ ਦੇ ਸ਼ਹੀਦਾਂ, ਸ਼ਹੀਦ ਏ ਆਜ਼ਮ ਸ. ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਯਾਦ ਨੂੰ ਸਮਰਪਤ ਸਰਵ ਭਾਰਤ ਨੌਜਵਾਨ ਸਭਾ ਤੇ ਏ ਆਈ ਐਸ ਐਸ ਦੇ ਆਗੂਆਂ ਰਜਿੰਦਰ ਸਿੰਘ ਹੀਰੇਵਾਲਾ, ਹਰਪ੍ਰੀਤ ਮਾਨਸਾ, ਸ਼ੈਲੀ ਸਿੰਘ ਦੀ ਅਗਵਾਈ ਹੇਠ ਤੇਜਾ ਸਿੰਘ ਸੁਤੰਤਰ ਭਵਨ ਤੋਂ ਸ਼ਹਿਰ ਵਿੱਚ ਮੋਟਰਸਾਈਕਲ ਮਾਰਚ ਕਰਨ ਉਪਰੰਤ ਭਗਤ ਸਿੰਘ ਦੇ ਬੁੱਤ 'ਤੇ ਸ਼ਹੀਦਾਂ ਨੂੰ ਇਨਕਲਾਬੀ ਨਾਅਰਿਆਂ ਦੀ ਗੂੰਜ ਵਿੱਚ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਸ਼ਾਮਲ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਸਾਥੀ ਕ੍ਰਿਸ਼ਨ ਚੌਹਾਨ ਤੇ ਏਟਕ ਦੇ ਸੂਬਾਈ ਆਗੂ ਐਡਵੋਕੇਟ ਕੁਲਵਿੰਦਰ ਉੱਡਤ ਨੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮਨੁੱਖ ਹੱਥੋਂ ਮਨੁੱਖ ਦੀ ਹੋ ਰਹੀ ਲੁੱਟ ਨੂੰ ਰੋਕਣ ਤੇ ਸਮਾਜਕ ਬਰਾਬਰੀ ਵਾਲਾ ਸਮਾਜ ਸਿਰਜਣਾ ਹੀ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਦੇਸ਼ ਦੇ ਹੁਕਮਰਾਨਾਂ ਵੱਲੋਂ ਕੀਤੀ ਜਾ ਰਹੀ ਵਿਤਕਰੇਬਾਜ਼ੀ ਕਾਰਨ ਦੇਸ਼ ਆਰਥਕ, ਸਮਾਜਕ ਅਤੇ ਰਾਜਨੀਤਕ ਤੌਰ 'ਤੇ ਕਮਜ਼ੋਰ ਹੋ ਚੁੱਕਾ ਹੈ। ਉਨ੍ਹਾਂ ਲੋਕਤੰਤਰ ਤੇ ਸੰਵਿਧਾਨ ਦੀ ਮਜ਼ਬੂਤੀ ਲਈ ਫਿਰਕਾਪ੍ਰਸਤ ਤਾਕਤਾਂ ਤੋਂ ਦੇਸ਼ ਨੂੰ ਮੁਕਤ ਕਰਾਉਣ ਲਈ ਧਰਮ ਨਿਰਪੱਖ ਤਾਕਤਾਂ ਤੇ ਖੱਬੇ ਪੱਖੀ ਧਿਰਾਂ ਨੂੰ ਇਕਮੁੱਠਤਾ ਤੇ ਦ੍ਰਿੜ੍ਹਤਾ ਨਾਲ ਲੜਨ ਦੀ ਅਪੀਲ ਵੀ ਕੀਤੀ। ਇਸ ਮੌਕੇ ਮੋਦੀ ਸਰਕਾਰ ਦੇ ਤਾਨਾਸ਼ਾਹੀ ਰਵੱਈਏ ਤੇ ਵਿਰੋਧੀ ਧਿਰਾਂ ਨੂੰ ਅੱਖਾਂ ਵਿਖਾਉਣ, ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ। ਨੌਜਵਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਰਜਿੰਦਰ ਹੀਰੇਵਾਲਾ ਤੇ ਜ਼ਿਲ੍ਹਾ ਸਕੱਤਰ ਸਾਥੀ ਹਰਪ੍ਰੀਤ ਸਿੰਘ ਨੇ ਦੇਸ਼ ਵਿਚ ਵਧ ਰਹੀ ਬੇਰੁਜ਼ਗਾਰੀ ਨੂੰ ਠੱਲ੍ਹ ਪਾਉਣ ਲਈ ਪਾਰਲੀਮੈਂਟ ਵਿੱਚ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਬਣਾਉਣ ਦੀ ਮੰਗ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਤਨ ਭੋਲਾ, ਬਲਵਿੰਦਰ ਕੋਟ ਧਰਮੂ, ਕਾਲਾ ਖਾਂ ਭੰਮੇ, ਜੰਟਾ ਕੋਟ ਧਰਮੂ, ਗੁਲਜਾਰ ਖਾਂ ਦਲੇਲ ਸਿੰਘ ਵਾਲਾ, ਪ੍ਰੀਤ ਮਾਨਸਾ, ਨਿਰਮਲ ਮਾਨਸਾ, ਹਰਮਨਪ੍ਰੀਤ ਚੌਹਾਨ, ਗੁਰਚਰਨ ਸਿੰਘ, ਬੀਰੂ ਸਿੰਘ ਨੰਗਲ, ਰਾਜੂ ਮਾਨਸਾ, ਭਜਨ ਸਿੰਘ, ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।

## ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਮਨਾਇਆ



**ਲਹਿਰਾਗਾਗਾ (ਪਵਨ ਸ਼ਰਮਾ)**-ਅੱਜ ਇੱਥੇ ਸ਼ਹਿਰ ਦੀ ਅਨਾਜ ਮੰਡੀ ਦੇ ਖੁੱਲ੍ਹੇ ਪੰਡਾਲ ਵਿੱਚ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਜੋਸ਼ੋ-ਖਰੋਸ਼ ਨਾਲ ਮਨਾਇਆ ਗਿਆ। ਲੋਕ ਚੇਤਨਾ ਮੰਚ ਦੀ ਅਗਵਾਈ ਵਿੱਚ ਕਰਵਾਏ ਇਨਕਲਾਬੀ ਸੱਭਿਆਚਾਰਕ ਪ੍ਰੋਗਰਾਮ ਵਿੱਚ ਇਲਾਕੇ ਦੀਆ ਸਮੂਹ ਜਨਤਕ ਜਮਹੂਰੀ ਜਥੇਬੰਦੀਆਂ ਦੇ ਵਰਕਰਾਂ ਸਮੇਤ ਸੈਂਕੜੇ ਮਰਦ-ਔਰਤਾਂ ਨੇ ਹਿੱਸਾ ਲਿਆ। ਪ੍ਰੋਗਰਾਮ ਦੀ ਸ਼ੁਰੂਆਤ ਜਗਦੀਸ਼ ਪਾਪੜਾ ਦੀ ਸੰਗੀਤ ਮੰਡਲੀ "ਮਾਲਵਾ ਹੇਕ" ਵੱਲੋਂ ਸ਼ਰਧਾਂਜਲੀ ਗੀਤ ਨਾਲ ਹੋਈ। ਉਪਰੰਤ ਮੰਚ ਪ੍ਰਧਾਨ ਗਿਆਨ ਚੰਦ ਸ਼ਰਮਾ ਨੇ ਆਪਣੇ ਪ੍ਰਧਾਨਗੀ ਭਾਸ਼ਨ ਵਿੱਚ 23 ਮਾਰਚ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਸ਼ਹੀਦਾਂ ਨੂੰ ਯਾਦ ਕਰਨ ਦਾ ਅਰਥ ਇਹੋ ਹੈ ਕਿ ਅਸੀਂ ਉਨ੍ਹਾਂ ਦੇ ਵਿਚਾਰਾਂ ਨੂੰ ਆਤਮਸਾਤ ਕਰੀਏ ਅਤੇ ਉਨ੍ਹਾਂ ਦੇ ਆਦਰਸ਼ਾਂ ਨੂੰ ਬੁਲੰਦ ਕਰੀਏ। ਉਨ੍ਹਾਂ ਕਿਹਾ ਕਿ ਮੌਜੂਦਾ ਦੌਰ ਵਿੱਚ ਫਿਰਕੂ-ਫਾਸ਼ੀ ਅਤੇ ਕਾਰਪੋਰੇਟ ਪੂੰਜੀਪਤੀਆਂ ਦੀ ਨੰਗੀ-ਚਿੱਟੀ ਨੁਮਾਇੰਦਾ ਮੋਦੀ ਸਰਕਾਰ ਤੇ ਭਾਜਪਾ ਨੂੰ ਭਾਂਜ ਦਿੱਤੀ ਜਾਵੇ ਜਿਹੜੀ ਸਾਡੇ ਸਮਾਜ ਵਿੱਚ ਨਫਰਤ ਤੇ ਦਹਿਸ਼ਤ ਪੈਦਾ ਕਰ ਰਹੀ ਹੈ। ਇਸ ਤੋਂ ਬਾਅਦ ਮੰਚ ਵੱਲੋਂ ਆਪਣੇ ਵਿਛੜੇ ਜੁਝਾਰੂ ਆਗੂ ਸਾਥੀ ਨਾਮਦੇਵ ਭੁਟਾਲ ਨੂੰ ਤਾਉਮਰ ਲੋਕ ਹਿੱਤਾਂ ਲਈ ਜੂਝਦੇ ਰਹਿਣ ਲਈ ਸਿਜਦਾ ਕਰਦੇ ਹੋਏ ਉਸ ਦੇ ਪਰਵਾਰ ਨੂੰ ਵਿਸ਼ੇਸ਼ ਤੌਰ 'ਤੇ ਹਰੀ ਸਿੰਘ ਤਰਕ ਯਾਦਗਾਰੀ ਸਨਮਾਨ ਭੇਟ ਕੀਤਾ। ਮੰਚ ਵੱਲੋਂ ਇਸ ਸਾਲ ਦਾ ਹਰੀ ਸਿੰਘ ਤਰਕ ਯਾਦਗਾਰੀ ਸਨਮਾਨ ਪ੍ਰੋਫੈਸਰ ਅਜਮੇਰ ਔਲਖ ਦੀ ਜੀਵਨ ਸਾਥਣ ਅਤੇ ਪੰਜਾਬੀ ਰੰਗਮੰਚ ਤੇ ਸਿਨੇਮਾ ਦੀ ਮਾਣਮੱਤੀ ਹਸਤੀ ਮਨਜੀਤ ਕੌਰ ਔਲਖ ਨੂੰ ਪ੍ਰਦਾਨ ਕੀਤਾ। ਇਸ ਪ੍ਰੋਗਰਾਮ ਵਿੱਚ ਲੋਕ ਕਲਾ ਮੰਚ, ਮਾਨਸਾ (ਪ੍ਰੋ: ਅਜਮੇਰ ਔਲਖ) ਵੱਲੋਂ ਆਪਣੇ ਪ੍ਰਸਿੱਧ ਨਾਟਕਾਂ, ਅਵੇਸਲੇ ਯੁੱਧਾਂ ਦੀ ਨਾਇਕਾ ਅਤੇ ਆਪੋ-ਅਪਣਾ ਹਿੱਸਾ ਦੀ ਪੇਸ਼ਕਾਰੀ ਕੀਤੀ। ਮੰਚ ਦੇ ਆਗੂ ਰਘਬੀਰ ਭੁਟਾਲ ਨੇ ਮਤੇ ਪੇਸ਼ ਕੀਤੇ। ਮਤਿਆਂ ਵਿੱਚ ਮੋਦੀ ਸਰਕਾਰ ਵੱਲੋਂ ਲਾਗੂ ਕੀਤੇ ਧਾਰਮਿਕ ਆਧਾਰ 'ਤੇ ਨਾਗਰਿਕਤਾ ਦੇਣ ਦੀ ਗੱਲ ਕਰਦੇ ਕਾਨੂੰਨ ਨੂੰ ਰੱਦ ਕਰਨ ਅਤੇ ਲਖੀਮਪੁਰ ਤਾਰੀਖ ਵਿੱਚ ਕਿਸਾਨਾਂ ਨੂੰ ਕਤਲ ਕਰਨ ਵਾਲੇ ਕੇਂਦਰੀ ਮੰਤਰੀ ਅਤੇ ਉਹਦੇ ਪੁੱਤਰ ਨੂੰ ਸਜ਼ਾਵਾਂ ਦੇਣ ਦੀ ਮੰਗ ਕੀਤੀ ਗਈ। ਪੰਜਾਬ ਹਰਿਆਣਾ ਦੇ ਬਾਰਡਰ ਤੇ ਕਿਸਾਨਾਂ ਤੇ ਹਰਿਆਣਾ ਸਰਕਾਰ ਵੱਲੋਂ ਜਬਰ ਕਰਨ ਦੀ ਨਿੰਦਾ ਕੀਤੀ ਗਈ। ਪਿੰਡ ਗੁੱਜਰਾਂ ਤੇ ਸੁਨਾਮ ਵਿੱਚ ਜ਼ਹਿਰੀਲੀ ਸ਼ਰਾਬ ਪੀਣ ਨਾਲ ਮਰੇ ਇੱਕ ਦਰਜਨ ਤੋਂ ਵੱਧ ਵਿਅਕਤੀਆਂ ਦੇ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਜਾਵੇ ਅਤੇ ਪੀੜਤ ਪਰਵਾਰਾਂ ਨੂੰ ਮੁਆਵਜਾ ਦਿੱਤਾ ਜਾਵੇ ।

...ਸਫ਼ਾ 1 ਦੇ ਬਾਕੀ

### ਭਗਤ ਸਿੰਘ ਦੇ ਸੁਪਨਿਆਂ...

ਗ਼ਦਾਰੀ ਕੀਤੀ ਅਤੇ ਅੰਗਰੇਜ਼ਾਂ ਦੇ ਟਾਊਟ ਸਨ।ਅੱਜ ਵੀ ਕੋਈ ਆਗੂ ਭਾਜਪਾ 'ਚ ਜਾਂਦਾ ਤਾਂ ਉਹ ਸਾਫ ਹੋ ਜਾਂਦਾ ਹੈ । ਚੋਣਾਂ ਦੇ ਨਾਂਅ 'ਤੇ ਸਰਮਾਏਦਾਰਾਂ ਤੋਂ ਲੱਖਾਂ ਰੁਪਏ ਪਾਰਟੀ ਫੰਡ, ਚੰਦਾ ਲਿਆ ਜਾ ਰਿਹਾ ਹੈ ਅਤੇ ਇਸ ਦਾ ਕੋਈ ਹਿਸਾਬ ਦੱਸਣ ਲਈ ਵੀ ਤਿਆਰ ਨਹੀਂ।ਮਨੀਪੁਰ ਦੀਆਂ ਘਟਨਾਵਾਂ ਨੇ ਸਾਰੇ ਦੇਸ਼ ਨੂੰ ਸ਼ਰਮਸਾਰ ਕੀਤਾ।ਮੋਦੀ ਸਰਕਾਰ ਨੂੰ ਹਰਾਉਣਾ ਅਤੀ ਜ਼ਰੂਰੀ ਹੈ।2024 ਦੀ ਲੜਾਈ ਅਡਾਨੀਆ, ਅੰਬਾਨੀਆ ਅਤੇ ਕਾਰਪੋਰੇਟ ਘਰਾਣਿਆਂ ਵਿਰੁੱਧ ਹੈ।ਬੁਲਾਰਿਆਂ ਕਿਹਾ ਕਿ ਕੇਂਦਰ ਸਰਕਾਰ ਏਜੰਸੀਆਂ ਅਤੇ ਈ ਡੀ ਦੀ ਦੁਰਵਰਤੋਂ ਕਰਕੇ ਰਾਜਨੀਤਕ ਲੋਕਾਂ ਨੂੰ ਜੇਲ੍ਹਾਂ ਅੰਦਰ ਡੱਕ ਰਹੀ ਹੈ।ਅਸੀਂ ਇਹ ਮੰਗ ਕਰਦੇ ਹਾਂ ਕਿ ਵੱਖ-ਵੱਖ ਜੇਲ੍ਹਾਂ 'ਚ ਬੰਦ ਸਜ਼ਾ ਭੁਗਤ ਚੁੱਕੇ ਸਿਆਸੀ ਆਗੂਆਂ, ਲੇਖਕਾਂ, ਬੁੱਧੀਜੀਵੀਆਂ ਅਤੇ ਸਿੱਖਾਂ ਨੂੰ ਰਿਹਾਅ ਕੀਤਾ ਜਾਵੇ।ਆਗੂਆਂ ਕਿਹਾ ਕਿ ਭਾਰਤ ਦੀ ਆਜ਼ਾਦੀ ਵੇਲੇ ਅਤੇ ਅਜ਼ਾਦੀ ਤੋਂ ਬਾਅਦ ਵੀ ਲਾਲ ਝੰਡੇ ਵਾਲਿਆਂ ਨੇ ਕੁਰਬਾਨੀਆਂ ਦਿੱਤੀਆਂ, ਜਿਸ ਤਰ੍ਹਾਂ ਕਿਸਾਨੀ ਅੰਦੋਲਨ ਸਾਰਿਆਂ ਨੇ ਰਲ-ਮਿਲ ਕੇ ਲੜਿਆ ਅਤੇ ਜਿੱਤ ਪ੍ਰਾਪਤ ਕੀਤੀ ਉਸੇ ਤਰ੍ਹਾਂ ਸ਼ਹੀਦਾਂ ਦੀ ਸੋਚ ਦਾ ਦੇਸ਼ ਬਣਾਉਣ ਲਈ ਇਹਨਾਂ ਫਿਰਕੂ ਪਾਰਟੀਆਂ ਨੂੰ ਹਰਾਇਆ ਜਾਵੇ।ਸੀ ਪੀ ਆਈ ਦੇ ਜ਼ਿਲ੍ਹਾ ਕਾਰਜਕਾਰੀ ਸਕੱਤਰ ਨਰੰਜਣ ਦਾਸ ਮੇਹਲੀ, ਜ਼ਿਲ੍ਹਾ ਸਹਾਇਕ ਸਕੱਤਰ ਜਸਵਿੰਦਰ ਸਿੰਘ ਭੰਗਲ, ਬਲਾਚੌਰ ਤਹਿਸੀਲ ਸਕੱਤਰ ਪਰਮਿੰਦਰ ਮੇਨਕਾ, ਆਰ ਐੱਮ ਪੀ ਆਈ ਦੇ ਜ਼ਿਲ੍ਹਾ ਸਕੱਤਰ ਹਰਪਾਲ ਸਿੰਘ ਜਗਤਪੁਰ, ਸੀ ਪੀ ਆਈ ਜ਼ਿਲ੍ਹਾ ਜਲੰਧਰ ਦੇ ਸਕੱਤਰ ਰਛਪਾਲ ਕੈਲੇ, ਰੋਪੜ ਜ਼ਿਲ੍ਹੇ ਦੇ ਸਕੱਤਰ ਦਵਿੰਦਰ ਨੰਗਲੀ, ਆਰ ਐੱਮ ਪੀ ਆਈ ਕੁਲਦੀਪ ਸਿੰਘ ਸੁੱਜੋਂ, ਕੁਲਦੀਪ ਸਿੰਘ ਦੌੜਕਾ ਨੇ ਵੀ ਸੰਬੋਧਨ ਕੀਤਾ।ਸਿਰਜਣਾ ਆਰਟ ਗਰੁੱਪ ਰਾਏਕੋਟ ਵੱਲੋਂ ਨਾਟਕ 'ਭਗਤ ਸਿੰਘ ਤੂੰ ਜ਼ਿੰਦਾ ਹੈ' ਤੋਂ ਇਲਾਵਾ ਹੋਰ ਵੀ ਨਾਟਕ ਅਤੇ ਕੋਰੀਓਗਰਾਫੀਆਂ ਪੇਸ਼ ਕੀਤੀਆਂ।ਇਸ ਮੌਕੇ ਜਗਤਾਰ ਸਿੰਘ ਪੁਨੂੰਮਜਾਰਾ, ਦਸੌਂਧਾ ਸਿੰਘ, ਗੁਰਮੇਲ ਚੰਦ, ਬੀਬੀ ਗੁਰਬਖਸ਼ ਕੌਰ ਰਾਹੋਂ, ਸਤਨਾਮ ਚਾਹਲ, ਰਾਜ ਕੁਮਾਰ ਸੋਢੀ, ਸੁਰਿੰਦਰ ਪਾਲ ਸਰਪੰਚ ਮੇਹਲੀ, ਗੁਰਮੁੱਖ ਸਿੰਘ ਫਰਾਲਾ, ਅਮਰਜੀਤ ਮੇਹਲੀ, ਸਤਨਾਮ ਸੁੱਜੋਂ ਤੇ ਸਤਨਾਮ ਗੁਲਾਟੀ ਆਦਿ ਹਾਜ਼ਰ ਸਨ।

### ਗ੍ਰਿਫ਼ਤਾਰੀ ਖਿਲਾਫ਼...

ਉਨ੍ਹਾ ਦੀ ਗ੍ਰਿਫ਼ਤਾਰੀ ਅਤੇ ਰਿਮਾਂਡ ਆਦੇਸ਼ ਦੋਵੇਂ ਗੈਰ-ਕਾਨੂੰਨੀ ਹਨ ਅਤੇ ਉਹ ਤੁਰੰਤ ਹਿਰਾਸਤ 'ਚੋਂ ਰਿਹਾਅ ਹੋਣ ਦੇ ਹੱਕਦਾਰ ਹਨ। ਆਪ ਪ੍ਰਮੁੱਖ ਨੂੰ ਕਥਿਤ ਸ਼ਰਾਬ ਘੁਟਾਲੇ ਨਾਲ ਸੰਬੰਧਤ ਮਨੀ ਲਾਂਡਰਿੰਗ ਮਾਮਲੇ 'ਚ ਈ ਡੀ ਨੇ ਵੀਰਵਾਰ ਗ੍ਰਿਫ਼ਤਾਰ ਕੀਤਾ ਸੀ।

### ਫਾਸ਼ੀਵਾਦੀ ਤਾਕਤਾਂ ਦਾ ਮੁਕਾਬਲਾ...

ਨੇ ਸੈਂਕੜੇ ਨੌਜਵਾਨਾਂ ਨੂੰ ਆਜ਼ਾਦੀ ਸੰਗਰਾਮ ਵਿੱਚ ਕੁੱਦਣ ਲਈ ਪ੍ਰੇਰਿਤ ਕੀਤਾ।ਕੌਮੀ ਆਗੂਆਂ ਕਿਹਾ ਕਿ ਅੱਜ ਦੀਆਂ ਸਰਕਾਰਾਂ ਸਾਡੇ ਮਹਾਨ ਸ਼ਹੀਦਾਂ ਦੀ ਵਿਚਾਰਧਾਰਾ ਦੇ ਉਲਟ ਸਾਮਰਾਜਵਾਦੀ ਨੀਤੀਆਂ ਨੂੰ ਲਾਗੂ ਕਰਨ ਲਈ ਜ਼ੋਰ ਲ਼ਾ ਰਹੀਆਂ ਹਨ, ਪਰ ਸ਼ਹੀਦਾਂ ਦੇ ਸੱਚੇ ਵਾਰਿਸ ਅਜਿਹਾ ਹਰਗਿਜ਼ ਬਰਦਾਸ਼ਤ ਨਹੀਂ ਕਰਨਗੇ।

ਇਸ ਮੌਕੇ 23 ਮਾਰਚ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਜਗਰੂਪ ਸਿੰਘ ਨੇ ਕਿਹਾ ਕਿ ਜਿਵੇਂ-ਜਿਵੇਂ ਦੇਸ਼ ਦਾ ਸਰਮਾਇਆ ਕੁਝ ਕੁ ਹੱਥਾਂ 'ਚ ਇਕੱਠਾ ਹੁੰਦਾ ਜਾ ਰਿਹਾ ਹੈ, ਤਿਵੇਂ-ਤਿਵੇਂ ਇਹ ਫਾਸ਼ੀਵਾਦੀ ਰੂਪ ਅਖਤਿਆਰ ਕਰਦਾ ਜਾ ਰਿਹਾ ਹੈ ਅਤੇ ਸਮਾਜ 'ਚ ਫਿਰਕੂ ਮੰਦਭਾਵਨਾ ਨੂੰ ਜਾਣ ਬੁੱਝ ਕੇ ਫੈਲਾ ਕੇ ਸਮਾਜਕ ਅਸ਼ਾਂਤੀ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਲੋਕਾਂ ਦੀਆਂ ਹੱਕੀ ਮੰਗਾਂ ਦੇ ਸੰਘਰਸ਼ ਦਬਾਉਣ ਲਈ ਇਹ ਸਰਕਾਰਾਂ ਦੀ ਇਕ ਸੋਚੀ-ਸਮਝੀ ਸਾਜ਼ਿਸ਼ ਹੈ। ਉਹਨਾ ਸੱਦਾ ਦਿੰਦਿਆ ਕਿਹਾ ਕਿ ਇਹਨਾਂ ਫਾਸ਼ੀਵਾਦੀ ਤਾਕਤਾਂ ਦਾ ਮੁਕਾਬਲਾ ਕਰਨ ਲਈ ਜਵਾਨੀ ਨੂੰ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਇਨਕਲਾਬੀ ਵਿਚਾਰਧਾਰਾ ਤੋਂ ਅਗਵਾਈ ਲੈਣੀ ਚਾਹੀਦੀ ਹੈ, ਕਿਉਂਕਿ ਸ਼ਹੀਦਾਂ ਦੀ ਵਿਚਾਰਧਾਰਾ ਭਾਈਚਾਰਕ ਏਕਤਾ ਦੀ ਮੁੱਦਈ ਹੈ।

ਇਸ ਮੌਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਉਪਰੰਤ ਨੌਜਵਾਨਾਂ ਅਤੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਪਰਮਜੀਤ ਸਿੰਘ ਢਾਬਾਂ ਅਤੇ ਸੂਬਾ ਸਕੱਤਰ ਚਰਨਜੀਤ ਸਿੰਘ ਛਾਂਗਾ ਰਾਏ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ ਅਤੇ ਸ਼ਹੀਦ ਸੁਖਦੇਵ ਦੀ ਕੁਰਬਾਨੀ ਨੇ ਆਜ਼ਾਦੀ ਸੰਗਰਾਮ ਨੂੰ ਇਨਕਲਾਬੀ ਬਲ ਦਿੱਤਾ, ਜਿਸ ਨਾਲ ਦੇਸ਼ ਦੇ ਹਰ ਕੋਨੇ ਵਿੱਚੋਂ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਗੂੰਜਣ ਲੱਗੇ।ਉਹਨਾਂ ਕਿਹਾ ਕਿ 23 ਮਾਰਚ 2014 ਨੂੰ ਇਸੇ ਇਤਿਹਾਸਕ ਸਥਾਨ ਤੋਂ ਸ਼ੁਰੂ ਕੀਤੀ ਬਨੇਗਾ ਪ੍ਰਾਪਤੀ ਲਹਿਰ ਅੱਜ ਦੇਸ਼ ਪੱਧਰ 'ਤੇ ਫੈਲ ਕੇ ਆਪਣੀ ਪ੍ਰਾਪਤੀ ਵੱਲ ਵਧ ਰਹੀ ਹੈ।ਇਸ ਤੋਂ ਬਾਅਦ ਇਸ ਸੰਕਲਪ ਸਭਾ ਨੂੰ ਵਿਸ਼ੇਸ਼ ਤੌਰ 'ਤੇ ਸੰਬੋਧਨ ਕਰਦਿਆਂ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਰਮਨ ਧਰਮੂਵਾਲਾ ਅਤੇ ਸੂਬਾ ਸਕੱਤਰ ਪ੍ਰਿਤਪਾਲ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਕਿਹਾ ਕਿ ਸ਼ਹੀਦਾਂ ਦੀ ਕੁਰਬਾਨੀ ਤੋਂ ਬਾਅਦ ਮਿਲੀ ਆਜ਼ਾਦੀ ਤੋਂ ਬਾਅਦ ਦੇਸ਼ 'ਚ ਬਣੀਆਂ ਸਰਕਾਰਾਂ ਨੇ ਹਮੇਸ਼ਾ ਹੀ ਸ਼ਹੀਦਾਂ ਦੀ ਸੋਚ ਦੇ ਉਲਟ ਕੰਮ ਕੀਤਾ ਹੈ।ਆਗੂਆਂ ਮੰਗ ਕਰਦਿਆਂ ਕਿਹਾ ਕਿ ਆਉਣ ਵਾਲੀ ਪੀੜ੍ਹੀ ਨੂੰ ਸਾਡੇ ਮਹਾਨ ਇਨਕਲਾਬੀ ਇਤਿਹਾਸ ਨਾਲ ਜਾਣੂ ਕਰਵਾਉਣ ਲਈ ਸ਼ਹੀਦ ਭਗਤ ਸਿੰਘ ਦੀ ਜੇਲ੍ਹ ਡਾਇਰੀ ਸਮੇਤ ਆਜ਼ਾਦੀ ਸੰਘਰਸ਼ ਦੇ ਇਤਿਹਾਸਕ ਦਸਤਾਵੇਜ਼ਾਂ ਨੂੰ ਸਿੱਖਿਆ ਦੇ ਸਿਲੇਬਸ ਵਿੱਚ ਸ਼ਮਲ ਕੀਤਾ ਜਾਵੇ। ਸ਼ਹੀਦੀ ਸਮਾਰਕ ਹੁਸੈਨੀਵਾਲਾ ਨੂੰ ਇਨਕਲਾਬੀ ਵਿਰਾਸਤ ਖੋਜ ਕੇਂਦਰ ਵੱਜੋਂ ਵਿਕਸਤ ਕੀਤਾ ਜਾਵੇ।

ਇਸ ਮੌਕੇ ਆਗੂਆਂ ਵਲੋਂ ਸਮੁੱਚੇ ਰੂਪ ਐਲਾਨ ਕੀਤਾ ਗਿਆ ਕਿ ਅਗਾਮੀ ਲੋਕ ਸਭਾ ਚੋਣਾਂ ਦੌਰਾਨ ਸਰਬ ਭਾਰਤ ਨੌਜਵਾਨ ਸਭਾ ਅਤੇ ਆਲ ਸਟੂਡੈਂਟਸ ਫੈਡਰੇਸ਼ਨ ਵੱਲੋਂ ਪੰਜਾਬ ਵਿੱਚ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਦੀ ਪ੍ਰਾਪਤੀ ਅਤੇ ਇਸ ਨੂੰ ਪਾਰਦਰਸ਼ੀ ਢੰਗ ਨਾਲ ਲਾਗੂ ਕਰਵਾਉਣ ਅਤੇ ਨਵਾਂ ਰੁਜ਼ਗਾਰ ਪੈਦਾ ਕਰਨ ਲਈ ਜਾਗਰੂਕਤਾ ਪੈਦਾ ਕਰਨ ਅਤੇ ਲੋਕ ਸਭਾ ਦੇ ਉਮੀਦਵਾਰਾਂ ਨੂੰ ਉਕਤ ਮੁੱਦਿਆਂ 'ਤੇ ਸਵਾਲ-ਜਵਾਬ ਕਰਨ ਲਈ ਵਿਸ਼ੇਸ਼ ਕਨਵੈਨਸ਼ਨਾਂ ਕੀਤੀਆਂ ਜਾਣਗੀਆਂ।

ਹੋਰਨਾਂ ਤੋਂ ਇਲਾਵਾ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਮੀਤ ਸਕੱਤਰ ਹਰਭਜਨ ਛਪੜੀ ਵਾਲਾ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੂਬਾ ਮੀਤ ਪ੍ਰਧਾਨ ਸੁਖਵਿੰਦਰ ਮਲੋਟ, ਗੁਰਭੇਜ ਜ਼ਿਲ੍ਹਾ ਕਨਵੀਨਰ, ਗੁਰਲਾਲ ਵਾੜਾ ਕਿਸ਼ਨਪੁਰ, ਸੁਰਿੰਦਰ ਸਿੰਘ ਖੂੰਨਣ ਕਲਾਂ, ਗੁਰਵਿੰਦਰ ਗੁਰੀ, ਰਮਨਦੀਪ ਕੌਰ ਛਤਿਆਣਾ, ਮਨਦੀਪ ਕੌਰ ਵਿਰਕਾਂ ਨਰੇਗਾ ਆਗੂ ਮੁਕਤਸਰ, ਜ਼ਿਲ੍ਹਾ ਕਮੇਟੀ ਮੈਂਬਰ, ਜਸਪ੍ਰੀਤ ਬੱਧਨੀ, ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਸੂਬਾ ਸਕੱਤਰ ਜਗਸੀਰ ਖੋਸਾ, ਬੋਹੜ ਸਿੰਘ ਪ੍ਰਧਾਨ ਨਰੇਗਾ, ਬਿੰਦਰ ਸਿੰਘ ਖੂੰਨਣ ਕਲਾਂ, ਜਸਪ੍ਰੀਤ ਬੱਧਨੀ, ਜਗਵਿੰਦਰ ਕਾਕਾ, ਸਵਰਾਜ ਖੋਸਾ, ਗੁਰਦਿੱਤ ਦੀਨਾ, ਨਵਕਿਰਨ ਕੌਰ, ਨਵਜੋਤ ਬਿਲਾਸਪੁਰ, ਜਬਰਜੰਗ ਮਹੇਸਰੀ, ਸੁੱਖਾ ਪੇਂਟਰ, ਨਰਿੰਦਰ ਢਾਬਾਂ, ਕੇਵਲ ਛਾਂਗਾ ਰਾਏ, ਪਰਮਿੰਦਰ ਰਹਿਮੇ ਸ਼ਾਹ, ਰਮੇਸ਼ ਪੀਰ ਮੁਹੰਮਦ, ਤੇਜਾ ਅਮੀਰ ਖਾਸ, ਪੰਮਾ ਥਾਰੇਵਾਲਾ ਆਦਿ ਨੇ ਵੀ ਸੰਬੋਧਨ ਕੀਤਾ।

### ਗੁਜਰਾਤ 'ਚ ਭਾਜਪਾ ...

ਨੂੰ ਵੜੋਦਰਾ ਲੋਕਸਭਾ ਸੀਟ ਤੋਂ ਦੋਬਾਰਾ ਉਮੀਦਵਾਰ ਬਣਾਏ ਜਾਣ 'ਤੇ ਭਾਜਪਾ ਦੇ ਫੈਸਲੇ ਦੀ ਆਲੋਚਨਾ ਕਰਦੇ ਹੋਏ ਸ਼ਹਿਰ ਦੇ ਕਈ ਸਥਾਨਾਂ 'ਤੇ ਬੈਨਰ ਲੱਗਣ ਦੇ ਕੁਝ ਦਿਨ ਬਾਅਦ ਉਨ੍ਹਾ ਨੇ ਇਹ ਫੈਸਲਾ ਲਿਆ। ਭਾਜਪਾ ਦੇ ਕੁਝ ਸਥਾਨਕ ਨੇਤਾਵਾਂ ਨੇ ਭੱਟ ਨੂੰ ਉਮੀਦਵਾਰ ਐਲਾਨੇ ਜਾਣ 'ਤੇ ਵਿਰੋਧ ਕੀਤਾ ਸੀ।

### 1000 ਰੁਪਏ ਵਾਲਾ ਵਾਅਦਾ ...

ਜੋ ਮੈਂ ਭਾਰਤ ਵਰਗੇ ਮਹਾਨ ਦੇਸ਼ 'ਚ ਪੈਦਾ ਹੋਇਆ। ਸਾਨੂੰ ਮਿਲ ਕੇ ਭਾਰਤ ਨੂੰ ਫਿਰ ਤੋਂ ਮਹਾਨ ਬਣਾਉਣਾ ਹੈ।

ਭਾਰਤ ਦੇ ਅੰਦਰ ਅਤੇ ਬਾਹਰ ਬਹੁਤ ਸਾਰੀਆਂ ਇਸ ਤਰ੍ਹਾਂ ਦੀਆਂ ਸ਼ਕਤੀਆਂ ਹਨ, ਜੋ ਭਾਰਤ ਨੂੰ ਕਮਜ਼ੋਰ ਕਰ ਰਹੀਆਂ ਹਨ। ਸਾਨੂੰ ਇਨ੍ਹਾਂ ਤੋਂ ਸੁਚੇਤ ਰਹਿ ਕੇ ਇਨ੍ਹਾਂ ਨੂੰ ਹਰਾਉਣਾ ਹੈ।

ਸੁਨੀਤਾ ਨੇ ਮੁੱਖ ਮੰਤਰੀ ਦਾ ਸੰਦੇਸ਼ ਪੜ੍ਹਦੇ ਹੋਏ ਕਿਹਾ ਕਿ ਦਿੱਲੀ ਦੀਆਂ ਮੇਰੀਆਂ ਮਾਵਾਂ, ਭੈਣਾਂ ਸੋਚ ਰਹੀਆਂ ਹੋਣਗੀਆਂ ਕਿ ਕੇਜਰੀਵਾਲ ਤਾਂ ਅੰਦਰ ਚਲਾ ਗਿਆ, ਪਤਾ ਨਹੀਂ 1000 ਰੁਪਏ ਮਿਲਣਗੇ ਜਾਂ ਨਹੀਂ। ਇਸ ਤਰ੍ਹਾਂ ਦੀਆਂ ਅਜੇ ਸਲਾਖਾਂ ਨਹੀਂ ਬਣੀਆਂ, ਜੋ ਤੁਹਾਡੇ ਭਰਾ ਅਤੇ ਪੁੱਤ ਨੂੰ ਅੰਦਰ ਰੱਖ ਸਕਣ। ਮੈਂ ਜਲਦ ਹੀ ਬਾਹਰ ਆਵਾਂਗਾ ਅਤੇ ਆਪਣਾ ਵਾਅਦਾ ਪੂਰਾ ਕਰਾਂਗਾ। ਤੁਹਾਡਾ ਭਰਾ-ਪੁੱਤਰ ਲੋਹੇ ਦਾ ਬਣਿਆ ਹੈ।

ਸੁਨੀਤਾ ਨੇ ਸੰਦੇਸ਼ ਪੜ੍ਹਦੇ ਹੋਏ ਅੱਗੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਵਰਕਰਾਂ ਨੂੰ ਮੇਰੀ ਅਪੀਲ ਹੈ ਕਿ ਲੋਕ ਸੇਵਾ ਦਾ ਕੰਮ ਨਹੀਂ ਰੁਕਣਾ ਚਾਹੀਦਾ ਅਤੇ ਇਸ ਕਾਰਨ ਭਾਜਪਾ ਵਾਲਿਆਂ ਤੋਂ ਨਫ਼ਰਤ ਨਾ ਕਰਨਾ, ਭਾਜਪਾ ਵਾਲੇ ਵੀ ਸਾਡੇ ਭਰਾ-ਭੈਣ ਹੀ ਹਨ। ਮੈਂ ਜਲਦ ਹੀ ਵਾਪਸ ਆਵਾਂਗਾ।

### ਭਾਜਪਾ ਦੇਸ਼ 'ਚ ਤਾਨਾਸ਼ਾਹੀ...

ਚੰਡੀਗੜ੍ਹ ਵਾਂਗ ਉਨ੍ਹਾਂ ਦੀਆਂ ਵੋਟਾਂ ਰੱਦ ਕਰਕੇ ਆਪਣੀ ਪਸੰਦ ਦਾ ਮੇਅਰ ਨਿਯੁਕਤ ਕਰੋ। ਇਹ ਵੇਖ ਸਾਡੇ ਸ਼ਹੀਦਾਂ ਦੀਆਂ ਰੂਹਾਂ ਤੜਪ ਰਹੀ ਹੋਣਗੀਆਂ, ਪਰ ਅਸੀਂ ਆਪਣੇ ਸ਼ਹੀਦਾਂ ਦੇ ਸੁਪਨਿਆਂ ਦੀ ਆਜ਼ਾਦੀ ਲਈ ਲੜਾਂਗੇ, ਇਸ ਤਾਨਾਸ਼ਾਹੀ ਵਿਰੁੱਧ ਲੜਦੇ ਰਹਾਂਗੇ। ਉਨ੍ਹਾ ਕਿਹਾ ਕਿ ਉਹ ਅਰਵਿੰਦ ਕੇਜਰੀਵਾਲ ਨੂੰ ਗ੍ਰਿਫਤਾਰ ਕਰ ਸਕਦੇ ਹਨ, ਪਰ ਉਨ੍ਹਾਂ ਦੀ ਸੋਚ ਨੂੰ ਕਿਵੇਂ ਰੋਕਣਗੇ ? ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਤੋਂ ਬਾਅਦ ਪੂਰਾ ਦੇਸ ਏਨੇ ਗੁੱਸੇ 'ਚ ਹੈ ਅਤੇ ਦੇਖ ਰਿਹਾ ਹੈ ਕਿ ਕਿਸ ਤਰ੍ਹਾਂ ਭਾਜਪਾ ਸਾਡੇ ਲੋਕਤੰਤਰ ਨੂੰ ਤਾਨਾਸ਼ਾਹੀ 'ਚ ਬਦਲਣ ਦੀ ਕੋਸ਼ਿਸ਼ ਕਰ ਰਹੀ ਹੈ। ਮਾਨ ਨੇ ਕਿਹਾ ਕਿ ਕੇਜਰੀਵਾਲ ਇਸ ਤੋਂ ਵੀ ਵੱਡੇ ਨੇਤਾ ਬਣ ਕੇ ਨਿਕਲਣਗੇ ਅਤੇ ਪੂਰਾ ਦੇਸ ਉਨ੍ਹਾ ਦੇ ਨਾਲ ਹੈ। ਕੇਜਰੀਵਾਲ ਇੱਕ ਵਿਅਕਤੀ ਨਹੀਂ, ਬਲਕਿ ਇੱਕ ਸੋਚ ਹੈ, ਤੁਸੀਂ ਇੱਕ ਸੋਚ ਨੂੰ ਕੈਦ ਨਹੀਂ ਕਰ ਸਕਦੇ।

### ਸਰਕਾਰੀ ਗਵਾਹ ਕੰਪਨੀ ...

ਚੋਣਾਵੀ ਬਾਂਡ ਜ਼ਰੀਏ ਭਾਜਪਾ ਨੇ ਅਰਬਿੰਦੋ ਫਰਮ ਦੇ ਮਾਲਕ ਰੈਡੀ ਤੋਂ ਪੈਸਾ ਲਿਆ। ਦੋ ਵਾਰ ਚੋਣਾਵੀ ਚੰਦੇ ਨੂੰ ਮਿਲਾ ਕੇ ਇਹ ਪੂਰੀ ਰਕਮ 59.4 ਕਰੋੜ ਰੁਪਏ ਹੈ। ਆਤਿਸ਼ੀ ਨੇ ਦਾਅਵਾ ਕੀਤਾ ਕਿ ਉਨ੍ਹਾ ਦੇ ਪਾਰਟੀ ਦਫ਼ਤਰ ਨੂੰ ਚਾਰੇ ਪਾਸਿਓਂ ਸੀਲ ਕਰ ਦਿੱਤਾ ਗਿਆ ਹੈ। ਉਨ੍ਹਾ ਕਿਹਾ ਕਿ ਲੋਕ ਸਭਾ ਚੋਣਾਂ ਦੌਰਾਨ ਕਿਸੇ ਰਾਸ਼ਟਰੀ ਪਾਰਟੀ ਦੇ ਦਫ਼ਤਰ 'ਚ ਲੋਕਾਂ ਦੀ ਐਂਟਰੀ ਕਿਸ ਤਰ੍ਹਾਂ ਰੋਕੀ ਜਾ ਸਕਦੀ ਹੈ। ਅਸੀਂ ਚੋਣ ਕਮਿਸ਼ਨ ਕੋਲ ਇਸ ਦੀ ਸ਼ਿਕਾਇਤ ਦਰਜ ਕਰਾਈ ਹੈ। ਉਨ੍ਹਾ ਕਿਹਾ ਕਿ ਇਹ ਕਦਮ ਸੰਵਿਧਾਨ ਦੇ ਖਿਲਾਫ਼ ਹੈ। ਇੱਕ ਵਿਧਾਇਕ ਦੇ ਘਰ 'ਤੇ ਛਾਪੇਮਾਰੀ ਕੀਤੀ ਗਈ ਹੈ। ਉਨ੍ਹਾ ਚੋਣ ਕਮਿਸ਼ਨ ਨੂੰ ਲਿਖੇ ਪੱਤਰ 'ਚ ਕਿਹਾ ਕਿ ਏਜੰਸੀਆਂ ਦੇ ਐਕਸ਼ਨ ਨੂੰ ਰੋਕਣ ਲਈ ਜਲਦ ਕਦਮ ਉਠਾਏ ਜਾਣ।

### ਫਿਰਕਾਪ੍ਰਸਤੀ ਨੂੰ ਨਕਾਰ ਕੇ ...

ਤੇ ਹੋਰਨਾਂ ਦੇਸ਼ ਭਗਤਾਂ ਦੀ ਗੱਲ ਕਰਦਿਆਂ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਇਨ੍ਹਾਂ ਮਹਾਨ ਕ੍ਰਾਂਤੀਕਾਰੀਆਂ ਦੇ ਨਾਵਾਂ 'ਤੇ ਰਾਜਨੀਤੀ ਕਰਦੀਆਂ ਰਹੀਆਂ ਹਨ। ਇਨ੍ਹਾਂ ਦੀਆਂ ਲਿਖਤਾਂ ਨੂੰ ਸਰਕਾਰਾਂ ਵੱਲੋਂ ਕਦੇ ਮਾਨਤਾ ਨਹੀਂ ਦਿੱਤੀ ਗਈ। ਇਹ ਸ਼ਹੀਦ ਰਾਜਨੀਤਕ ਪਾਰਟੀਆਂ ਨੂੰ ਸਿਰਫ ਵੋਟਾਂ ਸਮੇਂ ਯਾਦ ਆਉਂਦੇ ਹਨ। ਉਨ੍ਹਾ ਕਿਹਾ ਕਿ ਅੱਜ ਬੋਲਣ ਤੇ ਲਿਖਣ ਦੀ ਅਜ਼ਾਦੀ 'ਤੇ ਵੱਡਾ ਹਮਲਾ ਹੋ ਰਿਹਾ ਹੈ। ਉਨ੍ਹਾ ਕਿਹਾ ਕਿ ਉਹ ਅਜਿਹੀਆਂ ਕਾਰਵਾਈਆਂ ਤੋਂ ਡਰਨ ਵਾਲੇ ਨਹੀਂ। ਉਨ੍ਹਾ ਹਾਜ਼ਰੀਨ ਨੂੰ ਕਿਹਾ ਕਿ ਇਨ੍ਹਾਂ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਇਹ ਹੋਵੇਗੀ ਕਿ ਉਹ ਭਾਜਪਾ ਦੀ ਫਿਰਕਾਪ੍ਰਸਤੀ ਤੇ ਧਰਮ ਅਧਾਰਤ ਰਾਜਨੀਤੀ ਨੂੰ ਨਕਾਰ ਕੇ ਇਨ੍ਹਾਂ ਚੋਣਾ 'ਚ ਭਾਜਪਾ ਨੂੰ ਬੁਰੀ ਤਰ੍ਹਾਂ ਹਰਾਉਣ। ਮੰਚ ਸੰਚਾਲਣ ਗੁਰਨਾਮ ਭੀਖੀ ਤੇ ਧਰਮਪਾਲ ਨੀਟਾ ਨੇ ਕੀਤਾ। ਸਮਾਗਮ ਦੇ ਅੰਤ 'ਤੇ ਨਵਯੁਗ ਸਾਹਿਤ ਕਲਾ ਮੰਚ ਦੇ ਪ੍ਰਧਾਨ ਕਹਾਣੀਕਾਰ ਭੁਪਿੰਦਰ ਫੌਜੀ ਨੇ ਸਭ ਦਾ ਧੰਨਵਾਦ ਕੀਤਾ। ਇਸ ਮੌਕੇ ਹਰਭਗਵਾਨ ਭੀਖੀ, ਸੁਖਦਰਸ਼ਨ ਸੇਠੀ, ਕੇਵਲ ਸ਼ਾਰਦਾ, ਨਗਰ ਪੰਚਾਇਤ ਦੇ ਸਾਬਕਾ ਪ੍ਰਧਾਨ ਵਿਨੋਦ ਸਿੰਗਲਾ, ਸਾਬਕਾ ਕੌਂਸਲਰ ਕੇਵਲ ਸਿੰਘ, ਰੰਜੀਵ ਸਿੰਘ, ਇੰਦਰਜੀਤ ਰਿਖੀ, ਬਲਦੇਵ ਸਿੰਘ ਸਿੱਧੂ ਆਦਿ ਹਾਜ਼ਰ ਸਨ।

### ਅਦਾਲਤ ਨੇ ਕੇ. ਕਵਿਤਾ...

ਹਿਰਾਸਤ 'ਚ ਭੇਜ ਦਿੱਤਾ ਹੈ। ਕਵਿਤਾ ਹੁਣ 26 ਮਾਰਚ ਤੱਕ ਈ ਡੀ ਦੀ ਕਸਟਡੀ 'ਚ ਰਹੇਗੀ। ਇਸ ਦੌਰਾਨ ਕੋਰਟ ਨੇ ਕਵਿਤਾ ਨੂੰ ਉਨ੍ਹਾ ਦੇ ਦੋਵਾਂ ਬੱਚਿਆਂ ਅਤੇ ਪਰਵਾਰ ਵਾਲਿਆਂ ਨਾਲ ਵੀ ਮਿਲਣ ਦੀ ਇਜਾਜ਼ਤ ਦਿੱਤੀ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

24-MAR-PAGE-3.qxd 3/23/2024 10:55 PM Page 1



# ਹਰੇਕ ਕੁੜੀ-ਮੁੰਡੇ ਨੂੰ ਰੁਜ਼ਗਾਰ ਦੇਣ ਵਾਲਾ ਕਾਨੂੰਨ ਪਾਰਲੀਮੈਂਟ 'ਚ ਪਾਸ ਕੀਤਾ ਜਾਵੇ : ਰਜਿੰਦਰ, ਮਾੜੀਮੇਘਾ

**ਭਿੱਖੀਵਿੰਡ (ਨਜ਼ਸ)**—ਪੰਜਾਬ ਇਸਤਰੀ ਸਭਾ ਵੱਲੋਂ ਭਿੱਖੀਵਿੰਡ ਕਸਬੇ ਵਿੱਚ ਜ਼ਿਲ੍ਹਾ ਪੱਧਰ ਦਾ ਸਮਾਗਮ ਕਰਕੇ ਰਾਜਗੁਰੂ, ਸੁਖਦੇਵ ਤੇ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਬੜੀ ਧੂਮਧਾਮ ਨਾਲ ਮਨਾਇਆ ਗਿਆ ਅਤੇ ਭਿੱਖੀਵਿੰਡ ਦੀਆਂ ਸੜਕਾਂ ਤੇ ਮਾਰਚ ਕਰਕੇ ਨਾਅਰੇ ਲਾਏ ਗਏ ਕਿ 'ਸਾਡਾ ਉਦੇਸ਼ ਭਗਤ ਸਿੰਘ ਦੇ ਸੁਪਨਿਆਂ ਦਾ ਦੇਸ਼।' ਸਮਾਗਮ ਵਿੱਚ ਸਰਬ ਭਾਰਤ ਨੌਜਵਾਨ ਸਭਾ, ਕਿਸਾਨ ਸਭਾ, ਨਰੇਗਾ ਯੂਨੀਅਨ ਏਟਕ ਦੇ ਸਾਥੀ ਵੀ ਸ਼ਾਮਲ ਹੋਏ। ਇਕੱਤਰਤਾ ਨੂੰ ਸੰਬੋਧਨ ਕਰਦਿਆਂ ਪੰਜਾਬ ਇਸਤਰੀ ਸਭਾ ਦੀ ਸੂਬਾਈ ਪ੍ਰਧਾਨ ਰਜਿੰਦਰ ਪਾਲ ਕੌਰ ਤੇ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਜਨਰਲ ਸਕੱਤਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਇਨ੍ਹਾਂ ਸ਼ਹੀਦਾਂ ਦੇ ਸੁਪਨੇ ਸਾਕਾਰ ਕਰਨੇ ਸਾਡੇ ਸਾਰਿਆਂ ਦੀ ਜ਼ਿੰਮੇਵਾਰੀ ਹੈ। ਇਨ੍ਹਾਂ ਕ੍ਰਾਂਤੀਕਾਰੀਆਂ ਨੇ ਦੇਸ਼ ਦੀ ਆਜ਼ਾਦੀ ਵਾਸਤੇ ਬੜੀਆਂ ਵੱਡੀਆਂ ਘਾਲਣਾਵਾਂ ਘਾਲੀਆਂ ਹਨ ਤੇ ਇਨ੍ਹਾਂ ਦੀਆਂ ਕੁਰਬਾਨੀਆਂ ਦੀ ਬਦੌਲਤ ਹੀ ਦੇਸ਼ ਅੰਗਰੇਜ਼ਾਂ ਦੇ ਚੁੰਗਲ 'ਚੋਂ ਆਜ਼ਾਦ ਹੋਇਆ ਹੈ। ਦੇਸ਼ ਆਜ਼ਾਦ ਤਾਂ ਹੋ ਗਿਆ ਹੈ ਪਰ ਆਜ਼ਾਦੀ ਤੋਂ ਬਾਅਦ ਦੇਸ਼ 'ਤੇ ਕਾਬਜ਼ ਅੰਗਰੇਜ਼ ਹਮਾਇਤੀ ਭਾਵ ਸਰਮਾਏਦਾਰ ਪੱਖੀ ਹੀ ਰਹੇ ਹਨ। ਇਨ੍ਹਾਂ ਸਰਮਾਏਦਾਰ ਪਾਰਟੀਆਂ ਦੀ ਸੋਚ ਸਰਬਪੱਖੀ ਵਿਕਾਸ ਦੀ ਨਹੀਂ ਹੈ। ਇਨ੍ਹਾਂ ਦੀ ਸੋਚ ਤਾਂ ਸਿਰਫ ਧਨਾਢਾਂ ਦੇ ਧਨ-ਦੌਲਤ ਦੇ ਭੰਡਾਰ ਵਧਾਉਣ ਦੀ ਹੈ ਤੇ ਦੇਸ਼ ਦੀ ਆਜ਼ਾਦੀ ਤੋਂ ਬਾਅਦ 77 ਸਾਲਾਂ ਵਿੱਚ ਇਨ੍ਹਾਂ ਨੇ ਇਹ ਹੀ ਕੰਮ ਕੀਤਾ ਹੈ।





ਸਾਡਾ ਦੇਸ਼ ਤਾਂ ਹੀ ਖੁਸ਼ਹਾਲ ਹੋ ਸਕਦਾ ਹੈ ਜੇ ਭਗਤ ਸਿੰਘ ਦੀ ਸੋਚ ਵਾਲੀ ਦੇਸ਼ 'ਤੇ ਹਕੂਮਤ ਹੋਵੇਗੀ। ਆਗੂਆਂ ਨੇ ਕਿਹਾ ਕਿ ਸਾਡੇ ਦੇਸ਼ ਦੇ ਹਾਲਾਤ ਇਹ ਹਨ ਕਿ ਸਾਡੇ ਦੇਸ਼ ਵਿੱਚ ਸਭ ਕੁੱਝ ਹੁੰਦਿਆਂ ਹੋਇਆਂ ਵੀ 80 ਫੀਸਦੀ ਤੋਂ ਵਧੇਰੇ ਵਸੋਂ ਰੋਟੀ ਰੋਜ਼ੀ, ਘਰ, ਸਿਹਤ, ਵਿੱਦਿਆ ਤੇ ਰੁਜ਼ਗਾਰ ਨੂੰ ਤਰਸ ਰਹੀ ਹੈ। ਜੁਆਨੀ ਵਿਦੇਸ਼ਾਂ ਵਿੱਚ ਕਿਰਤ ਕਰਕੇ ਉਨ੍ਹਾਂ ਦੇਸ਼ਾਂ ਨੂੰ ਖੁਸ਼ਹਾਲ ਬਣਾ ਰਹੀ ਹੈ ਤੇ ਸਾਡੀ ਵਸੋਂ ਫਾਕੇ ਕੱਟ ਰਹੀ ਹੈ। ਸਰਕਾਰ ਕਾਂਗਰਸ ਪਾਰਟੀ ਦੀ ਵੀ ਬਹੁਤ ਮਾੜੀ ਸੀ ਪਰ ਮੋਦੀ ਦੀ ਹਕੂਮਤ ਤਾਂ ਸਭ ਹੱਦਾਂ ਬੰਨੇ ਟੱਪ ਗਈ ਹੈ। ਇਸ ਸਰਕਾਰ ਦੀ ਨੀਤੀ ਇਹ ਹੈ ਕਿ ਲੋਕਾਂ ਦੀ ਜ਼ਿੰਦਗੀ ਖੁਸ਼ਹਾਲ ਬਣਾਉਣ ਵਾਸਤੇ ਕੋਈ ਸਹੂਲਤਾਂ ਵੀ ਲੋਕਾਂ ਨੂੰ ਨਹੀਂ ਦੇਣੀਆਂ ਤੇ ਲੋਕਾਂ ਦਾ ਧਿਆਨ ਇਸ ਤੰਗੀ ਤੁਰਸ਼ੀ ਵਾਲੇ ਪਾਸੇ ਤੋਂ ਹਟਾ ਕੇ ਇਨ੍ਹਾਂ ਨੂੰ ਜਾਤ, ਨਸਲ, ਧਰਮ ਤੇ ਫਿਰਕੂ ਫਸਾਦਾਂ ਵਿੱਚ ਫਸਾ ਕੇ ਰੱਖਣਾ ਹੈ। ਅੱਜ ਦੇ ਇਕੱਠ ਦੀ ਮੰਗ ਹੈ ਕਿ ਹਰੇਕ ਵਿਅਕਤੀ ਨੂੰ ਰੁਜ਼ਗਾਰ ਦੇਣ ਵਾਸਤੇ ਪਾਰਲੀਮੈਂਟ ਵਿੱਚ "ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ" ਪਾਸ ਕੀਤਾ ਜਾਵੇ। ਹਰੇਕ ਕੁੜੀ-ਮੁੰਡੇ ਨੂੰ ਪਹਿਲ ਦੇ ਆਧਾਰ 'ਤੇ ਸਰਕਾਰੀ ਰੁਜ਼ਗਾਰ ਦਿੱਤਾ ਜਾਵੇ ਤੇ ਜਿੰਨਾ ਚਿਰ ਤੱਕ ਉਨ੍ਹਾਂ ਨੂੰ ਰੁਜ਼ਗਾਰ ਨਹੀਂ ਮਿਲਦਾ ਉਨਾ ਚਿਰ ਤੱਕ ਘੱਟ-ਘੱਟ ਉਜਰਤ ਦੇ ਬਰਾਬਰ ਕੰਮ, ਇੰਤਜ਼ਾਰ ਭੱਤਾ ਦਿੱਤਾ ਜਾਵੇ।

ਹਰੇਕ ਲੜਕੀ-ਲੜਕੇ ਨੂੰ 10+2 ਤੱਕ ਵਿੱਦਿਆ ਮੁਫਤ ਤੇ ਲਾਜ਼ਮੀ ਦਿੱਤੀ ਜਾਵੇ। ਹਰੇਕ ਵਿਅਕਤੀ ਨੂੰ ਸਿਹਤ ਸਹੂਲਤ ਮੁਫਤ ਹੋਵੇ। ਹਰੇਕ ਵਿਅਕਤੀ ਨੂੰ ਮੁਫਤ ਘਰ ਬਣਾ ਕੇ ਦਿੱਤਾ ਜਾਵੇ ਤਾਂ ਜੋ ਉਹ ਛੱਤ ਤੋਂ ਬਗੈਰ ਜ਼ਿੰਦਗੀ ਗੁਜ਼ਾਰਨ ਵਾਸਤੇ ਮਜਬੂਰ ਨਾ ਹੋਵੇ। ਪ੍ਰੋਗਰਾਮ ਵਿੱਚ ਮਤਾ ਪਾਸ ਕੀਤਾ ਗਿਆ ਕਿ ਨਰੇਗਾ ਦਾ ਕੰਮ ਸਾਲ ਵਿੱਚ 200 ਦਿਨ ਤੇ ਦਿਹਾੜੀ 1000 ਰੁਪਏ ਕੀਤੀ ਜਾਵੇ। ਮਤੇ ਰਾਹੀਂ ਮੰਗ ਕੀਤੀ ਗਈ ਕਿ ਸਰਕਾਰ ਨੇ ਨਰੇਗਾ ਕਾਮਿਆਂ ਦੇ ਕੀਤੇ ਹੋਏ ਕੰਮ ਦੇ ਪੈਸੇ ਦਸੰਬਰ 2023 ਤੋਂ ਉਨ੍ਹਾਂ ਨੂੰ ਨਹੀਂ ਦਿੱਤੇ ਉਹ ਫੌਰੀ ਦਿੱਤੇ ਜਾਣ। ਇੱਕ ਹੋਰ ਮਤੇ ਰਾਹੀਂ ਕਿਸਾਨਾਂ ਦੇ ਸੰਘਰਸ਼ ਦੀ ਪੁਰਜ਼ੋਰ ਹਮਾਇਤ ਕੀਤੀ ਗਈ। ਕਿਸਾਨਾਂ ਦੀ ਮੰਗ ਹੈ ਕਿ ਉਨ੍ਹਾਂ ਦੀਆਂ ਫਸਲਾਂ ਖਰੀਦਣ ਵਾਸਤੇ ਐੱਮਐੱਸਪੀ ਕਾਨੂੰਨ ਹਰ ਫਸਲ 'ਤੇ ਲਾਗੂ ਕੀਤਾ ਜਾਵੇ। ਇਹ ਕਾਨੂੰਨ ਲਾਗੂ ਨਾ ਹੋਣ ਨਾਲ ਵੱਡੇ-ਵੱਡੇ ਵਪਾਰੀ ਫਸਲਾਂ ਸਸਤੇ ਰੇਟ ਤੇ ਖਰੀਦ ਕੇ ਬਾਅਦ ਵਿੱਚ ਮਹਿੰਗੇ ਰੇਟ 'ਤੇ ਵੇਚਦੇ ਹਨ ਜਿਸ ਨਾਲ ਗਰੀਬਾਂ ਦਾ ਘਾਣ ਹੋ ਰਿਹਾ ਹੈ। ਇਸੇ ਤਰ੍ਹਾਂ ਖੇਤ ਮਜ਼ਦੂਰਾਂ ਦੇ ਕਰਜ਼ੇ ਮੁਆਫ ਕੀਤੇ ਜਾਣ, ਉਨ੍ਹਾਂ ਦੀਆਂ ਪੈਨਸ਼ਨਾਂ ਵਿੱਚ ਲਗਾਤਾਰਤਾ ਕਾਇਮ ਕੀਤੀ ਜਾਵੇ। ਇਸ ਸਮਾਗਮ ਨੂੰ ਪੰਜਾਬ ਇਸਤਰੀ ਸਭਾ ਦੀ ਸੂਬਾਈ ਸੀਨੀਅਰ ਮੀਤ ਪ੍ਰਧਾਨ ਰੁਪਿੰਦਰ ਕੌਰ ਮਾੜੀਮੇਘਾ, ਜ਼ਿਲ੍ਹਾ ਪ੍ਰਧਾਨ ਸੀਮਾ ਸੋਹਲ, ਦਵਿੰਦਰ ਸੋਹਲ, ਗੁਰਦਿਆਲ ਸਿੰਘ ਖਡੂਰ ਸਾਹਿਬ, ਕਿਸਾਨ ਆਗੂ ਪੂਰਨ ਸਿੰਘ ਮਾੜੀਮੇਘਾ, ਟਹਿਲ ਸਿੰਘ ਲੱਧੂ, ਜਸਪਾਲ ਸਿੰਘ ਕਲਸੀਆਂ, ਰਛਪਾਲ ਸਿੰਘ ਬਾਠ, ਸੁਖਦੇਵ ਸਿੰਘ ਕਾਲਾ, ਰਸਾਲ ਸਿੰਘ ਪਹੂਵਿੰਡ, ਜਸਵੰਤ ਸਿੰਘ ਤੇ ਮਖਤੂਲ ਸਿੰਘ ਸੁਰਵਿੰਡ, ਕਿਰਨਜੀਤ ਕੌਰ ਵਲਟੋਹਾ, ਪਰਮਜੀਤ ਕੌਰ ਮਾੜੀਮੇਘਾ, ਜੈਮਲ ਸਿੰਘ ਬਾਠ, ਜਸਪਾਲ ਸਿੰਘ ਭਿੱਖੀਵਿੰਡ, ਵੀਰ ਕੌਰ ਸਾਂਡਪੁਰਾ, ਮਨਜੀਤ ਕੌਰ ਅਲਗੋਂ ਤੇ ਬਾਜ ਸਿੰਘ ਨਾਰਲਾ ਨੇ ਵੀ ਸੰਬੋਧਨ ਕੀਤਾ।

# ਪੈਨਸ਼ਨਰਾਂ ਤੇ ਮੁਲਾਜ਼ਮਾਂ ਦੇ ਪੇ-ਕਮਿਸ਼ਨ ਦੇ ਬਕਾਏ ਜਲਦ ਦਿੱਤੇ ਜਾਣ : ਲਾਲਪੁਰਾ/ਜੰਡ



**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਪੈਨਸ਼ਨਰ ਐਂਡ ਸੀਨੀਅਰ ਸਿਟੀਜ਼ਨ ਵੈੱਲਫੇਅਰ ਐਸੋਸੀਏਸ਼ਨ ਤਹਿਸੀਲ ਪੱਟੀ ਦੀ ਮੀਟਿੰਗ ਪੈਨਸ਼ਨਰ ਦਫਤਰ ਵਿਖੇ ਹੋਈ। ਇਸ ਮੀਟਿੰਗ ਦੀ ਪ੍ਰਧਾਨਗੀ ਹਰਜਿੰਦਰ ਸਿੰਘ ਜੰਡ ਨੇ ਕੀਤੀ। ਪ੍ਰੈੱਸ ਦੇ ਨਾਂ ਬਿਆਨ ਜਾਰੀ ਕਰਦੇ ਹੋਏ ਜਨਰਲ ਸਕੱਤਰ ਜਗਤਾਰ ਸਿੰਘ ਆਸਲ ਨੇ ਪੰਜਾਬ ਸਰਕਾਰ ਵੱਲੋਂ ਬਜਟ ਵਿੱਚ ਪੈਨਸ਼ਨਰਾਂ ਅਤੇ ਮੁਲਾਜ਼ਮਾਂ ਲਈ ਕੋਈ ਪੈਸਾ ਨਾ ਰੱਖਣ ਦੀ ਨਿਖੇਧੀ ਕੀਤੀ! 12% ਡੀਏ ਪੰਜਾਬ ਸਰਕਾਰ ਪੈਨਸ਼ਨਰਾਂ ਦਾ ਦੱਬ ਕੇ ਬੈਠੀ ਹੈ। ਕਸ਼ਮੀਰ ਸਿੰਘ ਲਾਲਪੁਰਾ ਸੀਨੀਅਰ ਮੀਤ ਪ੍ਰਧਾਨ ਉਚੇਚੇ ਤੌਰ 'ਤੇ ਮੀਟਿੰਗ ਵਿੱਚ ਪਹੁੰਚੇ। ਉਨ੍ਹਾਂ ਨੇ ਵਿਸ਼ਵਾਸ ਦਵਾਇਆ ਕਿ ਪੈਨਸ਼ਨਰ ਸਾਥੀਆਂ ਨੂੰ ਜ਼ਿਲਾ ਪੱਧਰ ਤੇ ਕਿਸੇ ਵੀ ਕੰਮ ਲਈ ਮੁਸ਼ਕਿਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਬਲਵਿੰਦਰ ਸਿੰਘ ਅਤੇ ਕਸ਼ਮੀਰ ਸਿੰਘ ਬੁਰਜ ਨੇ 2.59 ਦਾ ਗੁਣਾਂਕ ਲਾਗੂ ਕਰਨ ਦੀ ਮੰਗ ਕੀਤੀ।

ਮੀਟਿੰਗ ਵਿੱਚ ਬਹੁਤ ਸਾਰੇ ਪੈਨਸ਼ਨਰ ਸ਼ਾਮਿਲ ਹੋਏ। ਆਉਣ ਵਾਲੇ ਸਮੇਂ ਵਿੱਚ ਪੰਜਾਬ ਸਰਕਾਰ ਵਿਰੁੱਧ ਸੰਘਰਸ਼ਾਂ ਵਿੱਚ ਸ਼ਾਮਿਲ ਹੋਣ ਦਾ ਪ੍ਰਣ ਕੀਤਾ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਗੋਪਾਲ ਸਿੰਘ. ਚਾਨਣ ਸਿੰਘ., ਭੁਪਿੰਦਰ ਸਿੰਘ, ਓਮ ਪ੍ਰਕਾਸ਼, ਗਿਰਧਾਰੀ ਲਾਲ, ਗੁਰਮੀਤ ਸਿੰਘ, ਗੁਰਦੀਪ ਸਿੰਘ ਪਟਵਾਰੀ, ਰਾਜ ਸਿੰਘ, ਬਲਬੀਰ ਸਿੰਘ, ਜੀਵਨ ਸਿੰਘ, ਰਾਮ ਲੁਭਾਇਆ, ਅਤੇ ਹੋਰ ਬਹੁਤ ਸਾਰੇ ਸਾਥੀਆਂ ਨੇ ਸ਼ਮੂਲੀਅਤ ਕੀਤੀ।

# ਲਾਖਣਾ 'ਚ ਸ਼ਹੀਦ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ




**ਵਲਟੋਹਾ (ਰਣਜੀਤ ਸਿੰਘ ਵਲਟੋਹਾ)**—ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਵੱਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦਾ ਸ਼ਹੀਦੀ ਦਿਹਾੜਾ ਪਿੰਡ ਲਾਖਣਾ ਵਿਚ ਮਨਾਇਆ ਗਿਆ। ਸ਼ਹੀਦਾਂ ਨੂੰ ਯਾਦ ਕਰਦਿਆਂ ਦੋ ਮਿੰਟ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਤਹਿਸੀਲ ਸਕੱਤਰ ਲਾਜਰ ਲਾਖਣਾ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੇ ਵਿਚਾਰਾਂ ਨੂੰ ਅਪਨਾਉਣ ਦੀ ਡਾਢੀ ਲੋੜ ਹੈ। ਸ਼ਹੀਦਾਂ ਨੇ ਦੇਸ਼ ਦੀ ਆਜ਼ਾਦੀ ਲਈ ਲੜਦਿਆਂ ਦੇਸ਼ ਅੰਦਰ ਧਰਮਨਿਰਪੱਖ ਕਦਰਾਂ-ਕੀਮਤਾਂ ਵਾਲਾ ਜਮਹੂਰੀ ਅਤੇ ਬਰਾਬਰਤਾ ਅਧਾਰਿਤ ਸਮਾਜਿਕ/ਰਾਜਨੀਤਕ ਢਾਂਚਾ ਬਣਾਉਣ ਦਾ ਸੁਪਨਾ ਲਿਆ। ਪ੍ਰੰਤੂ ਦੇਸ਼ ਦੇ ਹਾਕਮ ਦੇਸ਼ ਦੀ ਆਜ਼ਾਦੀ ਉਪਰੰਤ ਮਿਲੇ ਜਮਹੂਰੀ ਅਧਿਕਾਰਾਂ, ਜਮਹੂਰੀ ਸੰਸਥਾਵਾਂ ਦਾ ਘਾਣ ਕਰ ਰਹੇ ਹਨ। ਅਮੀਰੀ-ਗਰੀਬੀ ਦੇ ਪਾੜੇ ਨੂੰ ਵਧਾ ਰਹੇ ਹਨ। ਆਰਐੱਸਐੱਸ ਦੀ ਅਗਵਾਈ ਹੇਠ ਬਣੀ ਬੀਜੇਪੀ ਦੀ ਮੋਦੀ ਸਰਕਾਰ ਦੇਸ਼ ਦੇ ਧਰਮ-ਨਿਰਪੱਖ ਢਾਂਚੇ ਨੂੰ ਤੋੜ ਕੇ ਧਰਮ ਅਧਾਰਿਤ ਕੱਟੜਤਾ ਪੂਰਨ ਰਾਜ ਪ੍ਰਬੰਧ ਸਿਰਜਣਾ ਚਾਹੁੰਦੀ ਹੈ। ਇਸ ਲਈ ਘੱਟ ਗਿਣਤੀਆਂ ਅਤੇ ਦਲਿਤਾਂ ਉੱਪਰ ਯੋਜਨਾਬੱਧ ਤਰੀਕੇ ਨਾਲ ਹਮਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਭਗਤ ਸਿੰਘ ਦੇ ਵਿਚਾਰਾਂ ਨੂੰ ਅਪਨਾ ਕੇ ਹੀ ਕੱਟੜਪੰਥੀ ਸੋਚ ਦਾ ਮੁਕਾਬਲਾ ਕੀਤਾ ਜਾ ਸਕਦਾ ਹੈ। ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਸਰਕਾਰਾਂ ਨੌਜਵਾਨਾਂ ਨੂੰ ਨਸ਼ਿਆਂ ਅਤੇ ਬੇਰੋਜ਼ਗਾਰੀ ਦੀ ਭੱਠੀ ਵਿੱਚ ਝੋਕ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਕੇਂਦਰੀ ਨਾਅਰੇ 'ਬਰਾਬਰ ਵਿੱਦਿਆ, ਸਿਹਤ ਤੇ ਰੋਜ਼ਗਾਰ, ਸਭ ਦਾ ਹੋਵੇ ਇਹ ਰੋਜ਼ਗਾਰ' ਨੂੰ ਘਰ-ਘਰ ਲੈ ਕੇ ਜਾਣ ਅਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਜਾਗਰੂਕ ਕਰਨ ਦੀ ਲੋੜ ਹੈ। ਸਮਾਗਮ ਵਿੱਚ ਪਾਸ ਕੀਤੇ ਮਤੇ ਰਾਹੀਂ ਪੰਜਾਬ ਸਰਕਾਰ ਨੂੰ ਨਸ਼ਿਆਂ 'ਤੇ ਰੋਕ ਲਾਉਣ ਅਤੇ ਬੇਰੁਜ਼ਗਾਰ ਨੌਜਵਾਨਾਂ ਨੂੰ ਪੱਕਾ ਰੁਜ਼ਗਾਰ ਦੇਣ ਦੀ ਮੰਗ ਕੀਤੀ। ਇਸ ਮੌਕੇ ਮਨਪ੍ਰੀਤ ਸਿੰਘ ਜੋਸ, ਲਵਪ੍ਰੀਤ ਸਿੰਘ, ਜੱਜਬੀਰ ਸਿੰਘ, ਕੁਲਬੀਰ ਸਿੰਘ, ਗੁਰਪ੍ਰੀਤ ਸਿੰਘ, ਮਨਜੀਤ ਸਿੰਘ, ਬਸੰਤ ਸਿੰਘ, ਸੋਨੂੰ ਸਿੰਘ ਨੌਜਵਾਨ ਹਾਜ਼ਰ ਸਨ।

# ਬਾਬਾ ਬੁੱਢਾ ਪਬਲਿਕ ਸਕੂਲ ਦਾ ਸਾਲਾਨਾ ਇਨਾਮ ਵੰਡ ਸਮਾਗਮ ਯਾਦਗਰੀ ਹੋ ਨਿੱਬੜਿਆ




**ਝਬਾਲ (ਹਰਜਿੰਦਰ ਸਿੰਘ ਸੋਨੀ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਬਾਬਾ ਬੁੱਢਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬੀੜ ਸਾਹਿਬ ਦਾ ਸਲਾਨਾ ਇਨਾਮ ਵੰਡ ਸਮਾਗਮ ਯਾਦਗਾਰੀ ਹੋ ਨਿੱਬੜਿਆ। ਸਮਾਗਮ ਵਿੱਚ ਪਹੁੰਚੇ ਮੁੱਖ ਮਹਿਮਾਨ ਐੱਸਜੀਪੀਸੀ ਮੈਂਬਰ ਭਾਈ ਮਨਜੀਤ ਸਿੰਘ ਤੇ ਐੱਸਜੀਪੀਸੀ ਮੈਂਬਰ ਭਾਈ ਮਗਵਿੰਦਰ ਸਿੰਘ ਖਾਪੜਖੇੜੀ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਇਸ ਸਕੂਲ ਤੋਂ ਅਨੇਕਾਂ ਹੀ ਵਿਦਿਆਰਥੀ ਪੜ੍ਹ ਕੇ ਦੇਸ਼-ਵਿਦੇਸ਼ਾਂ ਵਿੱਚ ਪੰਜਾਬ ਦਾ ਨਾਮ ਰੌਸ਼ਨ ਕਰ ਰਹੇ ਹਨ। ਉਥੇ ਮੌਜੂਦਾ ਸਮੇਂ ਵਿੱਚ ਸੰਸਥਾ ਦੇ ਵਿਦਿਆਰਥੀ ਪੜ੍ਹਾਈ ਦੇ ਨਾਲ-ਨਾਲ ਹਰੇਕ ਗਤੀਵਿਧੀਆਂ ਵਿੱਚ ਵੀ ਮੱਲਾਂ ਮਾਰ ਰਹੇ ਹਨ। ਇਸ ਮੌਕੇ ਬਾਬਾ ਬੁੱਢਾ ਪਬਲਿਕ ਸਕੂਲ ਵੱਲੋਂ ਮਾਰਚ ਮਹੀਨੇ ਵਿੱਚ ਲਏ ਗਏ ਫਾਈਨਲ ਟਰਮ ਦੇ ਸਲਾਨਾ ਇਮਤਿਹਾਨਾਂ ਵਿਚੋਂ ਪਹਿਲੇ ਤਿੰਨਾਂ ਸਥਾਨ ਹਾਸਲ ਕਰਨ ਵਾਲੇ ਅਤੇ ਧਾਰਮਿਕ, ਖੇਡਾਂ, ਐਨਸੀਸੀ ਆਦਿ ਗਤੀਵਿਧੀਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਦਾ ਨਾਮ ਰੌਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਭਾਈ ਮਨਜੀਤ ਸਿੰਘ, ਭਾਈ ਮਗਵਿੰਦਰ ਸਿੰਘ ਖਾਪੜਖੇੜੀ, ਵਰਜਿੰਦਰ ਸਿੰਘ ਭੁੱਚਰ, ਪ੍ਰਿੰਸੀਪਲ ਤਰਨਜੀਤ ਸਿੰਘ ਆਦਿ ਵੱਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਿੰ. ਤਰਨਜੀਤ ਸਿੰਘ ਵੱਲੋਂ ਸਕੂਲ਼ ਦੀਆਂ ਪ੍ਰਾਪਤੀਆਂ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ ਗਿਆ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪੜ੍ਹਾਈ ਹੋਰ ਸਖਤ ਮਿਹਨਤ ਤੇ ਲਗਨ ਨਾਲ ਕਰਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਜੇਕਰ ਅਸੀਂ ਕੋਈ ਵੀ ਕੰਮ ਕਰਨ ਤੋਂ ਪਹਿਲਾਂ ਆਪਣਾ ਨਿਸ਼ਾਨਾ ਮਿੱਥ ਲੈਂਦੇ ਹਾਂ ਤਾਂ ਸਾਨੂੰ ਆਪਣੇ ਮਿੱਥੇ ਹੋਏ ਟੀਚੇ ਨੂੰ ਪ੍ਰਾਪਤ ਕਰਨ ਤੋਂ ਕੋਈ ਰੋਕ ਨਹੀਂ ਸਕਦਾ।

# ਇਹ ਵੇਲਾ ਸ਼ਹੀਦਾਂ ਦੀ ਸੋਚ 'ਤੇ ਪਹਿਰਾ ਦੇਣ ਦਾ : ਕਸੇਲ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਕੁੱਲ ਹਿੰਦ ਕਿਸਾਨ ਸਭਾ ਵੱਲੋਂ ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਪਿੰਡ ਕਸੇਲ ਵਿਖੇ ਕਿਸਾਨਾਂ ਤੇ ਨੌਜਵਾਨਾਂ ਦੀ ਮੀਟਿੰਗ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਸ਼ਹਾਦਤ ਨੂੰ ਪ੍ਰਣਾਮ ਕਰਦਿਆਂ ਹਰਬਿੰਦਰ ਸਿੰਘ ਕਸੇਲ ਦੀ ਪ੍ਰਧਾਨਗੀ ਹੇਠ ਸਥਾਨਕ ਸਟੇਡੀਅਮ ਵਿਖੇ ਕੀਤੀ ਗਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਕੁਲਬੀਰ ਸਿੰਘ ਕਸੇਲ, ਬਲਕਾਰ ਸਿੰਘ ਵਲਟੋਹਾ ਤੇ ਦਵਿੰਦਰ ਸੋਹਲ ਨੇ ਕਿਹਾ ਕਿ ਸਮੇਂ ਦੇਸ਼ ਨੂੰ ਲੋੜ ਹੈ ਕਿ ਕਾਰਪੋਰੇਟ ਫਿਰਕਾਪ੍ਰਸਤ ਗੱਠਜੋੜ ਵਿਰੁੱਧ ਸੰਘਰਸ਼ ਤਿੱਖਾ ਕੀਤਾ ਜਾਵੇ ਅਤੇ ਰੁਜ਼ਗਾਰ ਸਿਹਤ ਅਤੇ ਸੁਰੱਖਿਅਤ ਬੁਢਾਪੇ ਦੀ ਗਰੰਟੀ ਦਾ ਹੱਕ ਲਿਆ ਜਾਵੇ।

ਇਸ ਮੌਕੇ ਮੰਗ ਕੀਤੀ ਗਈ ਕਿ ਹਰ ਕਿਸਾਨੀ ਜਿਣਸ ਤੇ ਐੱਮਐੱਸਪੀ ਦੀ ਗਰੰਟੀ ਦਾ ਕਾਨੂੰਨ ਬਣੇ ਹਨ ।ਹਰ ਧੀ ਪੁੱਤ ਨੂੰ ਰੁਜ਼ਗਾਰ ਦੀ ਗਰੰਟੀ ਕੀਤੀ ਜਾਵੇ, ਹਰ ਇੱਕ ਲਈ ਮੁਫ਼ਤ ਤੇ ਲਾਜ਼ਮੀ ਵਿੱਦਿਆ ਦੀ ਗਰੰਟੀ ਕੀਤੀ ਜਾਵੇ ਅਤੇ ਬੁੱਢਾਪਾ ਪੈਨਸ਼ਨ 10000/- ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਸ਼ਹੀਦਾਂ ਦੀ ਸੋਚ ਹੀ ਇਹ ਸੀ ਕਿ ਭਾਰਤ ਦਾ ਹਰ ਮਿਹਨਤਕਸ਼ ਪੂਰੇ ਸੁੱਖ ਦਾ ਜੀਵਨ ਜੀਵੇ।ਇਸੇ ਕਰਕੇ ਭਗਤ ਸਿੰਘ ਤੇ ਸਾਥੀ ਅੰਗਰੇਜ਼ ਤੋਂ ਆਜ਼ਾਦੀ ਦੇ ਨਾਲ ਨਾਲ ਦੇਸ਼ ਵਿੱਚ ਸਮਾਜਵਾਦੀ ਰਾਜ ਪ੍ਰਬੰਧ ਚਾਹੁੰਦੇ ਸਨ।ਇਸ ਮੌਕੇ ਹੋਰਨਾਂ ਤੋਂ ਇਲਾਵਾ ਠੇਕੇਦਾਰ ਬਲਧੀਰ ਸਿੰਘ, ਕੋਚ ਜਰਮਨਜੀਤ ਸਿੰਘ, ਦਿਲਬਾਗ ਸਿੰਘ ਫੌਜੀ, ਮਨਜੀਤ ਸਿੰਘ, ਕਸ਼ਮੀਰ ਸਿੰਘ, ਬਲਵੰਤ ਸਿੰਘ, ਭਗਵੰਤ ਸਿੰਘ, ਮਲਕੀਅਤ ਸਿੰਘ, ਬਲਜੀਤ ਸਿੰਘ ਫੌਜੀ, ਜੱਗਾ ਖੱਲੀਮਾਰ ਤੇ ਅਮਰਜੀਤ ਸਿੰਘ ਨੇ ਵੀ ਆਪਣੇ ਵਿਚਾਰ ਰੱਖੇ।

## ਤਨਖਾਹ 'ਚ ਵਾਧਾ, ਸਿਹਤ ਬੀਮਾ ਤੇ ਵਰਦੀਆਂ ਦੇਣ ਦੀ ਮੰਗ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਮਿਡ ਡੇਅ ਮੀਲ ਵਰਕਰਜ਼ ਯੂਨੀਅਨ ਬਲਾਕ ਗੁਰਦਾਸਪੁਰ ਦੀ ਮੀਟਿੰਗ ਪ੍ਰਧਾਨ ਮੋਨਿਕਾ, ਜਨਰਲ ਸਕੱਤਰ ਚੰਪਾ ਦੇਵੀ, ਸੀਨੀਅਰ ਮੀਤ ਪ੍ਰਧਾਨ ਪੂਜਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਵਰਕਰਾਂ ਵੱਲੋਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਮਹਿੰਗਾਈ ਦੇ ਯੁੱਗ ਵਿਚ ਘੱਟੋ-ਘੱਟ ਜੀਣਯੋਗ ਉਜਰਤ 26000 ਪ੍ਰਤੀ ਮਹੀਨਾ ਤਨਖਾਹ ਦਿੱਤੀ ਜਾਵੇ। ਸਿਹਤ ਬੀਮਾ ਅਤੇ ਵਰਦੀਆਂ ਦਿੱਤੀਆਂ ਜਾਣ। ਵਰਕਰਾਂ ਕਿਹਾ ਕਿ 3000 ਰੁਪਏ ਮਹੀਨੇ ਦੀ ਉਜਰਤ ਨਾਲ ਘਰਾਂ ਦਾ ਗੁਜ਼ਾਰਾ ਨਹੀਂ ਹੋ ਰਿਹਾ। ਮੀਟਿੰਗ ਵਿੱਚ 2 ਅਪ੍ਰੈਲ ਨੂੰ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਗੁਰਦਾਸਪੁਰ ਰਾਹੀਂ ਮੁੱਖ ਮੰਤਰੀ ਨੂੰ ਮੰਗ ਪੱਤਰ ਭੇਜਣ ਦਾ ਫੈਸਲਾ ਕੀਤਾ ਗਿਆ। ਆਗੂਆਂ ਨੇ ਇਹ ਵੀ ਮੰਗ ਕੀਤੀ ਕਿ ਮਿਡ ਡੇਅ ਮੀਲ ਮੈਨੇਜਰਾਂ ਨੂੰ ਵੀ ਪੱਕਾ ਕੀਤਾ ਜਾਵੇ। ਇਸ ਸਮੇਂ ਤਾਰਾ ਰਾਣੀ, ਮੋਨਿਕਾ, ਜੋਤੀ, ਵਿਮਲਾ ਦੇਵੀ, ਨੀਲੋ ਦੇਵੀ, ਪੂਜਾ, ਕਮਲੇਸ਼ ਕੁਮਾਰੀ, ਵੰਦਨਾ, ਨਿਰਮਲਾ, ਕਾਂਤਾ, ਜਸਵਿੰਦਰ ਕੌਰ, ਪਰਮਜੀਤ, ਜੀਵਨ, ਮਨਜੀਤ ਕੌਰ, ਸੁਨੀਤਾ, ਸੁਰਜੀਤ ਕੌਰ ਰਾਜਵੰਤ, ਸੁਖਰਾਜ, ਮਨਦੀਪ ਰਾਣੀ ਅਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਆਗੂ, ਅਨਿਲ ਕੁਮਾਰ ਲਾਹੌਰੀਆ, ਕੁਲਦੀਪ ਪੁਰੋਵਾਲ ਆਦਿ ਹਾਜ਼ਰ ਸਨ।

## ਦੇਸ਼ 'ਚ ਮੋਬਿਲਟੀ ਦੇ ਇੱਕ ਨਵੇਂ ਯੁੱਗ ਦੀ ਸ਼ੁਰੂਆਤ

**ਚੰਡੀਗੜ੍ਹ** : ਗਲੋਬਲ ਫਾਰਚੂਨ 500 ਕੰਪਨੀ ਐੱਸਏਆਈਸੀ ਮੋਟਰ, ਜਿਸਦੀ ਸਾਲਾਨਾ ਆਮਦਨ ਲਗਭਗ 110 ਬਿਲੀਅਨ ਅਮਰੀਕੀ ਡਾਲਰ ਹੈ ਅਤੇ 100 ਤੋਂ ਵੱਧ ਦੇਸ਼ਾਂ ਵਿੱਚ ਮੌਜੂਦਗੀ ਹੈ ਅਤੇ 23 ਬਿਲੀਅਨ ਅਮਰੀਕੀ ਡਾਲਰ ਵਾਲੇ ਜੇਐੱਸਡਬਲਿਊ ਗਰੁੱਪ, (ਬੀ2ਬੀ ਅਤੇ ਬੀ2ਸੀ ਸੈਕਟਰ ਵਿੱਚ ਰੁਚੀ ਰੱਖਣ ਵਾਲਾ ਭਾਰਤ ਦਾ ਪ੍ਰਮੁੱਖ ਸਮੂਹ) ਨੇ ਆਪਣੇ ਨਵੇਂ ਰਣਨੀਤਕ ਜੁਆਇੰਟ ਵੈਂਚਰ-ਜੇਐੱਸਡਬਲਿਊ ਐੱਮਜੀ ਮੋਟਰ ਇੰਡੀਆ ਪ੍ਰਾਈਵੇਟ .ਲਿਮਿਟਿਡ ਲਈ ਬਿਜਨੈੱਸ ਰੋਡਮੈਪ ਦਾ ਐਲਾਨ ਕੀਤਾ ਹੈ ਜੋ ਦੇਸ਼ ਵਿੱਚ ਮੋਬੈਲਟੀ ਦੇ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੈ। ਨਵਾਂ ਸਾਂਝਾ ਉੱਦਮ ਇੰਡੀਅਨ ਆਟੋਮੋਟਿਵ ਸੈਕਟਰ ਵਿਚ ਉੱਭਰ ਰਹੇ ਮਹੱਤਵਪੂਰਨ ਮੌਕਿਆਂ ਉਤੇ ਧਿਆਨ ਕੇਂਦਰਿਤ ਕਰੇਗਾ ਅਤੇ ਇਨਵੈਸਟ ਕਰੇਗਾ।

## ਪੰਜ ਕਿਸਾਨਾਂ ਦੀਆਂ ਟਿਊਬਵੈੱਲ ਮੋਟਰਾਂ ਚੋਰੀ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਪੁਲਸ ਥਾਣਾ ਕਾਹਨੂੰਵਾਨ ਅਤੇ ਭੈਣੀ ਮੀਆਂ ਖਾਂ ਖੇਤਰ ਅੰਦਰ ਸਰਗਰਮ ਮੋਟਰ ਚੋਰ ਗਰੋਹ ਵੱਲੋਂ ਕਿਸਾਨਾਂ ਦੀਆਂ ਟਿਊਬਵੈੱਲ ਮੋਟਰਾਂ ਚੋਰੀ ਕਰਨ ਦਾ ਸਿਲਸਿਲਾ ਲਗਾਤਾਰ ਜਾਰੀ ਰੱਖਿਆ ਹੋਇਆ, ਜਿਸ ਕਾਰਨ ਇਸ ਇਲਾਕੇ ਦੇ ਕਿਸਾਨ ਡਾਢੇ ਪਰੇਸ਼ਾਨ ਹਨ। ਕਿਸਾਨਾਂ ਦਾ ਇਸ ਬਾਬਤ ਕਹਿਣਾ ਹੈ ਕਿ ਇਸ ਚੋਰ ਗਰੋਹ ਨੂੰ ਫੜਨ 'ਚ ਇਲਾਕੇ ਦੀ ਪੁਲਸ ਕੋਈ ਕਾਮਯਾਬੀ ਨਹੀਂ ਹਾਸਲ ਕਰ ਸਕੀ, ਜਿਸ ਕਾਰਨ ਇਸ ਚੋਰ ਗਰੋਹ ਦੇ ਹੌਸਲੇ ਬੁਲੰਦ ਹਨ। ਪਿੰਡ ਕੋਟਲੀ ਹਰਚੰਦਾਂ ਵਾਸੀ ਕਿਸਾਨ ਕਰਨੈਲ ਸਿੰਘ, ਨਰੇਸ਼ ਕੁਮਾਰ, ਜਗਜੀਤ ਸਿੰਘ ਅਤੇ ਬਖਸ਼ੀਸ਼ ਸਿੰਘ ਨੇ ਦੱਸਿਆ ਕਿ ਪੁਲਸ ਥਾਣਾ ਕਾਹਨੂੰਵਾਨ ਦੇ ਖੇਤਰ ਅਧੀਨ ਪੈਂਦੇ ਪਿੰਡ ਘੁਕਲਾ ਵਿੱਚ ਪੈਂਦੀਆਂ ਟਿਊਬਵੈੱਲ ਮੋਟਰਾਂ ਸ਼ੁੱਕਰਵਾਰ ਅਤੇ ਸ਼ਨੀਵਾਰ ਦੀ ਦਰਮਿਆਨੀ ਰਾਤ ਨੂੰ ਚੋਰੀ ਹੋਈਆਂ ਹਨ, ਜਿਸ ਬਾਰੇ ਉਨ੍ਹਾਂ ਨੂੰ ਅੱਜ ਸਵੇਰੇ ਪਤਾ ਚੱਲਿਆ। ਪੀੜਤ ਕਿਸਾਨਾਂ ਨੇ ਦੱਸਿਆ ਕਿ ਇਸ ਸਬੰਧੀ ਉਨ੍ਹਾਂ ਵੱਲੋਂ ਪੁਲਸ ਥਾਣਾ ਕਾਹਨੂੰਵਾਨ ਨੂੰ ਸੂਚਿਤ ਕਰ ਦਿੱਤਾ ਗਿਆ ਹੈ।

## ਸ੍ਰੀ ਹੇਮਕੁੰਟ ਸਾਹਿਬ ਲੰਗਰ ਸੇਵਾ ਸੋਸਾਇਟੀ ਵੱਲੋਂ ਮੀਟਿੰਗ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਸ੍ਰੀ ਹੇਮਕੁੰਟ ਸਾਹਿਬ ਲੰਗਰ ਸੇਵਾ ਸੋਸਾਇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 11ਵਾਂ ਸਾਲਾਨਾ ਲੰਗਰ ਰਿਸ਼ੀਕੇਸ਼ ਤੋਂ 50 ਕਿਲੋਮੀਟਰ ਅੱਗੇ ਦੇਵ ਪਰਿਆਗ ਤੋਂ ਪਹਿਲਾਂ ਬਸੀਲੀ ਖਾਨ ਵਿਖੇ ਲਗਾਇਆ ਜਾਵੇਗਾ। ਜਾਣਕਾਰੀ ਸੁਸਾਇਟੀ ਦੇ ਪ੍ਰਧਾਨ ਸਰਵਣ ਸਿੰਘ ਨੇਪਾਲ ਅਤੇ ਮੀਤ ਪ੍ਰਧਾਨ ਭਗਵੰਤ ਸਿੰਘ ਗੁੱਜਰਪੁਰਾ ਨੇ ਦਿੱਤੀ। ਉਨ੍ਹਾਂ ਦੱਸਿਆ ਕਿ 25 ਮਈ ਤੋਂ ਇਹ ਲੰਗਰ ਲਗਾਇਆ ਜਾਵੇਗਾ। 24 ਮਈ 2024 ਨੂੰ ਅਜਨਾਲੇ ਸ਼ਹਿਰ ਤੋਂ ਸੋਸਾਇਟੀ ਮੈਂਬਰ ਰਵਾਨਾ ਹੋਣਗੇ। ਇਸ ਮੌਕੇ ਸੁਸਾਇਟੀ ਦੇ ਸਰਪ੍ਰਸਤ ਅਮਰਜੀਤ ਸਿੰਘ ਬਾਜਵਾ, ਖਜਾਨਚੀ ਵਿਜੇ ਕੁਮਾਰ ਅਰੋੜਾ ਨੇ ਦੱਸਿਆ ਕਿ ਇਸ ਵਾਰ ਸੰਗਤਾਂ ਦੀਆਂ ਤਿੰਨ ਟੀਮਾਂ ਬਣਾ ਕੇ ਭੇਜੀਆਂ ਜਾਣਗੀਆਂ। ਇਸ ਮੌਕੇ ਉਪ ਸਰਪ੍ਰਸਤ ਜਸਬੀਰ ਸਿੰਘ ਢਿੱਲੋਂ, ਬਾਬਾ ਮਹਿੰਦਰ ਸਿੰਘ, ਬਾਬਾ ਲਾਡੀ, ਰਸ਼ਪਾਲ ਸਿੰਘ, ਬਾਬਾ ਸੁੱਖਾ, ਪਰਮਜੀਤ ਸਿੰਘ, ਪੰਮਾ, ਤਜਿੰਦਰ ਸਿੰਘ ਸੋਨੂ ਆਦਿ ਹਾਜ਼ਰ ਸਨ।

## ਨਹੀਂ ਰਹੇ ਸੰਤ ਬਾਬਾ ਅਜੈਬ ਸਿੰਘ ਮੱਖਣਵਿੰਡੀ ਵਾਲੇ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਪਿੰਡ ਮੱਖਣਵਿੰਡੀ ਦੇ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਅਜੈਬ ਸਿੰਘ ਮੱਖਣਵਿੰਡੀ ਕਾਰ ਸੇਵਾ ਵਾਲੇ ਜਿਨ੍ਹਾਂ ਦੀ ਰਹਿਨੁਮਾਈ ਹੇਠ ਅਨੇਕਾਂ ਗੁਰਦੁਆਰਿਆਂ ਵਿਖੇ ਕਾਰ ਸੇਵਾ ਦੇ ਕਾਰਜ ਚੱਲ ਰਹੇ ਹਨ, ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਬਾਬਾ ਜੀ ਆਨੰਦਪੁਰ ਸਾਹਿਬ ਵਿਖੇ ਲੰਗਰ ਲਗਾਉਣ ਲਈ ਗਏ ਹੋਏ ਸਨ, ਜਿਥੇ ਉਨ੍ਹਾਂ ਨੂੰ ਦਿਲ ਦਾ ਦੌਰਾ ਪੈ ਗਿਆ। ਮੌਤ ਦੀ ਖਬਰ ਸੁਣਦਿਆਂ ਹੀ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ ਅਤੇ ਉਨ੍ਹਾਂ ਦਾ ਅੰਤਿਮ ਸੰਸਕਾਰ ਗੁਰਦੁਆਰਾ ਸਾਹਿਬ ਵਿਖੇ ਕਰ ਦਿੱਤਾ ਗਿਆ। ਸੰਤ ਬਾਬਾ ਅਜੈਬ ਸਿੰਘ ਮੱਖਣਵਿੰਡੀ ਦੇ ਅਕਾਲ ਚਲਾਣੇ 'ਤੇ ਇਲਾਕੇ ਦੀਆਂ ਕਈ ਧਾਰਮਿਕ, ਸਮਾਜਿਕ ਤੇ ਰਾਜਸੀ ਜਥੇਬੰਦੀਆਂ ਦੇ ਆਗੂਆਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਤੇ ਪਰਮਾਤਮਾ ਦੇ ਚਰਨਾਂ ਵਿੱਚ ਅਰਦਾਸ ਕੀਤੀ ਕਿ ਵਾਹਿਗੁਰੂ ਬਾਬਾ ਜੀ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ।

## ਸ਼ਹੀਦ-ਏ-ਆਜ਼ਮ ਭਗਤ ਸਿੰਘ ਨੂੰ ਅਕੀਦਤ ਦੇ ਫੁੱਲ ਭੇਟ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਲੋਕ ਸੱਭਿਆਚਾਰਕ ਪਿੜ (ਰਜਿ:) ਗੁਰਦਾਸਪੁਰ ਦੇ ਪ੍ਰਧਾਨ ਤੇ ਭੰਗੜਾ ਕੋਚ ਜੈਕਬ ਮਸੀਹ ਤੇਜਾ ਦੀ ਯੋਗ ਅਗਵਾਈ ਤੇ ਭੰਗੜਾ ਟੀਮ ਦੇ ਸਹਿਯੋਗ ਨਾਲ ਸ਼ਹੀਦੇ ਆਜ਼ਮ ਸ. ਭਗਤ ਸਿੰਘ ਦਾ ਸ਼ਹੀਦੀ ਦਿਨ ਮਨਾਇਆ ਗਿਆ। ਇਸ ਮੌਕ ਪਿੜ ਦੇ ਪ੍ਰਧਾਨ ਤੇ ਭੰਗੜਾ ਕੋਚ ਜੈਕਬ ਮਸੀਹ ਤੇਜਾ, ਗੁਰਜਿੰਦਰ ਸਿੰਘ ਸੋਹਲ, ਸਰਬਜੀਤ ਸਿੰਘ, ਕੁਲਵੰਤ ਸਿੰਘ ਲੇਹਲ, ਮਨਿੰਦਰ ਸਿੰਘ ਕਮਾਲਪੁਰ, ਕੁਲਵੰਤ ਸਿੰਘ ਗੁਰਦਾਸਪੁਰ, ਰਾਜ ਕੁਮਾਰ, ਇੰਦਰਬੀਰ ਸਿੰਘ, ਹਰਪ੍ਰੀਤ ਸਿੰਘ ਸੋਹਲ ਹਾਜ਼ਰ ਸਨ। ਪਿੜ ਦੇ ਪ੍ਰਧਾਨ ਜੈਕਬ ਮਸੀਹ ਤੇਜਾ ਨੇ ਆਖਿਆ ਕਿ ਆਪਣੇ ਸ਼ਹੀਦਾਂ ਨੂੰ ਹਮੇਸ਼ਾ ਹੀ ਯਾਦ ਰੱਖਣਾ ਚਾਹੀਦਾ ਹੈ। ਸ਼ਹੀਦ ਭਗਤ ਸਿੰਘ ਭਾਰਤ ਦੀ ਮਹਾਨ ਸ਼ਖਸੀਅਤ ਸਨ, ਜਿਨ੍ਹਾਂ ਨੇ ਸਿਰਫ 23 ਸਾਲ ਦੀ ਉਮਰ ਵਿੱਚ ਆਪਣੇ ਦੇਸ਼ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ ਸੀ। ਭਗਤ ਸਿੰਘ ਨੇ ਨੌਜਵਾਨਾਂ ਨੂੰ ਦੇਸ਼ ਲਈ ਅੱਗੇ ਆਉਣ ਲਈ ਪ੍ਰੇਰਿਤ ਕੀਤਾ। ਭਗਤ ਸਿੰਘ ਦਾ ਸਮੁੱਚਾ ਜੀਵਨ ਸੰਘਰਸ਼ ਭਰਪੂਰ ਸੀ, ਅੱਜ ਦੇ ਨੌਜਵਾਨਾਂ ਨੂੰ ਵੀ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ। ਸਾਰਿਆਂ ਨੇ ਉਨ੍ਹਾਂ ਦੀ ਫੋਟੋ 'ਤੇ ਫੁੱਲ ਭੇਟ ਕਰਕੇ ਸੱਚੇ ਦਿਲੋਂ ਸ਼ਰਧਾਂਜਲੀ ਭੇਟ ਕੀਤੀ।

## ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਸਿਰਤੋੜ ਯਤਨ ਕਰਾਂਗੇ : ਡਾ. ਸੋਹਲ



**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਵਿਧਾਨ ਸਭਾ ਹਲਕਾ ਤਰਨ ਤਰਨ ਦੇ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਨੇ ਪਿੰਡ ਪੰਡੋਰੀ ਸਿੱਧਵਾਂ ਵਿਖੇ ਸ਼ਹੀਦੇ ਆਜ਼ਮ ਸ. ਭਗਤ ਸਿੰਘ ਨੂੰ ਸ਼ਰਧਾਂਜਲੀ ਦਿੱਤੀ। ਇਸ ਮੌਕੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਵਿਧਾਇਕ ਡਾ. ਸੋਹਲ ਨੇ ਕਿਹਾ ਕਿ ਦੇਸ਼ ਦੀ ਆਜ਼ਾਦੀ ਵਿੱਚ ਪੰਜਾਬੀਆਂ ਨੇ ਆਪਣੀ ਅਹਿਮ ਭੂਮਿਕਾ ਨਿਭਾਈ ਅਤੇ ਸਭ ਤੋਂ ਵੱਧ ਯੋਗਦਾਨ ਪੰਜਾਬੀਆਂ ਦਾ ਰਿਹਾ। ਉਨ੍ਹਾਂ ਕਿਹਾ ਕਿ 23 ਸਾਲ ਦੀ ਉਮਰ ਵਿੱਚ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਸ਼ਹਾਦਤ ਦਾ ਰੱਸਾ ਚੁੰਮਿਆ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਜ਼ਾਦ ਕਰਵਾਉਣ ਲਈ ਸ਼ਹੀਦੀਆਂ ਪ੍ਰਾਪਤ ਕੀਤੀਆਂ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆ ਦੀਆਂ ਸ਼ਹਾਦਤਾਂ ਸਦਕਾ ਹੀ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਉਨ੍ਹਾਂ ਸ਼ਹਾਦਤ ਨੂੰ ਪ੍ਰਣਾਮ ਕਰਦਿਆਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਦੱਸੇ ਹੋਏ ਮਾਰਗ 'ਤੇ ਚਲਣ। ਆਪਾਂ ਸਾਰੇ ਰਲ ਮਿਲ ਕੇ ਰੰਗਲਾ ਪੰਜਾਬ ਬਣਾਈਏ। ਇਸ ਮੌਕੇ ਆਲਮ ਬੀਰ ਸਿੰਘ ਰੰਧਾਵਾ, ਡਾ. ਕੁਲਦੀਪ ਸਿੰਘ ਰੰਧਾਵਾ, ਹਰਜੀਤ ਸਿੰਘ ਪੰਡੋਰੀ, ਮੋਹਨ ਸਿੰਘ, ਪਲਵਿੰਦਰ ਸਿੰਘ ਸਿੱਧੂ, ਪਲਵਿੰਦਰਜੀਤ ਸਿੰਘ, ਗੁਰਮੁਖ ਸਿੰਘ, ਅਵਤਾਰ ਸਿੰਘ, ਕਸ਼ਮੀਰ ਸਿੰਘ, ਭੁਪਿੰਦਰ ਸਿੰਘ, ਸਾਬਕਾ ਸਰਪੰਚ ਸ਼ਾਹ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਪਿੰਡ ਵਾਸੀ ਹਾਜ਼ਰ ਸਨ।

## ਖਾਲਸਾ ਕਾਲਜ ਚਵਿੰਡਾ ਦੇਵੀ ਦੀਆਂ ਵਿਦਿਆਰਥਣਾਂ ਵੱਲੋਂ ਸਕਾਲਰਸ਼ਿਪ ਹਾਸਲ



**ਮਜੀਠਾ/ਚਵਿੰਡਾ ਦੇਵੀ (ਸੋਇਮ ਆਨੰਦ/ਪ੍ਰੀਤਮ)**-ਖਾਲਸਾ ਕਾਲਜ ਚਵਿੰਡਾ ਦੇਵੀ ਇੱਕ ਅਜਿਹੀ ਸੰਸਥਾ ਹੈ ਜਿੱਥੇ ਲੋੜਵੰਦ ਵਿਦਿਆਰਥੀਆਂ ਨੂੰ ਪੜ੍ਹਨ ਦਾ ਮੌਕਾ ਦੇਣ ਦੇ ਨਾਲ ਨਾਲ ਉਨ੍ਹਾਂ ਦੀ ਆਰਥਿਕ ਪੱਖ ਤੋਂ ਮਦਦ ਕਰਨ ਦਾ ਉਪਰਾਲਾ ਵੀ ਕੀਤਾ ਜਾਂਦਾ ਹੈ ਜਿਸ ਲਈ ਸੰਸਥਾ ਵੱਖ-ਵੱਖ ਭਲਾਈ ਟਰੱਸਟਾਂ ਤੇ ਸਕਾਲਰਸ਼ਿਪ ਪ੍ਰਦਾਨ ਕਰਨ ਵਾਲੀਆਂ ਸੰਸਥਾਵਾਂ ਨਾਲ ਮਿਲ ਕੇ ਫੀਸ ਨਾ ਦੇ ਸਕਣ ਵਾਲੇ ਵਿਦਿਆਰਥੀਆਂ ਦੀ ਮਦਦ ਕਰਦੀ ਹੈ। ਇਸੇ ਉਪਰਾਲੇ ਤਹਿਤ ਕਾਲਜ ਦੀਆਂ ਦੋ ਵਿਦਿਆਰਥਣਾਂ ਗੁਰਲੀਨ ਕੌਰ ਅਤੇ ਲਵਪ੍ਰੀਤ ਕੌਰ ਬੀ. ਏ. ਤੀਜਾ ਸਮੈਸਟਰ ਨੇ ਪ੍ਰੋ. ਰਮਿੰਦਰ ਕੌਰ ਦੀ ਅਗਵਾਈ ਹੇਠ ਨਿਸ਼ਕਾਮ ਸਿੱਖ ਵੈੱਲਫੇਅਰ ਕੌਂਸਲ ਨਵੀਂ ਦਿੱਲੀ ਦੁਆਰਾ ਰੱਖੇ ਇਮਤਿਹਾਨ ਨੂੰ ਪਾਸ ਕਰਕੇ 56 ਹਜ਼ਾਰ ਰੁਪਏ ਸਕਾਲਰਸ਼ਿਪ ਪ੍ਰਾਪਤ ਕੀਤੀ ਹੈ। ਕਾਲਜ ਦੀਆਂ ਇਨ੍ਹਾਂ ਦੋ ਹੋਣਹਾਰ ਵਿਦਿਆਰਥਣਾਂ ਦੇ ਇਸ ਸਕਾਲਰਸ਼ਿਪ ਨੂੰ ਹਾਸਲ ਕਰਨ ਤੇ ਕਾਲਜ ਪ੍ਰਿੰਸੀਪਲ ਗੁਰਦੇਵ ਸਿੰਘ ਜੀ ਨੇ ਉਹਨਾਂ ਨੂੰ ਮੁਬਾਰਕਬਾਦ ਦਿੰਦਿਆਂ ਸਕਾਲਰਸ਼ਿਪ ਦੇ ਚੈੱਕ ਭੇਟ ਕੀਤੇ ਅਤੇ ਬਾਕੀ ਲੋੜਵੰਦ ਵਿਦਿਆਰਥੀਆਂ ਨੂੰ ਵੀ ਇਸ ਪ੍ਰਤੀ ਜਾਣਕਾਰੀ ਦਿੰਦਿਆਂ ਇਮਤਿਹਾਨ ਦੀ ਤਿਆਰੀ ਕਰਨ ਲਈ ਪ੍ਰੇਰਿਤ ਕੀਤਾ।

# ਧਾਲੀਵਾਲ ਦੀ ਜਿੱਤ ਨੂੰ ਯਕੀਨੀ ਬਣਾਉਣ ਲਈ ਬੰਦੇਸ਼ਾ ਦੀ ਅਗਵਾਈ 'ਚ ਮੀਟਿੰਗ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**—ਪੰਜਾਬ ਟਰੇਡਰਜ਼ ਕਮਿਸ਼ਨ ਦੇ ਸੰਵਿਧਾਨਕ ਮੈਂਬਰ, ਆਮ ਆਦਮੀ ਪਾਰਟੀ ਦੇ ਪੰਜਾਬ ਬੁਲਾਰਾ ਤੇ ਪਾਰਟੀ ਦੇ ਟਰੇਡ ਵਿੰਗ ਸੂਬਾਈ ਉਪ ਪ੍ਰਧਾਨ ਜਸਕਰਨ ਬੰਦੇਸ਼ਾ ਨੇ ਕਿਹਾ ਕਿ ਅਜ਼ਾਦੀ ਦੇ ਮਹਾਂ ਨਾਇਕ ਸ਼ਹੀਦੇ ਆਜ਼ਮ ਭਗਤ ਸਿੰਘ ਤੇ ਸੰਵਿਧਾਨ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਦੀ ਸਰਵ ਲੋਕ ਪੱਖੀ ਵਿਚਾਰਧਾਰਾ ਦੇ ਮਾਰਗ ਦਰਸ਼ਨ ਤੇ ਚਲਨ ਦੇ ਹੰਭਲੇ ਵਜੋਂ 21ਵੀਂ ਸਦੀ ਦੀ ਸਿਆਸਤ ਚ ਕ੍ਰਾਂਤੀਕਾਰੀ ਬਦਲਾਅ ਦੇ ਮੀਲ ਪੱਥਰ ਗੱਡ ਰਹੇ ਦਿੱਲੀ ਪ੍ਰਦੇਸ਼ ਦੇ ਚੁਣੇ ਹੋਏ ਕ੍ਰਾਂਤੀਕਾਰੀ ਮੁੱਖ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦਰ ਕੇਜਰੀਵਾਲ ਨੂੰ ਕਥਿਤ ਤਾਨਾਸ਼ਾਹ ਮੋਦੀ ਸਰਕਾਰ ਵਲੋਂ ਕਥਿਤ ਤੌਰ ਤੇ ਸਰਕਾਰੀ ਜ਼ਬਰ ਦੇ ਹਥੌੜੇ ਦੇ ਪ੍ਰਮੁੱਖ ਦਸਤਾ ਆਪਣੀ ਇੱਕ ਏਜੰਸੀ ਰਾਹੀਂ ਛੜਯੰਤਰ ਰੱਚ ਕੇ ਕੈਦ ਕਰਕੇ ਅਤਿ ਨਿੰਦਾਯੋਗ ਕਾਰਾ ਕੀਤਾ ਹੈ ਪਰ ਕ੍ਰਾਂਤੀਕਾਰੀ ਕੇਜਰੀਵਾਲ ਵਲੋਂ ਸਿਆਸਤ ਚ ਬਦਲਾਓ ਲਈ ਸ਼ਹੀਦ ਭਗਤ ਸਿੰਘ ਤੇ ਡਾ. ਅੰਬੇਡਕਰ ਦੀ ਕ੍ਰਾਂਤੀਕਾਰੀ ਵਿਚਾਰਧਾਰਕ ਸੋਚ ਦੇ ਚਾਨਣ ਦਾ ਦਿੱਤਾ ਛੱਟਾ ਕੈਦ ਨਹੀਂ ਹੋ ਸਕੇਗਾ, ਸਗੋਂ ਇਹਨਾਂ ਲੋਕ ਸਭਾ ਚੋਣਾਂ ਚ ਦੇਸ਼ ਭਰ ਚ ਤਾਨਾਸ਼ਾਹ ਮੋਦੀ ਸਰਕਾਰ ਦਾ ਈ ਵੀ ਐਮ ਮਸ਼ੀਨ ਵੋਟ ਪਰਚੀ ਰਾਹੀਂ ਰਾਜਸੀ ਤੌਰ ਤੇ ਤਖ਼ਤਾ ਪਲਟਾਉਣ ਲਈ ਪ੍ਰਚੰਡ ਹੋਵੇਗਾ। ਜਸਕਰਨ ਬੰਦੇਸ਼ਾ ਕੈਬਨਿਟ ਮੰਤਰੀ ਪੰਜਾਬ ਤੇ ਆਮ ਆਦਮੀ ਪਾਰਟੀ ਦੇ ਅੰਮ੍ਰਿਤਸਰ ਲੋਕ ਸਭਾ ਹਲਕਾ ਕੁਲਦੀਪ ਸਿੰਘ ਧਾਲੀਵਾਲ ਦੀ ਜਿੱਤ ਯਕੀਨੀ ਬਣਾਉਣ ਲਈ ਵਪਾਰੀਆਂ ਨੂੰ ਲਾਮਬੰਦ ਕਰਨ ਵਿਧਾਨ ਸਭਾ ਹਲਕਾ ਅਜਨਾਲਾ ਪੱਧਰੀ ਪਾਰਟੀ ਦੇ ਟਰੇਡ ਵਿੰਗ ਦੀ ਬੁਲਾਈ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ।

## ਪਾਕਿਸਤਾਨੀ ਵਿਹਾਂਦੜ ਵੱਲੋਂ ਭਾਰਤੀ ਵੀਜ਼ਾ ਦਿੱਤੇ ਜਾਣ ਦੀ ਅਪੀਲ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਲਾਹੌਰ ਦੀ ਰਹਿਣ ਵਾਲੀ ਕੋਮਲ ਸ਼ਹਿਜ਼ਾਦੀ ਨੇ ਭਾਰਤੀ ਮੀਡੀਆ ਰਾਹੀਂ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਸ ਨੂੰ ਭਾਰਤ ਦਾ ਵੀਜ਼ਾ ਦਿੱਤਾ ਜਾਵੇ ਤਾਂਕਿ ਉਹ ਆਪਣੇ ਪਤੀ ਅਨਸ ਖ਼ਾਨ ਨਾਲ ਰਹਿ ਸਕੇ। ਕੋਮਲ ਨੇ ਦੱਸਿਆ ਕਿ ਉਸ ਦਾ ਵਿਆਹ ਮੁਰਾਦਾਬਾਦ (ਯੂ ਪੀ) ਦੇ ਰਹਿਣ ਵਾਲੇ ਅਨਸ ਖ਼ਾਂ ਨਾਲ ਜੂਨ 2023 ਵਿੱਚ ਹੋ ਚੁੱਕਾ ਹੈ ਪਰ ਉਸ ਨੂੰ ਅਜੇ ਤੱਕ ਭਾਰਤ ਦਾ ਵੀਜ਼ਾ ਨਹੀਂ ਮਿਲਿਆ ਹੈ। ਅਨਸ ਖ਼ਾਂ ਨੇ ਦੱਸਿਆ ਕਿ ਉਹ ਆਪਣੀ ਪਤਨੀ ਕੋਮਲ ਸ਼ਹਿਜ਼ਾਦੀ ਵਾਸੀ ਲਾਹੌਰ ਨੂੰ ਭਾਰਤ ਸੱਦਣਾ ਚਾਹੁੰਦੇ ਹਨ ਪਰ ਗ੍ਰਹਿ ਮੰਤਰਾਲੇ ਵੱਲੋਂ ਵੀਜ਼ੇ ਲਈ ਜਿਹੜੇ ਡਾਕੂਮੈਂਟਸ ਦੀ ਸ਼ਰਤ ਰੱਖੀ ਗਈ ਹੈ ਉਸ ਦੇ ਮੁਤਾਬਿਕ ਵਿਆਹ ਲਈ ਸਪਾਂਸਰ ਕਰਨ ਵਾਲੇ ਵਿਅਕਤੀ ਨੂੰ ਭਾਰਤ ਸਰਕਾਰ ਦੇ ਕਿਸੇ ਗ਼ਜ਼ਟਿਡ ਅਫ਼ਸਰ ਤੋਂ ਉਸ ਦੇ ਸ਼ਨਾਖ਼ਤੀ ਕਾਰਡ ਦੀ ਤਸ਼ਦੀਕਸ਼ੁਦਾ ਕਾਪੀ ਸਪਾਂਸਰ ਸਰਟੀਫ਼ਿਕੇਟ ਦੇ ਨਾਲ ਵੀਜ਼ਾ ਫ਼ਾਈਲ ਨਾਲ ਆਵੇਦਕ ਨੂੰ ਭਾਰਤੀ ਵੀਜ਼ਾ ਸੈਂਟਰ ਵਿੱਚ ਜਮ੍ਹਾ ਕਰਵਾਉਣੀ ਪਵੇਗੀ। ਕੋਮਲ ਅਤੇ ਅਨਸ ਖ਼ਾਂ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਉਹ ਕਿ ਕਾਗ਼ਜ਼ੀ ਕਾਰਵਾਈਆਂ ਨੂੰ ਸਰਲ ਬਣਾਵੇ।

# ਸਰਹੱਦ ਤੋਂ ਇੱਕ ਹੋਰ ਡਰੋਨ ਬਰਾਮਦ, ਪੁਲਸ ਨੇ ਕਾਰਵਾਈ ਆਰੰਭੀ

**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਖੇਮਕਰਨ ਪੁਲਸ ਤੇ ਬੀਐੱਸਐੱਫ ਵੱਲੋਂ ਸਾਂਝੇ ਸਰਚ ਅਭਿਆਨ ਦੌਰਾਨ ਭਾਰਤ-ਪਾਕਿਸਤਾਨ ਸਰਹੱਦ ਨਜ਼ਦੀਕ ਪੈਂਦੇ ਪਿੰਡ ਮੀਆਂਵਾਲ 'ਚੋਂ ਇੱਕ ਪਾਕਿਸਤਾਨੀ ਡਰੋਨ ਬਰਾਮਦ ਕਰਨ ਦੀ ਖਬਰ ਸਾਹਮਣੇ ਆਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਖੇਮਕਰਨ ਸੈਕਟਰ ਅਧੀਨ ਪੈਂਦੇ ਪਿੰਡ ਮੀਆਂਵਾਲ 'ਚ ਸਮਾਂ ਕਰੀਬ 8:30 ਵਜੇ ਪਾਕਿਸਤਾਨੀ ਡਰੋਨ ਦੇ ਮੰਡਰਾਉਣ ਸੰਬੰਧੀ ਬੀਐੱਸਐੱਫ ਤੇ ਖੇਮਕਰਨ ਪੁਲਸ ਨੂੰ ਜਾਣਕਾਰੀ ਮਿਲੀ ਸੀ, ਜਿਸ ਤੋਂ ਬਾਅਦ ਜਦੋਂ ਪੁਲਸ ਤੇ ਬੀਐੱਸਐੱਫ ਵੱਲੋਂ ਉਪਰੋਕਤ ਪਿੰਡ 'ਚ ਸਾਂਝਾ ਸਰਚ ਅਭਿਆਨ ਚਲਾਇਆ ਗਿਆ ਤਾਂ ਉਨ੍ਹਾਂ ਨੂੰ ਉਥੋਂ ਕੋਆਡਕੌਪਟਰ ਡਰੋਨ (ਡੀਜੇਆਈ ਮੈਟਰਿਸ) ਬਰਾਮਦ ਹੋਇਆ, ਜਿਸ ਨੂੰ ਖੇਮਕਰਨ ਪੁਲਸ ਵੱਲੋਂ ਕਬਜ਼ੇ ਵਿੱਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਇਸ ਸੰਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਬ ਡਵੀਜ਼ਨ ਭਿੱਖੀਵਿੰਡ ਤੋਂ ਡੀਐੱਸਪੀ ਪ੍ਰੀਤਇੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸਰਹੱਦ ਨਾਲ ਲੱਗਦੇ ਪਿੰਡ ਮੀਆਂਵਾਲ 'ਚ ਪਾਕਿਸਤਾਨੀ ਡਰੋਨ ਦੀ ਹਲਚਲ ਸੰਬੰਧੀ ਜਾਣਕਾਰੀ ਮਿਲੀ ਸੀ, ਜਿਸ ਤੋਂ ਬਾਅਦ ਖੇਮਕਰਨ ਪੁਲਸ ਤੇ ਬੀਐੱਸਐੱਫ ਵੱਲੋਂ ਮੀਆਂਵਾਲ 'ਚ ਸਰਚ ਅਭਿਆਨ ਚਲਾਇਆ ਗਿਆ। ਡੀਐੱਸਪੀ ਭਿੱਖੀਵਿੰਡ ਨੇ ਦੱਸਿਆ ਕਿ ਬੀਐੱਸਐੱਫ ਤੇ ਖੇਮਕਰਨ ਪੁਲਸ ਨੂੰ ਮੀਆਂਵਾਲ 'ਚੋਂ ਇੱਕ ਕੁਆਡਕੌਪਟਰ ਡਰੋਨ (ਡੀਜੇਆਈ ਮੈਟਰਿਸ) ਬਰਾਮਦ ਹੋਇਆ ਹੈ। ਉਨ੍ਹਾਂ ਦੱਸਿਆ ਕਿ ਡਰੋਨ ਨੂੰ ਕਬਜ਼ੇ ਵਿੱਚ ਲੈ ਕੇ ਪੁਲਸ ਸਟੇਸ਼ਨ ਖੇਮਕਰਨ 'ਚ ਐੱਫਆਈਆਰ ਨੰਬਰ 32 ਮਿਤੀ 23/3/2024 ਧਾਰਾ 10,11,12 ਏਅਰਕਰਾਫਟ ਐਕਟ 1934 ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ। ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਡਰੋਨ ਰਾਹੀਂ ਭੇਜੀ ਗਈ ਸ਼ੱਕੀ ਵਸਤੂ ਦੀ ਭਾਲ ਹਾਲੇ ਵੀ ਜਾਰੀ ਹੈ।



# ਚੋਣ ਖਰਚ 'ਤੇ ਚੋਣ ਕਮਿਸ਼ਨ ਦੀ ਰਹੇਗੀ ਤਿੱਖੀ ਨਜ਼ਰ : ਜ਼ਿਲ੍ਹਾ ਚੋਣ ਅਫ਼ਸਰ

**ਗੁਰਦਾਸਪੁਰ (ਦਿਨੇਸ਼ ਕੁਮਾਰ)**-ਲੋਕ ਸਭਾ ਚੋਣਾਂ-2024 ਦੌਰਾਨ ਉਮੀਦਵਾਰਾਂ ਅਤੇ ਸਿਆਸੀ ਪਾਰਟੀਆਂ ਦੇ ਚੋਣ ਖਰਚ 'ਤੇ ਤਿੱਖੀ ਨਜ਼ਰ ਰੱਖਣ ਲਈ ਲੋਕ ਪ੍ਰਤੀਨਿਧਤਾ ਐਕਟ 1951 ਦੀ ਧਾਰਾ ਹੇਠ ਜ਼ਿਲ੍ਹਾ ਪੱਧਰੀ ਖਰਚਾ ਨਿਗਰਾਨ ਟੀਮਾਂ ਦਾ ਗਠਨ ਕੀਤਾ ਗਿਆ ਹੈ ਤਾਂ ਜੋ ਉਮੀਦਵਾਰਾਂ ਅਤੇ ਸਿਆਸੀ ਪਾਰਟੀਆਂ ਵੱਲੋਂ ਕੀਤੇ ਜਾ ਰਹੇ ਚੋਣ ਖਰਚ 'ਤੇ ਨਜ਼ਰ ਰੱਖੀ ਜਾ ਸਕੇ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਕਿਹਾ ਕਿ ਉਮੀਦਵਾਰਾਂ ਵੱਲੋਂ ਕੀਤੀ ਜਾਣ ਵਾਲੀ ਹਰ ਰੈਲੀ, ਸਭਾ, ਪੋਸਟਰ, ਬੈਨਰ, ਇਸ਼ਤਿਹਾਰਬਾਜ਼ੀ, ਵਾਹਨ ਆਦਿ ਦਾ ਖ਼ਰਚਾ ਚੋਣ ਖ਼ਰਚੇ ਵਿੱਚ ਜੋੜਿਆ ਜਾਵੇਗਾ।ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਵਿੱਚ ਇੱਕ ਉਮੀਦਵਾਰ ਲਈ ਵੱਧ ਤੋਂ ਵੱਧ 95 ਲੱਖ ਰੁਪਏ ਤੱਕ ਦਾ ਖਰਚਾ ਕਰਨ ਦੀ ਸੀਮਾ ਚੋਣ ਕਮਿਸ਼ਨ ਵਲੋਂ ਤਹਿ ਕੀਤੀ ਗਈ ਹੈ।ਜ਼ਿਲ੍ਹਾ ਚੋਣ ਅਧਿਕਾਰੀ ਨੇ ਦੱਸਿਆ ਕਿ ਜੇਕਰ ਕਿਸੇ ਉਮੀਦਵਾਰ ਦੇ ਸਮਰਥਕ ਦੇ ਨਿੱਜੀ ਵਾਹਨ ਤੇ ਕਿਸੇ ਉਮੀਦਵਾਰ ਦੀ ਫੋਟੋ ਵਾਲਾ ਪੋਸਟਰ ਬੈਨਰ ਲੱਗਿਆ ਹੈ ਤਾਂ ਉਸ ਵਾਹਨ ਦਾ ਖ਼ਰਚਾ ਵੀ ਉਮੀਦਵਾਰ ਦੇ ਖ਼ਰਚੇ ਵਿੱਚ ਜੋੜਿਆ ਜਾਵੇਗਾ ਅਤੇ ਜੇਕਰ ਕਿਸੇ ਪਾਰਟੀ ਦੀ ਝੰਡੀ ਲੱਗੀ ਹੈ ਤਾਂ ਉਹ ਖ਼ਰਚਾ ਪਾਰਟੀ ਦੇ ਖ਼ਰਚ ਵਿੱਚ ਜੋੜਿਆ ਜਾਏਗਾ।ਇਸ ਤੋਂ ਬਿਨਾਂ ਸਾਰੀਆਂ ਚੋਣ ਰੈਲੀਆਂ ਸਭਾਵਾਂ ਦੀ ਵੀਡੀਓਗ੍ਰਾਫੀ ਕਰਵਾ ਕੇ ਉਸ ਦੇ ਆਧਾਰ ਤੇ ਉਮੀਦਵਾਰਾਂ ਅਤੇ ਸਿਆਸੀ ਪਾਰਟੀਆਂ ਵੱਲੋਂ ਕੀਤੇ ਜਾ ਰਹੇ ਹਰੇਕ ਖ਼ਰਚ ਨੂੰ ਉਨ੍ਹਾਂ ਦੇ ਚੋਣ ਖ਼ਰਚ ਵਿੱਚ ਜੋੜਿਆ ਜਾਵੇਗਾ।ਉਨ੍ਹਾਂ ਨੇ ਇਹ ਵੀ ਕਿਹਾ ਕਿ ਕਿਸੇ ਦੀ ਪ੍ਰਾਈਵੇਟ ਪ੍ਰਾਪਰਟੀ ਤੇ ਮਾਲਕ ਦੀ ਸਹਿਮਤੀ ਤੋਂ ਬਿਨਾਂ ਸਿਆਸੀ ਇਸ਼ਤਿਹਾਰ, ਹੋਰਡਿੰਗਜ਼ ਨਹੀਂ ਲਗਾਏ ਜਾ ਸਕਦੇ ਅਤੇ ਨਾ ਹੀ ਮਾਲਕ ਦੀ ਪ੍ਰਵਾਨਗੀ ਤੋਂ ਬਿਨਾਂ ਕਿਸੇ ਪਾਰਟੀ ਦਾ ਝੰਡਾ ਲਾਇਆ ਜਾ ਸਕਦਾ ਹੈ।ਜ਼ਿਲ੍ਹਾ ਚੋਣ ਅਫਸਰ ਨੇ ਕਿਹਾ ਕਿ ਉਮੀਦਵਾਰਾਂ ਵੱਲੋਂ ਪੇਡ ਨਿਊਜ਼ ਜਾਂ ਸਿਆਸੀ ਇਸ਼ਤਿਹਾਰਬਾਜ਼ੀ 'ਤੇ ਕੀਤੇ ਜਾਣ ਵਾਲੇ ਖਰਚ ਨੂੰ ਵੀ ਚੋਣ ਖ਼ਰਚ ਦਾ ਹਿੱਸਾ ਬਣਾਇਆ ਜਾਵੇਗਾ।

## ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਵੱਲੋਂ ਰਾਜੋਕੇ ਵਿਖੇ ਸ਼ਹੀਦਾਂ ਨੂੰ ਪ੍ਰਣਾਮ !



**ਵਲਟੋਹਾ (ਰਣਜੀਤ ਸਿੰਘ ਵਲਟੋਹਾ)**—ਨੌਜਵਾਨਾਂ ਨੇ ਵੱਡੀ ਗਿਣਤੀ ਵਿੱਚ ਇਕੱਤਰ ਹੋ ਕੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਮਨਾਇਆ। ਸ਼ਹੀਦ ਸਾਡੇ ਮਨਾਂ ਵਿੱਚ ਵੱਸਦੇ ਹਨ ਤੇ ਸਾਡੇ ਨਾਇਕ ਹਨ। ਇਸ ਮੌਕੇ ਨੌਜਵਾਨਾਂ ਨੇ ਕਿਹਾ ਕਿ ਪੰਜਾਬ ਸਰਕਾਰ ਜਿਹੜੀ ਇਹ ਕਹਿ ਕੇ ਰਾਜ ਸੱਤਾ ਵਿਚ ਆਈ ਸੀ ਕਿ ਨੌਜਵਾਨਾਂ ਨੂੰ ਚੰਗੀ ਸਿਹਤ, ਚੰਗੀ ਵਿੱਦਿਆ, ਖੇਡਾਂ ਦਾ ਸਾਮਾਨ ਤੇ ਯੋਗਤਾ ਅਨੁਸਾਰ ਰੋਜ਼ਗਾਰ ਦੇ ਪ੍ਰਬੰਧ ਕੀਤੇ ਜਾਣਗੇ ਉਸ ਸਰਕਾਰ ਨੇ ਲਾਰਿਆਂ ਤੋਂ ਸਿਵਾਏ ਕੁਝ ਨਹੀਂ ਦਿੱਤਾ। ਸਰਕਾਰ ਤੋਂ ਨੌਜਵਾਨਾਂ ਦਾ ਚੰਗੀ ਤਰ੍ਹਾਂ ਮੋਹ ਭੰਗ ਹੋਇਆ ਹੈ। ਨੌਜਵਾਨਾਂ ਨੇ ਸ਼ਹੀਦੀ ਦਿਹਾੜੇ 'ਤੇ ਪ੍ਰਾਂ ਕੀਤਾ ਕਿ ਅਸੀਂ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪਿੰਡਾਂ ਵਿੱਚ ਤਿਆਰ ਕਰਕੇ ਸਰਕਾਰ ਵਿਰੁੱਧ ਸੰਘਰਸ਼ ਵਿੱਢਾਂਗੇ ਤੇ ਨੌਜਵਾਨਾਂ ਨੂੰ ਆਪਣੇ ਨਾਲ ਜੋੜਾਂਗੇ। ਇਸ ਮੌਕੇ ਪ੍ਰਧਾਨ ਕੁਲਦੀਪ ਸਿੰਘ, ਸਕੱਤਰ ਬਲਦੇਵ ਸਿੰਘ, ਗੁਰਪ੍ਰੀਤ ਸਿੰਘ, ਅਮ੍ਰਿਤ ਸਿੰਘ, ਲਵਪ੍ਰੀਤ, ਆਕਾਸ਼ਦੀਪ ਸਿੰਘ, ਬੂਟਾ ਸਿੰਘ ਅਤੇ ਸ਼ਮਸ਼ੇਰ ਸਿੰਘ ਹਾਜ਼ਰ ਸਨ।

## ਸ਼ਹੀਦਾਂ ਦੀ ਸ਼ਹਾਦਤ ਨੂੰ ਸਦਾ ਯਾਦ ਰੱਖਣਾ ਚਾਹੀਦਾ : ਪ੍ਰਿੰ. ਕਿਰਨ ਕੇਸਰ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰ. ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਸਕੂਲ ਵਿੱਚ ਸ. ਭਗਤ ਸਿੰਘ ਦਾ ਸ਼ਹੀਦੀ ਦਿਵਸ ਮਨਾਇਆ ਗਿਆ। ਅੱਠਵੀਂ ਜਮਾਤ ਦੀ ਵਿਦਿਆਰਥਣ ਸਿਮਰਨਜੀਤ ਕੌਰ ਨੇ ਸ਼ਹੀਦ ਭਗਤ ਸਿੰਘ ਦੀ ਜੀਵਨੀ ਬਾਰੇ ਦੱਸਿਆ। ਅੱਠਵੀਂ ਜਮਾਤ ਦੀ ਸਹਿਜਪ੍ਰੀਤ ਕੌਰ, ਮਹਿਕਪ੍ਰੀਤ ਕੌਰ ਅਤੇ ਤੀਸਰੀ ਜਮਾਤ ਦੀ ਜੰਨਤਪ੍ਰੀਤ ਕੌਰ ਨੇ ਕਵਿਤਾਵਾਂ ਪੇਸ਼ ਕੀਤੀਆਂ। ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰ. ਕਿਰਨ ਕੇਸਰ ਨੇ ਵਿਦਿਆਰਥੀਆਂ ਨੂੰ ਸ਼ਹੀਦ ਭਗਤ ਸਿੰਘ, ਰਾਜ ਗੁਰੂ ਅਤੇ ਸੁਖਦੇਵ ਦੇ ਜੀਵਨ ਅਤੇ ਸੰਘਰਸ਼ਾਂ ਦੀ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਦੇ ਆਦਰਸ਼ਾਂ ਨੂੰ ਅਪਣਾਉਣ ਲਈ ਆਖਿਆ। ਪ੍ਰਿੰ. ਕੇਸਰ ਨੇ ਕਿਹਾ ਕਿ ਸਾਨੂੰ ਸ਼ਹੀਦੀ ਦੇ ਪ੍ਰਵਾਨਿਆਂ ਦੀ ਸ਼ਹਾਦਤ ਨੂੰ ਸਦਾ ਯਾਦ ਰੱਖਣਾ ਚਾਹੀਦਾ। ਆਪਣੀ ਬੇਮਿਸਾਲ ਕੁਰਬਾਨੀ ਤੇ ਵਿਚਾਰਾਂ ਸਦਕਾ ਅੱਜ ਦੇਸ਼ ਭਗਤ ਹਰ ਭਾਰਤੀ ਨੌਜਵਾਨ ਦੇ ਦਿਲਾਂ 'ਤੇ ਰਾਜ ਕਰ ਰਹੇ ਹਨ।

# ਥਰਮਲ ਦੇ ਠੇਕਾ ਮੁਲਾਜ਼ਮਾਂ ਨੇ ਜੌੜਾਮਾਜਰਾ ਦਾ ਪੁਤਲਾ ਫੂਕਿਆ



ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)-ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਸੱਦੇ 'ਤੇ ਗੁਰੂ ਹਰਗੋਬਿੰਦ ਥਰਮਲ ਪਲਾਂਟ ਦੇ ਆਊਟਸੋਰਸਡ ਠੇਕਾ ਮੁਲਾਜ਼ਮਾਂ ਵੱਲੋਂ ਪਲਾਂਟ ਦੇ ਮੁੱਖ ਗੇਟ ਅੱਗੇ ਰੋਸ ਰੈਲੀ ਕਰਨ ਉਪਰੰਤ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਦਾ ਪੁਤਲਾ ਫੂਕਿਆ ਗਿਆ। ਮੋਰਚੇ ਦੇ ਸੂਬਾਈ ਆਗੂਆਂ ਜਗਰੂਪ ਸਿੰਘ ਲਹਿਰਾ ਤੇ ਜਗਸੀਰ ਸਿੰਘ ਭੰਗੂ ਨੇ ਸੰਬੋਧਨ ਕਰਦਿਆਂ ਕਿਹਾ ਕਿ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਸੇਵਾਵਾਂ ਦੇ ਰਹੇ ਸਮੂਹ ਮੁਲਾਜ਼ਮਾਂ ਵਿੱਚੋਂ ਆਊਟਸੋਰਸਡ ਅਤੇ ਇਨਲਿਸਟਮੈਂਟ ਮੁਲਾਜ਼ਮ ਸਭ ਤੋਂ ਵੱਧ ਕਾਰਪੋਰੇਟ ਘਰਾਣਿਆਂ, ਨਿੱਜੀ ਕੰਪਨੀਆਂ ਤੇ ਠੇਕੇਦਾਰਾਂ ਦੀ ਲੁੱਟ ਦਾ ਸ਼ਿਕਾਰ ਹੋ ਰਹੇ ਹਨ। ਪਿਛਲੀਆਂ ਅਕਾਲੀ-ਭਾਜਪਾ ਤੇ ਕਾਂਗਰਸ ਦੀਆਂ ਸਰਕਾਰਾਂ ਦੀ ਤਰ੍ਹਾਂ ਹੀ 'ਆਪ ਸਰਕਾਰ' ਵੱਲੋਂ ਵੀ ਠੇਕਾ ਮੁਲਾਜ਼ਮਾਂ ਨੂੰ ਪੱਕਾ ਨਹੀਂ ਕੀਤਾ ਜਾ ਰਿਹਾ ਤੇ ਘੱਟੋ-ਉਜ਼ਰਤਾਂ ਦਾ ਕਾਨੂੰਨ ਲਾਗੂ ਨਹੀਂ ਕੀਤਾ ਜਾ ਰਿਹਾ। ਇਸ ਤੋਂ ਵੀ ਅਗਾਂਹ ਸਰਕਾਰ ਤੇ ਕੰਪਨੀਆਂ ਅਦਾ ਕੀਤੀ ਜਾਂਦੀ ਨਿਗੂਣੀ ਤਨਖਾਹ ਵਿੱਚੋਂ 3 ਤੋਂ 8 ਫੀਸਦੀ ਸਰਵਿਸ ਟੈਕਸ, 16 ਫੀਸਦੀ ਕੰਪਨੀਆਂ ਤੇ ਠੇਕੇਦਾਰਾਂ ਦਾ ਮੁਨਾਫ਼ਾ ਤੇ 18 ਫੀਸਦੀ ਜੀ.ਐੱਸ.ਟੀ. ਦੇ ਰੂਪ ਵਿੱਚ ਬਿਨਾਂ ਕੋਈ ਕੰਮ ਕੀਤੇ ਲੁੱਟ ਲਏ ਜਾਂਦੇ ਹਨ, ਜਿਸ ਨੂੰ ਮੁੱਖ ਮੰਤਰੀ ਪੰਜਾਬ ਵਿਧਾਨ ਸਭਾ ਵਿੱਚ ਪ੍ਰਵਾਨ ਵੀ ਕਰ ਚੁੱਕੇ ਹਨ ਤੇ ਇਸ ਲੁੱਟ ਲਈ ਜ਼ਿੰਮੇਵਾਰ ਕੰਪਨੀਆਂ ਤੇ ਠੇਕੇਦਾਰਾਂ ਨੂੰ ਵਿਭਾਗਾਂ ਵਿੱਚੋਂ ਬਾਹਰ ਕੱਢਣ ਅਤੇ ਸਮੂਹ ਆਊਟਸੋਰਸਡ ਠੇਕਾ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਮਰਜ਼ ਕਰਕੇ ਪੱਕਾ ਕਰਨ ਦਾ ਭਰੋਸਾ ਵੀ ਦੇ ਚੁੱਕੇ ਹਨ। ਇਨ੍ਹਾਂ ਦਾਅਵਿਆਂ ਤੇ ਵਾਅਦਿਆਂ ਦੇ ਬਾਵਜੂਦ ਆਪ ਸਰਕਾਰ ਵੱਲੋਂ ਆਪਣੇ ਦੋ ਸਾਲਾ ਕਾਰਜਕਾਲ ਵਿੱਚ ਠੇਕਾ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਪੱਕਾ ਨਹੀਂ ਕੀਤਾ ਗਿਆ। ਆਗੂਆਂ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਠੇਕਾ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਪੱਕਾ ਕਰਨ ਸੰਬੰਧੀ ਜਲਦ ਕੋਈ ਠੋਸ ਫ਼ੈਸਲਾ ਨਾ ਲਿਆ ਤਾਂ ਆਉਣ ਵਾਲੇ ਦਿਨਾਂ ਵਿੱਚ ਮੁੱਖ ਮੰਤਰੀ ਸਮੇਤ ਕੈਬਨਿਟ ਮੰਤਰੀਆਂ ਦੇ ਫ਼ੀਲਡ ਵਿੱਚ ਆਉਣ 'ਤੇ ਮੰਗਾਂ ਸੰਬੰਧੀ ਲਗਾਤਾਰ ਸਵਾਲ ਕੀਤੇ ਜਾਣਗੇ।

# ਐੱਨ ਐੱਸ ਡੀ ਸੀ ਤੇ ਬੀ ਐੱਫ ਯੂ ਐੱਚ ਐੱਸ ਵਿਚਕਾਰ ਸੈਮੀਨਾਰ



ਫਰੀਦਕੋਟ (ਐਲਿਗਜੈਂਡਰ ਡਿਸੂਜਾ)-ਬੀਤੇ 21 ਮਾਰਚ ਨੂੰ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਫਰੀਦਕੋਟ ਵਿਖੇ ਐੱਨ ਐੱਸ ਡੀ ਸੀ (ਨੈਸ਼ਨਲ ਸਕਿੱਲ ਡਵੈਲਪਮੈਂਟ ਕੋਪਰੇਸ਼ਨ) ਤੇ ਬੀ ਐੱਫ ਯੂ ਐੱਚ ਐੱਸ ਵਿਚਕਾਰ ਸੈਮੀਨਰ ਕਰਵਾਇਆ ਗਿਆ, ਜਿਸ ਵਿੱਚ ਤਕਰੀਬਨ 200 ਡੈਲੀਗੇਟਾਂ, ਜਿਨ੍ਹਾਂ ਵਿੱਚ ਯੂਨੀਵਰਸਿਟੀ ਦੇ ਮੈਡੀਕਲ, ਡੈਂਟਲ, ਨਰਸਿੰਗ, ਫਿਜ਼ਿਓਥੈਰਪੀ ਤੇ ਫਾਰਮੇਸੀ ਕਾਲਜ ਦੇ ਪ੍ਰਿੰਸੀਪਲ ਅਤੇ ਉਨ੍ਹਾਂ ਦੇ ਨੁਮਾਇੰਦਿਆਂ ਨੇ ਸ਼ਿਰਕਤ ਕੀਤੀ।

ਇਸ ਸੈਮੀਨਰ ਦੌਰਾਨ ਡਾ. ਜਸਬੀਰ ਕੌਰ ਪ੍ਰੋਫੈਸਰ ਤੇ ਮੁਖੀ ਡੈਂਟਲ ਵਿਭਾਗ ਵਾਇਸ ਪ੍ਰਿੰਸੀਪਲ ਡੈਂਟਲ ਤੇ ਪੈਰਾਮੈਡੀਕਲ ਵੱਲੋਂ ਯੂਨੀਵਰਸਿਟੀ ਅਧੀਨ ਚੱਲ ਰਹੇ ਪੈਰਾ-ਮੈਡੀਕਲ ਤੇ ਅਲਾਇਡ ਕੋਰਸਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਡਾ. ਸੰਦੀਪ ਕੌੜਾ, ਸਲਾਹਕਾਰ ਐੱਨ ਐੱਸ ਡੀ ਸੀ (ਨੈਸ਼ਨਲ ਤੇ ਇੰਟਰਨੈਸ਼ਨਲ) ਤੇ ਸ਼੍ਰੀ ਅਜੈ ਰੈਣਾ, ਸੀ ਓ ਓ ਐੱਨ ਐੱਸ ਡੀ ਸੀ ਵੱਲੋਂ ਜਾਣਕਾਰੀ ਦਿੱਤੀ ਗਈ ਕਿ ਜਿਨ੍ਹਾਂ ਵਿਦਿਆਰਥੀਆਂ ਨੇ ਪੈਰਾ-ਮੈਡੀਕਲ, ਆਲਾਇਡ ਹੈਲਥ ਸਾਇੰਸਜ਼ ਤੇ ਨਰਸਿੰਗ ਵਜੋਂ ਟਰੇਨਿੰਗ ਲਈ ਹੋਈ ਹੈ, ਉਹ ਐੱਨ ਐੱਸ ਡੀ ਸੀ ਦੁਆਰਾ ਵਿਦੇਸ਼ਾਂ ਵਿੱਚ ਜਿਵੇਂ ਅਸਟਰੇਲੀਆ, ਕੈਨੇਡਾ, ਯੂ. ਕੇ. ਆਇਰਲੈਂਡ ਵਿੱਚ ਸਿੱਧੀਆਂ ਨੌਕਰੀਆਂ ਹਾਸਲ ਕਰ ਸਕਦੇ ਹਨ, ਜਿਸ 'ਤੇ ਉਨ੍ਹਾਂ ਦਾ ਕੋਈ ਖਰਚਾ ਨਹੀਂ ਹੋਵੇਗਾ ਤੇ ਉਨ੍ਹਾਂ ਨੂੰ ਚੰਗੀਆਂ ਤਨਖਾਹਾਂ ਤੇ ਨੌਕਰੀਆਂ ਮਿਲ ਸਕਣਗੀਆਂ। ਇਸ ਮੌਕੇ ਮਾਣਯੋਗ ਵਾਇਸ ਚਾਂਸਲਰ ਪ੍ਰੋਫੈਸਰ (ਡਾ.) ਰਾਜੀਵ ਸੂਦ ਨੇ ਡੈਲੀਗੇਟਸ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਐੱਨ ਐੱਸ ਡੀ ਸੀ ਕੇਂਦਰ ਸਰਕਾਰ ਦੇ ਅਧੀਨ ਚੱਲਣ ਵਾਲੀ ਸੰਸਥਾ ਹੈ ਤੇ ਵਿਦਿਆਰਥੀਆਂ ਨੂੰ ਇਸ ਦਾ ਲਾਭ ਉਠਾਉਣਾ ਚਾਹੀਦਾ ਹੈ ਅਤੇ ਇਨ੍ਹਾਂ ਦੁਆਰਾ ਵਿਦੇਸ਼ਾਂ ਵਿੱਚ ਨੌਕਰੀ ਕਰਨ ਦੇ ਸੁਪਨੇ ਪੂਰੇ ਕਰ ਸਕਦੇ ਹਨ। ਇਸ ਮੌਕੇ ਬੀ.ਐੱਫ.ਯੂ.ਐੱਚ.ਐੱਸ. ਤੇ ਐੱਨ.ਐੱਸ.ਡੀ.ਸੀ. ਵਿੱਚ ਇੱਕ ਐੱਮ. ਓ. ਯੂ. ਵੀ ਸਾਇਨ ਕੀਤਾ ਗਿਆ।

# ਖੁਦਕੁਸ਼ੀ ਕਰ ਗਏ ਕਿਸਾਨਾਂ ਦੇ ਵਾਰਸਾਂ ਨੂੰ ਦਿਵਾਏ ਵਿੱਤੀ ਮਦਦ ਦੇ ਚੈੱਕ



ਤਲਵੰਡੀ ਸਾਬੋ (ਜਗਦੀਪ ਗਿੱਲ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਤਲਵੰਡੀ ਸਾਬੋ ਵੱਲੋਂ ਤਹਿਸੀਲਦਾਰ ਤਲਵੰਡੀ ਸਾਬੋ ਤੋਂ ਭੋਲਾ ਸਿੰਘ ਚੱਠੇਵਾਲਾ ਤੇ ਸ਼ਮਿੰਦਰ ਸਿੰਘ ਨੰਗਲਾ ਦੇ ਪਰਿਵਾਰਾਂ ਨੂੰ 3-3 ਲੱਖ ਰੁਪਏ ਦੇ ਚੈੱਕ ਦਿਵਾਏ, ਜੋ ਖੁਦਕੁਸ਼ੀ ਕਰ ਗਏ ਸਨ। ਪਿਛਲੇ ਕਈ ਦਿਨਾਂ ਤੋਂ ਖੁਦਕੁਸ਼ੀ ਕਰ ਚੁੱਕੇ ਕਿਸਾਨਾਂ ਦੇ ਚੈੱਕ ਆਏ ਹੋਏ ਸਨ, ਪਰ ਲਗਾਤਾਰ ਟਾਲ ਮਟੋਲ ਕੀਤੇ ਜਾ ਰਹੇ ਸਨ, ਹੁਣ ਚੋਣ ਜਾਬਤੇ ਦਾ ਬਹਾਨਾ ਲਗਾਇਆ ਜਾ ਰਿਹਾ ਸੀ, ਜਿਸ ਕਰਕੇ ਕਿਸਾਨ ਜਥੇਬੰਦੀ ਵੱਲੋਂ ਸੰਘਰਸ਼ ਵਿੱਢਣ ਦਾ ਐਲਾਨ ਕੀਤਾ ਗਿਆ, ਸਿੱਟੇ ਵਜੋਂ ਅੱਜ ਪੀੜਤ ਪਰਿਵਾਰਾਂ ਨੂੰ ਚੈੱਕ ਦਵਾਏ ਗਏ। ਕਿਸਾਨ ਆਗੂਆਂ ਨੇ ਦੱਸਿਆ ਕਿ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਕਿਸਾਨ ਮਜ਼ਦੂਰ ਕਰਜ਼ੇ ਤੋਂ ਤੰਗ ਆ ਕੇ ਆਰਥਿਕ ਤੰਗੀਆਂ ਦਾ ਸਾਹਮਣਾ ਨਾ ਸਹਾਰਦੇ ਹੋਏ ਖੁਦਕੁਸ਼ੀ ਕਰ ਜਾਂਦੇ ਹਨ, ਜਿਸ ਨਾਲ ਪੂਰਾ ਪਰਿਵਾਰ ਹੋਰ ਮੁਸੀਬਤ ਵਿੱਚ ਫਸ ਜਾਂਦਾ ਹੈ, ਜਿਸ ਦੇ ਸਿੱਟੇ ਵਜੋਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਲੰਮੇ ਸਮੇਂ ਤੋਂ ਸੰਘਰਸ਼ ਲੜ ਰਹੀ ਹੈ ਕਿ ਪੀੜਤ ਪਰਿਵਾਰ ਨੂੰ 10 ਲੱਖ ਰੁਪਏ ਆਰਥਿਕ ਮਦਦ, ਨੌਕਰੀ, ਕਰਜ਼ ਮਾਫੀ ਕੀਤੀ ਜਾਵੇ। ਹਰਪ੍ਰੀਤ ਸਿੰਘ ਚੱਠੇਵਾਲਾ ਨੇ ਕਿਸਾਨ ਮਜ਼ਦੂਰਾਂ ਨੂੰ ਬੇਨਤੀ ਕੀਤੀ ਕਿ ਉਹ ਖੁਦਕੁਸ਼ੀ ਕਰ ਕੇ ਜਾਨ ਨਾ ਗੁਵਾਉਣ, ਸਗੋਂ ਸਰਕਾਰਾਂ ਦੀਆਂ ਨੀਤੀਆਂ ਖਿਲਾਫ ਜਥੇਬੰਦੀ ਦੇ ਸੰਘਰਸ਼ ਵਿੱਚ ਹਿੱਸਾ ਪਾਉਣ ਤੇ ਆਪਣੀਆਂ ਹੱਕੀ ਮੰਗਾਂ 'ਤੇ ਪਹਿਰਾ ਦੇਣ, ਜਿਸ ਨਾਲ ਕਿਸਾਨ ਵੀਰਾਂ ਨੂੰ ਫਸਲਾਂ ਦੇ ਸਹੀ ਮੁੱਲ ਮਿਲ ਸਕਣ, ਰੁਜ਼ਗਾਰ ਮਿਲ ਸਕੇ, ਮਹਿੰਗਾਈ ਘੱਟ ਸਕੇ।

## ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਮਨਾਇਆ



ਜਲਾਲਾਬਾਦ (ਜੰਗੀਰ ਕੌਰ/ਜੀਤ ਕੁਮਾਰ)-ਲਾਲਾ ਜਗਤ ਨਰਾਇਣ ਐਜੂਕੇਸ਼ਨ ਕਾਲਜ ਵਿੱਚ 23 ਮਾਰਚ ਦੇ ਮਹਾਨ ਸ਼ਹੀਦਾਂ, ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਕਾਲਜ ਦੀ ਮੈਨਜਮੈਂਟ ਚੇਅਰਮੈਨ ਅਸ਼ੋਕ ਅਨੇਜਾ, ਪ੍ਰਧਾਨ ਪ੍ਰਦੀਪ ਚੁੱਘ, ਖ਼ਜ਼ਾਨਚੀ ਚੰਦਰ ਸ਼ੇਖਰ ਗੁੰਬਰ ਤੇ ਸਿੱਖਿਆ ਸ਼ਾਸਤਰੀ ਗੁਰਬਖਸ਼ ਸਿੰਘ ਖੁਰਾਣਾ ਦੀ ਅਗੁਵਾਈ ਹੇਠ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਵੱਲੋਂ ਸ਼ਹੀਦ ਦਿਹਾੜੇ ਤੇ ਭਾਸ਼ਣ, ਕਵਿਤਾ ਤੇ ਇਨਕਲਾਬੀ ਗੀਤ ਪੇਸ਼ ਕੀਤੇ ਗਏ। ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਵਿਦਿਆਰਥੀਆਂ ਦੁਆਰਾ ਕੈਂਡਲ ਮਾਰਚ ਕੱਢਿਆ ਗਿਆ। ਕਾਲਜ ਦੇ ਪ੍ਰਿੰਸੀਪੀਲ ਡਾ. ਨੀਤਿਕਾ ਨੇ ਵੀ ਸ਼ਹੀਦੀ ਦਿਹਾੜੇ ਤੇ ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸਾਨੂੰ ਮਹਾਨ ਸ਼ਹੀਦਾਂ ਦੀ ਕੁਰਬਾਨੀ ਦਾ ਸਨਮਾਨ ਕਰਨਾ ਚਾਹੀਦਾ ਹੈ ਤੇ ਉਨ੍ਹਾਂ ਦੀ ਕੁਰਬਾਨੀ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਕਾਲਜ ਦੇ ਅਧਿਆਪਕਾਂ ਨੇ ਵੀ ਵਿਦਿਆਰਥੀਆਂ ਨੂੰ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਕਾਲਜ ਦਾ ਸਾਰਾ ਸਟਾਫ਼ ਮੌਜੂਦ ਸੀ।

## ਭਾਜਪਾ ਵਿਰੋਧੀਆਂ ਖ਼ਿਲਾਫ਼ ਕਾਰਵਾਈ ਕਰਨ 'ਚ ਮਾਹਰ : ਅਭੈ

ਸਿਰਸਾ (ਸੁਰਿੰਦਰ ਪਾਲ ਸਿੰਘ) ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਤੋਂ ਬਾਅਦ ਦੇਸ਼ ਦੀ ਗਰਮਾਈ ਸਿਆਸਤ ਦੌਰਾਨ ਹਰਿਆਣਾ ਵਿੱਚ ਇੰਡੀਅਨ ਨੈਸ਼ਨਲ ਲੋਕ ਦਲ ਦੇ ਵਿਧਾਇਕ ਤੇ ਇਨੈਲੋ ਦੇ ਕੌਮੀ ਪ੍ਰਧਾਨ ਜਨਰਲ ਸਕੱਤਰ ਅਭੈ ਸਿੰਘ ਚੌਟਾਲਾ ਨੇ ਭਾਜਪਾ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਭਾਜਪਾ ਸਰਕਾਰ ਦਾ ਵਿਰੋਧ ਕਰਨ ਵਾਲੇ ਆਗੂਆਂ ਖ਼ਿਲਾਫ਼ ਅਜਿਹੀ ਕਾਰਵਾਈ ਕਰਦੀ ਹੈ।ਅਭੈ ਨੇ ਕਿਹਾ ਭਾਜਪਾ ਦਾ ਵਿਰੋਧ ਕਰਨ ਵਾਲੇ ਆਗੂਆਂ ਵਿਰੁੱਧ ਈਡੀ ਜਾਂ ਸੀਬੀਆਈ ਦੀ ਦੁਰਵਰਤੋਂ ਕਰਕੇ ਗ੍ਰਿਫ਼ਤਾਰ ਕੀਤਾ ਜਾਂਦਾ ਹੈ।ਅਭੈ ਚੌਟਾਲਾ ਨੇ ਕਿਹਾ ਕਿ ਉਹ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਪਹਿਲਾਂ ਹੀ ਚੇਤਾਵਨੀ ਦੇ ਚੁੱਕੇ ਹਨ ਕਿ ਜੇਕਰ ਲੋਕ ਸਭਾ ਚੋਣਾਂ ਤੋਂ ਪਹਿਲਾਂ ਸਾਰੀਆਂ ਵਿਰੋਧੀ ਪਾਰਟੀਆਂ ਇਕਜੁਟ ਨਾ ਹੋਈਆਂ ਤਾਂ ਨਰਿੰਦਰ ਮੋਦੀ ਦੀ ਸਰਕਾਰ ਸਾਰੀਆਂ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਜੇਲ੍ਹਾਂ ਵਿਚ ਡੱਕ ਦੇਵੇਗੀ।ਚੌਟਾਲਾ ਨੇ ਕਿਹਾ ਕਿ ਇਨੈਲੋ ਹਰਿਆਣਾ ਦੀਆਂ ਸਾਰੀਆਂ 10 ਸੀਟਾਂ 'ਤੇ ਲੋਕ ਸਭਾ ਚੋਣਾਂ ਲੜੇਗੀ ਅਤੇ ਵਿਰੋਧੀ ਪਾਰਟੀਆਂ ਦਾ ਵੀ ਜ਼ੋਰਦਾਰ ਸਾਹਮਣਾ ਕਰੇਗੀ।ਕੁਰੂਕਸ਼ੇਤਰ ਸੀਟ 'ਤੇ ਅਭੈ ਸਿੰਘ ਚੌਟਾਲਾ ਦਾ ਦਾਅਵਾ ਹੈ ਕਿ ਅਸੀ ਭਾਜਪਾ ਕਾਂਗਰਸ ਤੇ ਆਮ ਆਦਮੀ ਪਾਰਟੀ ਨੂੰ ਹਰਾ ਕੇ ਜਿੱਤਾਂਗੇ। ਅਭੈ ਨੇ ਕਿਹਾ ਕਿ ਲੋਕ ਸਭਾ ਚੋਣਾਂ ਨੂੰ ਲੈ ਕੇ ਹਰਿਆਣਾ ਚ ਵਰਕਰਾਂ ਦੀਆਂ ਮੀਟਿੰਗਾਂ ਕੀਤੀਆਂ ਜਾਣਗੀਆਂ ਤੇ ਵਰਕਰਾਂ ਨੂੰ ਲੋਕ ਸਭਾ ਚੋਣਾਂ ਲਈ ਇਕੱਠੇ ਹੋਣ ਦੇ ਨਿਰਦੇਸ਼ ਵੀ ਦਿੱਤੇ ਜਾਣਗੇ।

## ਡੀ ਏ ਵੀ ਸੈਂਟਨਰੀ ਪਬਲਿਕ ਸਕੂਲ 'ਚ ਮਨਾਇਆ ਗ੍ਰੈਜੂਏਸ਼ਨ ਡੇਅ



ਜਗਰਾਉਂ (ਅਮਿਤ ਖੰਨਾ) ਡੀ.ਏ.ਵੀ.ਸੈਂਟਨਰੀ ਪਬਲਿਕ ਸਕੂਲ ਵਿੱਚ ਯੂ.ਕੇ.ਜੀ ਜਮਾਤ ਦੇ ਵਿਦਿਆਰਥੀਆਂ ਦਾ ਗ੍ਰੈਜੂਏਸ਼ਨ ਡੇਅ ਮਨਾਇਆ ਗਿਆ। ਸਕੂਲ ਦੇ ਪ੍ਰਿੰਸੀਪਲ ਵੇਦ ਵ੍ਰਤ ਪਲਾਹ ਨੇ ਦੱਸਿਆ ਕਿ ਇਸ ਗ੍ਰੈਜੂਏਸ਼ਨ ਡੇਅ ਦੀ ਸ਼ੁਰੂਆਤ ਲਾਈਟਿੰਗ ਸਮਾਰੋਹ ਨਾਲ ਕੀਤੀ ਗਈ। ਉਸ ਤੋਂ ਬਾਅਦ ਬੱਚਿਆਂ ਦੁਆਰਾ ਵੱਖ-ਵੱਖ ਤਰ੍ਹਾਂ ਦੇ ਨਾਚ ਪੇਸ਼ ਕੀਤੇ ਗਏ। ਇਸ ਗ੍ਰੈਜੂਏਸ਼ਨ ਡੇਅ ਵਿੱਚ ਯੂ.ਕੇ.ਜੀ ਜਮਾਤ ਦੇ ਵਿਦਿਆਰਥੀਆਂ ਦੇ ਮਾਪਿਆਂ ਨੇ ਵੀ ਹਿੱਸਾ ਲਿਆ ਤੇ ਮਾਪਿਆਂ ਵੱਲੋਂ ਵੀ ਬੱਚਿਆਂ ਨੂੰ ਪ੍ਰੇਰਿਤ ਕਰਨ ਲਈ ਆਪਣੇ ਵਿਚਾਰ ਸਾਂਝੇ ਕੀਤੇ। ਯੂ.ਕੇ. ਜੀ ਦੇ ਛੋਟੇ-ਛੋਟੇ ਵਿਦਿਆਰਥੀਆਂ ਵੱਲੋਂ ਵੀ ਭਾਸ਼ਣ ਪੇਸ ਕੀਤੇ ਗਏ। ਮਾਪਿਆਂ ਨੂੰ ਕਈ ਤਰ੍ਹਾਂ ਦੀਆਂ ਰੌਚਕ ਖੇਡਾਂ ਵੀ ਕਰਾਈਆਂ ਗਈਆਂ, ਜਿਨ੍ਹਾਂ ਵਿੱਚ ਮਾਪਿਆਂ ਨੇ ਬੜੇ ਉਤਸ਼ਾਹ ਦੇ ਨਾਲ ਹਿੱਸਾ ਲਿਆ ਤੇ ਜੇਤੂਆਂ ਨੂੰ ਇਨਾਮ ਵੀ ਦਿੱਤੇ ਗਏ। ਉਸ ਤੋਂ ਬਾਅਦ ਵਿਦਿਆਰਥੀਆਂ ਨੂੰ ਗ੍ਰੈਜੂਏਸ਼ਨ ਕੋਟ ਪਵਾ ਕੇ ਉਨ੍ਹਾਂ ਦੇ ਰਿਪੋਰਟ ਕਾਰਡ ਅਤੇ ਡਿਗਰੀ ਦਿੱਤੀ ਗਈ। ਸਮਾਰੋਹ ਦੇ ਅੰਤ ਵਿੱਚ ਪ੍ਰਿੰਸੀਪਲ ਵੇਦ ਵ੍ਰਤ ਪਲਾਹ ਵੱਲੋਂ ਮਾਪਿਆਂ ਦਾ ਧੰਨਵਾਦ ਕੀਤਾ ਗਿਆ ਤੇ ਵਿਦਿਆਰਥੀਆਂ ਨੂੰ ਹੋਰ ਅੱਗੇ ਵਧਣ ਲਈ ਅਤੇ ਖੁੱਲ੍ਹ ਕੇ ਆਪਣੇ ਵਿਚਾਰ ਪੇਸ਼ ਕਰਨ ਲਈ ਪ੍ਰੇਰਤ ਕੀਤਾ ਗਿਆ। ਉਨ੍ਹਾਂ ਸਾਰੇ ਮਾਪਿਆਂ ਨੂੰ ਵਿਦਿਆਰਥੀਆਂ ਦੇ ਵਧੀਆ ਨਤੀਜੇ ਆਉਣ 'ਤੇ ਵਧਾਈ ਦਿੱਤੀ ਗਈ।

## ਡਾਕਟਰ ਵਿੰਗ ਵੱਲੋਂ ਡਾ. ਬਲਵੀਰ ਸਿੰਘ ਦਾ ਸਨਮਾਨ



ਨਾਭਾ (ਵਰਿੰਦਰ ਵਰਮਾ) ਚੋਣ ਮੀਟਿੰਗ ਦੌਰਾਨ ਆਮ ਆਦਮੀ ਪਾਰਟੀ ਡਾਕਟਰ ਵਿੰਗ ਵਿਧਾਨ ਸਭਾ ਹਲਕਾ ਨਾਭਾ ਵੱਲੋਂ ਗੁਰਦੇਵ ਸਿੰਘ ਦੇਵ ਮਾਨ ਐਮ ਐਲ ਏ, ਪ੍ਰੋ. ਸੁਰਿੰਦਰ ਪਾਲ ਸਰਮਾ ਚੇਅਰਮੈਨ ਨਗਰ ਸੁਧਾਰ ਟਰੱਸਟ, ਜਸਵੀਰ ਸਿੰਘ ਜੱਸੀ ਸੋਹੀਆਂ ਵਾਲਾ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੀ ਹਾਜ਼ਰੀ ਵਿੱਚ ਪੰਜਾਬ ਦੇ ਸਿਹਤ ਮੰਤਰੀ ਤੇ ਆਮ ਚੋਣਾਂ ਵਿੱਚ ਲੋਕ ਸਭਾ ਹਲਕਾ ਪਟਿਆਲਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾ. ਬਲਬੀਰ ਸਿੰਘ ਨੂੰ ਸ਼ਾਲ ਤੇ ਫੁੱਲਾਂ ਦਾ ਗੁਲਦਸਤਾ ਦੇ ਕੇ ਸਨਮਾਨਤ ਕੀਤਾ ਗਿਆ। ਵਿੰਗ ਦੇ ਸਕੱਤਰ ਤੇ ਪਿਛਲੇ ਕਰੀਬ 25 ਸਾਲ ਤੋਂ ਪੇਂਡੂ ਇਲਾਕਿਆਂ ਵਿੱਚ ਸਮਾਜ ਸੇਵਾ ਦੇ ਕਾਰਜ ਕਰਦੇ ਆ ਰਹੇ ਲੋਕਾਂ ਵਿੱਚ ਹਰਮਨਪਿਆਰੇ ਡਾ. ਧੀਰ ਸਿੰਘ ਨੇ ਦੱਸਿਆ ਕਿ ਇਸ ਸਮੇਂ ਵਿੰਗ ਦੇ ਪ੍ਰਧਾਨ ਡਾ. ਆਈਡੀ.ਗੋਇਲਾ, ਵਾਈਸ ਪ੍ਰਧਾਨ ਬੀ.ਸੀ. ਸਿੰਗਲਾ, ਸੀਨੀਅਰ ਮੈਂਬਰ ਮਿਹਰ ਸਿੰਘ ਸਾਬਕਾ ਜ਼ਿਲ੍ਹਾ ਫਾਰਮੇਸੀ ਅਫ਼ਸਰ ਪਟਿਆਲਾ, ਡਾ. ਮਨਮੋਹਨ ਸਿੰਘ, ਬਿਕਰਮ ਸਿੰਘ, ਰਕੇਸ਼ ਕੁਮਾਰ ਗਰਗ, ਧਰਮਪਾਲ ਤੇ ਹੋਰ ਵੱਡੀ ਗਿਣਤੀ ਵਿੱਚ ਵਿੰਗ ਦੇ ਮੈਂਬਰ ਮੀਟਿੰਗ ਵਿੱਚ ਸ਼ਾਮਲ ਹੋਏ। ਉਨ੍ਹਾਂ ਆਪਣੀ ਸਮੁੱਚੀ ਟੀਮ ਵੱਲੋਂ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਤੇ ਪਾਰਟੀ ਦੀ ਹਾਈਕਮਾਂਡ ਦਾ, ਵਿੰਗ ਦੀ ਸੇਵਾ ਸੌਂਪਣ ਲਈ ਧੰਨਵਾਦ ਕਰਦਿਆਂ ਕਿਹਾ ਕਿ ਡਾਕਟਰੀ ਕਿੱਤੇ ਨਾਲ ਜੁੜੇ ਵਿਅਕਤੀਆਂ ਨਾਲ ਆਮ ਲੋਕਾਂ ਦਾ ਨਜ਼ਦੀਕੀ ਰਿਸਤਾ ਬਣਿਆ ਰਹਿੰਦਾ ਹੈ।

## ਮਾਲਵਾ ਕਾਲਜ 'ਚ ਭਗਤ ਸਿੰਘ ਦਾ ਸ਼ਹੀਦੀ ਦਿਵਸ ਮਨਾਇਆ



ਸਮਰਾਲਾ (ਸੁਰਜੀਤ ਸਿੰਘ)-ਸਥਾਨਕ ਮਾਲਵਾ ਕਾਲਜ ਬੌਂਦਲੀ ਵਿਖੇ ਸ਼ਹੀਦੇ ਆਜ਼ਮ ਸ੍ਰ. ਭਗਤ ਸਿੰਘ, ਸ਼ਹੀਦ ਰਾਜਗੁਰੂ ਤੇ ਸ਼ਹੀਦ ਸੁਖਦੇਵ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਇੱਕ ਨੁੱਕੜ ਨਾਟਕ 'ਇੱਕਲਵਿਆ' ਕਰਵਾਇਆ ਗਿਆ, ਜਿਸ ਦਾ ਸਫ਼ਲ ਮੰਚਨ ਰਾਜਵਿੰਦਰ ਸਮਰਾਲਾ ਦੁਆਰਾ ਤਿਆਰ ਕੀਤੀ ਗਈ ਵਿਦਿਆਰਥੀਆਂ ਦੀ ਟੀਮ ਦੁਆਰਾ ਕੀਤਾ ਗਿਆ।ਇਹ ਨਾਟਕ ਕਾਫ਼ੀ ਦਿਲਚਸਪ ਅਤੇ ਵਿਅੰਗਆਤਮਕ ਸੀ।ਇਸ ਦਾ ਉਦੇਸ਼ ਵਿਦਿਆਰਥੀਆਂ ਨੂੰ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਬਾਰੇ ਜਾਣਕਾਰੀ ਦੇਣ ਦੇ ਨਾਲ ਨਾਲ ਉਨ੍ਹਾਂ ਦੇ ਸੁਪਨਿਆਂ ਦਾ ਭਾਰਤ ਸਿਰਜਣ ਲਈ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨਾ ਸੀ।ਇਸ ਮੌਕੇ ਰਾਜਵਿੰਦਰ ਸਮਰਾਲਾ, ਡਾਇਰੈਕਟਰ ਨੁੱਕੜ ਨਾਟਕ ਨੇ ਵੀ ਵਿਦਿਆਰਥੀਆਂ ਨੂੰ ਸੰਬੋਧਤ ਕੀਤਾ ਤੇ ਕਿਹਾ ਕਿ ਕ੍ਰਾਂਤੀ ਸਿਰਫ਼ ਹਥਿਆਰਾਂ ਨਾਲ ਨਹੀਂ, ਬਲਕਿ ਵਿਚਾਰਾਂ ਨਾਲ ਆਉਂਦੀ ਹੈ।ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਡਾ. ਹਰਿੰਦਰ ਕੌਰ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਵਿਦਿਆਰਥੀਆਂ ਨੂੰ ਸ੍ਰ. ਭਗਤ ਸਿੰਘ ਜੀ ਵਰਗੇ ਕ੍ਰਾਂਤੀਕਾਰੀਆਂ ਦੇ ਜੀਵਨ ਤੋਂ ਸੇਧ ਲੈਣ ਲਈ ਪ੍ਰੇਰਿਤ ਕੀਤਾ ਤੇ ਕਿਹਾ ਕਿ ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ ਤੇ ਸ਼ਹੀਦ ਸੁਖਦੇਵ ਜੀ ਇੱਕ ਕ੍ਰਾਂਤੀਕਾਰੀ ਜੀਵਨ ਬਲੀਦਾਨੀ ਹੋਣ ਦੇ ਨਾਲ ਨਾਲ ਇੱਕ ਸੁਤੰਤਰ ਵਿਚਾਰਧਾਰਾ ਹਨ, ਜਿਹੜੀ ਵਿਚਾਰਧਾਰਾ ਅਜ਼ਾਦੀ ਤੋਂ ਪਹਿਲਾਂ ਤੇ ਬਾਅਦ ਵਾਲੇ ਭਾਰਤ ਦੋਵਾਂ ਉੱਤੇ ਸਮਾਨ ਰੂਪ ਵਿੱਚ ਕੰਮ ਕਰਦੀ ਹੈ।

# ਸ਼ਹੀਦੀ ਦਿਨ ਜੋਸ਼ ਤੇ ਜਜ਼ਬੇ ਨਾਲ ਮਨਾਇਆ



ਸਮਰਾਲਾ, (ਸੁਰਜੀਤ ਸਿੰਘ)- ਆਜ਼ਾਦੀ ਦੇ ਪਰਵਾਨਿਆਂ ਦਾ ਸ਼ਹੀਦੀ ਦਿਨ ਜਿੱਥੇ ਦੁਨੀਆਂ ਭਰ ਵਿਚ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ, ਉਥੇ ਅੱਜ ਇੱਥੇ ਵੀ ਕਾਮਰੇਡ ਬਿਹਾਰੀ ਲਾਲ ਸੱਦੀ, ਕਾਮਰੇਡ ਭਜਨ ਸਿੰਘ ਅਤੇ ਹਰਜਿੰਦਰਪਾਲ ਦੀ ਅਗਵਾਈ ਵਿਚ ਮਜ਼ਦੂਰ ਚੌਂਕ ਵਿਖੇ ਭਾਰੀ ਗਿਣਤੀ ਵਿਚ ਮਜ਼ਦੂਰਾਂ ਦੀ ਹਾਜ਼ਰੀ ਵਿਚ ਬਹੁਤ ਹੀ ਜੋਸ਼ ਅਤੇ ਜਜ਼ਬੇ ਨਾਲ ਮਨਾਇਆ ਗਿਆ। ਆਗੂਆਂ ਨੇ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦੇ ਜੀਵਨ, ਸੰਘਰਸ਼ ਅਤੇ ਉਨ੍ਹਾਂ ਦੇ ਫਲਸਫੇ ਬਾਰੇ ਤਕਰੀਰਾਂ ਕੀਤੀਆਂ। ਇਸ ਮੌਕੇ ਆਗੂਆਂ ਕਿਹਾ ਕਿ ਆਜ਼ਾਦੀ ਦੇ ਪਰਵਾਨਿਆਂ ਨੇ ਸਾਡੇ ਅੱਜ ਦੇ ਭਵਿੱਖ ਲਈ ਆਪਣੀਆਂ ਜਾਨਾਂ ਇਸ ਲਈ ਕੁਰਬਾਨ ਕੀਤੀਆਂ ਸਨ ਕਿ ਆਉਣ ਵਾਲੀਆਂ ਨਸਲਾਂ ਗੁਲਾਮੀ ਦੀਆਂ ਜ਼ੰਜੀਰਾਂ ਤੋੜ ਕੇ ਖੁੱਲ੍ਹੀ ਹਵਾ ਵਿਚ ਸਾਹ ਲੈਣਗੀਆਂ। ਉਨ੍ਹਾਂ ਕਿਹਾ ਕਿ ਜੋ ਅੱਜ ਲੋਕਤੰਤਰ ਦੇ ਹਾਲਾਤ ਹਨ ਉਸ ਤੋਂ ਇਹ ਪ੍ਰਤੱਖ ਹੈ ਕਿ ਮੌਜੂਦਾ ਹਾਕਮਾਂ ਨੇ ਆਜ਼ਾਦੀ ਦੇ ਪਰਵਾਨਿਆਂ ਦੀਆਂ ਸ਼ਹਾਦਤਾਂ ਨੂੰ ਮਿੱਟੀ ਵਿਚ ਰੋਲ ਕੇ ਰੱਖ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅੱਜ ਸਿਆਸਤਦਾਨਾਂ ਵਲੋਂ ਧਰਮਾਂ ਅਤੇ ਜਾਤਾਂ ਵਿਚ ਸਮਾਜ ਨੂੰ ਵੰਡ ਕੇ ਵੋਟਾਂ ਦੀ ਰਾਜਨੀਤੀ ਲਈ ਘਿਨੌਣੀਆਂ ਖੇਡਾਂ ਖੇਡੀਆਂ ਜਾ ਰਹੀਆਂ ਹਨ। ਇਸ ਮੌਕੇ ਬਿਹਾਰੀ ਲਾਲ ਸੱਦੀ ਨੇ ਕਿਹਾ ਕਿ ਸਰਦਾਰ ਭਗਤ ਸਿੰਘ ਅਹਿੰਸਾ ਦੇ ਪੈਰੋਕਾਰ ਸਨ। ਉਨ੍ਹਾਂ ਅਸੈਂਬਲੀ ਵਿਚ ਜਿਹੜਾ ਬੰਬ ਸੁੱਟਿਆ ਸੀ ਉਹ ਕਿਸੇ ਨੂੰ ਕਤਲ ਕਰਨ ਲਈ ਨਹੀਂ ਬਲਕਿ ਉਸ ਵੇਲੇ ਦੀ ਅੰਨ੍ਹੀ-ਬੋਲੀ ਸਰਕਾਰ ਦੀਆਂ ਅੱਖਾਂ ਅਤੇ ਕੰਨ ਖੋਲ੍ਹਣ ਲਈ ਮਹਿਜ਼ ਧਮਾਕਾ ਹੀ ਕੀਤਾ ਸੀ। ਉਨ੍ਹਾਂ ਕਿਹਾ ਕਿ ਸਰਦਾਰ ਭਗਤ ਸਿੰਘ ਨੇ ਮਹਿਜ਼ 23-24 ਸਾਲ ਦੀ ਉਮਰ ਵਿਚ ਦੁਨੀਆ ਨੂੰ ਉਹ ਫਲਸਫਾ ਦਿੱਤਾ ਜੋ ਵੱਡੇ ਵੱਡੇ ਫਿਲਾਸਫਰ ਨਹੀਂ ਦੇ ਸਕੇ। ਇਸ ਦੌਰਾਨ ਡਾ. ਹਰਜਿੰਦਰਪਾਲ ਸਿੰਘ ਅਤੇ ਕਾਮਰੇਡ ਭਜਨ ਸਿੰਘ ਨੇ ਵੀ ਆਪਣੇ ਵਿਚਾਰ ਰੱਖੇ।

## ਗੁਰੂ ਨਾਨਕ ਨੈਸ਼ਨਲ ਕਾਲਜ ਦੇ ਐੱਨ ਸੀ ਸੀ ਕੈਡਿਟ ਅਗਨੀਵੀਰ ਬਣੇ



ਦੋਰਾਹਾ (ਹਰਮਿੰਦਰ ਸੇਠ) : ਬੀਤੇ ਦਿਨੀਂ ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਦੇ ਐੱਨ.ਸੀ.ਸੀ. ਕੈਡਿਟ ਕਮਲਪ੍ਰੀਤ ਸਿੰਘ ਤੇ ਧੀਰਜ ਸਿੰਘ ਭਾਰਤੀ ਸੈਨਾ ਵਿੱਚ ਅਗਨੀਵੀਰ ਜਨਰਲ ਡਿਊਟੀ ਲਈ ਚੁਣੇ ਗਏ। ਇਹ ਜਾਣਕਾਰੀ ਦਿੰਦਿਆਂ ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਡਾ. ਨਿਰਲੇਪ ਕੌਰ ਨੇ ਦੱਸਿਆ ਕਿ ਕੈਡਿਟ ਕਮਲਪ੍ਰੀਤ ਸਿੰਘ ਸਿੱਖ ਰੈਜੀਮੈਂਟ ਤੇ ਕੈਡਿਟ ਧੀਰਜ ਕੁਮਾਰ ਗੜਵਾਲ ਰਾਈਫਲਜ਼ ਵਿੱਚ ਅਗਨੀਵੀਰ ਦੀ ਟ੍ਰੇਨਿੰਗ ਲਈ ਚੁਣੇ ਗਏ ਹਨ। 19 ਪੰਜਾਬ ਬਟਾਲੀਅਨ ਐੱਨ.ਸੀ.ਸੀ. ਯੂਨਿਟ ਲੁਧਿਆਣਾ ਦੇ ਕਮਾਂਡਿੰਗ ਅਫਸਰ ਕਰਨਲ ਪ੍ਰਵੀਨ ਧੀਮਾਨ ਤੇ ਐਡਮਿਨ ਅਫਸਰ ਸੂਬੇਦਾਰ ਮੇਜਰ ਜਸਵੀਰ ਸਿੰਘ ਨੇ ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਡਾ. ਨਿਰਲੇਪ ਕੌਰ ਤੇ ਏ.ਐੱਨ.ਓ. ਲੈਫਟੀਨੈਂਟ ਸ੍ਰ. ਸੰਦੀਪ ਸਿੰਘ ਹੁੰਦਲ ਨੂੰ ਕੈਡਿਟਾਂ ਨੂੰ ਅਗਨੀਵੀਰ ਬਣਨ ਲਈ ਉਤਸ਼ਾਹਤ ਕਰਨ ਲਈ ਮੁਬਾਰਕਬਾਦ ਦਿੱਤੀ। ਇਸ ਮੌਕੇ ਕਾਲਜ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ, ਮੈਂਬਰ ਸਾਹਿਬਾਨ ਤੇ ਕਾਰਜਕਾਰੀ ਪ੍ਰਿੰਸੀਪਲ ਡਾ. ਨਿਰਲੇਪ ਕੌਰ ਨੇ ਏ.ਐੱਨ.ਓ. ਲੈਫਟੀਨੈਂਟ ਸ੍ਰ. ਸੰਦੀਪ ਸਿੰਘ ਹੁੰਦਲ ਤੇ ਕੈਡਿਟਾਂ ਨੂੰ ਮੁਬਾਰਕਬਾਦ ਦਿੱਤੀ।

# ਨਵਜੰਮੇ ਬੱਚਿਆਂ 'ਚ ਜਮਾਂਦਰੂ ਨੁਕਸਾਂ ਬਾਰੇ ਜਾਣਕਾਰੀ ਦੇਣ ਲਈ ਜਾਗਰੂਕਤਾ ਕੈਂਪ



ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)-ਜ਼ਿਲ੍ਹਾ ਸਿਹਤ ਵਿਭਾਗ ਵੱਲੋਂ ਸਿਵਲ ਸਰਜਨ ਡਾ ਮਨਿੰਦਰਪਾਲ ਦੀ ਪ੍ਰਧਾਨਗੀ ਹੇਠ ਨਵਜੰਮੇ ਬੱਚਿਆਂ ਵਿੱਚ ਜਮਾਂਦਰੂ ਨੁਕਸਾਂ ਬਾਰੇ ਜਾਣਕਾਰੀ ਦੇਣ ਲਈ ਜੱਚਾ-ਬੱਚਾ ਓ ਪੀ ਡੀ ਵਿਖੇ ਜਾਗਰੂਕਤਾ ਕੈਂਪ ਲਾਇਆ ਗਿਆ। ਸਿਵਲ ਸਰਜਨ ਡਾ. ਮਨਿੰਦਰਪਾਲ ਨੇ ਹਾਜ਼ਰੀਨ ਨੂੰ ਸੰਬੋਧਨ ਹੁੰਦੇ ਦੱਸਿਆ ਕਿ ਵਿਭਾਗ ਵੱਲੋਂ ਰਾਸ਼ਟਰੀ ਬਾਲ ਸੁਰੱਖਿਆ ਪ੍ਰੋਗਰਾਮ ਤਹਿਤ ਘਰਾਂ ਤੇ ਸਰਕਾਰੀ ਹਸਪਤਾਲਾਂ ਵਿੱਚ ਜਨਮੇ, ਆਂਗਣਵਾੜੀ ਕੇਂਦਰਾਂ 'ਚ ਰਜਿਸਟਰਡ, ਸਰਕਾਰੀ ਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਦਾ ਮੋਬਾਇਲ ਹੈਲਥ ਟੀਮਾਂ ਦੁਆਰਾਂ ਮੁਆਇਨਾ ਕੀਤਾ ਜਾਂਦਾ ਹੈ ਤੇ ਨਿਰਧਾਰਤ 31 ਬਿਮਾਰੀਆਂ ਦਾ ਮੁਫ਼ਤ ਇਲਾਜ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਸਰਕਾਰੀ ਹਸਪਤਾਲ ਵਿਖੇ ਮਿਲਦੀਆ ਇਲਾਜ ਦੀਆਂ ਮੁਫ਼ਤ ਸੇਵਾਵਾਂ ਦਾ ਵੱਧ ਤੋਂ ਵੱਧ ਲਾਭ ਉਠਾਇਆ ਜਾਵੇ।ਬੱਚਿਆਂ ਵਿੱਚ ਜਨਮ ਸਮੇਂ ਜਮਾਂਦਰੂ ਨੁਕਸਾਂ ਦੀ ਪਛਾਣ ਜਲਦੀ ਜ਼ਰੂਰੀ ਹੈ ਤਾਂ ਜੁ ਬੱਚੇ ਤੰਦਰੁਸਤੀ ਲਈ ਛੇਤੀ ਇਲਾਜ ਸ਼ੁਰੂ ਕੀਤਾ ਜਾ ਸਕੇ।

ਇਸ ਮੌਕੇ ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਵਰਿੰਦਰ ਕੁਮਾਰ ਤੇ ਬੱਚਿਆਂ ਦੇ ਮਾਹਰ ਡਾ. ਸੰਦੀਪ ਗੋਇਲ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਮਾਰਚ ਦਾ ਮਹੀਨਾ ਨਵਜੰਮੇ ਬੱਚਿਆਂ ਦੇ 9 ਜਮਾਂਦਰੂ ਨੁਕਸਾਂ ਤੋਂ ਜਾਗਰੂਕ ਕਰਨ ਲਈ ਮਨਾਇਆ ਜਾ ਰਿਹਾ ਹੈ, ਜਿਸ ਤਹਿਤ ਜਣੇਪਾ ਸੰਸਥਾਵਾਂ, ਆਂਗਣਵਾੜੀ ਕੇਦਰਾਂ ਤੇ ਸਕੂਲਾਂ ਵਿੱਚ ਜਾਗਰੂਕਤਾ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ।

# ਮਾਤਾ ਸੁੰਦਰੀ ਇੰਸਟੀਚਿਊਸ਼ਨਜ਼ ਢੱਡੇ ਵਿਖੇ ਨੈਸ਼ਨਲ ਯੂਥ ਕਲਚਰਲ ਪ੍ਰੋਗਰਾਮ



ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਲੜਕੀਆਂ ਦੀ ਉੱਚ ਸਿੱਖਿਆ ਲਈ ਸਭ ਤੋਂ ਸੁਰੱਖਿਅਤ ਤੇ ਇਲਾਕੇ ਦੀ ਮਸ਼ਹੂਰ ਸੰਸਥਾ ਮਾਤਾ ਸੁੰਦਰੀ ਗਰੁੱਪ ਆਫ ਇੰਸਟੀਚਿਊਸ਼ਨਜ਼ ਢੱਡੇ ਵਿਖੇ ਰਾਸ਼ਟਰੀ ਪੱਧਰ ਦਾ ਨੈਸ਼ਨਲ ਯੂਥ ਕਲਚਰਲ ਪ੍ਰੋਗਰਾਮ ਕੀਤਾ ਗਿਆ, ਜਿਸ ਦਾ ਉਦਘਾਟਨ ਡਾ. ਅਮਨਦੀਪ ਕੌਰ ਵੈਟਰਨਰੀ ਅਫਸਰ ਵੱਲੋਂ ਕੀਤਾ ਗਿਆ। ਉਦਘਾਟਨੀ ਸਮਾਰੋਹ ਦੌਰਾਨ ਇਨ੍ਹਾਂ ਵੱਖ ਵੱਖ ਰਾਜਾਂ ਦੇ ਵਿਦਿਆਰਥੀਆਂ ਵੱਲੋਂ ਆਪਣੇ ਸੂਬੇ ਦੇ ਲੋਕ ਨਾਚ ਤੇ ਲੋਕ ਗੀਤ ਆਪਣੇ ਪਹਿਰਾਵੇ ਵਿੱਚ ਪੇਸ਼ ਕੀਤੇ ਗਏ, ਜਿਸ ਵਿੱਚ ਮਹਾਰਾਸ਼ਟਰ ਟੀਮ ਵੱਲੋਂ ਧਨਗੜ, ਲਵਾਨੀ, ਗੁਜਰਾਤ ਵੱਲੋਂ ਗੜਵਾ, ਪੰਜਾਬ ਵੱਲੋਂ ਲੰਮੀ ਹੇਕ ਵਾਲੇ ਗੀਤ, ਪੰਜਾਬੀ ਲੋਕ ਗੀਤ, ਗਿੱਧਾ ਤੇ ਭੰਗੜਾ ਪੇਸ਼ ਕੀਤੇ ਗਏ। ਚੇਅਰਮੈਨ ਕੁਲਵੰਤ ਸਿੰਘ ਸਿੱਧੂ, ਮੈਨੇਜਿੰਗ ਡਾਇਰੈਕਟਰ ਗੁਰਬਿੰਦਰ ਸਿੰਘ ਸਿੱਧੂ ਤੇ ਡਾਇਰੈਕਟਰ ਐਡਮਨਿਸਟਰੇਸ਼ਨ ਪਰਮਿੰਦਰ ਸਿੰਘ ਸਿੱਧੂ ਨੇ ਪਹੁੰਚੇ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ। ਸੰਸਥਾ ਦੇ ਪ੍ਰਿੰਸੀਪਲ ਪ੍ਰੋ. ਰਾਜ ਸਿੰਘ ਬਾਘਾ ਨੇ ਦੱਸਿਆ ਕਿ ਇਸ ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਨੂੰ ਦੂਸਰੇ ਸੂਬਿਆਂ ਦੇ ਸੱਭਿਆਚਾਰ, ਭਾਸ਼ਾ, ਰਹਿਣ ਸਹਿਣ, ਪਹਿਰਾਵਾ, ਲੋਕ ਨਾਚਾਂ, ਲੋਕ ਗੀਤਾਂ, ਲੋਕ ਸਾਜ਼ਾਂ ਬਾਰੇ ਜਾਣਕਾਰੀ ਹਾਸਲ ਕਰਨ ਦਾ ਮੌਕਾ ਮਿਲੇਗਾ। ਇਸ ਮੌਕੇ ਪਰਸ਼ੋਤਮ ਕੌਰ ਖਜ਼ਾਨਚੀ, ਸਿੰਬਲਜੀਤ ਕੌਰ ਡਾਇਰੈਕਟਰ, ਦੀ ਪੋਲਰ ਸਟਾਰ ਸਕੂਲ ਢੱਡੇ ਦੇ ਪ੍ਰਿੰਸੀਪਲ ਕੰਵਰਦੀਪ ਸਿੰਘ ਗਿੱਲ, ਕੰਪਿਊਟਰ ਵਿਭਾਗ ਮੁਖੀ ਪ੍ਰੋ. ਰਣਜੀਤ ਕੌਰ, ਪ੍ਰੋ. ਰਾਜਵਿੰਦਰ ਕੌਰ, ਪ੍ਰੋ. ਜਸਵਿੰਦਰ ਸਿੰਘ, ਪ੍ਰੋ. ਅੰਗਰੇਜ ਸਿੰਘ, ਪ੍ਰੋ. ਸੋਨਦੀਪ ਕੌਰ, ਪ੍ਰੋ. ਅਮਨਦੀਪ ਸ਼ਰਮਾ, ਪ੍ਰੋ. ਮਨਿੰਦਰਪ੍ਰੀਤ ਕੌਰ, ਪ੍ਰੋ. ਹਰਸ਼ ਰਾਣੀ, ਪ੍ਰੋ. ਵੀਰਪਾਲ ਕੌਰ, ਪ੍ਰੋ. ਰਾਜਵੀਰ ਕੌਰ, ਪ੍ਰੋ. ਜਗਜੀਤ ਸਿੰਘ, ਪ੍ਰੋ. ਸ਼ਾਮ ਲਾਲ, ਪ੍ਰੋ. ਰਵਿੰਦਰ ਕੁਮਾਰ, ਮਹਾਰਾਸ਼ਟਰ ਟੀਮ ਦੇ ਇੰਚਾਰਜ ਸਾਗਰ ਰੋਕੜੇ, ਗੁਜਰਾਤ ਟੀਮ ਦੇ ਇੰਚਾਰਜ ਨਿਤਿਨ ਰਾਵਤ ਅਤੇ ਮੱਧ ਪ੍ਰਦੇਸ਼ ਦੇ ਇੰਚਾਰਜ ਅੰਕਤ ਪਾਂਡੇ ਹਾਜ਼ਰ ਸਨ।

# ਵਾਤਾਵਰਣ ਸਾਫ਼ ਰੱਖਣ ਲਈ ਜਾਗਰੂਕਤਾ ਕੈਂਪ



ਮਲੋਟ (ਗੁਰਮੀਤ ਸਿੰਘ ਮੱਕੜ)-ਵਣ ਮੰਡਲ ਅਫ਼ਸਰ ਵਿਸਥਾਰ ਪਵਨ ਸ਼੍ਰੀਧਰ ਦੀ ਰਹਿਨੁਮਾਈ ਹੇਠ ਵਣ ਵਿਸਥਾਰ ਰੇਂਜ ਵੱਲੋਂ ਇਕਰੋਜ਼ਾ ਜਾਗਰੂਕਤਾ ਕੈਂਪ ਲਾਇਆ ਗਿਆ, ਜਿਸ ਵਿੱਚ ਸਰਕਾਰੀ ਹਾਈ ਸਕੂਲ ਦਾਨੇਵਾਲਾ ਤੇ ਸਰਕਾਰੀ ਮਿਡਲ ਸਕੂਲ ਰੱਥੜੀਆਂ ਦੇ ਬੱਚਿਆਂ ਦੇ ਚਿੱਤਰਕਲਾ ਮੁਕਾਬਲੇ, ਭਾਸ਼ਣ ਮੁਕਾਬਲੇ ਤੇ ਪ੍ਰਸ਼ਨੋਤਰੀ ਮੁਕਾਬਲੇ ਕਰਾਏ ਗਏ। ਕੈਂਪ ਵਿੱਚ ਬੱਚਿਆਂ ਨੂੰ ਪੌਦੇ ਲਾਉਣ ਸਬੰਧੀ ਪ੍ਰੈਕਟੀਕਲ ਜਾਣਕਾਰੀ ਦਿੱਤੀ ਗਈ। ਡਾ. ਸੁਨੀਲ ਬਾਂਸਲ, ਸੀਨੀਅਰ ਮੈਡੀਕਲ ਅਫ਼ਸਰ ਨੇ ਦੱਸਿਆ ਕਿ ਸਰਕਾਰੀ ਹਸਪਤਾਲ ਵਿੱਚ ਬੱਚਾ ਪੈਦਾ ਹੋਣ ਤੇ ਹਸਪਤਾਲ ਵੱਲੋਂ ਬੱਚਿਆਂ ਦੇ ਵਾਰਸਾਂ ਨੂੰ ਪੌਦਾ ਦੇ ਕੇ ਵਾਤਾਵਰਣ ਨੂੰ ਸਾਫ਼-ਸੁਥਰਾ ਰੱਖਣ ਤੇ ਕੁਦਰਤ ਨਾਲ ਜੋੜਨ ਦੀ ਮੁਹਿੰਮ ਚਲਾਈ ਗਈ ਹੈ। ਇਸ ਮੌਕੇ ਸ਼੍ਰੀ ਗੁਰਮੀਤ ਸਿੰਘ ਏ.ਐਸ.ਆਈ. ਨੇ ਟ੍ਰੈਫ਼ਿਕ ਨਿਯਮਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ, ਜਿਸ ਵਿੱਚ ਸ਼੍ਰੀ ਰਾਜਨ ਗੋਇਲ ਐਜੂਕੇਸ਼ਨ ਕੋਆਰਡੀਨੇਟਰ ਨੇ ਵਾਤਾਵਰਣ ਦੀ ਸਾਂਭ-ਸੰਭਾਲ ਤੇ ਵਿਸ਼ਵ ਜਲ ਦਿਵਸ ਬਾਰੇ ਜਾਣਕਾਰੀ ਦਿੱਤੀ। ਸ਼੍ਰੀ ਮਨਿੰਦਰਜੀਤ ਸਿੰਘ ਏ.ਡੀ.ਓ. ਖੇਤੀਬਾੜੀ ਵਿਭਾਗ ਨੇ ਪਰਾਲੀ ਨੂੰ ਅੱਗ ਨਾ ਲਾਉਣ ਤੇ ਇਸਦੇ ਪ੍ਰਬੰਧਨ ਬਾਰੇ ਜਾਣਕਾਰੀ ਦਿੱਤੀ ਅਤੇ ਖੇਤੀਬਾੜੀ ਕੋਰਸਾਂ ਬਾਰੇ ਦੱਸਿਆ। ਇਸ ਮੌਕੇ ਸ਼੍ਰੀਮਤੀ ਦੀਕਸ਼ਾ ਕਟਾਰੀਆ ਸਿੱਖਿਆ ਕੋਆਰਡੀਨੇਟਰ, ਸ਼੍ਰੀ ਰਵਿੰਦਰ ਕੁਮਾਰ ਇੰਚਾਰਜ ਸਰਕਾਰੀ ਹਾਈ ਸਕੂਲ ਦਾਨੇਵਾਲਾ, ਸ਼੍ਰੀ ਅਵਿਨਾਸ਼ ਕੁਮਾਰ ਤੇ ਸ਼੍ਰੀ ਗੁਰਜੰਗ ਸਿੰਘ ਵਣ ਰੇਂਜ ਅਫ਼ਸਰ ਵਿਸਥਾਰ ਬਠਿੰਡਾ ਨੇ ਵੀ ਵਿਚਾਰ ਰੱਖੇ। ਵਣ ਮੰਡਲ ਅਫਸਰ ਵਿਸਥਾਰ ਬਠਿੰਡਾ ਸ਼੍ਰੀ ਪਵਨ ਸ਼੍ਰੀਧਰ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਵਣ ਰੇਂਜ ਅਫ਼ਸਰ ਚਰਨਜੀਤ ਸਿੰਘ ਟੈਰੀਟੋਰੀਅਲ ਤੇ ਸਟਾਫ ਨੇ ਪੂਰਾ ਸਹਿਯੋਗ ਕੀਤਾ। ਸ਼੍ਰੀ ਮਨਪ੍ਰੀਤ ਸਿੰਘ ਵਣ ਰੇਂਜ ਅਫ਼ਸਰ ਨੇ ਸਟੇਜ ਸੈਕਟਰੀ ਦੀ ਭੂਮਿਕਾ ਨਿਭਾਈ।

## ਵਿਸ਼ਵ ਓਰਲ ਹੈਲਥ ਦਿਵਸ ਚੈੱਕਅੱਪ ਕਰਕੇ ਮਨਾਇਆ

ਮਾਨਸਾ (ਆਤਮਾ ਸਿੰਘ ਪਮਾਰ) ਸਿਹਤ ਵਿਭਾਗ ਵੱਲੋਂ ਵਿਸ਼ਵ ਓਪਲ ਸਿਹਤ ਦਿਵਸ ਜਾਗਰੂਕਤਾ 'ਤੇ ਚੈੱਕਅਪ ਕਰਕੇ ਮਨਾਇਆ ਜਾ ਰਿਹਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਿਵਲ ਸਰਜਨ ਡਾ. ਰਣਜੀਤ ਸਿੰਘ ਰਾਏ ਵੱਲੋਂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਵਿਸ਼ਵ ਓਰਲ ਹੈਲਥ ਦਿਵਸ ਸਬੰਧੀ ਸਿਵਲ ਹਸਪਤਾਲ ਮਾਨਸਾ ਦੰਦਾਂ ਦੀ ਮਾਹਿਰ ਡਾਕਟਰੀ ਟੀਮ ਵੱਲੋਂ ਚੈੱਕਅਪ ਕੀਤਾ ਜਾ ਰਿਹਾ ਤੇ ਜਾਗਰੂਕਤਾ ਗਤੀਵਿਧੀਆਂ ਕਰਕੇ ਲੋਕਾਂ ਨੂੰ ਦੰਦਾਂ ਦੀ ਸਾਂਭ-ਸੰਭਾਲ ਲਈ ਸੁਚੇਤ ਕੀਤਾ ਜਾ ਰਿਹਾ ਹੈ, ਕਿਉਂਕਿ ਸਿਹਤਮੰਦ ਜ਼ਿੰਦਗੀ ਲਈ ਮੂੰਹ ਦੀ ਤੰਦਰੁਸਤੀ ਅਤਿ ਜ਼ਰੂਰੀ ਹੈ। ਜ਼ਿਲ੍ਹਾ ਡੈਂਟਲ ਅਫ਼ਸਰ ਬਲਜਿੰਦਰ ਸਿੰਘ ਨੇ ਦੱਸਿਆ ਕਿ ਦੰਦਾਂ ਦੀ ਕਿਸੇ ਵੀ ਪ੍ਰਕਾਰ ਦੀ ਤਕਲੀਫ ਹੋਵੇ ਜਾਂ ਹਰ ਛੇ ਮਹੀਨੇ ਬਾਅਦ ਆਪਣਾ ਚੈੱਕਅਪ ਕਰਾਉਂਦੇ ਰਹਿਣਾ ਚਾਹੀਦਾ ਹੈ।

ਜ਼ਿਲ੍ਹਾ ਮਾਨਸਾ ਦੇ ਬਲਾਕ ਹਸਪਤਾਲ ਖਿਅਲਾ ਕਲਾਂ ਵਿਖੇ ਡਾ. ਹਰਮਨਦੀਪ ਸਿੰਘ, ਸੀ.ਐਚ.ਸੀ. ਭੀਖੀ ਡਾ. ਨਿਰਮਲ ਤੇ ਸੀ.ਐਚ.ਸੀ. ਬਰੇਟਾ ਡਾ. ਹਰਵਿੰਦਰ ਸਿੰਘ ਰੋਗਾਂ ਦੇ ਮਾਹਿਰ ਡਾਕਟਰਾਂ ਵਲੋਂ ਚੈੱਕਅਪ ਕੀਤਾ ਜਾ ਰਿਹਾ ਹੈ। ਉਪ ਸਮੂਹ ਮੀਡੀਆ ਤੇ ਸੂਚਨਾ ਅਫ਼ਸਰ ਦਰਸ਼ਨ ਸਿੰਘ ਧਾਲੀਵਾਲ ਨੇ ਦੱਸਿਆ ਕਿ ਦੰਦਾਂ ਦੀ ਤੰਦਰੁਸਤੀ ਲਈ ਤੰਬਾਕੂ ਪਦਾਰਥਾਂ ਦਾ ਸੇਵਨ ਨਹੀਂ ਕਰਨਾ ਚਾਹੀਦਾ, ਭੋਜਨ ਵਿੱਚ ਮਿੱਠੀਆਂ ਤੇ ਦੰਦਾਂ ਨੂੰ ਚਿਪਕਣ ਵਾਲੀਆਂ ਟਾਫੀ ਚਾਕਲੇਟ ਨਹੀਂ ਖਾਣੇ ਚਾਹੀਦੇ, ਸਖਤ ਖਾਣ ਵਾਲੀਆਂ ਚੀਜ਼ਾਂ ਦੰਦਾਂ ਨਾਲ ਨਹੀਂ ਤੋੜਨੀਆਂ ਚਾਹੀਦੀਆਂ। ਵਿਟਾਮਿਨ ਤੇ ਖਣਿਜ ਪਦਾਰਥਾਂ ਨਾਲ ਭਰਪੂਰ ਸੰਤੁਲਤ ਭੋਜਣ ਲੈਣਾ ਚਾਹੀਦਾ ਹੈ। ਇਸ ਮੌਕੇ ਸਿਹਤ ਵਿਭਾਗ ਦੇ ਅਧਿਕਾਰੀ, ਕ੍ਰਮਚਾਰੀ ਤੇ ਹੋਰ ਲੋਕ ਹਾਜ਼ਰ ਸਨ।

# ਇਨਕਲਾਬੀ ਵਿਦਿਆਰਥੀ ਲਹਿਰ ਦੀ ਮਜ਼ਬੂਤੀ ਦੇ ਅਹਿਦ ਨਾਲ 'ਆਇਸਾ' ਦਾ ਅਜਲਾਸ ਸੰਪੰਨ




ਮਾਨਸਾ (ਆਤਮਾ ਸਿੰਘ ਪਮਾਰ)-ਇਨਕਲਾਬੀ ਵਿਦਿਆਰਥੀ ਲਹਿਰ ਦੀ ਉਸਾਰੀ ਦੇ ਅਹਿਦ ਨਾਲ ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ (ਆਇਸਾ) ਦਾ ਜ਼ਿਲ੍ਹਾ ਅਜਲਾਸ 23 ਮਾਰਚ ਦੇ ਸ਼ਹੀਦਾਂ ਨੂੰ ਲਾਲ ਸਲਾਮ, ਵਿਦਿਆਰਥੀ ਲਹਿਰ ਦੇ ਸ਼ਹੀਦਾਂ ਨੂੰ ਲਾਲ ਸਲਾਮ ਦੇ ਨਾਅਰਿਆਂ ਨਾਲ ਸ਼ੁਰੂ ਹੋਇਆ। ਇਸ ਮੌਕੇ ਅਜਲਾਸ ਨੂੰ ਸੰਬੋਧਨ ਕਰਦਿਆਂ ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ (ਆਇਸਾ) ਪੰਜਾਬ ਦੇ ਸਾਬਕਾ ਸੂਬਾ ਪ੍ਰਧਾਨ ਨਿੱਕਾ ਸਿੰਘ ਸਮਾਓਂ ਨੇ ਨਵੀਂ ਸਿੱਖਿਆ ਨੀਤੀ ਨੂੰ ਰੱਦ ਕਰਵਾਉਣ ਲਈ ਵਿਆਪਕ ਲਾਮਬੰਦੀ ਦਾ ਸੱਦਾ ਦਿੱਤਾ। ਆਇਸਾ ਪੰਜਾਬ ਮਾਲਵਾ ਜ਼ੋਨ ਦੇ ਕਨਵੀਨਰ ਸੁਖਜੀਤ ਸਿੰਘ ਰਾਮਾਨੰਦੀ ਤੇ ਇਨਕਲਾਬੀ ਨੌਜਵਾਨ ਸਭਾ ਦੇ ਆਗੂ ਗਗਨਦੀਪ ਸਿਰਸੀਵਾਲਾ ਨੇ ਸਾਰਿਆਂ ਲਈ ਮੁਫ਼ਤ ਸਿੱਖਿਆ ਤੇ ਰੁਜ਼ਗਾਰ ਗਾਰੰਟੀ ਐਕਟ ਬਣਾਏ ਜਾਣ ਅਤੇ ਵਿਦਿਆਰਥੀ ਬੱਸ ਪਾਸ ਸਾਰੀਆਂ ਸਰਕਾਰੀ ਤੇ ਗੈਰ-ਸਰਕਾਰੀ ਬੱਸਾਂ 'ਤੇ ਲਾਗੂ ਕਰਵਾਏ ਜਾਣ ਲਈ ਪੰਜਾਬ ਵਿਧਾਨ ਸਭਾ ਵਿੱਚ ਮਤਾ ਪਾਸ ਕਰਵਾਏ ਜਾਣ ਆਦਿ ਸੁਆਲਾਂ 'ਤੇ ਵਿਆਪਕ ਲਾਮਬੰਦੀ ਕਰਦੇ ਹੋਏ ਮੁਹਿੰਮ ਚਲਾਏ ਜਾਣ ਦੀ ਅਪੀਲ ਕੀਤੀ। ਇਸ ਮੌਕੇ ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ (ਆਇਸਾ) ਦੇ ਆਗੂ ਅਮਰ ਡਸਕਾ ਨੇ ਜ਼ਿਲ੍ਹਾ ਜਥੇਬੰਦਕ ਰਿਪੋਰਟ ਪੇਸ਼ ਕੀਤੀ, ਜਿਸ 'ਤੇ ਹਾਜ਼ਰ ਡੈਲੀਗੇਟਾਂ ਨੇ ਵਿਚਾਰ ਚਰਚਾ ਕੀਤੀ। ਇਸ ਮੌਕੇ ਆਇਸਾ ਦੇ ਮਾਲਵਾ ਜ਼ੋਨ ਦੇ ਕਨਵੀਨਰ ਸੁਖਜੀਤ ਸਿੰਘ ਰਾਮਾਨੰਦੀ ਨੇ ਨਵੀਂ ਜ਼ਿਲ੍ਹਾ ਕਮੇਟੀ ਦਾ ਪੈਨਲ ਪੇਸ਼ ਕੀਤਾ, ਜਿਸ ਨੂੰ ਹਾਊਸ ਵੱਲੋਂ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ। ਇਸ ਦੌਰਾਨ ਨਵੀਂ ਚੁਣੀ ਜ਼ਿਲ੍ਹਾ ਕਮੇਟੀ ਨੇ ਅਹੁਦੇਦਾਰਾਂ ਦੀ ਚੋਣ ਕਰਕੇ ਕੁਲਵੰਤ ਸਿੰਘ ਖੋਖਰ ਨੂੰ ਜ਼ਿਲ੍ਹਾ ਪ੍ਰਧਾਨ, ਰਾਜਦੀਪ ਸਿੰਘ ਗੇਹਲੇ ਨੂੰ ਜ਼ਿਲ੍ਹਾ ਸਕੱਤਰ, ਅਮਰ ਸਿੰਘ ਡਸਕਾ ਨੂੰ ਜ਼ਿਲ੍ਹਾ ਮੀਤ ਪ੍ਰਧਾਨ ਜਸਪ੍ਰੀਤ ਕੌਰ ਮੌੜ ਨੂੰ ਸਹਾਇਕ ਸਕੱਤਰ, ਰਵਲੀਨ ਕੌਰ ਡੇਲੂਆਣਾ ਨੂੰ ਪ੍ਰੈੱਸ ਸਕੱਤਰ, ਅਮਨਦੀਪ ਸਿੰਘ ਰਾਮਪੁਰ ਮੰਡੇਰ ਨੂੰ ਸੋਸ਼ਲ ਮੀਡੀਆ ਪ੍ਰਚਾਰ ਸਕੱਤਰ, ਗਗਨਦੀਪ ਕੌਰ ਮਾਨਸਾ ਨੂੰ ਖਜ਼ਾਨਚੀ, ਗੁਰਪ੍ਰੀਤ ਸਿੰਘ ਢਿੱਲਵਾਂ ਨੂੰ ਪ੍ਰਚਾਰ ਸਕੱਤਰ, ਗੁਰਪ੍ਰੀਤ ਸਿੰਘ ਨੂੰ ਸਹਾਇਕ ਪ੍ਰੈੱਸ ਸਕੱਤਰ ਚੁਣਿਆ ਗਿਆ। ਸਟੇਜ ਸਕੱਤਰ ਦੀ ਭੂਮਿਕਾ ਰਾਜਦੀਪ ਸਿੰਘ ਗੇਹਲੇ ਨੇ ਬਾਖੂਬੀ ਨਿਭਾਈ। ਇਸ ਮੌਕੇ ਅਰਸ਼ਦੀਪ ਸਿੰਘ ਖੋਖਰ ਕਲਾਂ, ਅਮਨਦੀਪ ਕੌਰ, ਹਰਮਨਦੀਪ ਕੌਰ, ਦੀਆ, ਸਤਨਾਮ ਸਿੰਘ ਗੰਢੂ ਖੁਰਦ, ਹਰਪ੍ਰੀਤ ਕੌਰ ਰਾਮਪੁਰ ਮੰਡੇਰ ਆਦਿ ਜ਼ਿਲ੍ਹਾ ਕਮੇਟੀ ਮੈਂਬਰ ਹਾਜ਼ਰ ਸਨ।

## ਕ੍ਰਾਈਮ ਬ੍ਰਾਂਚ ਵੱਲੋਂ 3 ਅੰਤਰਰਾਜੀ ਸਾਈਬਰ ਕ੍ਰਾਈਮ ਗਰੋਹ ਦੇ ਸਰਗਨਾ ਗ੍ਰਿਫ਼ਤਾਰ

ਸਿਰਸਾ (ਸੁਰਿੰਦਰਪਾਲ ਸਿੰਘ) ਸਾਈਬਰ ਕ੍ਰਾਈਮ ਬ੍ਰਾਂਚ ਪੁਲਸ ਨੇ ਇੱਕ ਅੰਤਰਰਾਜੀ ਸਾਈਬਰ ਕ੍ਰਾਈਮ ਗਿਰੋਹ ਦੇ 3 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ।ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਨੇ ਸਿਰਸਾ ਇਲਾਕੇ ਦੇ 50 ਲੋਕਾਂ ਤੋਂ ਕ੍ਰਿਪਟੋ ਕਰੰਸੀ ਦੀ ਜਾਅਲੀ ਵੈੱਬਸਾਈਟ ਬਣਾ ਕੇ ਤੇ ਆਪਣਾ ਕ੍ਰਿਪਟੋ ਸਿੱਕਾ ਬਣਾ ਕੇ ਮੋਟਾ ਮੁਨਾਫਾ ਕਮਾਉਣ ਦਾ ਝਾਂਸਾ ਦੇ ਕੇ ਕਰੀਬ 54 ਲੱਖ ਰੁਪਏ ਦੀ ਠੱਗੀ ਮਾਰੀ ਸੀ।ਤਿੰਨਾਂ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕਰ ਕੇ 4 ਦਿਨਾਂ ਦੇ ਪੁਲੀਸ ਰਿਮਾਂਡ 'ਤੇ ਲਿਆ ਗਿਆ ਹੈ।ਇਹ ਤਿੰਨੋਂ ਹਿਮਾਚਲ ਪ੍ਰਦੇਸ਼ ਦੇ ਰਹਿਣ ਵਾਲੇ ਹਨ।ਥਾਣਾ ਸਦਰ ਦੇ ਇੰਚਾਰਜ ਇੰਸਪੈਕਟਰ ਜਸਵੀਰ ਸਿੰਘ ਦਾ ਕਹਿਣਾ ਹੈ ਕਿ ਫੜੇ ਗਏ ਤਿੰਨਾਂ ਮੁਲਜ਼ਮਾਂ ਖ਼ਿਲਾਫ਼ ਹਿਮਾਚਲ ਦੇ ਪਾਲਮਪੁਰ ਅਤੇ ਪੰਜਾਬ ਦੇ ਡੇਰਾਬਸੀ ਥਾਣਿਆਂ ਵਿੱਚ ਵੀ ਸਾਈਬਰ ਧੋਖਾਧੜੀ ਦੇ ਕੇਸ ਦਰਜ ਹਨ।ਦੱਸ ਦੇਈਏ ਕਿ ਸਿਰਸਾ ਨਿਵਾਸੀ ਸਵਪਨਦੀਪ ਸਿੰਘ ਤੋਂ 7 ਲੱਖ 75 ਹਜ਼ਾਰ ਰੁਪਏ ਦੀ ਧੋਖਾਧੜੀ ਦਾ ਮਾਮਲਾ 20 ਸਤੰਬਰ 2023 ਨੂੰ ਸਾਈਬਰ ਕ੍ਰਾਈਮ ਥਾਣਾ ਸਿਰਸਾ ਚ ਦਰਜ ਕੀਤਾ ਗਿਆ ਸੀ।ਸਾਈਬਰ ਕ੍ਰਾਈਮ ਸਟੇਸ਼ਨ ਦੇ ਇੰਚਾਰਜ ਇੰਸਪੈਕਟਰ ਜਸਵੀਰ ਸਿੰਘ ਦਾ ਕਹਿਣਾ ਹੈ ਕਿ ਫੜੇ ਗਏ ਦੋਸ਼ੀ ਨਕਲੀ ਕ੍ਰਿਪਟੋ ਕਰੰਸੀ ਸਿੱਕਿਆਂ ਦੀਆਂ ਜਾਅਲੀ ਵੈੱਬਸਾਈਟਾਂ ਬਣਾ ਕੇ ਆਮ ਲੋਕਾਂ ਨਾਲ ਠੱਗੀ ਮਾਰਦੇ ਸਨ ਤੇ ਮੋਟਾ ਮੁਨਾਫਾ ਕਮਾਉਣ ਦੇ ਬਹਾਨੇ ਉਨ੍ਹਾਂ ਦਾ ਪੈਸਾ ਨਿਵੇਸ਼ ਕਰਦੇ ਸਨ।ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਰਿਮਾਂਡ ਦੌਰਾਨ ਮੁਲਜ਼ਮਾਂ ਕੋਲੋਂ ਬਾਰੀਕੀ ਨਾਲ ਪੁੱਛਗਿੱਛ ਕੀਤੀ ਜਾਵੇਗੀ।

# ਅਮਰਜੀਤ ਪ੍ਰਦੇਸੀ ਨੂੰ ਮਜ਼ਦੂਰ ਕਿਸਾਨ ਤੇ ਜਮਹੂਰੀ ਜਥੇਬੰਦੀਆਂ ਵੱਲੋਂ ਸ਼ਰਧਾਂਜਲੀਆਂ



ਜਗਰਾਉਂ (ਅਮਿਤ ਖੰਨਾ)- ਪੰਜਾਬ ਦੇ ਇਨਕਲਾਬੀ ਸੰਘਰਸ਼ਾਂ ਤੇ ਗੂੰਜਦੀ ਉੱਚੀ ਹੇਕ, ਮਜ਼ਦੂਰਾਂ ਕਿਸਾਨਾਂ ਕਿਰਤੀਆਂ ਦੇ ਦਰਦਾਂ ਨੂੰ ਸ਼ਬਦਾਂ ਤੇ ਸੁਰਾਂ 'ਚ ਢਾਲਦੀ, ਦਿੱਲੀ ਦੀ ਹਕੂਮਤ ਨੂੰ ਲਲਕਾਰਦੀ, ਹਰ ਜਬਰ ਤਸ਼ੱਦਦ ਤੇ ਧੱਕੇ ਖਿਲਾਫ਼ ਇਨਸਾਫ਼ ਦੀ ਲੜਾਈ ਨੂੰ ਤਿੱਖਾ ਕਰਦੀ ਹਰਮਨਪਿਆਰੀ ਕਵੀਸ਼ਰੀ ਦਾ ਮਾਲਕ ਅਮਰਜੀਤ ਪ੍ਰਦੇਸੀ ਪਿੰਡ ਰਸੂਲਪੁਰ ਮੱਲਾ ਵਿਖੇ ਪਿਛਲੇ ਦਿਨੀਂ ਵਿਛੋੜਾ ਦੇ ਗਿਆ। ਨੌਜਵਾਨ ਭਾਰਤ ਸਭਾ, ਬਿਜਲੀ ਕਰਮੀਆਂ ਦੀ ਜਥੇਬੰਦੀ ਟੈਕਨੀਕਲ ਸਰਵਿਸ ਯੂਨੀਅਨ 'ਚ ਮੋਹਰੀ ਸਫ਼ਾਂ 'ਚ ਚਾਰ ਦਹਾਕੇ ਲੰਮਾਂ ਸਮਾਂ ਆਗੂ ਰੋਲ ਨਿਭਾਉਂਦੇ ਰਹੇ ਅਮਰਜੀਤ ਦੀ ਅਗਵਾਈ 'ਚ ਉਸਰਿਆ ਕਵੀਸ਼ਰੀ ਜੱਥਾ ਪੰਜਾਬ ਦੀਆਂ ਸੈਂਕੜੇ ਸਟੇਜਾਂ ਦਾ ਸ਼ਿੰਗਾਰ ਬਣਿਆ।

ਪੰਜਾਬ ਦੀ ਸਮੁੱਚੀ ਇਨਕਲਾਬੀ ਲਹਿਰ ਦੇ ਪ੍ਰਵਾਨਤ ਗੀਤਕਾਰ ਕਵੀਸ਼ਰ ਨੇ ਖੁਦ ਵੀ ਦਰਜਨਾਂ ਗੀਤ ਤੇ ਕਵੀਸ਼ਰੀਆਂ ਲਿਖੀਆਂ। ਇਨਕਲਾਬੀ ਕੇਂਦਰ ਪੰਜਾਬ ਨਾਲ ਜੁੜੇ ਰਹੇ ਅਮਰਜੀਤ ਪ੍ਰਦੇਸੀ ਦਾ ਪੂਰਾ ਪਰਵਾਰ ਹੀ ਇਨਕਲਾਬੀ ਲਹਿਰ ਦਾ ਸਰਗਰਮ ਸਮਰਥਕ ਹੈ। ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਅਵਤਾਰ ਸਿੰਘ ਰਸੂਲਪੁਰ ਦੇ ਵੱਡੇ ਭਰਾ ਅਮਰਜੀਤ ਪ੍ਰਦੇਸੀ ਦੀ ਦੇਹ 'ਤੇ ਵੱਖ-ਵੱਖ ਮਜ਼ਦੂਰ, ਕਿਸਾਨ ਅਤੇ ਜਮਹੂਰੀ ਜਥੇਬੰਦੀਆਂ ਵੱਲੋਂ ਵਿਛੜੇ ਸਾਥੀ ਦੀ ਦੇਹ 'ਤੇ ਜਥੇਬੰਦੀਆਂ ਦੇ ਝੰਡੇ ਅਰਪਿਤ ਕੀਤੇ ਗਏ।

## ਸਬ ਡਵੀਜ਼ਨ ਦੇ ਮੁਲਾਜ਼ਮਾਂ ਅਖੰਡ ਪਾਠ ਕਰਾਇਆ



ਮੱਖੂ (ਰਛਪਾਲ ਸਿੰਘ ਸੰਧੂ) : ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ ਸਬ ਡਵੀਜ਼ਨ ਤੇ ਗਰਿਡ ਮਖੂ ਦੇ ਸਮੂਹ ਮੁਲਾਜ਼ਮਾਂ ਵੱਲੋਂ ਸਬ ਡਵੀਜ਼ਨ ਮਖੂ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸ੍ਰੀ ਅਖੰਡ ਪਾਠ ਸਾਹਿਬ ਕਰਵਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਸੰਪੂਰਨ ਉਪਰੰਤ ਗੁਰੂ ਘਰ ਦੇ ਵਜ਼ੀਰ ਭਾਈ ਸੁਖਵੰਤ ਸਿੰਘ ਵੱਲੋਂ ਅੰਮ੍ਰਿਤਮਈ ਸ਼ਬਦ ਕੀਰਤਨ ਕੀਤਾ ਗਿਆ। ਸਮੂਹ ਸੰਗਤ ਨੂੰ ਗੁਰੂਘਰ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਤੇ ਸਰਬੱਤ ਦੇ ਭਲੇ ਲਈ ਅਰਦਾਸ ਬੇਨਤੀ ਕੀਤੀ ਗਈ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਸੰਪੂਰਨ ਮੌਕੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਅਧਿਕਾਰੀਆਂ ਸਬ ਡਵੀਜ਼ਨ ਮਖੂ ਦੇ ਸਮੂਹ ਅਧਿਕਾਰੀ, ਮੁਲਾਜ਼ਮਾਂ ਤੇ ਇਲਾਕੇ ਦੇ ਪਤਵੰਤੇ ਸੱਜਣਾਂ ਤੇ ਖਪਤਕਾਰਾਂ ਨੇ ਹਾਜ਼ਰੀ ਭਰੀ।

# ਮਾਤਾ ਸਾਹਿਬ ਕੌਰ ਖਾਲਸਾ ਕਾਲਜ ਵਿਖੇ ਵਾਤਾਵਰਣ ਹਫਤਾ ਮਨਾਇਆ



ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਵਾਲੀ ਤੇ ਪ੍ਰਿੰਸੀਪਲ ਡਾ. ਗੋਬਿੰਦ ਸਿੰਘ ਦੀ ਅਗਵਾਈ ਹੇਠ ਚੱਲ ਰਹੀ ਇਸ ਇਲਾਕੇ ਦੀ ਨਾਮਵਰ ਸੰਸਥਾ ਮਾਤਾ ਸਾਹਿਬ ਕੌਰ ਖਾਲਸਾ ਕਾਲਜ ਤਲਵੰਡੀ ਭਾਈ ਵਿਖੇ ਵਾਤਾਵਰਣ ਹਫਤਾ ਮਨਾਇਆ ਗਿਆ।ਇਸ ਦੀ ਜਾਣਕਾਰੀ ਸਾਂਝੀ ਕਰਦਿਆਂ ਪ੍ਰਿੰਸੀਪਲ ਡਾ. ਗੋਬਿੰਦ ਸਿੰਘ ਨੇ ਦੱਸਿਆ ਕਿ ਐੱਨ ਐੱਸ ਐੱਸ ਵਿਭਾਗ ਦੇ ਸਹਿਯੋਗ ਨਾਲ ਇਹ ਗਤੀਵਿਧੀ ਕਰਵਾਈ ਗਈ, ਜਿਸ ਵਿੱਚ ਲਗਭਗ 70 ਦੇ ਕਰੀਬ ਵਿਦਿਆਰਥੀਆਂ ਨੇ ਹਿੱਸਾ ਲਿਆ ਤੇ ਲਗਭਗ 100 ਦੇ ਕਰੀਬ ਫਲਦਾਰ/ਛਾਂ-ਦਾਰ ਤੇ ਸਜਾਵਟੀ ਬੂਟੇ ਲਗਾਏ ਗਏ।ਇਸ ਗਤੀਵਿਧੀ ਲਈ ਸੰਸਥਾ ਦੇ ਆਰਟਸ, ਕਾਮਰਸ ਤੇ ਸਾਇੰਸ ਵਿਭਾਗ ਦੇ ਵਿਦਿਆਰਥੀਆਂ ਦੇ ਨਾਲ-ਨਾਲ ਅਧਿਆਪਕਾਂ ਨੇ ਵੀ ਵੱਧ-ਚੜ੍ਹ ਕੇ ਹਿੱਸਾ ਲਿਆ।ਇਸ ਮੌਕੇ ਜਥੇ. ਸਤਪਾਲ ਸਿੰਘ ਤਲਵੰਡੀ ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬੂਟਾ ਲਗਾ ਕੇ ਇਸ ਦੀ ਸ਼ੁਰੂਆਤ ਕੀਤੀ ਤੇ ਵਿਦਿਆਰਥੀਆਂ ਨੂੰ ਇਸ ਸ਼ਲਾਘਾਯੋਗ ਕਾਰਜ ਲਈ ਆਸ਼ੀਰਵਾਦ ਦਿੱਤਾ।ਪ੍ਰਿੰਸੀਪਲ ਨੇ ਦੱਸਿਆ ਕਿ ਵਰਤਮਾਨ ਸਮੇਂ ਵਾਤਾਵਰਣ ਦੀ ਦੇਖ-ਭਾਲ ਤੇ ਸੰਭਾਲ ਦੀ ਸਖਤ ਜ਼ਰੂਰਤ ਹੈ।ਇਸ ਲਈ ਜਿੱਥੇ ਸਾਨੂੰ ਯਤਨ ਕਰਨੇ ਚਾਹੀਦੇ ਹਨ, ਉੱਥੇ ਵਿਦਿਆਰਥੀਆਂ ਨੂੰ ਜਾਗਰੂਕ ਵੀ ਕਰਨ ਦੀ ਲੋੜ ਹੈ ਤਾਂ ਜੋ ਉਹ ਸੁਸਾਇਟੀ ਵਿੱਚ ਜਾ ਕੇ ਅਜਿਹੀਆਂ ਸਮਾਜ ਸੇਵੀ ਤੇ ਵਾਤਾਵਰਣ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਣ ਅਤੇ ਨਾਲ ਹੀ ਸਮਾਜ ਦੀ ਵੀ ਯੋਗ ਅਗਵਾਈ ਕਰ ਸਕਣ।ਇਸ ਮੌਕੇ ਪ੍ਰੋ. ਰਾਜਵਿੰਦਰ ਕੌਰ, ਪ੍ਰੋ. ਰੋਹਿਨੀ ਗੁਪਤਾ, ਪ੍ਰੋ. ਰਮਨਦੀਪ ਕੌਰ, ਪ੍ਰੋ. ਗੁਰਪ੍ਰੀਤ ਸਿੰਘ, ਪ੍ਰੋ. ਦਵਿੰਦਰ ਕੌਰ, ਪ੍ਰੋ. ਤਨਵਿੰਦਰ ਕੌਰ, ਪ੍ਰੋ. ਗੁਰਪ੍ਰੀਤ ਕੌਰ, ਪ੍ਰੋ. ਰੁਪਿੰਦਰ ਸਿੰਘ, ਪ੍ਰੋ. ਨਵਦੀਪ ਕੌਰ, ਪ੍ਰੋ. ਗੁਰਮਨਬੀਰ ਕੌਰ, ਗੁਰਵਿੰਦਰ ਕੌਰ, ਜਸਪ੍ਰੀਤ ਕੌਰ ਤੇ ਅਮਨਦੀਪ ਸਿੰਘ ਆਦਿ ਸਟਾਫ ਮੈਂਬਰ ਹਾਜ਼ਰ ਸਨ।ਜਥੇ. ਸਤਪਾਲ ਸਿੰਘ ਤਲਵੰਡੀ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਮੂਹ ਸਟਾਫ ਨੂੰ ਇਸ ਕਾਰਜ ਲਈ ਵਧਾਈ ਦਿੱਤੀ।

# ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਵਾਲੇ ਭਾਰਤ ਨੂੰ ਬਚਾਉਣ ਲਈ ਮੋਦੀ ਸਰਕਾਰ ਨੂੰ ਬੇਦਖਲ ਕਰੋ : ਸੀ ਪੀ ਆਈ

## ਸੰਵਿਧਾਨ ਨੂੰ ਬਚਾਉਣ ਲਈ ਆਰ ਐੱਸ ਐੱਸ ਦੀ ਫਿਰਕਾਪ੍ਰਸਤ ਤੇ ਫੁੱਟਪਾਊ ਵਿਚਾਰਧਾਰਾ ਨੂੰ ਹਰਾਉਣਾ ਜ਼ਰੂਰੀ



**ਲੁਧਿਆਣਾ** (ਐੱਮ. ਐੱਸ. ਭਾਟੀਆ)-ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਲੁਧਿਆਣਾ ਵੱਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਰੇਲਵੇ ਸਟੇਸ਼ਨ ਲੁਧਿਆਣਾ ਤੋਂ ਜਗਰਾਉਂ ਪੁਲ ਤੱਕ ਰੈਲੀ ਤੇ ਪ੍ਰਦਰਸ਼ਨ ਕੀਤਾ ਗਿਆ। ਕਾਰਕੁਨਾਂ ਨੇ ਸ਼ਹੀਦਾਂ ਦੇ ਬੁੱਤ 'ਤੇ ਹਾਰ ਪਾ ਕੇ ਉਨ੍ਹਾਂ ਦੇ ਆਦਰਸ਼ਾਂ ਮੁਤਾਬਿਕ ਦੇਸ਼ ਨੂੰ ਅੱਗੇ ਲੈ ਕੇ ਜਾਣ ਦਾ ਪ੍ਰਣ ਲਿਆ। ਸ਼ਹੀਦਾਂ ਨੇ ਸਮਾਜਿਕ-ਆਰਥਿਕ ਨਿਆਂ, ਸਮਾਨਤਾਵਾਦ ਤੇ ਤਰਕਸ਼ੀਲਤਾ 'ਤੇ ਅਧਾਰਤ ਧਰਮ ਨਿਰਪੱਖ ਲੋਕਤੰਤਰੀ ਭਾਰਤ ਲਈ ਆਪਣੀਆਂ ਜਾਨਾਂ ਨਿਛਾਵਰ ਕਰ ਦਿੱਤੀਆਂ ਸੀ। ਉਨ੍ਹਾਂ ਦੇ 1950 ਵਿੱਚ ਤਿਆਰ ਕੀਤੇ ਗਏ ਵਿਚਾਰ ਸਾਡੇ ਸੰਵਿਧਾਨ ਦਾ ਆਧਾਰ ਬਣੇ। ਜਦੋਂ ਲੋਕ ਸੰਘਰਸ਼ ਕਰ ਰਹੇ ਸਨ ਤੇ ਆਪਣੀਆਂ ਜਾਨਾਂ ਵਾਰ ਰਹੇ ਸਨ, ਤਾਂ ਆਰ. ਐੱਸ. ਐੱਸ. ਤੇ ਇਸ ਦੀਆਂ ਸ਼ਾਖਾਵਾਂ ਨੇ ਬ੍ਰਿਟਿਸ਼ ਸਾਮਰਾਜਵਾਦ ਦਾ ਸਾਥ ਦਿੱਤਾ। ਉਨ੍ਹਾਂ ਦੇ ਵਿਚਾਰਧਾਰਕ ਗੋਲਵਰਕਰ ਤੇ ਹੋਰਾਂ ਨੇ ਕ੍ਰਾਂਤੀਕਾਰੀਆਂ ਨੂੰ ਗਲਤ ਰਸਤੇ 'ਤੇ ਚੱਲਣ ਵਾਲੇ ਨੌਜਵਾਨ ਕਰਾਰ ਦਿੱਤਾ। ਗੋਲਵਲਕਰ ਦੇ ਫਲਸਫੇ ਅਨੁਸਾਰ 'ਭਗਤ ਸਿੰਘ ਤੇ ਉਸ ਦੇ ਸਾਥੀ ਆਪਣੇ ਟੀਚੇ ਨੂੰ ਪ੍ਰਾਪਤ ਕਰਨ ਵਿੱਚ ਸਫਲ ਨਹੀਂ ਹੋਏ, ਇਸ ਲਈ ਉਹ ਕਿਸੇ ਸਨਮਾਨ ਦੇ ਹੱਕਦਾਰ ਨਹੀਂ'। ਦੇਸ਼ ਤੇ ਸਮਾਜ ਨੂੰ ਫਿਰਕੂ ਲੀਹਾਂ ਉੱਪਰ ਵੰਡਣ 'ਤੇ ਤੁਲੀ ਹੋਈ ਭਾਜਪਾ ਦੇ ਸੱਤਾ 'ਚ ਆਉਣ ਤੋਂ ਬਾਅਦ, ਅੱਜ ਦੇਸ਼ ਸਮਾਜਿਕ ਏਕਤਾ ਦੇ ਗੰਭੀਰ ਸੰਕਟ 'ਚੋਂ ਲੰਘ ਰਿਹਾ ਹੈ। ਇਸ ਵੇਲੇ ਸਾਨੂੰ ਭਗਤ ਸਿੰਘ ਦੇ ਵਿਚਾਰਾਂ ਤੋਂ ਸਿੱਖਣ ਦੀ ਬਹੁਤ ਲੋੜ ਹੈ। ਡੀ ਪੀ ਮੌੜ ਜ਼ਿਲ੍ਹਾ ਸਕੱਤਰ ਨੇ ਕਿਹਾ ਕਿ ਆਰਥਿਕ ਸਥਿਤੀ ਬਹੁਤ ਗੰਭੀਰ ਹੈ। ਬੇਰੁਜ਼ਗਾਰੀ ਵਧ ਰਹੀ ਹੈ, ਮਹਿੰਗਾਈ ਵਧ ਰਹੀ ਹੈ, ਜਿਸ ਕਾਰਨ ਆਮ ਲੋਕ ਬੁਨਿਆਦੀ ਸਹੂਲਤਾਂ ਤੋਂ ਵਾਂਝੇ ਹਨ। ਮਿਆਰੀ ਸਿਹਤ ਸੰਭਾਲ ਤੇ ਸਿੱਖਿਆ ਮੱਧ ਵਰਗ ਦੀ ਪਹੁੰਚ ਤੋਂ ਵੀ ਬਾਹਰ ਹੁੰਦੀ ਜਾ ਰਹੀ ਹੈ। ਸਾਰੀਆਂ ਨੀਤੀਆਂ ਕਾਰਪੋਰੇਟ ਦੀ ਸੇਵਾ ਕਰਨ ਲਈ ਹਨ। ਕਾਰਪੋਰੇਟਾਂ ਤੇ ਆਮਦਨ ਕਰ 30% ਤੋਂ ਘਟਾ ਕੇ 15% ਕਰਨ, ਜਾਇਦਾਦ ਟੈਕਸ ਹਟਾਉਣ ਤੇ 25 ਲੱਖ ਕਰੋੜ ਰੁਪਏ ਦੇ ਕਰਜ਼ੇ ਮੁਆਫ ਕਰਨ ਦਾ ਲਾਭ ਦਿੱਤਾ ਗਿਆ ਹੈ, ਪਰ ਆਮ ਆਦਮੀ, ਕਿਸਾਨ, ਮਜ਼ਦੂਰ, ਮੁਲਾਜ਼ਮ, ਵਿਦਿਆਰਥੀ ਅੱਜ ਸੰਘਰਸ਼ ਕਰ ਰਹੇ ਹਨ। ਮੀਡੀਆ ਵਿੱਚ ਇਨ੍ਹਾਂ ਅੰਦੋਲਨਾਂ ਨੂੰ ਪੂਰੀ ਤਰ੍ਹਾਂ ਨਜ਼ਰ ਅੰਦਾਜ਼ ਕੀਤਾ ਜਾ ਰਿਹਾ ਹੈ ਤਾਂ ਜੋ ਇਹ ਪ੍ਰਭਾਵ ਜਾਏ ਕਿ ਲੋਕ ਭਾਜਪਾ ਸਰਕਾਰ ਦੇ ਨਾਲ ਖੜੇ ਹਨ। ਇਸ ਦੇ ਉਲਟ ਮੋਦੀ ਦੀ ਅਗਵਾਈ ਵਾਲੀ ਭਾਜਪਾ ਹੁਣ ਇੰਡੀਆ ਦੇ ਪਲੇਟਫਾਰਮ 'ਤੇ ਵਿਰੋਧੀ ਧਿਰ ਦੇ ਇਕਜੁੱਟ ਹੋਣ ਤੋਂ ਬਾਅਦ ਬੁਖਲਾਈ ਹੋਈ ਹੈ। ਇਸ ਲਈ ਉਹ ਈ ਡੀ ਤੇ ਸੀ ਬੀ ਆਈ ਵਰਗੀ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕਰਦੇ ਹੋਏ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ 'ਤੇ ਜਬਰ ਕਰ ਰਹੇ ਹਨ, ਪਰ ਉਨ੍ਹਾਂ ਦਾ ਭ੍ਰਿਸ਼ਟਾਚਾਰ ਬੇਨਕਾਬ ਹੋ ਗਿਆ ਹੈ। ਚੋਣ ਬਾਂਡ 'ਤੇ ਸੁਪਰੀਮ ਕੋਰਟ ਦੇ ਆਦੇਸ਼ ਨੇ ਸਾਬਿਤ ਕਰ ਦਿੱਤਾ ਹੈ ਕਿ ਇਹ ਹੁਣ ਤੱਕ ਦੀ ਸਭ ਤੋਂ ਭ੍ਰਿਸ਼ਟ ਸਰਕਾਰ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਲੋਕਤੰਤਰ ਨੂੰ ਬਚਾਉਣ ਲਈ ਇਸ ਸਰਕਾਰ ਨੂੰ ਬੇਦਖਲ ਕੀਤਾ ਜਾਵੇ।

ਇਸ ਮੌਕੇ ਸੀ.ਪੀ.ਆਈ. ਦੇ ਕੌਮੀ ਕੌਂਸਲ ਮੈਂਬਰ ਡਾ: ਅਰੁਣ ਮਿੱਤਰਾ, ਆਰ ਐੱਮ ਪੀ ਆਈ ਪੰਜਾਬ ਦੇ ਆਗੂ ਕਾਮਰੇਡ ਜਗਦੀਸ਼ ਚੰਦ, ਸੀ ਪੀ ਆਈ ਆਗੂ ਕਾਮਰੇਡ ਚਮਕੌਰ ਸਿੰਘ, ਮਨਿੰਦਰ ਸਿੰਘ ਭਾਟੀਆ, ਰਮੇਸ਼ ਰਤਨ, ਕੇਵਲ ਸਿੰਘ ਬਨਵੈਤ, ਵਿਜੇ ਕੁਮਾਰ, ਵਿਨੋਦ ਕੁਮਾਰ, ਚਰਨ ਸਿੰਘ ਸਰਾਭਾ, ਪਰਵੀਨ ਕੁਮਾਰ, ਡਾਕਟਰ ਗੁਲਜ਼ਾਰ ਪੰਧੇਰ, ਡਾਕਟਰ ਬਲਵਿੰਦਰ ਸਿੰਘ ਔਲਖ ਤੇ ਮਲਕੀਤ ਮਾਲੜਾ ਨੇ ਸੰਬੋਧਨ ਕੀਤਾ।

# ਮਾਤਾ ਗੁਜਰੀ ਪਬਲਿਕ ਸਕੂਲ ਦੀ ਮਾਨਤਾ ਬਹਾਲੀ ਲਈ ਚੱਕਾ ਜਾਮ ਕਰਕੇ ਦਿੱਤਾ ਧਰਨਾ

## ਬੱਚਿਆਂ ਦੇ ਮਾਪੇ, ਅਧਿਆਪਕਾਂ ਤੇ ਕਰਮਚਾਰੀਆਂ ਵੱਲੋਂ ਸੰਘਰਸ਼ ਤਿੱਖਾ ਕਰਨ ਦਾ ਐਲਾਨ



**ਜਲਾਲਾਬਾਦ** (ਜੀਤ ਕੁਮਾਰ/ਜੰਗੀਰ ਕੌਰ)-ਸਿੱਖਿਆ ਵਿਭਾਗ ਪੰਜਾਬ ਵੱਲੋਂ ਮਾਤਾ ਗੁਜਰੀ ਸਕੂਲ ਚੱਕ ਸੁਹੇਲੇਵਾਲਾ (ਪ੍ਰਾਈਵੇਟ ਸਕੂਲ) ਦੀ ਮਾਨਤਾ ਰੱਦ ਕਰਨ ਦਾ ਮਾਮਲਾ ਵੱਧਦਾ ਜਾ ਰਿਹਾ ਹੈ। ਬੀਤੇ ਦਿਨੀਂ ਇਸ ਸਕੂਲ 'ਚ ਪੜ੍ਹਦੇ ਬੱਚਿਆਂ ਦੇ ਮਾਪਿਆਂ ਵੱਲੋਂ ਸੰਘਰਸ਼ ਸ਼ੁਰੂ ਕੀਤਾ ਗਿਆ ਸੀ, ਇਸੇ ਕੜੀ ਤਹਿਤ ਸਕੂਲ ਦੀ ਮਾਨਤਾ ਨੂੰ ਦੁਬਾਰਾ ਬਹਾਲ ਕਰਨ ਦੀ ਮੰਗ ਲਈ ਅੱਜ ਫਿਰ ਸਥਾਨਕ ਸ਼ਹੀਦ ਊਧਮ ਸਿੰਘ ਚੌਕ ਦੇ ਨਜ਼ਦੀਕ ਫਿਰੋਜ਼ਪੁਰ-ਫਾਜ਼ਿਲਕਾ ਨੈਸ਼ਨਲ ਹਾਈਵੇ 'ਤੇ ਚੱਕਾ ਜਾਮ ਕਰਕੇ ਧਰਨਾ ਦਿੱਤਾ ਗਿਆ, ਜਿਸ ਵਿੱਚ ਮਾਤਾ ਗੁਜਰੀ ਸਕੂਲ ਦੇ ਬੱਚੇ, ਉਨ੍ਹਾਂ ਦੇ ਮਾਪੇ, ਅਧਿਆਪਕ, ਕਰਮਚਾਰੀ ਸ਼ਾਮਲ ਹੋਏ।

ਇਸ ਮੌਕੇ ਧਰਨਾਕਾਰੀਆਂ ਨੇ ਕਿਹਾ ਕਿ ਸਿੱਖਿਆ ਵਿਭਾਗ ਪੰਜਾਬ ਵੱਲੋਂ ਪਿਛਲੇ ਦਿਨੀਂ ਇਕ ਪੱਤਰ ਜਾਰੀ ਕਰਕੇ ਉਪਰੋਕਤ ਮਾਤਾ ਗੁਜਰੀ ਪਬਲਿਕ ਸਕੂਲ ਚੱਕ ਸੁਹੇਲੇਵਾਲਾ ਦੀ ਪ੍ਰਾਈਵੇਟ ਸਕੂਲ ਦੀ ਸੀ.ਬੀ.ਐੱਸ.ਈ. ਐਫਿਲੀਏਸ਼ਨ ਲਈ ਜਾਰੀ ਕੀਤੀ ਗਈ ਐੱਨ.ਓ.ਸੀ. ਰੱਦ ਕਰ ਦਿੱਤੀ ਗਈ ਹੈ ਅਤੇ ਇਸ ਦੇ ਨਾਲ ਹੀ ਸਕੂਲ ਵਿੱਚ ਸਾਲ 2024-25 ਵਿੱਦਿਅਕ ਸੈਸ਼ਨ ਤੋਂ ਬੱਚਿਆਂ ਦਾ ਦਾਖ਼ਲਾ ਨਾ ਕਰਵਾਉਣ ਦੇ ਵੀ ਆਦੇਸ਼ ਜਾਰੀ ਕੀਤੇ ਗਏ ਹਨ। ਧਰਨਾਕਾਰੀਆਂ ਨੇ ਕਿਹਾ ਕਿ ਮਾਤਾ ਗੁਜਰੀ ਸਕੂਲ 'ਚ 2500 ਦੇ ਕਰੀਬ ਬੱਚੇ ਪੜ੍ਹਦੇ ਹਨ, ਪਰ ਹੁਣ ਇਸ ਸਕੂਲ ਦੀ ਮਾਨਤਾ ਰੱਦ ਹੋਣ ਕਾਰਨ ਉਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੋਣ ਦਾ ਖਦਸ਼ਾ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਸਕੂਲ ਵਿੱਚ ਲੱਗੇ ਅਧਿਆਪਕਾਂ ਅਤੇ ਬੱਸਾਂ ਤੇ ਹੋਰ ਕਰਮਚਾਰੀਆਂ ਦਾ ਰੁਜ਼ਗਾਰ ਖਤਰੇ ਵਿੱਚ ਪੈ ਗਿਆ ਹੈ। ਇਸ ਧਰਨੇ ਦੌਰਾਨ ਬੱਚਿਆਂ ਦੇ ਮਾਪਿਆਂ, ਸਕੂਲ ਦੇ ਅਧਿਆਪਕਾਂ ਤੇ ਕਰਮਚਾਰੀਆਂ ਨੇ ਪੰਜਾਬ ਦੇ ਮੁੱਖ ਮੰਤਰੀ, ਸਿੱਖਿਆ ਵਿਭਾਗ ਪੰਜਾਬ ਤੇ ਹਲਕਾ ਵਿਧਾਇਕ ਪਾਸੋਂ ਮੰਗ ਕੀਤੀ ਕਿ ਮਾਤਾ ਗੁਜਰੀ ਪਬਲਿਕ ਸਕੂਲ ਦੀ ਮਾਨਤਾ ਬਹਾਲ ਕੀਤੀ ਜਾਵੇ ਤੇ ਜੇਕਰ ਇਸ ਮਸਲੇ ਦਾ ਹੱਲ ਜਲਦੀ ਨਹੀਂ ਕੀਤਾ ਜਾਂਦਾ ਤਾਂ ਇਹ ਸੰਘਰਸ਼ ਇਸੇ ਤਰ੍ਹਾਂ ਹੀ ਜਾਰੀ ਰੱਖਿਆ ਜਾਵੇਗਾ।ਧਰਨੇ ਵਿੱਚ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸੀਨੀਅਰ ਨੇਤਾ ਮਾ. ਬਲਵਿੰਦਰ ਸਿੰਘ ਗੁਰਾਇਆ ਨੇ ਸੰਬੋਧਨ ਕਰਦਿਆਂ ਦੋਸ਼ ਲਗਾਇਆ ਕਿ ਰਾਜਸੀ ਸ਼ਹਿ 'ਤੇ ਮਾਤਾ ਗੁਜਰੀ ਸਕੂਲ ਚੱਕ ਸੁਹੇਲੇਵਾਲਾ ਦੀ ਮਾਨਤਾ ਰੱਦ ਕੀਤੀ ਗਈ ਹੈ, ਜਿਸ ਦੀ ਅਸੀਂ ਨਿੰਦਾ ਕਰਦੇ ਹਾਂ। ਉਨ੍ਹਾਂ ਸਰਕਾਰ ਤੇ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਸਕੂਲ ਦੀ ਮਾਨਤਾ ਤੁਰੰਤ ਬਹਾਲ ਕੀਤੀ ਜਾਵੇ, ਨਹੀਂ ਤਾਂ ਬੱਚਿਆਂ ਦੇ ਮਾਪਿਆਂ ਵੱਲੋਂ ਸ਼ੁਰੂ ਕੀਤੇ ਸੰਘਰਸ਼ ਵਿੱਚ ਅਸੀਂ ਪੂਰਨ ਹਮਾਇਤ ਕਰਾਂਗੇ ਤੇ ਕਿਸੇ ਵੀ ਕੀਮਤ 'ਤੇ ਬੱਚਿਆਂ ਦਾ ਨੁਕਸਾਨ ਬਰਦਾਸ਼ਤ ਕੀਤਾ ਜਾਵੇਗਾ।

## ਸੀ ਪੀ ਐੱਮ ਨੇ ਪੱਤਰਕਾਰ ਹੇਮੰਤ ਸ਼ਰਮਾ ਨਾਲ ਕੀਤਾ ਦੁੱਖ ਸਾਂਝਾ

### ਪਤਨੀ ਕਮਲ ਸ਼ਰਮਾ ਨਮਿੱਤ ਅੰਤਿਮ ਅਰਦਾਸ ਅੱਜ



**ਰਾਮਪੁਰਾ ਫੂਲ** (ਦਰਸ਼ਨ ਜਿੰਦਲ)-ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੀ ਜ਼ਿਲ੍ਹਾ ਕਮੇਟੀ ਜ਼ਿਲ੍ਹਾ ਬਠਿੰਡਾ ਵੱਲੋਂ ਰੋਜ਼ਾਨਾ ਅਜੀਤ ਅਖ਼ਬਾਰ ਦੇ ਪੱਤਰਕਾਰ ਹੇਮੰਤ ਸ਼ਰਮਾ ਦੀ ਸੁਪਤਨੀ ਕਮਲ ਸ਼ਰਮਾ ਦੀ ਬੇਵਕਤੀ ਮੌਤ 'ਤੇ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਇਸ ਸਮੇਂ ਜ਼ਿਲ੍ਹਾ ਸਕੱਤਰ ਕਾਮਰੇਡ ਡਾਕਟਰ ਸੁਖਮਿੰਦਰ ਸਿੰਘ ਬਾਠ, ਸੀਟੂ ਆਗੂ ਬਲਕਾਰ ਸਿੰਘ, ਕਾਮਰੇਡ ਜੀ. ਐੱਸ. ਭੁੱਲਰ, ਕਾਮਰੇਡ ਜਸਵੀਰ ਸਿੰਘ ਅਕਲੀਆਂ, ਕਾਮਰੇਡ ਅਮੀ ਲਾਲ, ਕਾਮਰੇਡ ਦਰਸ਼ਨ ਸਿੰਘ ਪੇਸੀਆਂ, ਕਾਮਰੇਡ ਬਿੱਕਰ ਸਿੰਘ ਰਾਮਪੁਰਾ, ਕਾਮਰੇਡ ਗੁਰਦੇਵ ਸਿੰਘ ਬਾਲਿਆਂਵਾਲੀ, ਜ਼ਿਲ੍ਹਾ ਪ੍ਰਧਾਨ ਆਂਗਣਵਾੜੀ ਪ੍ਰਕਾਸ ਕੌਰ ਸੋਹੀ, ਪ੍ਰਤਿਭਾ ਸ਼ਰਮਾ ਵੱਲੋਂ ਇਸ ਦੁੱਖ ਦੀ ਘੜੀ ਵਿੱਚ ਪੱਤਰਕਾਰ ਹੇਮੰਤ ਸ਼ਰਮਾ ਤੇ ਉਨ੍ਹਾਂ ਦੇ ਪਰਿਵਾਰ ਨਾਲ ਡੂੰਘੀ ਹਮਦਰਦੀ ਜ਼ਾਹਰ ਕੀਤੀ ਹੈ। ਉਨ੍ਹਾਂ ਨਮਿੱਤ ਰੱਖੇ ਗਏ ਸਹਿਜ ਪਾਠ ਦਾ ਭੋਗ ਤੇ ਅੰਤਿਮ ਅਰਦਾਸ 24 ਮਾਰਚ ਨੂੰ ਕਲਗੀਧਰ ਗੁਰਦੁਆਰਾ ਸਾਹਿਬ ਪਿੰਡ ਜਿਉਂਦ (ਬਠਿੰਡਾ) ਵਿਖੇ ਹੋਵੇਗੀ।

## ਗੁਰੂ ਨਾਨਕ ਕਾਲਜ ਵਿਖੇ ਪੁਸਤਕ ਪ੍ਰਦਰਸ਼ਨੀ

**ਦੋਰਾਹਾ** (ਹਰਮਿੰਦਰ ਸੇਠ) : ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਵਿਖੇ ਲਾਇਬ੍ਰੇਰੀ ਵੱਲੋਂ ਇਕ ਪੁਸਤਕ ਪ੍ਰਦਰਸ਼ਨੀ ਲਗਾਈ ਗਈ। ਇਹ ਜਾਣਕਾਰੀ ਦਿੰਦਿਆਂ ਕਾਰਜਕਾਰੀ ਪ੍ਰਿੰਸੀਪਲ ਡਾ.



ਨਿਰਲੇਪ ਕੌਰ ਨੇ ਦੱਸਿਆ ਕਿ ਕਾਲਜ ਦੀ ਲਾਇਬ੍ਰੇਰੀ ਵੱਲੋਂ ਸਹਾਇਕ ਲਾਇਬ੍ਰੇਰੀਅਨ ਸ੍. ਕੁਲਵੰਤ ਸਿੰਘ ਗਿੱਲ ਦੀ ਅਗਵਾਈ ਹੇਠ 'ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਨ' ਨੂੰ ਸਮਰਪਤ ਪੁਸਤਕ ਪ੍ਰਦਰਸ਼ਨੀ ਲਗਾਈ ਗਈ। ਇਸ ਪ੍ਰਦਰਸ਼ਨੀ ਰਾਹੀਂ ਜਿੱਥੇ ਵਿਦਿਆਰਥੀਆਂ ਨੂੰ ਕਿਤਾਬਾਂ ਦੇ ਮਹੱਤਵ ਬਾਰੇ ਦੱਸਿਆ ਗਿਆ, ਉੱਥੇ ਭਗਤ ਸਿੰਘ ਦੇ ਜੀਵਨ ਬਾਰੇ ਵਿਚਾਰ ਗੋਸ਼ਟੀ ਦਾ ਆਯੋਜਨ ਵੀ ਕੀਤਾ ਗਿਆ। ਇਸ ਮੌਕੇ ਸ੍. ਕੁਲਵੰਤ ਸਿੰਘ ਗਿੱਲ ਤੇ ਡਾ. ਅਮਨਦੀਪ ਕੌਰ ਨੇ ਸ਼ਹੀਦ ਭਗਤ ਸਿੰਘ ਦੇ ਜੀਵਨ ਬਾਰੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਪ੍ਰੋ. ਨਵਨੀਤ ਕੌਰ, ਜਰਨੈਲ ਸਿੰਘ ਤੇ ਸ਼੍ਰੀਮਤੀ ਨਿਸ਼ਾ ਦੇਵੀ ਹਾਜ਼ਰ ਸਨ। ਇਸ ਪ੍ਰਦਰਸ਼ਨੀ ਦੇ ਸਫਲਤਾਪੂਰਵਕ ਆਯੋਜਨ ਲਈ ਕਾਲਜ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ, ਮੈਂਬਰ ਸਾਹਿਬਾਨ ਤੇ ਕਾਰਜਕਾਰੀ ਪ੍ਰਿੰਸੀਪਲ ਡਾ. ਨਿਰਲੇਪ ਕੌਰ ਨੇ ਸਮੁੱਚੀ ਟੀਮ ਨੂੰ ਮੁਬਾਰਕਬਾਦ ਦਿੱਤੀ।

## ਥਾਣਾ ਮੁਖੀ ਵੱਲੋਂ ਅਸਲਾ ਜਮ੍ਹਾਂ ਕਰਾਉਣ ਦੇ ਸਖਤ ਆਦੇਸ਼



**ਮਲੋਟ** (ਗੁਰਮੀਤ ਸਿੰਘ ਮੱਕੜ) : ਆਉਣ ਵਾਲੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪੁਲਸ ਪ੍ਰਸ਼ਾਸਨ ਵੱਲੋਂ ਸਮੂਹ ਅਸਲਾਧਾਰਕਾਂ ਨੂੰ ਅਸਲਾ ਜਮ੍ਹਾਂ ਕਰਵਾਉਣ ਦੇ ਸਖਤ ਆਦੇਸ਼ ਦਿੱਤੇ ਗਏ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਮੁਖੀ ਗੁਰਦੀਪ ਸਿੰਘ ਨੇ ਕਿਹਾ ਕਿ ਜੋ ਵੀ ਅਸਲਾਧਾਰਕ ਹਨ, ਉਹ ਜਲਦੀ ਤੋਂ ਜਲਦੀ ਥਾਣਾ ਸਿਟੀ ਵਿਖੇ ਆਪਣਾ ਅਸਲਾ ਜਮ੍ਹਾਂ ਕਰਵਾਉਣ। ਉਨ੍ਹਾ ਕਿਹਾ ਕਿ ਜੇਕਰ ਕਿਸੇ ਖਿਡਾਰੀ ਨੇ ਕਿਸੇ ਮੁਕਾਬਲੇ ਵਿੱਚ ਭਾਗ ਲੈਣਾ ਹੈ ਤੇ ਉਸ ਕੋਲ ਅਸਲਾ ਹੈ ਅਤੇ ਜੋ ਬੈਂਕ ਦੇ ਸਕਿਊਰਟੀ ਗਾਰਡ ਹਨ, ਉਨ੍ਹਾਂ ਨੂੰ ਛੋਟ ਦਿੱਤੀ ਗਈ ਹੈ, ਉਹ ਵੀ ਤਾਂ ਜੇਕਰ ਉਹ ਲਿਖਤੀ ਜ਼ਿੰਮੇਵਾਰੀ ਲੈਂਦੇ ਹਨ। ਇਸ ਤੋਂ ਇਲਾਵਾ ਸਾਰੇ ਅਸਲਾਧਾਰਕ ਆਪਣਾ ਅਸਲਾ ਜਮ੍ਹਾਂ ਕਰਵਾ ਕੇ ਪੁਲਸ ਪ੍ਰਸ਼ਾਸਨ ਨੂੰ ਸਹਿਯੋਗ ਦੇਣ। ਥਾਣਾ ਮੁਖੀ ਨੇ ਕਿਹਾ ਕਿ ਜੇਕਰ ਕੋਈ ਅਸਲਾ ਧਾਰਕ ਆਪਣਾ ਅਸਲਾ ਜਮ੍ਹਾਂ ਨਹੀਂ ਕਰਵਾਉਂਦਾ ਤਾਂ ਉਸ 'ਤੇ ਕਾਨੂੰਨ ਮੁਤਾਬਕ ਕਾਰਵਾਈ ਕੀਤੀ ਜਾਵੇਗੀ।

## ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਲੋਕਤੰਤਰ ਦਾ ਘਾਣ : ਜੱਸੀ ਸੇਖੋਂ



**ਧੂਰੀ** ( ਸੁਖਦੇਵ ਧੂਰੀ ) ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਦੇ ਵਿਰੋਧ ਵਿੱਚ ਚੰਡੀਗੜ੍ਹ ਵਿਖੇ ਰੋਸ ਪ੍ਰਦਰਸ਼ਨ ਕਰਦਿਆਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਜਸਵੀਰ ਸਿੰਘ ਜੱਸੀ ਸੇਖੋਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਕ੍ਰਾਂਤੀ ਵਿੱਚੋਂ ਨਿਕਲੀ ਪਾਰਟੀ ਹੈ ਅਤੇ ਇਹ ਇਨ੍ਹਾਂ ਜੇਲ੍ਹਾਂ ਅਤੇ ਪਰਚਿਆਂ ਤੋਂ ਨਹੀਂ ਡਰੇਗੀ। ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਬਹੁਤ ਹੀ ਮੰਦਭਾਗੀ ਹੈ ਅਤੇ ਇਹ ਸਾਡੇ ਲੋਕਤੰਤਰ ਦਾ ਘਾਣ ਹੈ । ਉਨ੍ਹਾਂ ਕਿਹਾ ਕਿ ਦਿੱਲੀ ਦੇ ਲੋਕਾਂ ਵੱਲੋਂ ਭਾਰੀ ਬਹੁਮਤ ਨਾਲ ਚੁਣੇ ਗਏ ਮੁੱਖ ਮੰਤਰੀ ਨੂੰ ਬਿਨਾਂ ਕਿਸੇ ਸਬੂਤ ਦੇ ਗ੍ਰਿਫ਼ਤਾਰ ਕਰਨਾ ਹੋਰ ਵੀ ਦੁੱਖ ਦੀ ਗੱਲ ਹੈ ਅਤੇ ਇਹ ਸਭ ਸਾਬਤ ਕਰਦਾ ਹੈ ਕਿ ਭਾਜਪਾ ਦੇ ਅੰਦਰ ਵਿਰੋਧੀ ਧਿਰ ਦਾ ਕਾਫੀ ਡਰ ਹੈ, ਜਿਸ ਕਾਰਨ ਉਹ ਗਲਤ ਤਰੀਕਿਆਂ ਨਾਲ ਵਿਰੋਧੀ ਧਿਰ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਦੇਸ਼ ਦੇ ਲੋਕ ਅਜਿਹੇ ਗਲਤ ਕੰਮਾਂ ਦਾ ਜਵਾਬ ਭਾਜਪਾ ਨੂੰ ਵੋਟਾਂ ਦੇ ਰੂਪ ਵਿੱਚ ਦੇਣਗੇ। ਉਨ੍ਹਾਂ ਕਿਹਾ ਕਿ ਈ ਡੀ ਦੀ ਇਸ ਕਾਰਵਾਈ ਦਾ ਆਮ ਆਦਮੀ ਪਾਰਟੀ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਇਨਕਲਾਬ ਵਿੱਚੋਂ ਨਿਕਲੀ ਪਾਰਟੀ ਹੈ ਅਤੇ ਇਹ ਇਨ੍ਹਾਂ ਜੇਲ੍ਹਾਂ ਅਤੇ ਪਰਚਿਆਂ ਤੋਂ ਡਰਨ ਵਾਲੀ ਨਹੀਂ ਹੈ।

## ਅੱਖਾਂ ਦਾ ਮੁਫ਼ਤ ਲੈਂਜ਼ ਕੈਂਪ 25 ਨੂੰ



**ਜੈਤੋ** (ਸਤੀਸ਼ ਕੁਮਾਰ ਭੀਰੀ)- ਸਮਾਜ ਸੇਵੀ ਸੰਸਥਾ ਮਾਤਾ ਅਮਰ ਕੌਰ ਵਿਵੇਕ ਚੈਰੀਟੇਬਲ ਸੁਸਾਇਟੀ ਰਜਿ ਚੈਨਾਂ ਰੋਡ ਜੈਤੋ ਵਿਖੇ ਬਾਬਾ ਕਰਨੈਲ ਦਾਸ ਦੀ ਯਾਦ ਨੂੰ ਸਮਰਪਤ ਗਰੀਬ ਤੇ ਜ਼ਰੂਰਤਮੰਤ ਮਰੀਜ਼ਾਂ ਲਈ ਅੱਖਾਂ ਦਾ ਮੁਫ਼ਤ ਲੈਂਜ਼ ਕੈਂਪ 25 ਮਾਰਚ ਨੂੰ ਜੈ ਸਾਈਂ ਫਾਊਂਡੇਸ਼ਨ ਦੇ ਸਹਿਯੋਗ ਨਾਲ ਲਗਾਇਆ ਜਾ ਰਿਹਾ ਹੈ। ਇਸ ਕੈਂਪ ਦਾ ਰਸਮੀ ਉਦਘਾਟਨ ਵਿਵੇਕ ਮਿਸ਼ਨ ਚੈਰੀਟੇਬਲ ਟਰੱਸਟ ਦੇ ਚੀਫ ਪੈਟਰਨ ਸਵਾਮੀ ਬ੍ਰਹਮ ਮੁਨੀ ਤੇ ਐਮ ਡੀ ਪਰਮੋਦ ਲੂੰਬਾ ਕਰਨਗੇ। ਸੁਸਾਇਟੀ ਦੇ ਪ੍ਰਧਾਨ ਸੰਤ ਰਿਸ਼ੀ ਰਾਮ ਨੇ ਦੱਸਿਆ ਕਿ ਇਸ ਕੈਂਪ ਵਿੱਚ ਸਵੇਰੇ 9 ਤੋਂ 2 ਵਜੇ ਤੱਕ ਡਾਕਟਰ ਮਰੀਜ਼ਾਂ ਦੀਆਂ ਅੱਖਾਂ ਚੈੱਕ ਕਰਨਗੇ ਤੇ ਜ਼ਰੂਰਤਮੰਦ ਮਰੀਜ਼ਾਂ ਦੇ ਮੁਫਤ ਆਪਰੇਸ਼ਨ ਕੀਤੇ ਜਾਣਗੇ। ਜਿਨ੍ਹਾਂ ਮਰੀਜ਼ਾਂ ਨੂੰ ਸ਼ੂਗਰ, ਬਲੱਡ ਪਰੈਸ਼ਰ ਜਾਂ ਦਿਲ ਦਾ ਰੋਗ ਹੋਵੇਗਾ ਉਨ੍ਹਾਂ ਨੂੰ ਸਿਰਫ ਦਵਾਈ ਦਿੱਤੀ ਜਾਵੇਗੀ, ਆਪ੍ਰੇਸ਼ਨ ਲਈ ਦਾਖਲ ਨਹੀਂ ਕੀਤਾ ਜਾਵੇਗਾ। ਕੈਂਪ ਦੌਰਾਨ ਮਰੀਜ਼ਾਂ ਲਈ ਰਹਿਣ- ਸਹਿਣ ਤੇ ਲੰਗਰ ਦਾ ਪ੍ਰਬੰਧ ਸੁਸਾਇਟੀ ਵੱਲੋਂ ਕੀਤਾ ਜਾ ਰਿਹਾ ਹੈ।

## ਤੇਜਾ ਸਿੰਘ ਸੁਤੰਤਰ ਭਵਨ 'ਚ ਚੋਰੀ

**ਸੰਗਰੂਰ** (ਪ੍ਰਵੀਨ ਸਿੰਘ)- ਕਾਮਰੇਡ ਸੁਖਦੇਵ ਸ਼ਰਮਾ ਸਕੱਤਰ ਸੀ ਪੀ ਆਈ ਜ਼ਿਲ੍ਹਾ ਸੰਗਰੂਰ ਨੇ ਦੱਸਿਆ 22 ਅਤੇ 23 ਦੀ ਦਰਮਿਆਨੀ ਰਾਤ ਨੂੰ ਤੇਜਾ ਸਿੰਘ ਸੁਤੰਤਰ ਭਵਨ ਵਿਖੇ ਚੋਰੀ ਹੋ ਗਈ, ਜਿਸ ਵਿੱਚ ਸਕੱਤਰ ਦੇ ਕਮਰੇ ਦੀ ਤੋੜ ਭੰਨ ਕਰਕੇ ਰਿਕਾਰਡ ਖਲਾਰ ਦਿੱਤਾ ਅਤੇ ਪਾਰਟੀ ਦਫਤਰ ਦੀ ਅਲਮਾਰੀ ਦੀ ਦਰਾਜ ਵਿੱਚੋਂ 2000 ਲੈ ਗਏ। ਇਸ ਤੋਂ ਬਾਅਦ ਦੂਸਰੇ ਕਮਰੇ ਵਿੱਚ ਟਰੰਕ ਦਾ ਜਿੰਦਾ ਤੋੜਿਆ ਅਤੇ ਪੇਟੀ ਦਾ ਸਮਾਨ ਖਿਲਾਰ ਦਿੱਤਾ। ਬੈਗ ਵਿੱਚੋਂ ਕੱਪੜੇ ਵਗੈਰਾ ਕੱਢ ਕੇ ਸੁੱਟ ਗਏ ਅਤੇ ਬੈਗ ਲੈ ਗਏ। ਬਿਜਲੀ ਫੈਡਰੇਸ਼ਨ ਦੇ ਦਫਤਰ ਦਾ ਵੀ ਜਿੰਦਾ ਤੋੜ ਕੇ ਰਿਕਾਰਡ ਖਿਲਾਰ ਦਿੱਤਾ ਅਤੇ ਦਰਜਾ ਚਾਰ ਦੇ ਮੁਲਾਜ਼ਮਾਂ ਦੇ ਦਫਤਰ ਦੇ ਜਿੰਦੇ ਪੁੱਟ ਕੇ ਰਿਕਾਰਡ ਖਿਲਾਰ ਦਿੱਤਾ। ਝੰਡੇ ਤੇ ਫਾਇਲਾਂ ਫਰਸ਼ਾਂ 'ਤੇ ਛੁੱਟ ਦਿੱਤੀਆਂ। ਇਸ ਸਬੰਧੀ ਐਸ ਐਚ ਓ ਥਾਣਾ ਸਿਟੀ ਸੰਗਰੂਰ ਨੂੰ ਇਤਲਾਹ ਦਿੱਤੀ ਗਈ। ਕਮਿਊਨਿਸਟ ਪਾਰਟੀ ਦੇ ਸਕੱਤਰ ਵੱਲੋਂ ਇਸ ਦੀ ਲਿਖਤੀ ਸੂਚਨਾ ਪੁਲਸ ਮਹਿਕਮੇ ਨੂੰ ਦੇ ਦਿੱਤੀ ਗਈ ਹੈ। ਇਸੇ ਦੌਰਾਨ ਕਮਿਊਨਿਸਟ ਪਾਰਟੀ ਦੇ ਸਕੱਤਰ ਸੁਖਦੇਵ ਸ਼ਰਮਾ, ਭਰਪੂਰ ਸਿੰਘ ਬੁੱਲਾਪੁਰ ਅਤੇ ਨਿਰਮਲ ਸਿੰਘ ਬੱਟੜਿਆਣਾ ਮੀਤ ਸਕੱਤਰ ਇਹ ਮੰਗ ਕੀਤੀ ਹੈ ਕਿ ਐਫ ਆਈ ਆਰ ਦਰਜ ਕਰਕੇ ਤੁਰੰਤ ਪੜਤਾਲ ਕੀਤੀ ਜਾਵੇ।

## ਮਾਨਵ ਸੇਵਾ ਉੱਤਮ ਸੇਵਾ ਨੇ ਲਗਾਇਆ ਖ਼ੂਨਦਾਨ ਕੈਂਪ

**ਨਾਭਾ** (ਵਰਿੰਦਰ ਵਰਮਾ, ਤੇਜਾ ਸਿੰਘ)- ਸ਼ਹੀਦੇ ਆਜ਼ਮ ਸ. ਭਗਤ ਸਿੰਘ ਦੇ ਸ਼ਹੀਦੀ ਦਿਵਸ ਮੌਕੇ ਮਾਨਵ ਸੇਵਾ ਉੱਤਮ ਸੇਵਾ (ਰਜਿ.) ਨਾਭਾ ਵੱਲੋਂ ਖ਼ੂਨਦਾਨ ਕੈਂਪ ਬਲੱਡ ਬੈਂਕ, ਸਿਵਲ ਹਸਪਤਾਲ ਨਾਭਾ ਵਿਖੇ ਲਗਾਇਆ ਗਿਆ। ਕੈਂਪ ਵਿੱਚ ਸਰਕਾਰੀ ਹਸਪਤਾਲ ਦੇ ਡਾਕਟਰ ਮੈਡਮ ਹੀਨਾ ਸਿੰਗਲਾ ਦੀ ਟੀਮ ਵੱਲੋਂ 35 ਦੇ ਕਰੀਬ ਖ਼ੂਨਦਾਨੀਆਂ ਤੋਂ ਖ਼ੂਨ ਇਕੱਤਰ ਕੀਤਾ ਗਿਆ। ਇਸ ਮੌਕੇ ਕੈਂਪ ਦੇ ਮੁੱਖ ਮਹਿਮਾਨ ਐਸ ਐਮ ਓ ਡਾਕਟਰ ਸੰਜੇ ਗੋਇਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਕਿ ਹਰ ਇਨਸਾਨ ਨੂੰ ਆਪਣੇ ਜਨਮ ਦਿਨ ਮੌਕੇ ਖ਼ੂਨਦਾਨ ਜ਼ਰੂਰ ਕਰਨਾ ਚਾਹੀਦਾ ਹੈ। ਕਿਉਂਕਿ ਤੁਹਾਡੇ ਖ਼ੂਨ ਦੀ ਇੱਕ ਇੱਕ ਬੂੰਦ ਦੂਸਰੇ ਇਨਸਾਨ ਦੀ ਜ਼ਿੰਦਗੀ ਬਚਾ ਸਕਦੀ ਹੈ। ਇਸ ਮੌਕੇ ਐਸ ਐਮ ਓ ਡਾਕਟਰ ਵੀਨੂੰ ਗੋਇਲ, ਡਾਕਟਰ ਅਨੁਮੇਹਾ ਭੱਲਾ, ਧੀਰ ਸਿੰਘ, ਗਮਦੂਰ ਸਿੰਘ, ਵਿਕਰਮਜੀਤ ਸਿੰਘ, ਰਾਜਿੰਦਰ ਸਿੰਘ ਚੋਪੜਾ ਆਦਿ ਹਾਜ਼ਰ ਸਨ। ਇਸ ਮੌਕੇ ਸੰਸਥਾ ਦੇ ਮੁੱਖ ਅਹੁਦੇਦਾਰ ਵਿਕਾਸ ਮਿੱਤਲ ਅਤੇ ਸਮੂਹ ਮੈਂਬਰਾਂ ਵੱਲੋਂ ਮੁੱਖ ਮਹਿਮਾਨ ਡਾਕਟਰ ਸੰਜੇ ਗੋਇਲ ਅਤੇ ਖ਼ੂਨਦਾਨੀਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਅੰਕੁਰ ਸਿੰਗਲਾ, ਕਮਲ ਗੋਇਲ, ਰਵਿੰਦਰ ਸਿੰਘ, ਸ਼ਿਵ ਕੁਮਾਰ ਕੌਸ਼ਲ, ਮੁਨੀਸ਼ ਮਿੱਤਲ, ਅਤੁਲ ਬਾਂਸਲ (ਐਡਵੋਕੇਟ), ਸੁਨੀਲ ਗੁਪਤਾ, ਦੀਪਕ ਕੁਮਾਰ, ਵਰੁਣ ਸਿੰਗਲਾ, ਅੱਛਰ ਦਾਸ ਆਦਿ ਮੈਂਬਰ ਹਾਜ਼ਰ ਸਨ।

# ਲਿਬਰੇਸ਼ਨ ਵੱਲੋਂ ਸ਼ਹਾਦਤ ਦਿਵਸ ਮੌਕੇ ਸੰਵਿਧਾਨ, ਲੋਕਤੰਤਰ ਤੇ ਫੈਡਰਲ ਢਾਂਚੇ ਦੀ ਰਾਖੀ ਲਈ ਲੜਨ ਦਾ ਸੰਕਲਪ



**ਮਾਨਸਾ** (ਆਤਮਾ ਸਿੰਘ ਪਮਾਰ)-ਸੀਪੀਆਈ (ਐੱਮ ਐੱਲ) ਲਿਬਰੇਸ਼ਨ ਦੀ ਮਾਨਸਾ ਸ਼ਹਿਰੀ ਕਮੇਟੀ ਵੱਲੋਂ ਸਥਾਨਕ ਸ਼ਹੀਦ ਬਾਬਾ ਜੀਵਨ ਸਿੰਘ ਪਾਰਕ ਵਿੱਚ ਸ਼ਹੀਦ ਭਗਤ ਸਿੰਘ ਰਾਜਗੁਰੂ, ਸੁਖਦੇਵ ਤੇ ਉਘੇ ਇਨਕਲਾਬੀ ਕਵੀ ਸ਼ਹੀਦ ਪਾਸ਼ ਦਾ ਸ਼ਹੀਦੀ ਦਿਹਾੜਾ ਸੰਕਲਪ ਦਿਵਸ ਦੇ ਰੂਪ ਵਿੱਚ ਮਨਾਇਆ ਗਿਆ। ਇਸ ਮੌਕੇ ਲਿਬਰੇਸ਼ਨ ਵੱਲੋਂ 2018 ਵਿੱਚ ਇਥੇ ਸਥਾਪਤ ਤਿੰਨਾਂ ਸ਼ਹੀਦਾਂ ਦੇ ਬੁੱਤਾਂ ਉੱਤੇ ਫੁੱਲ ਚੜ੍ਹਾਏ ਗਏ ਤੇ ਇਨਕਲਾਬ ਜ਼ਿੰਦਾਬਾਦ, ਸਾਮਰਾਜਵਾਦ ਮੁਰਦਾਬਾਦ, ਅਮਰ ਸ਼ਹੀਦਾਂ ਨੂੰ ਲਾਲ ਸਲਾਮ ਦੇ ਨਾਅਰੇ ਲਾਏ ਗਏ। ਇਸ ਮੌਕੇ ਕੀਤੀ ਗਈ ਸ਼ਹੀਦੀ ਸਭਾ ਨੂੰ ਪਾਰਟੀ ਦੇ ਸ਼ਹਿਰੀ ਕਮੇਟੀ ਸਕੱਤਰ ਕਾਮਰੇਡ ਸੁਰਿੰਦਰ ਪਾਲ ਸ਼ਰਮਾ, ਜਸਬੀਰ ਕੌਰ ਨੱਤ, ਪ੍ਰਗਤੀਸ਼ੀਲ ਇਸਤਰੀ ਸਭਾ ਦੀ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਕੌਰ ਖਾਰਾ, ਕ੍ਰਿਸ਼ਨਾ ਕੌਰ, ਗੁਰਜੰਟ ਸਿੰਘ ਮਾਨਸਾ, ਨੌਜਵਾਨ ਆਗੂ ਗਗਨਦੀਪ ਸਿਰਸੀਵਾਲਾ, ਆਇਸਾ ਦੇ ਕਨਵੀਨਰ ਸੁਖਜੀਤ ਰਾਮਾਨੰਦੀ, ਅਰਸਦੀਪ ਖੋਖਰ, ਹਰਮੀਤ ਸਿੰਘ, ਪੰਜਾਬ ਕਿਸਾਨ ਯੂਨੀਅਨ ਆਗੂ ਸਿਮਰਜੀਤ ਕੁਲਰੀਆਂ, ਲਾਭ ਸਿੰਘ, ਗੁਰਮੀਤ ਸਿੰਘ ਧਾਲੀਵਾਲ, ਮੇਜਰ ਸਿੰਘ ਦੁਲੋਵਾਲ ਜਮਹੂਰੀ ਕਿਸਾਨ ਸਭਾ ਵੀ ਨੇ ਸੰਬੋਧਨ ਕੀਤਾ।

ਇਸ ਮੌਕੇ ਜੁੜੇ ਲੋਕਾਂ ਵੱਲੋਂ ਸੰਕਲਪ ਲਿਆ ਗਿਆ ਕਿ ਦੇਸ਼ ਦੇ ਸੰਵਿਧਾਨ, ਲੋਕਤੰਤਰ ਤੇ ਫੈਡਰਲ ਤੋਂ ਇਲਾਵਾ ਧਰਮ ਨਿਰਪੱਖ ਢਾਂਚੇ ਨੂੰ ਬਚਾਉਣ ਲਈ ਆ ਰਹੀਆਂ ਲੋਕ ਸਭਾ ਚੋਣਾਂ ਵਿੱਚ ਫਿਰਕੂ ਫਾਸਿਸਟ ਸੰਘ-ਬੀਜੇਪੀ ਗਰੋਹ ਤੇ ਉਸ ਦੇ ਭਾਈਵਾਲਾਂ ਨੂੰ ਹਰਾਉਣ ਲਈ ਪੂਰੀ ਤਾਕਤ ਨਾਲ ਜਨਤਕ ਮੁਹਿੰਮ ਚਲਾਉਣਗੇ।

## ਯੂ ਕੇ ਇੰਟਰਨੈਸ਼ਨਲ ਸਕੂਲ 'ਚ ਫਰੈਸ਼ਰ ਤੇ ਬਲੈਸਿੰਗ ਪਾਰਟੀ



**ਧਰਮਕੋਟ** (ਗੁਰਦੀਪ ਸਿੰਘ ਭੁੱਲਰ)-ਇਲਾਕੇ ਦੀ ਨਾਮਵਰ ਸੰਸਥਾ ਯੂ ਕੇ ਇੰਟਰਨੈਸ਼ਨਲ ਸਕੂਲ ਵਿੱਚ 10ਵੀਂ ਤੇ 12ਵੀਂ ਕਲਾਸ ਦੀਆਂ ਪ੍ਰੀਖਿਆਵਾਂ ਦੀ ਸਮਾਪਤੀ ਉਪਰੰਤ ਪ੍ਰਿੰਸੀਪਲ ਮੈਡਮ ਪਿੰਕੀ ਨਰੂਲਾ ਦੀ ਅਗਵਾਈ ਵਿੱਚ ਫਰੈਸ਼ਰ ਤੇ ਬਲੈਸਿੰਗ ਪਾਰਟੀ ਦਾ ਆਯੋਜਨ ਕੀਤਾ ਗਿਆ। ਇਸ ਪਾਰਟੀ ਦਾ ਆਰੰਭ ਪ੍ਰਿੰਸੀਪਲ ਮੈਡਮ ਪਿੰਕੀ ਨਰੂਲਾ ਤੇ ਸਕੂਲ ਪ੍ਰਬੰਧਕ ਕਮੇਟੀ ਦੇ ਮੈਂਬਰ ਰਾਣਾ ਬਾਸੀ, ਕੁਲਵੰਤ ਸਿੰਘ ਚੀਮਾ, ਬਲਿਹਾਰ ਸਿੰਘ, ਬਲਕਾਰ ਸਿੰਘ ਤੇ ਵਿਦਿਆਰਥੀਆਂ ਵੱਲੋਂ ਰੀਬਨ ਕਟਵਾ ਕੇ ਕੀਤਾ ਗਿਆ। ਇਸ ਤੋਂ ਉਪਰੰਤ ਵਿਦਿਆਰਥੀਆਂ ਤੇ ਅਧਿਆਪਕਾਂ ਵੱਲੋਂ ਆਪਣੀਆਂ ਭਾਵਨਾਵਾਂ ਨੂੰ ਵਿਅਕਤ ਕੀਤਾ ਗਿਆ ਅਤੇ ਉਨ੍ਹਾਂ ਦੁਆਰਾ ਡਾਂਸ, ਸੋਲੋ, ਮਮਿਕਰੀ ਤੇ ਕਈ ਤਰ੍ਹਾਂ ਦੀਆਂ ਗੇਮਜ਼ ਵੀ ਕਰਵਾਈਆਂ ਗਈਆਂ। ਇਸ ਮੌਕੇ ਪ੍ਰਿੰਸੀਪਲ ਮੈਡਮ ਪਿੰਕੀ ਨਰੂਲਾ ਤੇ ਸਕੂਲ ਪ੍ਰਬੰਧਕ ਕਮੇਟੀ ਮੈਂਬਰ ਵੱਲੋਂ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ ਗਿਆ ਅਤੇ ਉਨ੍ਹਾਂ ਦੁਆਰਾ ਕੀਤੀਆਂ ਗਈਆਂ ਗਤੀਵਿਧੀਆਂ ਦੀ ਸ਼ਲਾਘਾ ਕੀਤੀ ਗਈ ਅਤੇ ਆਉਣ ਵਾਲੇ ਭਵਿੱਖ ਦੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ ਗਈਆਂ ਤੇ ਉਨ੍ਹਾਂ ਵਿਦਿਆਰਥੀਆਂ ਨੂੰ ਆਉਣ ਵਾਲੇ ਸਮੇਂ ਵਿੱਚ ਦਿਨ ਦੁੱਗਣੀ ਤੇ ਰਾਤ ਚੌਗਣੀ ਤਰੱਕੀ ਕਰਨ ਦਾ ਆਸ਼ੀਰਵਾਦ ਦਿੱਤਾ।

# ਮੰਡੀ ਗੋਬਿੰਦਗੜ੍ਹ ਫਰਨੇਸ ਹਾਦਸੇ 'ਚ ਝੁਲਸੇ 6 ਮਜ਼ਦੂਰਾਂ 'ਚੋਂ ਇੱਕ ਦੀ ਮੌਤ

**ਸ੍ਰੀ ਫ਼ਤਹਿਗੜ੍ਹ ਸਾਹਿਬ** (ਪ੍ਰਮੋਦ ਭਾਰਦਵਾਜ) : ਮੰਡੀ ਗੋਬਿੰਦਗੜ੍ਹ ਦੀ ਇੱਕ ਫਰਨੇਸ 'ਚ ਗਰਮ ਲੋਹਾ ਸਰੀਰ ਉੱਤੇ ਪੈ ਜਾਣ ਕਾਰਨ ਬੀਤੇ ਦਿਨ ਝੁਲਸੇ 6 ਮਜ਼ਦੂਰਾਂ 'ਚੋਂ ਰਵਿੰਦਰ ਕੁਮਾਰ ਨਾਮਕ ਮਜ਼ਦੂਰ ਦੀ ਇਲਾਜ ਦੌਰਾਨ ਮੌਤ ਹੋ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਮੰਡੀ ਗੋਬਿੰਦਗੜ੍ਹ ਦੇ ਕੁੰਭ ਇਲਾਕੇ 'ਚ ਸੀ. ਐੱਸ. ਕਾਸਟਿੰਗ ਨਾਮਕ ਮਿੱਲ 'ਚ ਜਦੋਂ ਭੱਠੀ 'ਚ ਲੋਹੇ ਨੂੰ ਪਿਘਲਾਉਣ ਦਾ ਕੰਮ ਚੱਲ ਰਿਹਾ ਸੀ ਤਾਂ ਮਸ਼ੀਨ ਦੀ ਇੱਕ ਭਾਰੀ ਚੈਨ ਟੁੱਟ ਕੇ ਭੱਠੀ ਵਿੱਚ ਗਿਰ ਗਈ ਤੇ ਪਿਘਲਿਆ ਹੋਇਆ ਗਰਮ-ਗਰਮ ਲੋਹਾ ਉੱਥੇ ਨੇੜੇ ਹੀ ਕੰਮ ਕਰ ਰਹੇ ਮਜ਼ਦੂਰਾਂ ਉੱਤੇ ਪੈ ਗਿਆ, ਜਿਸ ਕਾਰਨ ਛੇ ਮਜ਼ਦੂਰ ਝੁਲਸ ਗਏ।ਇਸ ਹਾਦਸੇ ਕਾਰਨ ਜ਼ਖਮੀ ਹੋਏ ਮਜ਼ਦੂਰਾਂ ਦੀ ਪਹਿਚਾਣ ਉਮੇਸ਼ ਕੁਮਾਰ, ਰਵਿੰਦਰ ਕੁਮਾਰ ਬਾਂਕਾ ਯਾਦਵ, ਭੋਲਾ ਸਿੰਘ, ਅਵਦੇਸ਼ ਕੁਮਾਰ ਤੇ ਰਾਜਾ ਕੁਮਾਰ ਵਜੋਂ ਹੋਈ, ਜਿਨ੍ਹਾਂ 'ਚੋਂ ਉਮੇਸ਼ ਕੁਮਾਰ ਤੇ ਰਵਿੰਦਰ ਕੁਮਾਰ ਦੀ ਹਾਲਤ ਜ਼ਿਆਦਾ ਗੰਭੀਰ ਹੋਣ ਕਾਰਨ ਉਨ੍ਹਾਂ ਨੂੰ ਲੁਧਿਆਣਾ ਦੇ ਇੱਕ ਹਸਪਤਾਲ 'ਚ ਦਾਖਲ ਕਰਵਾਇਆ ਗਿਆ, ਜਿੱਥੇ ਰਵਿੰਦਰ ਕੁਮਾਰ ਦੀ ਮੌਤ ਹੋ ਗਈ, ਜਦੋਂਕਿ ਬਾਕੀ ਜ਼ਖਮੀਆਂ ਦਾ ਇਲਾਜ ਮੰਡੀ ਗੋਬਿੰਦਗੜ੍ਹ ਵਿਖੇ ਹੀ ਚੱਲ ਰਿਹਾ ਹੈ।ਮਾਮਲੇ ਦੀ ਤਫਤੀਸ਼ ਕਰ ਰਹੀ ਥਾਣਾ ਮੰਡੀ ਗੋਬਿੰਦਗੜ੍ਹ ਦੀ ਪੁਲਸ ਨੇ ਬਾਂਕੇ ਯਾਦਵ ਨਾਮਕ ਮਜ਼ਦੂਰ ਦੀ ਸ਼ਿਕਾਇਤ 'ਤੇ ਫੈਕਟਰੀ ਮਾਲਕ ਰੋਹਿਤ ਤੇ ਠੇਕੇਦਾਰ ਹੇਮੰਤ ਸ਼ੁਕਲਾ ਵਿਰੁੱਧ ਕੇਸ ਦਰਜ ਕਰ ਲਿਆ ਹੈ।



# ਬਰਸੀ 'ਤੇ ਵਿਸ਼ੇਸ਼ : ਦੇਸ਼ ਭਗਤ ਨਰਾਇਣ ਸਿੰਘ ਮੱਕੜ



ਅੱਜ ਜਿਸ ਆਜ਼ਾਦ ਫਿਜ਼ਾ ਵਿੱਚ ਅਸੀਂ ਸਾਹ ਲੈ ਰਹੇ ਹਾਂ, ਇਹ ਆਜ਼ਾਦੀ ਸਾਨੂੰ ਸਾਡੇ ਦੇਸ਼ ਭਗਤਾਂ ਨੇ ਆਪਣਾ ਖ਼ੂਨ ਬਹਾ ਕੇ ਦਿਵਾਈ ਹੈ। ਅੰਗਰੇਜ਼ਾਂ ਨੂੰ ਭਾਰਤ ਵਿੱਚੋਂ ਕੱਢਣ ਲਈ ਪੂਰੇ ਕੌਮ ਦੇ ਦੇਸ਼ ਭਗਤਾਂ ਨੇ ਆਪਣਾ ਯੋਗਦਾਨ ਦਿੱਤਾ ਹੈ। ਇਸੇ ਤਰ੍ਹਾਂ ਦੀ ਰਾਸ਼ਟਰੀਅਤਾ ਦਾ ਸਬੂਤ ਮਲੋਟ ਵਾਸੀ ਆਜ਼ਾਦੀ ਘੁਲਾਟੀਏ ਨਰਾਇਣ ਸਿੰਘ ਮੱਕੜ ਨੇ ਵੀ ਦਿੱਤਾ। ਸ੍. ਨਰਾਇਣ ਸਿੰਘ ਉਨ੍ਹਾਂ ਦੇਸ਼ ਭਗਤਾਂ ਵਿੱਚੋਂ ਹਨ, ਜਿਨ੍ਹਾਂ ਦੀ ਘਾਲਣਾ ਦਾ ਇਤਿਹਾਸ ਵਿੱਚ ਕਿਤੇ ਦੂਰ ਨੇੜੇ ਦਾ ਜ਼ਿਕਰ ਤੱਕ ਨਹੀਂ ਮਿਲਦਾ, ਪ੍ਰੰਤੂ ਅੰਗਰੇਜ਼ ਹਕੂਮਤ ਦੀ ਲੁੱਟ ਖਸੁੱਟ ਵਾਲੇ ਢਾਂਚੇ ਵਿਰੁੱਧ ਕੀਤੀ ਜੱਦੋ-ਜਹਿਦ ਤੇ ਨਿਭਾਏ ਕਿਰਦਾਰ ਕਾਰਨ ਉਹ ਲੋਕਾਂ ਦੇ ਮਨ ਵਿੱਚ ਵਸੇ ਹੋਏ ਹਨ। ਪਾਕਿਸਤਾਨ ਦੇ ਜ਼ਿਲ੍ਹਾ ਮੀਆਂਵਾਲੀ 'ਚ 1910 ਵਿੱਚ ਜਨਮੇ ਨਰਾਇਣ ਸਿੰਘ ਦੇਸ਼ ਪ੍ਰੇਮ ਦੇ ਜਜ਼ਬੇ ਵੱਸ ਬ੍ਰਿਟਿਸ਼ ਸਾਮਰਾਜ ਵਿਰੁੱਧ ਸੰਘਰਸ਼ ਕਰ ਰਹੀਆਂ ਜਥੇਬੰਦੀਆਂ ਨਾਲ ਅਭੋਲ ਹੀ ਜੁੜ ਗਏ ਤੇ ਹਕੂਮਤ ਵਿਰੋਧੀ ਕਾਰਵਾਈਆਂ ਕਾਰਨ ਇੱਕ ਵਾਰ ਜੇਲ੍ਹ ਵੀ ਗਏ। ਸੰਨ 1944 ਦੌਰਾਨ ਅੰਗਰੇਜ਼ ਹਕੂਮਤ ਵੱਲੋਂ ਲਗਾਏ ਟੈਕਸ ਦਾ ਡੱਟਵਾਂ ਵਿਰੋਧ ਕਰਦਿਆਂ ਆਪਣੇ ਸਾਥੀਆਂ ਭਾਈ ਰਾਮ ਸਿੰਘ, ਮੋਹਰ ਸਿੰਘ ਆਦਿ ਨਾਲ ਕੁੱਝ ਸਮਾਂ ਗਿੱਦੜਬਾਹਾ ਦੀ ਜੇਲ੍ਹ ਵਿੱਚ ਰਹੇ। 1947 ਦੀ ਵੰਡ ਦੇ ਦੁਖਾਂਤ ਵੇਲੇ ਆਪਣੀ ਪਤਨੀ ਸ਼੍ਰੀਮਤੀ ਹਰਭਜਨ ਕੌਰ ਨਾਲ ਰਾਜਸਥਾਨ ਦੇ ਜ਼ਿਲ੍ਹਾ ਗੰਗਾਨਗਰ ਵਿੱਚ ਕੁੱਝ ਸਮਾਂ ਬਿਤਾਉਣ ਮਗਰੋਂ ਮਲੋਟ ਵਿੱਚ ਆ ਵਸੇ, ਜਿੱਥੇ ਲੰਬੀ ਬਿਮਾਰੀ ਮਗਰੋਂ 24 ਮਾਰਚ ਸੰਨ 1988 ਵਿੱਚ ਸਵਰਗਵਾਸ ਹੋ ਗਏ। ਦੇਸ਼ ਪਿਆਰ ਦੀ ਸੁਲਗਦੀ ਚਿਣਗ ਨੂੰ ਕਾਇਮ ਰੱਖਦਿਆਂ ਉਨ੍ਹਾਂ ਦੇ ਬੇਟੇ ਪ੍ਰੀਤਮ ਸਿੰਘ, ਅਮਰਜੀਤ ਸਿੰਘ, ਗੁਰਮੀਤ ਸਿੰਘ ਤੇ ਬੇਟੀਆਂ ਦਲਜੀਤ ਕੌਰ, ਸੁਰਜੀਤ ਕੌਰ, ਜੋਗਿੰਦਰ ਕੌਰ ਆਪਣੇ ਪਿਤਾ ਦੇ ਪਾਏ ਪੂਰਨਿਆਂ 'ਤੇ ਚੱਲਦਿਆਂ ਸਮਾਜ ਸੇਵਾ ਦੇ ਕੰਮਾਂ ਵਿੱਚ ਅਹਿਮ ਭੂਮਿਕਾ ਨਿਭਾਅ ਰਹੇ ਹਨ। ਅੱਜ ਉਨ੍ਹਾਂ ਦੀ 36ਵੀਂ ਬਰਸੀ 'ਤੇ ਇੱਕ ਸੰਖੇਪ ਸਮਾਗਮ ਸਥਾਨਕ ਗੁਰਦੁਆਰਾ ਭਾਈ ਜਗਤਾ ਜੀ ਵਿਖੇ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਉਨ੍ਹਾਂ ਦੇ ਪਰਿਵਾਰਕ ਮੈਂਬਰ ਰਿਸ਼ਤੇਦਾਰ, ਮਿੱਤਰ ਤੇ ਸਨੇਹੀ ਸ਼ਰਧਾ ਦੇ ਫੁੱਲ ਭੇਟ ਕਰਨਗੇ।

-ਗੁਰਮੀਤ ਸਿੰਘ ਮੱਕੜ, ਮਲੋਟ

# ਸ਼ਹੀਦੀ ਸਮਾਰਕ ਵਿਖੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਕੀਤੇ ਸ਼ਰਧਾ ਦੇ ਫੁੱਲ ਭੇਟ



**ਸ੍ਰੀ ਮੁਕਤਸਰ ਸਾਹਿਬ** (ਸ਼ਮਿੰਦਰਪਾਲ/ਪੂਜਾ/ਪਰਮਜੀਤ ਸਿੰਘ/ਚਾਵਲਾ)-ਸ੍ਰੀ ਮੁਕਤਸਰ ਸਾਹਿਬ ਦੇ ਜਲਾਲਾਬਾਦ-ਟਿੱਬੀ ਸਾਹਿਬ ਰੋਡ ਸ਼ਹੀਦੀ ਸਮਾਰਕ ਤੇ ਸ਼ਨੀਵਾਰ ਨੂੰ ਸਵੇਰੇ ਨੌਂ ਵਜੇ ਤੋਂ ਦੁਪਹਿਰ ਸਾਢੇ ਗਿਆਰਾਂ ਵਜੇ ਤੱਕ ਸ਼ਹੀਦੀ ਦਿਵਸ ਨੂੰ ਸਮਰਤ ਸਮਾਗਮ ਹੋਇਆ।ਸ਼ਹੀਦ ਭਗਤ ਸਿੰਘ ਕਲੱਬ ਦੇ ਪ੍ਰਧਾਨ ਸੰਜੇ ਵਾਲੀਆ ਦੀ ਪ੍ਰਧਾਨਗੀ ਹੇਠ ਹੋਏ ਇਸ ਸਮਾਗਮ 'ਚ ਕਲੱਬ ਦੇ ਅਹੁਦੇਦਾਰਾਂ ਤੋਂ ਇਲਾਵਾ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ, ਮਜ਼ਦੂਰ-ਮੁਲਾਜ਼ਮ ਜਥੇਬੰਦੀਆਂ, ਸਮਾਜਸੇਵੀ ਤੇ ਧਾਰਮਿਕ ਸੰਸਥਾਵਾਂ ਦੇ ਅਹੁਦੇਦਾਰਾਂ ਨੇ ਪਹੁੰਚ ਕੇ ਸ਼ਹੀਦਾਂ ਨੂੰ ਨਮਨ ਕੀਤਾ।ਕਲੱਬ ਦੇ ਪ੍ਰਧਾਨ ਸੰਜੇ ਵਾਲੀਆ ਨੇ ਲੋਕਾਂ ਨੂੰ ਸ਼ਹੀਦਾਂ ਦੇ ਦਿਖਾਏ ਰਸਤਿਆਂ 'ਤੇ ਚੱਲਣ ਲਈ ਪ੍ਰੇਰਿਆ।ਇਸ ਮੌਕੇ ਅਸਮਾਨ ਇੰਨਕਲਾਬ ਜ਼ਿੰਦਾਬਾਦ, ਸ਼ਹੀਦੋ ਤੁਹਾਡੀ ਸੋਚ ਤੇ ਪਹਿਰਾ ਦਿਆਂਗੇ ਠੋਕ ਕੇ...ਆਦਿ ਨਾਅਰਿਆਂ ਨਾਲ ਗੂੰਜ ਉਠਿਆ।ਸਮਾਰਕ 'ਤੇ ਸਮਾਗਮ ਮਗਰੋਂ ਰਾਮਾ ਕ੍ਰਿਸ਼ਨਾ ਮਿਡਲ ਸਕੂਲ ਵਿਖੇ ਵੀ ਕਲੱਬ ਵੱਲੋਂ ਸਮਾਗਮ ਹੋਇਆ, ਜਿਸ 'ਚ ਸ਼ਹੀਦ ਭਗਤ ਸਿੰਘ ਦੀ ਤਸਵੀਰ ਮੂਹਰੇ ਸ਼ਮ੍ਹਾਂ ਰੋਸ਼ਨ ਕਰਕੇ ਬੁਲਾਰਿਆਂ ਨੇ ਉਨ੍ਹਾਂ ਨੂੰ ਆਪਣੇ ਭਾਸ਼ਣ ਜ਼ਰੀਏ ਯਾਦ ਕੀਤਾ।ਇਸ ਮੌਕੇ ਬਾਗਵਾਲਾ ਸਕੂਲ ਦੇ ਵਿਦਿਆਰਥੀਆਂ ਵੱਲੋਂ ਸ਼ਹੀਦੀ ਦਿਵਸ ਨੂੰ ਸਮਰਪਤ ਕਵਿਤਾਵਾਂ ਤੇ ਗੀਤ ਪੇਸ਼ ਕਰਕੇ ਵਾਹਵਾਹੀ ਖੱਟੀ ਗਈ।ਸਮਾਗਮ ਉਪਰੰਤ ਵਿਦਿਆਰਥੀਆਂ ਨੂੰ ਪੰਜਾਬ ਮਹਾਵੀਰ ਦਲ, ਜੈ ਮਾਂ ਚਿੰਤਪੂਰਨੀ ਲੰਗਰ ਸੇਵਾ ਵੱਲੋਂ ਸਪੌਂਸਰ ਗਿਫਟ ਭੇਟ ਕਰਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸ਼ਹੀਦ ਭਗਤ ਸਿੰਘ ਕਲੱਬ ਦੇ ਸੀਨੀਅਰ ਵਾਈਸ ਪ੍ਰਧਾਨ ਲਖਵੰਤ ਸਿੰਘ, ਜਨਰਲ ਸਕੱਤਰ ਰਾਜਕੁਮਾਰ, ਪ੍ਰੈੱਸ ਸਕੱਤਰ ਜਗਦੀਸ਼ ਜੋਸ਼ੀ, ਜਵਾਲਾ ਪ੍ਰਤਾਪ ਸਿੰਘ ਵਾਲੀਆ, ਗੁਰਮੀਤ ਸਿੰਘ, ਡਾ. ਤਿਰਲੋਕ ਸਿੰਘ, ਸੁਰਿੰਦਰ ਕੁਮਾਰ, ਵਿਨੋਦ ਸ਼ਰਮਾ, ਕੁਲਵਿੰਦਰ ਕੰਡਾ, ਜਕਸੀਰ ਸਿੰਘ, ਭਾਨ ਚੰਦ, ਸੰਜੀਵ ਸੰਜੂ, ਟੀਐੱਸਯੂ ਦੇ ਆਗੂ ਬਰਜਿੰਦਰ ਸ਼ਰਮਾ, ਪੰਜਾਬ ਪ੍ਰਦੇਸ਼ ਪੱਲੇਦਾਰ ਯੂਨੀਅਨ ਦੇ ਆਗੂ ਬਲਦੇਵ ਸਿੰਘ, ਪੈਨਸ਼ਨਰਜ਼ ਐਸੋਸੀਏਸ਼ਨ (ਟੀਐੱਸਯੂ) ਵੱਲੋਂ ਭਜਨ ਲਾਲ, ਫ੍ਰੀਡਮ ਫਾਈਟਰ ਉਤਰਾਧਿਕਾਰੀ ਜੱਥੇਬੰਦੀ ਦੇ ਆਗੂ ਗੁਰਮੀਤ ਸਿੰਘ, ਸੀਪੀਐੱਮ ਆਗੂ ਤਰਸੇਮ ਚਾਵਲਾ, ਰੇਗੂਲਰ ਮੈਡੀਕਲ ਪ੍ਰੈਕਟੀਸ਼ਨਰ ਯੂਨੀਅਨ ਵੱਲੋਂ ਡਾ. ਦੀਦਾਰ ਸਿੰਘ, ਡਾ. ਜਗਸੀਰ ਸਿੰਘ ਸਮੇਤ ਵੱਡੀ ਗਿਣਤੀ 'ਚ ਲੋਕ ਮੌਜੂਦ ਸਨ।

## ਡੀ ਏ ਵੀ ਕਾਲਜ ਫਾਰ ਵੂਮੈਨ ਵਿਖੇ ਬੀਬਾ ਬਲਵੰਤ ਨਾਲ ਰੂਬਰੂ

**ਫਿਰੋਜ਼ਪੁਰ** (ਅਸ਼ੋਕ ਸ਼ਰਮਾ) : ਡੀਏਵੀ ਕਾਲਜ ਫਾਰ ਵੂਮੈਨ ਫਿਰੋਜ਼ਪੁਰ ਛਾਉਣੀ ਵਿਖੇ ਪੰਜਾਬੀ ਭਾਸ਼ਾ ਮੰਚ ਤੇ ਪੋਸਟ ਗ੍ਰੈਜੂਏਟ ਵਿਭਾਗ ਪੰਜਾਬੀ ਵੱਲੋਂ ਪ੍ਰਸਿੱਧ ਕਵੀ ਬੀਬਾ ਬਲਵੰਤ ਨਾਲ ਰੂਬਰੂ ਕਰਵਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਸੀਮਾ ਅਰੋੜਾ ਨੇ ਆਏ ਹੋਏ ਮਹਿਮਾਨ ਨੂੰ ਜੀ ਆਇਆਂ ਕਿਹਾ ਤੇ ਬੁੱਕੇ ਭੇਟ ਕੀਤੇ। ਪ੍ਰੋਗਰਾਮ ਦਾ ਆਰੰਭ 'ਗਿਆਨ ਜੋਤੀ' ਜਗ੍ਹਾ ਕੇ ਕੀਤਾ ਗਿਆ। ਸਟੇਜ ਦੀ ਭੂਮਿਕਾ ਡਾ. ਅੰਮ੍ਰਿਤਪਾਲ ਕੌਰ ਮੁਖੀ ਪੰਜਾਬੀ ਵਿਭਾਗ ਨੇ ਨਿਭਾਈ। ਡਾ. ਅੰਮ੍ਰਿਤਪਾਲ ਨੇ ਬੀਬਾ ਬਲਵੰਤ ਦੀ ਬਹੁਪੱਖੀ ਸ਼ਖ਼ਸੀਅਤ 'ਤੇ ਸੂਖਮ ਝਾਤ ਪਾਈ। ਬੀਬਾ ਬਲਵੰਤ ਨੇ ਵਿਦਿਆਰਥਣਾਂ ਨਾਲ ਰੂਬਰੂ ਹੁੰਦਿਆਂ ਆਪਣੀ ਭੂਮੀ ਬਾਰੇ ਦੱਸਦਿਆਂ ਆਪਣੀ ਵਿੱਦਿਆ ਪ੍ਰਾਪਤੀ, ਆਪਣੀਆਂ ਲਿਖਤਾਂ ਬਾਰੇ ਭਾਵ ਪੂਰਤ ਗੱਲਬਾਤ ਕੀਤੀ। ਬੀਬਾ ਜਿੱਥੇ ਇਕ ਸਮਰੱਥ ਕਵੀ ਹਨ, ਉਥੇ ਇਕ ਚਿੱਤਰਕਾਰ, ਆਰਟ ਫੋਟੋਗ੍ਰਾਫਰ ਤੇ ਇੱਕ ਅਦਾਕਾਰ ਹਨ। ਆਪਣੀਆਂ ਵਿਦੇਸ਼ੀ ਯਾਤਰਾਵਾਂ ਦੇ ਨਿੱਜੀ ਤਜਰਬਿਆਂ ਨੂੰ ਉਨ੍ਹਾਂ ਨੇ ਵਿਦਿਆਰਥਣਾਂ ਨਾਲ ਸਾਂਝਾ ਕੀਤਾ। ਆਪਣੀਆਂ ਕਵਿਤਾਵਾਂ ਰਾਹੀਂ ਉਨ੍ਹਾਂ ਨੇ ਵਿਦਿਆਰਥਣਾਂ ਨੂੰ ਆਪਣੇ ਹੱਕਾਂ ਪ੍ਰਤੀ ਸੁਚੇਤ ਰਹਿਣ, ਚੰਗੀ ਜ਼ਿੰਦਗੀ ਜਿਉਣ, ਦੇਸ਼ ਦੇ ਚੰਗੇ ਨਾਗਰਿਕ ਬਨਣ, ਰੂੜੀਵਾਦੀ ਸੋਚ ਨੂੰ ਤਿਆਗ ਕੇ ਨਵੇਂ ਸਮਾਜ ਨੂੰ ਉਸਾਰਨ ਲਈ ਪ੍ਰੇਰਿਤ ਕੀਤਾ। ਇਸ ਸਮੇਂ ਡਾ. ਸੀਮਾ ਅਰੋੜਾ ਨੇ ਬੀਬਾ ਬਲਵੰਤ ਦਾ ਧੰਨਵਾਦ ਕਰਦਿਆਂ ਵਿਦਿਆਰਥਣਾਂ ਨਾਲ ਵਾਅਦਾ ਕੀਤਾ ਕਿ ਅਜਿਹੇ ਪ੍ਰੋਗਰਾਮ ਪੰਜਾਬੀ ਵਿਭਾਗ ਵੱਲੋਂ ਆਉਣ ਵਾਲੇ ਸਮੇਂ ਵਿੱਚ ਕਰਵਾਏ ਜਾਣਗੇ। ਇਸ ਪ੍ਰੋਗਰਾਮ 'ਚ ਵਿਦਿਆਰਥਣਾਂ ਨੇ ਬੀਬਾ ਬਲਵੰਤ ਨੂੰ ਪ੍ਰਸ਼ਨੋਤਰੀ ਰਾਹੀਂ ਹੋਰ ਵੀ ਰੌਚਿਕ ਬਣਾਇਆ। ਇਸ ਸਮੇਂ ਮਲਕੀਅਤ ਸਿੰਘ, ਅਮਰ ਨਾਥ, ਡਾ. ਅੰਮ੍ਰਿਪਾਲ ਕੌਰ, ਡਾ. ਮੀਨਾਕਸ਼ੀ ਮਿੱਤਲ, ਡਾ. ਅਨੁਪਮਾ, ਡਾ. ਬਲਵੀਨ, ਮਿਸਜ਼ ਰੋਜ਼ਪਾਲ, ਮਿਸਜ਼ ਪੂਨਮ, ਮਿਸਜ਼ ਡੌਲੀ, ਮਿਸਜ਼ ਜਗਦੀਸ਼ ਕੌਰ ਹਾਜ਼ਰ ਸਨ।

# ਪੈਟਰੋਲ ਪੰਪ ਲੁੱਟਣ ਦੀ ਗੁੱਥੀ ਸੁਲਝੀ, 7 ਮੁਲਜ਼ਮ ਗ੍ਰਿਫ਼ਤਾਰ

## ਪੈਟਰੋਲ ਪੰਪ ਦੇ ਸੇਲਜ਼ਮੈਨਾਂ ਦੀ ਮਿਲੀਭੁਗਤ ਨਾਲ ਹੋਈ ਲੁੱਟ



**ਸ੍ਰੀ ਮੁਕਤਸਰ ਸਾਹਿਬ** (ਕੁਲਭੂਸ਼ਨ ਚਾਵਲਾ, ਸ਼ਮਿੰਦਰਪਾਲ, ਪਰਮਜੀਤ ਸਿੰਘ)- ਸ੍ਰੀ ਮੁਕਤਸਰ ਸਾਹਿਬ ਅਤੇ ਪੁਲਸ ਚੌਕੀ ਬੱਸ ਸਟੈਂਡ ਦੀ ਟੀਮ ਵੱਲੋਂ ਪਿਛਲੇ ਦਿਨੀਂ ਪੈਟਰੋਲ ਪੰਪ 'ਤੇ ਹੋਈ ਲੁੱਟ ਨੂੰ ਟਰੇਸ ਕਰਦਿਆਂ 7 ਮੁਲਜ਼ਮਾਂ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਜਾਣਕਾਰੀ ਦਿੰਦੇ ਹੋਏ ਸ੍ਰੀ ਭਾਗੀਰਥ ਸਿੰਘ ਮੀਨਾ ਆਈ.ਪੀ.ਐੱਸ. ਐੱਸ.ਐੱਸ.ਪੀ. ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਬੀਤੀ 21 ਮਾਰਚ 2024 ਨੂੰ ਸੁਬ੍ਹਾ ਕਰੀਬ 6:00 ਵਜੇ ਦੋ ਨਾਮਲੂਮ ਵਿਅਕਤੀਆਂ ਵੱਲੋਂ ਮੰਗੇ ਦਾ ਪੈਟਰੋਲ ਪੰਪ ਮਲੋਟ ਰੋਡ ਸ੍ਰੀ ਮੁਕਤਸਰ ਸਾਹਿਬ ਵਿੱਚ ਦਾਖਲ ਹੋ ਕੇ ਕਰੀਬ 70/80 ਹਜ਼ਾਰ ਰੁਪਏ ਦੀ ਲੁੱਟ ਕੀਤੀ ਸੀ। ਇਸ ਮੌਕੇ ਹਰਜੀਤ ਸਿੰਘ ਪੁੱਤਰ ਬਲਜੀਤ ਸਿੰਘ ਵਾਸੀ ਪਿੰਡ ਸੰਗੂਧੌਣ, ਜੋ ਪੰਪ 'ਤੇ ਸੇਲਜ਼ਮੈਨ ਦੀ ਡਿਊਟੀ ਕਰਦਾ ਹੈ ਤੇ ਲੁੱਟ ਸਮੇਂ ਪੰਪ 'ਤੇ ਮੌਜੂਦ ਸੀ, ਜਦੋਂ ਉਹ ਉਕਤ ਲੁਟੇਰਿਆਂ ਮਗਰ ਭੱਜਿਆ ਤਾਂ ਉਨ੍ਹਾਂ ਨੇ ਕਾਪਾ ਦਿਖਾ ਕੇ ਉਸ ਨੂੰ ਡਰਾ ਦਿੱਤਾ ਤੇ ਉਸ ਨੂੰ ਧੱਕਾ ਮਾਰ ਕੇ ਭੱਜ ਗਏ, ਜਿਸ ਦੇ ਬਿਆਨ 'ਤੇ ਮੁਕੱਦਮਾ ਨੰਬਰ 48 ਮਿਤੀ 22.03.2024 ਅ/ਧ 382 ਹਿੰ:ਦੰ: ਥਾਣਾ ਸਿਟੀ ਸ੍ਰੀ ਮੁਕਤਸਰ ਸਾਹਿਬ ਵਿਖੇ ਦਰਜ ਰਜਿਸਟਰ ਕਰਕੇ ਤਫਤੀਸ਼ ਸ਼ੁਰੂ ਕੀਤੀ ਗਈ। ਤਫਤੀਸ਼ ਦੌਰਾਨ ਆਧੁਨਿਕ ਢੰਗ, ਤਰੀਕਿਆਂ ਤੇ ਟੈਕਨੀਕਲ ਸਹਾਇਤਾ ਨਾਲ ਪੈਟਰੋਲ ਪੰਪ 'ਤੇ ਹੋਈ ਲੁੱਟ ਨੂੰ ਟਰੇਸ ਕਰਕੇ ਹੈਪੀ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਗਲੀ ਨੰਬਰ 07, ਗੋਨਿਆਣਾ ਰੋਡ ਸ੍ਰੀ ਮੁਕਤਸਰ ਸਾਹਿਬ ਤੇ ਸੁਖਵਿੰਦਰ ਸਿੰਘ ਉਰਫ ਲਾਡੀ ਪੁੱਤਰ ਬਲਵੀਰ ਸਿੰਘ ਵਾਸੀ ਗਲੀ ਨੰਬਰ 02, ਗੋਨਿਆਣਾ ਰੋਡ ਸ੍ਰੀ ਮੁਕਤਸਰ ਸਾਹਿਬ ਨੂੰ ਮੁਕੱਦਮੇ ਵਿੱਚ ਨਾਮਜ਼ਦ ਕਰਕੇ ਗ੍ਰਿਫਤਾਰ ਕੀਤਾ ਗਿਆ। ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਤੋਂ ਮੁੱਢਲੀ ਪੁੱਛਗਿੱਛ 'ਤੇ ਉਨ੍ਹਾਂ ਦੱਸਿਆ ਕਿ ਪੈਟਰੋਲ ਪੰਪ 'ਤੇ ਕੰਮ ਕਰਨ ਵਾਲੇ ਸੇਲਜ਼ਮੈਨ ਹਰਜੀਤ ਸਿੰਘ ਪੁੱਤਰ ਬਲਜੀਤ ਸਿੰਘ ਵਾਸੀ ਪਿੰਡ ਸੰਗੂਧੌਣ ਸ੍ਰੀ ਮੁਕਤਸਰ ਸਾਹਿਬ, ਸਾਜਨ ਸਿੰਘ ਪੁੱਤਰ ਕਸ਼ਮੀਰ ਸਿੰਘ ਗੋਨਿਆਣਾ ਰੋਡ ਸ੍ਰੀ ਮੁਕਤਸਰ ਸਾਹਿਬ, ਗੁਰਪ੍ਰੀਤ ਸਿੰਘ ਪੁੱਤਰ ਹਰਦੇਵ ਸਿੰਘ ਵਾਸੀ ਗੋਨਿਆਣਾ ਰੋਡ ਸ੍ਰੀ ਮੁਕਤਸਰ ਸਾਹਿਬ, ਮਨਜੀਤ ਸਿੰਘ ਉਰਫ ਮਨੀ ਪੁੱਤਰ ਜਗਸੀਰ ਸਿੰਘ ਵਾਸੀ ਕਿਸ਼ਨਪੁਰਾ ਬਸਤੀ, ਬਠਿੰਡਾ ਰੋਡ ਸ੍ਰੀ ਮੁਕਤਸਰ ਸਾਹਿਬ ਅਤੇ ਗੁਰਕੀਰਤ ਸਿੰਘ ਪੁੱਤਰ ਸੁਖਦੀਪ ਸਿੰਘ ਵਾਸੀ ਨੇੜੇ ਜਗਮੀਤ ਸਿੰਘ ਬਰਾੜ ਦੀ ਕੋਠੀ, ਗੋਨਿਆਣਾ ਰੋਡ,ਸ੍ਰੀ ਮੁਕਤਸਰ ਸਾਹਿਬ ਵੀ ਇਸ ਲੁੱਟ ਵਿੱਚ ਸ਼ਾਮਲ ਹਨ, ਜਿਸ 'ਤੇ ਇਨ੍ਹਾਂ ਨੂੰ ਉਕਤ ਮੁਕੱਦਮੇ ਵਿੱਚ ਨਾਮਜ਼ਦ ਕਰਕੇ ਵਾਧਾ ਜੁਰਮ 408/120ਬੀ ਹਿੰ:ਦੰ: ਦਾ ਕੀਤਾ ਗਿਆ ਤੇ ਇਨ੍ਹਾਂ ਨੂੰ ਮੁਕੱਦਮੇ ਵਿੱਚ ਗ੍ਰਿਫਤਾਰ ਕੀਤਾ ਗਿਆ। ਇਨ੍ਹਾਂ ਪਾਸੋਂ 12000/- ਰੁਪਏ ਨਗਦੀ ਬਰਾਮਦ ਕਰਵਾਏ ਜਾ ਚੁੱਕੇ ਹਨ, ਜਿਨ੍ਹਾਂ ਨੂੰ ਅੱਜ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕੀਤਾ ਜਾਵੇਗਾ ਅਤੇ ਡੂੰਘਾਈ ਨਾਲ ਪੁੱਛਗਿੱਛ ਕਰਕੇ ਅਗਲੇਰੀ ਤਫਤੀਸ਼ ਅਮਲ ਵਿੱਚ ਲਿਆਂਦੀ ਜਾਵੇਗੀ।

## ਹਮੀਰਗੜ੍ਹੀਆਂ ਨੇ ਸਰਬੱਤ ਦੇ ਭਲੇ ਲਈ ਸ੍ਰੀ ਅਖੰਡ ਪਾਠ ਕਰਵਾਇਆ



**ਭਗਤਾ ਭਾਈ ਕਾ** (ਰਾਜੀਵ ਗੋਇਲ) : ਨੇੜਲੇ ਪਿੰਡ ਹਮੀਰਗੜ੍ਹ ਦੀ ਸਮੂਹ ਸੰਗਤ ਵੱਲੋਂ ਸਰਬੱਤ ਦੇ ਭਲੇ ਲਈ ਬੱਸ ਸਟੈਂਡ 'ਤੇ ਸ਼੍ਰੀ ਆਖੰਡ ਪਾਠ ਸਾਹਿਬ ਪ੍ਰਕਾਸ਼ ਕਰਵਾਇਆ ਗਿਆ ਤੇ ਤੀਜੇ ਦਿਨ ਭੋਗ ਪਾਏ ਗਏ। ਇਸ ਮੌਕੇ ਆਉਣ-ਜਾਣ ਵਾਲੇ ਰਾਹਗੀਰਾਂ ਲਈ 24 ਘੰਟੇ ਗੁਰੂ ਕਾ ਲੰਗਰ ਵਰਤਾਇਆ ਗਿਆ। ਤਿੰਨ ਦਿਨ ਲਗਾਤਾਰ ਬਾਣੀ ਦਾ ਜਾਪ ਹੋਇਆ, ਜਿਸ ਵਿੱਚ ਜਿੱਥੇ ਸਤਿਕਾਰ ਕਮੇਟੀ ਵੱਲੋਂ ਅਹਿਮ ਰੋਲ ਅਦਾ ਕੀਤਾ ਗਿਆ, ਉੱਥੇ ਹੀ ਪਿੰਡ ਦੇ ਨੌਜਵਾਨਾਂ ਤੇ ਬੀਬੀਆਂ ਵੱਲੋਂ ਖੂਬ ਸੇਵਾ ਕੀਤੀ ਗਈ। ਭੋਗ ਵਾਲੇ ਦਿਨ ਸੰਗਤ ਲਈ ਜਲੇਬੀਆਂ ਦਾ ਲੰਗਰ ਵਰਤਾਇਆ ਗਿਆ। ਇਸ ਮੌਕੇ ਪੀ ਸੀ ਆਰ 'ਤੇ ਤਾਇਨਾਤ ਮੁਲਾਜ਼ਮਾਂ ਵੱਲੋਂ ਥਾਣੇਦਾਰ ਗੁਰਮੇਜ ਸਿੰਘ ਦੀ ਅਗਵਾਈ ਹੇਠ ਤਿੰਨ ਦਿਨ ਗਸ਼ਤ ਵੀ ਕੀਤੀ ਗਈ ਤਾਂ ਕਿ ਕੋਈ ਵੀ ਸ਼ਰਾਰਤੀ ਅਨਸਰ ਇਸ ਸਰਬੱਤ ਦੇ ਭਲੇ ਲਈ ਰੱਖੇ ਗਏ ਸਮਾਗਮ ਵਿੱਚ ਅੜਚਨ ਨਾ ਪਾ ਸਕੇ। ਸਮੂਹ ਹਮੀਰਗੜ੍ਹੀਆ ਸੰਗਤ ਵੱਲੋਂ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਹਰ ਇੱਕ ਸਹਿਯੋਗਕਰਤਾ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਸਤਿਕਾਰ ਕਮੇਟੀ ਦੇ ਸਮੂਹ ਸੇਵਾਦਾਰਾਂ ਸਮੇਤ ਨਗਰ ਦੀ ਸਾਧ ਸੰਗਤ ਮੌਜੂਦ ਸੀ।

# ਪਟੇਲ ਕਾਲਜ 'ਚ ਨੈਸ਼ਨਲ ਸੈਮੀਨਾਰ



**ਰਾਜਪੁਰਾ**, (ਰਮੇਸ਼ ਕਟਾਰੀਆ)-ਪਟੇਲ ਮੈਮੋਰੀਅਲ ਨੈਸ਼ਨਲ ਕਾਲਜ ਰਾਜਪੁਰਾ ਵੱਲੋਂ 'ਸਮਾਜਿਕ ਵਿਗਿਆਨ ਵਿੱਚ ਉਭਰਦੇ ਰੁਝਾਨ' ਵਿਸ਼ੇ 'ਤੇ ਆਈ.ਸੀ.ਐੱਸ.ਐੱਸ.ਆਰ ਸਪਾਂਸਰਡ ਰਾਸ਼ਟਰੀ ਸੈਮੀਨਾਰ ਦਾ ਆਯੋਜਨ ਕੀਤਾ ਗਿਆ ਜੋ ਅਗਲੇ ਦਿਨ ਵੀ ਪਟੇਲ ਪ੍ਰਬੰਧਕੀ ਕਮੇਟੀ, ਪ੍ਰਿੰਸੀਪਲ ਡਾ. ਚੰਦਰ ਪ੍ਰਕਾਸ਼ ਗਾਂਧੀ ਅਤੇ ਕਨਵੀਨਰ ਡਾ. ਤਰਨਜੀਤ ਸਿੰਘ ਦੀ ਦੇਖ-ਰੇਖ ਹੇਠ ਜਾਰੀ ਰਹੇਗਾ। ਸਮਾਜਿਕ ਵਿਗਿਆਨ ਵਿਭਾਗ ਨੇ ਪਹਿਲੇ ਦਿਨ ਚਾਰ ਸੈਸ਼ਨ ਆਯੋਜਿਤ ਕੀਤੇ। ਉਦਘਾਟਨੀ ਸੈਸ਼ਨ ਵਿੱਚ ਮੁੱਖ ਭਾਸ਼ਣ ਡਾ. ਕੁਲਦੀਪ ਪੁਰੀ (ਸੇਵਾਮੁਕਤ ਪ੍ਰੋਫੈਸਰ), ਯੂ ਐਸ ਓ ਐਲ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ , ਜੰਮੂ ਯੂਨੀਵਰਸਿਟੀ ਅਰਥ-ਸ਼ਾਸਤਰ ਵਿਭਾਗ ਦੇ ਪ੍ਰੋ. ਡਾ. ਜਸਬੀਰ ਸਿੰਘ ਅਤੇ ਪੰਜਾਬੀ ਯੂਨੀਵਰਸਿਟੀ ਦੇ ਰਾਜਨੀਤੀ ਸ਼ਾਸਤਰ ਦੇ ਰਿਟਾਇਰਡ ਪ੍ਰੋ. ਡਾ. ਨਰਿੰਦਰ ਕੇ. ਡੋਗਰਾ ਨੇ ਦਿੱਤਾ। ਬੁਲਾਰਿਆਂ ਨੇ ਸਮਾਜਿਕ ਵਿਗਿਆਨ ਦੇ ਖੇਤਰ ਵਿੱਚ ਹਾਲ ਹੀ ਦੇ ਰੁਝਾਨਾਂ, ਨਵੀਆਂ ਖੋਜ ਵਿਧੀਆਂ ਅਤੇ ਸਮਾਜਿਕ-ਆਰਥਿਕ ਜੀਵਨ 'ਤੇ ਉਨ੍ਹਾਂ ਦੇ ਪ੍ਰਭਾਵ ਬਾਰੇ ਚਰਚਾ ਕੀਤੀ। ਡਾ. ਫਿਰਦੌਸ ਅਹਿਮਦ ਮਲਿਕ ਅਤੇ ਡਾ.ਦਲਵੀਰ ਕੌਰ ਨੇ ਸਵੇਰ ਦੇ ਸੈਸ਼ਨਾਂ ਦੀ ਪ੍ਰਧਾਨਗੀ ਕੀਤੀ ਜਿਸ ਵਿਚ 14 ਵਿਦਵਾਨਾਂ ਨੇ ਆਪਣੇ ਖੋਜ-ਪੇਪਰ ਪੜ੍ਹੇ। ਡਾ. ਜਸਦੀਪ ਸਿੰਘ ਤੂਰ (ਮੁਖੀ, ਅਰਥ-ਸ਼ਾਸਤਰ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਅਤੇ ਡਾ. ਸਰਬਜੀਤ ਸਿੰਘ ਨੇ ਸ਼ਾਮ ਦੇ ਸੈਸ਼ਨ ਦੀ ਪ੍ਰਧਾਨਗੀ ਕੀਤੀ ਜਿਸ ਵਿੱਚ 16 ਵਿਦਵਾਨਾਂ ਨੇ ਖੋਜ-ਪੇਪਰ ਪੜ੍ਹੇ। ਖੋਜ-ਪੱਤਰਾਂ ਵਿੱਚ ਲਿੰਗ ਸਮਾਨਤਾ, ਮਹਿਲਾ ਸਸ਼ਕਤੀਕਰਨ, ਵਿਸ਼ਵੀਕਰਨ, ਇਤਿਹਾਸਕ ਚੇਤਨਾ ਦੀ ਪ੍ਰਸੰਗਿਕਤਾ ਅਤੇ ਅਜੋਕੇ ਦੌਰ ਵਿੱਚ ਇਤਿਹਾਸਕ ਘਟਨਾਵਾਂ ਬਾਰੇ ਪੇਪਰ ਪੇਸ਼ ਕੀਤੇ ਗਏ। ਕਾਲਜ ਦੇ ਸਮੂਹ ਸਟਾਫ ਨੇ ਸੈਮੀਨਾਰ ਦੇ ਪਹਿਲੇ ਦਿਨ ਦੇ ਪ੍ਰੋਗਰਾਮ ਨੂੰ ਸਫਲ ਬਣਾਇਆ।

## ਗੁਰੂ ਕਾਸ਼ੀ ਕੈਂਪਸ 'ਚ ਐੱਨ ਐੱਸ ਐੱਸ ਕੈਂਪ ਸ਼ੁਰੂ



**ਤਲਵੰਡੀ ਸਾਬੋ** (ਜਗਦੀਪ ਗਿੱਲ)-ਪੰਜਾਬੀ ਯੂਨੀਵਰਸਿਟੀ ਕੈਂਪਸ ਦਮਦਮਾ ਸਾਹਿਬ ਦੇ ਗੁਰੂ ਕਾਸ਼ੀ ਸੋਸ਼ਲ ਸਾਇੰਸ ਵਿਭਾਗ ਅਤੇ ਭਾਸ਼ਾਵਾਂ ਵਿਭਾਗ ਵੱਲੋਂ ਇੱਕ ਸੱਤ ਰੋਜ਼ਾ ਐੱਨ ਐੱਸ ਐੱਸ ਕੈਂਪ 22 ਤੋਂ 28 ਮਾਰਚ ਦੀ ਸ਼ੁਰੂਆਤ ਹੋਈ। ਪ੍ਰੋਗਰਾਮ ਅਫਸਰ ਡਾ. ਸੁਨੀਤਾ ਨੇ ਇਸ ਕੈਂਪ ਬਾਰੇ ਦੱਸਿਆ ਕਿ ਇਸ ਵਿੱਚ 100 ਵਿਦਿਆਰਥੀ ਭਾਗ ਲੈ ਰਹੇ ਹਨ ਜਿਨ੍ਹਾਂ ਨੂੰ ਦੋ ਯੂਨਿਟਾਂ (50-50) ਵਿੱਚ ਵੰਡਿਆ ਗਿਆ ਹੈ। ਉਨ੍ਹਾਂ ਨੇ ਕੈਂਪ ਅਧੀਨ ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ, ਲੈਕਚਰਾਂ ਬਾਰੇ ਜਾਣਕਾਰੀ ਦਿੱਤੀ। ਕੈਂਪ ਦਾ ਉਦਘਾਟਨ ਕੈਂਪਸ ਡਾਇਰੈਕਟਰ ਪ੍ਰੋਫੈਸਰ ਕਮਲਜੀਤ ਸਿੰਘ ਨੇ ਕੀਤਾ। ਕੈਂਪ ਦੇ ਉਦਘਾਟਨ ਸਮਾਰੋਹ ਦੇ ਅੰਤ ਵਿੱਚ ਸੋਸ਼ਲ ਸਾਇੰਸ ਵਿਭਾਗ ਦੇ ਮੁਖੀ ਡਾ. ਬਲਦੇਵ ਸਿੰਘ ਸ਼ੇਰਗਿੱਲ ਨੇ ਧੰਨਵਾਦ ਕਰਦਿਆਂ ਐਨ. ਐਸ. ਐਸ. ਦੇ ਸੰਕਲਪ ਬਾਰੇ ਜਾਣਕਾਰੀ ਦਿੰਦਿਆਂ ਵਿਦਿਆਰਥੀ ਜੀਵਨ ਵਿੱਚ ਇਸ ਦੀ ਮਹੱਤਤਾ 'ਤੇ ਚਾਨਣਾ ਪਾਇਆ ਅਤੇ ਵਲੰਟੀਅਰਾਂ ਨੂੰ ਕੌਮੀ ਸੇਵਾ ਯੋਜਨਾ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਕੈਂਪ ਦੇ ਪਹਿਲੇ ਦਿਨ ਇਕ ਲੈਕਚਰ ਕਰਵਾਇਆ ਗਿਆ ਜਿਸ ਵਿੱਚ ਸ਼ੇਖਰ ਚੌਧਰੀ ਸਕੂਲ ਸਮਾਜ ਸੇਵੀ ਅਧਿਆਪਕ ਅਤੇ ਚੇਅਰਮੈਨ ਮਾਲਵਾ ਵੈਲਫੇਅਰ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਵਲੰਟੀਅਰਾਂ ਨੂੰ ਵੋਟ ਦੇ ਹੱਕਾਂ ਪ੍ਰਤੀ ਸੁਚੇਤ ਕੀਤਾ ਅਤੇ ਆਪਣੇ ਵਿਦਿਆਰਥੀ ਜੀਵਨ ਦੇ ਨਿੱਜੀ ਤਜਰਬੇ ਸਾਂਝੇ ਕੀਤੇ। ਅੰਤ ਵਿੱਚ ਡਾ. ਮਨਮਿੰਦਰ ਕੌਰ ਨੇ ਧੰਨਵਾਦੀ ਮਤਾ ਪੜ੍ਹਿਆ।

# ਸਮਰਾਲਾ 'ਚ ਚਾਰ ਰੋਜ਼ਾ ਮਾਸਟਰ ਹਾਕੀ ਲੀਗ



**ਸਮਰਾਲਾ**, (ਸੁਰਜੀਤ ਸਿੰਘ)- ਮਾਸਟਰ ਹਾਕੀ ਵੈਲਫੇਅਰ ਸੁਸਾਇਟੀ ਪੰਜਾਬ ਸਮਰਾਲਾ ਵਲੋਂ ਆਪਣੀ ਕਿਸਮ ਦੀ ਚਾਰ ਰੋਜ਼ਾ ਦੂਜੀ ਮਾਸਟਰ ਹਾਕੀ ਲੀਗ ਸਥਾਨਕ ਆਈ ਟੀ ਆਈ ਦੇ ਮੈਦਾਨਾਂ ਵਿਚ ਅਰੰਭ ਹੋਈ। ਜਿਸ ਵਿਚ 40 ਅਤੇ 50 ਤੋਂ ਵੱਧ ਉਮਰ ਵਰਗ ਦੇ ਖਿਡਾਰਿਆਂ ਨੂੰ ਸ਼ਾਮਲ ਕੀਤਾ ਗਿਆ। ਇਸ ਲੀਗ ਦੀ ਵਿਸ਼ੇਸ਼ਤਾ ਇਹ ਹੈ ਕਿ ਵੱਖ ਵੱਖ ਰਾਜਾਂ ਤੋਂ ਆਈਆਂ ਹਾਕੀ ਟੀਮਾਂ ਵਿਚ ਨੌਜਵਾਨ ਖਿਡਾਰੀਆਂ ਦੀ ਬਜਾਏ ਵੱਡੀ ਉਮਰ ਦੇ ਖਿਡਾਰੀ ਰੱਖੇ ਗਏ ਹਨ। ਡਾ. ਹਰਦੀਪ ਸਾਹੀ ਨੇ ਦੱਸਿਆ ਕਿ ਉਮਰ ਦਰਾਜ਼ ਖਿਡਾਰੀਆਂ ਨੂੰ ਟੀਮਾਂ ਵਿਚ ਰੱਖਣ ਪਿੱਛੇ ਮਨੋਰਥ ਇਹ ਰਿਹਾ ਹੈ ਕਿ ਖਿਡਾਰੀ ਇੱਕ ਉਮਰ ਪਾਰ ਕਰਨ ਤੋਂ ਬਾਅਦ ਅਵੇਸਲੇ ਹੋ ਕੇ ਘਰ ਨਾ ਬੈਠ ਜਾਣ ਬਲਕਿ ਖੇਡ ਨਾਲ ਜੁੜੇ ਰਹਿਣ, ਜਿਸ ਨਾਲ ਜਿਥੇ ਉਨ੍ਹਾਂ ਦੀ ਆਪਣੀ ਸਿਹਤ ਸੰਭਾਲੀ ਰਹੇਗੀ, ਉੱਥੇ ਹੋਰ ਲੋਕ ਵੀ ਉਨ੍ਹਾਂ ਨੂੰ ਦੇਖ ਕੇ ਆਪਣੀ ਸਿਹਤ ਪ੍ਰਤੀ ਜਾਗਰੂਕ ਰਹਿਣਗੇ। ਇਨ੍ਹਾਂ ਚਾਰ ਰੋਜ਼ਾ ਟੂਰਨਾਮੈਂਟਾਂ ਵਿਚ ਪੰਜਾਬ ਤੋਂ ਇਲਾਵਾ ਹਰਿਆਣਾ, ਤਾਮਿਲਨਾਡੂ, ਜੰਮੂ ਅਤੇ ਹਿਮਾਚਲ ਤੋਂ ਵੀ ਟੀਮਾਂ ਭਾਗ ਲੈ ਰਹੀਆਂ ਹਨ। ਇਸ ਦੇ ਨਾਲ ਹੀ 35 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਦੀਆਂ ਹਾਕੀ ਟੀਮਾਂ ਵੀ ਇਸ ਟੂਰਨਾਮੈਂਟ ਵਿਚ ਆਪਣੇ ਜੌਹਰ ਦਿਖਾਉਣਗੀਆਂ। ਪਹਿਲੇ ਦਿਨ ਦਾ ਮੈਚ ਵਿਚ ਰੋਪੜ ਅਤੇ ਰਾਮਪੁਰ ਦੀ ਟੀਮ ਦਰਮਿਆਨ ਹੋਇਆ। ਇਸ ਵਿਚ ਰਾਮਪੁਰ ਤਿੰਨ ਦੇ ਮੁਕਾਬਲੇ ਚਾਰ ਗੋਲ ਕਰਕੇ ਜੇਤੂ ਰਹੀ। ਦੂਜੇ ਮੈਚ ਵਿਚ ਅਮਲੋਹ ਦੀ ਟੀਮ ਨੇ ਤਾਮਿਲਨਾਡੂ ਦੀ ਟੀਮ ਨੂੰ ਪੰਜ ਇੱਕ ਨਾਲ ਹਰਾਇਆ। ਤੀਜੇ ਮੈਚ ਵਿਚ ਰਣੀਆਂ ਨੇ ਸਰੀਂਹ ਨੂੰ ਤਿੰਨ ਇੱਕ ਨਾਲ ਹਰਾਇਆ। ਚੌਥੇ ਮੈਚ ਵਿਚ ਹੁਸ਼ਿਆਰਪੁਰ ਨੇ ਬਠਿੰਡੇ ਨੂੰ ਚਾਰ ਇੱਕ ਨਾਲ ਮਾਤ ਦਿੱਤੀ। ਪੰਜਵੇਂ ਮੈਚ ਵਿਚ ਹਰਿਆਣਾ ਨੇ ਰੋਪੜ ਦੀ ਟੀਮ ਨੂੰ ਇੱਕ ਸਿਫਰ ਨਾਲ ਅਤੇ ਛੇਵੇਂ ਮੈਚ ਵਿਚ ਮੰਡਾਲੀ ਨੇ ਤਾਮਿਲਨਾਡੂ ਨੂੰ ਚਾਰ ਜ਼ੀਰੋ ਨਾਲ ਹਰਾਇਆ। ਸੱਤਵੇਂ ਮੈਚ ਵਿਚ ਰਾਮਪੁਰ ਨੇ ਰਣੀਏ ਨੂੰ ਤਿੰਨ ਜ਼ੀਰੋ ਨਾਲ ਅਤੇ ਅੱਠਵੇਂ ਮੈਚ ਵਿਚ ਹੁਸ਼ਿਆਰਪੁਰ ਨੇ ਅਮਲੋਹ ਨੂੰ ਇੱਕ ਸਿਫਰ ਨਾਲ ਅਤੇ ਨੌਵੇਂ ਮੈਚ ਵਿਚ ਸਰੀਂਹ ਨੇ ਹਰਿਆਣਾ ਨੂੰ ਛੇ ਇੱਕ ਦੇ ਵੱਡੇ ਫਰਕ ਨਾਲ ਹਰਾਇਆ। ਸਾਬਕਾ ਕਬੱਡੀ ਕੋਚ ਸੁਰਿੰਦਰ ਕੁਮਾਰ ਕਾਲਾ ਮਾਦਪੁਰ ਵਲੋਂ ਖਿਡਾਰੀਆਂ ਲਈ ਹਰ ਰੋਜ਼ ਫਲਾਂ ਦੀਆਂ ਟੋਕਰੀਆਂ ਮੁਹੱਈਆ ਕਰਾਈਆਂ ਜਾ ਰਹੀਆਂ ਹਨ।

page-6-24-March.-2024.qxd 3/23/2024 10:50 PM Page 1



# ਇਨਕਲਾਬੀ ਜੋਸ਼ੋ-ਖਰੋਸ਼ ਨਾਲ ਮਨਾਇਆ ਅਜਨਾਲਾ 'ਚ ਸ਼ਹੀਦੀ ਦਿਹਾੜਾ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)—ਸੰਯੁਕਤ ਕਿਸਾਨ ਮੋਰਚਾ ਵੱਲੋਂ ਸ਼ਹੀਦ ਭਗਤ, ਰਾਜਗੁਰੂ ਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਜਮਹੂਰੀਅਤ ਬਚਾਓ ਦਿਵਸ ਵੱਜੋਂ ਅਜਨਾਲਾ ਵਿਖੇ ਮੋਰਚੇ 'ਚ ਸ਼ਾਮਿਲ ਜਨਤਕ ਜਥੇਬੰਦੀਆਂ ਦੇ ਸੈਂਕੜੇ ਆਗੂਆਂ, ਕਾਰਕੁੰਨਾ, ਔਰਤਾਂ ਤੇ ਹਮਦਰਦਾਂ ਨੇ ਬੜੇ ਜੋਸ਼ੋ-ਖਰੋਸ਼ ਨਾਲ ਮਨਾਇਆ। ਠਾਠਾਂ ਮਾਰਦੇ ਇਕੱਠ ਨੇ ਰੈਲੀ ਦਾ ਰੂਪ ਧਾਰਨ ਕਰ ਲਿਆ ਜਿਸ ਨੂੰ ਸੰਬੋਧਨ ਕਰਦਿਆਂ ਸੰਯੁਕਤ ਕਿਸਾਨ ਮੋਰਚੇ ਦੇ ਕੌਮੀ ਆਗੂ ਤੇ ਜਮਹੂਰੀ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਤੇ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਸੂਬਾ ਮੀਤ ਪ੍ਰਧਾਨ ਕੁਲਵੰਤ ਸਿੰਘ ਮੱਲੂਨੰਗਲ ਨੇ ਦੱਸਿਆ ਕਿ ਪਿਛਲੇ ਦਸ ਸਾਲਾਂ ਦੇ ਬੀਜੇਪੀ ਦੇ ਰਾਜ ਵਿੱਚ ਜਮਹੂਰੀਅਤ ਦਾ ਇਕ ਤਰ੍ਹਾਂ ਨਾਲ ਗਲਾ ਘੁੱਟ ਦਿੱਤਾ ਗਿਆ ਹੈ, ਮੋਦੀ ਸਰਕਾਰ ਵਿਰੋਧੀ ਵਿਚਾਰਾਂ ਤੇ ਲਿਖਤਾਂ ਆਦਿ ਨੂੰ ਬਰਦਾਸ਼ਤ ਨਹੀਂ ਕਰਦੀ!

ਈਡੀ, ਸੀਬੀਆਈ ਤੇ ਹੋਰ ਏਜੰਸੀਆਂ ਨੂੰ ਆਪਣੇ ਸੌੜੇ ਹਿੱਤਾਂ ਲਈ ਵਰਤਿਆ ਗਿਆ ਹੈ ਜਿਸ ਦੀ ਤਾਜ਼ਾ ਮਿਸਾਲ ਕੇਜਰੀਵਾਲ ਦੀ ਗ੍ਰਿਫਤਾਰੀ ਸਾਡੇ ਸਾਹਮਣੇ ਹੈ ਜੋ ਕਿ ਜਮਹੂਰੀਅਤ ਲਈ ਬਹੁਤ ਵੱਡਾ ਖਤਰਾ ਹੈ! ਇਸ ਲਈ ਸਮੂਹ ਵੋਟਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਇਨ੍ਹਾਂ ਪਾਰਲੀਮਾਨੀ ਚੋਣਾਂ ਵਿੱਚ ਜਮਹੂਰੀਅਤ ਤੇ ਵਿਧਾਨ ਬਚਾਉਣ ਲਈ ਬੀਜੇਪੀ ਦੀ ਮੋਦੀ ਸਰਕਾਰ ਤੇ ਉਸ ਦੀਆਂ ਸਹਿਯੋਗੀ ਪਾਰਟੀਆਂ ਨੂੰ ਹਰ ਹਾਲਤ ਭਾਂਜ ਦੇਣ!

ਰੈਲੀ ਉਪਰੰਤ ਅਜਨਾਲਾ ਦੇ ਬਾਜ਼ਾਰਾਂ ਵਿੱਚ ਜ਼ੋਰਦਾਰ ਪ੍ਰਦਰਸ਼ਨ ਵੀ ਕੀਤਾ। ਹੋਰਨਾਂ ਤੋਂ ਇਲਾਵਾ ਗੁਰਨਾਮ ਸਿੰਘ ਉਮਰਪੁਰਾ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਪ੍ਰਧਾਨ ਜੱਗਾ ਸਿੰਘ ਡੱਲਾ, ਨੌਜਵਾਨ ਆਗੂ ਸਤਵਿੰਦਰ ਸਿੰਘ ਉਠੀਆਂ, ਸ਼ਮਸ਼ੇਰ ਸਿੰਘ, ਗੁਰਪਾਲ ਗਿੱਲ, ਔਰਤ ਮੁਕਤੀ ਮੋਰਚਾ ਦੀ ਪ੍ਰਧਾਨ ਅਜੀਤ ਕੌਰ ਕੋਟਰਜਾਦਾ, ਕੁਲਜੀਤ ਕੌਰ, ਤਰਸੇਮ ਸਿੰਘ ਕਾਮਲਪੁਰਾ, ਸੁਰਜੀਤ ਸਿੰਘ ਭੂਰੇਗਿੱਲ, ਕਾਕੂ, ਗਗਨਦੀਪ ਸਿੰਘ, ਪਰਮਜੀਤ ਕੌਰ, ਪ੍ਰਭਜੋਤ ਕੌਰ, ਕਰਨੈਲ ਸਿੰਘ ਭਿੰਡੀਆਂ, ਰਣਜੀਤ ਸਿੰਘ, ਇੰਦਰਜੀਤ ਸਿੰਘ, ਅੰਮ੍ਰਿਤਪਾਲ ਸਿੰਘ ਮੱਲੂਨੰਗਲ ਨੇ ਵੀ ਰੈਲੀ 'ਚ ਵਿਚਾਰ ਰੱਖੇ।

# ਲਿਟਲ ਫਲਾਵਰ ਕਾਨਵੈਂਟ ਸਕੂਲ ਪੁਰਾਣਾ ਸ਼ਾਲਾ 'ਚ ਹੋਲੀ ਦਾ ਤਿਉਹਾਰ ਮਨਾਇਆ




ਗੁਰਦਾਸਪੁਰ (ਜਨਕ ਮਹਾਜਨ)- ਸਥਾਨਕ ਲਿਟਲ ਫਲਾਵਰ ਕਾਨਵੈਂਟ ਸਕੂਲ ਵਿਖੇ ਪ੍ਰਿੰ. ਸਿਸਟਰ ਬੈਨਸੀ ਦੀ ਦੇਖ-ਰੇਖ ਹੇਠ ਪ੍ਰਾਇਮਰੀ ਵਿੰਗ ਦੇ ਬੱਚਿਆਂ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਹੋਲੀ ਦਾ ਤਿਉਹਾਰ ਸਕੂਲ ਸਟਾਫ਼ ਅਤੇ ਬੱਚਿਆਂ ਵੱਲੋਂ ਬੜੇ ਜੋਸ਼ੋ-ਖਰੋਸ਼ ਨਾਲ ਮਨਾਇਆ ਗਿਆ। ਇਸ ਮੌਕੇ ਪ੍ਰਿੰ. ਸਿਸਟਰ ਬੈਨਸੀ ਨੇ ਸਕੂਲ ਸਟਾਫ਼ ਅਤੇ ਬੱਚਿਆਂ ਨੂੰ ਹੋਲੀ ਦੇ ਤਿਉਹਾਰ ਦੀ ਵਧਾਈ ਦਿੱਤੀ। ਇਸ ਮੌਕੇ ਉਨ੍ਹਾਂ ਹੋਲੀ ਦੇ ਤਿਉਹਾਰ ਸਬੰਧੀ ਬੱਚਿਆਂ ਨੂੰ ਜਾਣੂੰ ਕਰਵਾਇਆ ਅਤੇ ਇਸ ਤਿਉਹਾਰ ਦੀ ਮਹੱਤਤਾ ਬਾਰੇ ਦੱਸਿਆ। ਉਨ੍ਹਾਂ ਕਿਹਾ ਸਕੂਲ ਵਿਚ ਸਮੇਂ-ਸਮੇਂ 'ਤੇ ਸਾਰੇ ਤਿਉਹਾਰ ਮਨਾਏ ਜਾਂਦੇ ਹਨ ਅਤੇ ਬੱਚਿਆਂ ਨੂੰ ਤਿਉਹਾਰਾਂ ਦੀ ਮਹੱਤਤਾ ਪ੍ਰਤੀ ਜਾਣੂੰ ਕਰਵਾਇਆ ਜਾਂਦਾ ਹੈ। ਉਨ੍ਹਾਂ ਬੱਚਿਆਂ ਨੂੰ ਤਿਉਹਾਰ ਮਨਾਉਣ ਦੇ ਨਾਲ-ਨਾਲ ਪੜ੍ਹਾਈ ਵੱਲ ਵੀ ਧਿਆਨ ਦੇਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਬੱਚਿਆਂ ਦੀਆਂ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ ਅਤੇ ਬੱਚਿਆਂ ਨੇ ਰੰਗੋਲੀ ਤੇ ਰੰਗਾਂ ਦੇ ਨਾਲ ਆਪਸ ਵਿਚ ਰਲ-ਮਿਲ ਕੇ ਹੋਲੀ ਖੇਡੀ। ਇਸ ਮੌਕੇ ਸਮੂਹ ਸਟਾਫ਼ ਮੈਂਬਰ ਤੇ ਵਿਦਿਆਰਥੀ ਵੱਡੀ ਗਿਣਤੀ ਵਿਚ ਹਾਜ਼ਰ ਸਨ।

# ਤਨਖਾਹਾਂ ਨੂੰ ਤਰਸੇ ਸਫਾਈ ਸੇਵਕਾਂ ਵੱਲੋਂ ਹੜਤਾਲ 'ਤੇ ਜਾਣ ਦਾ ਐਲਾਨ





ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)- ਸਿਵਲ ਹਸਪਤਾਲ ਤਰਨ ਤਾਰਨ ਦੇ ਸਫਾਈ ਸੇਵਕ ਨੂੰ ਬਕਾਇਆ ਤਨਖਾਹਾਂ ਨਾ ਮਿਲਣ ਕਾਰਨ ਉਹ ਦੁਬਾਰਾ ਹੜਤਾਲ 'ਤੇ ਜਾਣ ਲਈ ਮਜਬੂਰ ਹਨ। ਇਸ ਸਬੰਧੀ ਦਿਹਾਤੀ ਮਜ਼ਦੂਰ ਸਭਾ ਦੇ ਸੂਬਾਈ ਆਗੂ ਬਲਦੇਵ ਸਿੰਘ ਪੰਡੋਰੀ, ਕਰਮ ਸਿੰਘ ਪੰਡੋਰੀ ਦੀ ਅਗਵਾਈ 'ਚ ਸਿਵਲ ਸਰਜਨ ਤਰਨ ਤਾਰਨ ਨੂੰ ਮਿਲਿਆ। ਸੀਐਮਓ ਨੇ ਵਫਦ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਹਸਪਤਾਲ ਦੇ ਮੁੱਖੀ ਸੀਨੀਅਰ ਮੈਡੀਕਲ ਅਫਸਰ ਨੇ ਹਸਪਤਾਲ ਦੇ ਫੰਡ ਵਿੱਚੋਂ ਕੁਝ ਪੈਸੇ ਹਰ ਮਹੀਨੇ ਸਰਕਾਰ ਦੇ ਖਾਤੇ ਵਿੱਚ ਜਮ੍ਹਾ ਨਹੀਂ ਕਰਾਏ ਜਿਸ ਕਾਰਨ ਮੁਲਾਜ਼ਮਾਂ ਦੀਆਂ ਤਨਖਾਹਾਂ ਰੁਕ ਗਈਆਂ ਹਨ। ਹੈਲਥ ਡਾਇਰੈਕਟਰ ਡਾ. ਗੋਇਲ ਫੰਡਾਂ ਸਬੰਧੀ ਇਨਕੁਆਰੀ ਲਈ ਆਏ ਤਾਂ ਸੀਨੀਅਰ ਮੈਡੀਕਲ ਅਫਸਰ ਤਰਨ ਤਾਰਨ ਆਪਣਾ ਰਿਕਾਰਡ ਪੇਸ਼ ਨਹੀਂ ਕਰ ਸਕੇ।

ਉਨ੍ਹਾਂ ਹਦਾਇਤ ਕੀਤੀ ਕਿ ਆਪਣਾ ਸਾਰਾ ਰਿਕਾਰਡ ਚੰਡੀਗੜ੍ਹ ਲੈ ਕੇ ਪਹੁੰਚੋ। ਪੰਡੋਰੀ ਨੇ ਦੱਸਿਆ ਕਿ ਜਦੋਂ ਮੈਂ ਡਾ. ਗੋਇਲ ਨਾਲ ਫੋਨ 'ਤੇ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਸੀਨੀਅਰ ਮੈਡੀਕਲ ਅਫਸਰ ਨੇ ਸਰਕਾਰ ਦੇ ਖਾਤੇ ਵਿੱਚ ਕੋਈ ਪੈਸਾ ਜਮ੍ਹਾ ਨਹੀਂ ਕਰਵਾਇਆ। ਉਨ੍ਹਾਂ ਕਿਹਾ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਸੀਐਮਓ ਨੇ ਵਫਦ ਨੂੰ ਵਿਸ਼ਵਾਸ ਦਿਵਾਇਆ ਕਿ ਸਫਾਈ ਕਰਮਚਾਰੀਆਂ ਦੀਆਂ ਰੁਕੀਆਂ ਤਨਖਾਹਾਂ ਦਾ ਛੇਤੀ ਤੋਂ ਛੇਤੀ ਹੱਲ ਕੀਤਾ ਜਾਵੇਗਾ। ਵਫਦ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਮੇਂ ਸਿਰ ਰੁਕੀਆਂ ਹੋਈਆਂ ਤਨਖਾਹਾਂ ਨਾ ਦਿੱਤੀਆਂ ਤਾਂ ਸੀਐਮਓ ਦੇ ਦਫਤਰ ਅੱਗੇ ਅਣਮਿਥੇ ਸਮੇਂ ਦੀ ਹੜਤਾਲ ਕਰਕੇ ਧਰਨਾ ਦਿੱਤਾ ਜਾਵੇਗਾ।

# ਤਲਵੰਡੀ ਰਾਮਾ ਦੇ ਕਈ ਅਕਾਲੀ ਪਰਿਵਾਰ 'ਆਪ' 'ਚ ਸ਼ਾਮਲ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**—ਹਲਕਾ ਡੇਰਾ ਬਾਬਾ ਨਾਨਕ ਦੇ ਪਿੰਡ ਤਲਵੰਡੀ ਰਾਮਾ ਵਿੱਚ ਸ਼੍ਰੋਮਣੀ ਅਕਾਲੀ ਦਲ ਪਾਰਟੀ ਨੂੰ ਉਸ ਵੇਲੇ ਵੱਡਾ ਝਟਕਾ ਲੱਗਾ ਜਦੋਂ ਹਲਕਾ ਡੇਰਾ ਬਾਬਾ ਨਾਨਕ ਦੇ ਵੱਖ-ਵੱਖ ਪਿੰਡਾਂ 'ਚ ਚੰਗਾ ਅਸਰ ਰਸੂਖ ਰੱਖਣ ਵਾਲੇ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਸੀਨੀਅਰ ਨੌਜਵਾਨ ਆਗੂ ਸ਼ਰਨਜੀਤ ਸਿੰਘ ਤਲਵੰਡੀ ਰਾਮਾ ਹਲਕੇ ਦੇ ਸੀਨੀਅਰ ਆਗੂ ਰਾਜਵਿੰਦਰ ਸਿੰਘ ਹਰਦੋਰਵਾਲ ਦੀ ਪ੍ਰੇਰਨਾ ਸਦਕਾ ਆਪਣੇ ਕਈ ਸਾਥੀਆਂ ਸਮੇਤ ਹਲਕਾ ਆਗੂ ਗੁਰਦੀਪ ਸਿੰਘ ਰੰਧਾਵਾ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਗਏ। ਇਸ ਸੰਬੰਧੀ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਗੁਰਦੀਪ ਸਿੰਘ ਰੰਧਾਵਾ ਦੀ ਅਗਵਾਈ ਪਿੰਡ ਤਲਵੰਡੀ ਰਾਮਾ ਸੁਖਵਿੰਦਰ ਸਿੰਘ ਫੌਜੀ ਤੇ ਗ੍ਰਹਿ ਵਿਖੇ ਭਰਵੀਂ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਪਿੰਡ ਵਾਸੀਆਂ ਵੱਲੋਂ ਰੰਧਾਵਾ ਦਾ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਰੰਧਾਵਾ ਵੱਲੋਂ ਪਾਰਟੀ ਵਿੱਚ ਸ਼ਾਮਿਲ ਹੋਏ ਸ਼ਰਨਜੀਤ ਸਿੰਘ ਤਲਵੰਡੀ ਰਾਮਾ, ਕੁਲਜਿੰਦਰ ਸਿੰਘ ਸਿੱਧੂ, ਜੋਗਿੰਦਰ ਮਸੀਹ, ਪਾਦਰੀ ਵੱਸਣ ਮਸੀਹ, ਚੇਅਰਮੈਨ ਪ੍ਰੇਮ ਮਸੀਹ, ਡਾ. ਸਰਵਨ ਸਿੰਘ, ਸ਼ਾਮਾ ਮਸੀਹ, ਦਲੀਪ ਮਸੀਹ, ਮੇਲਾ ਮਸੀਹ, ਸੁੱਚਾ ਮਸੀਹ ਵਪਾਰੀ, ਰਿੰਕੂ ਮਸੀਹ, ਸਰਦਾਰੀ ਲਾਲ, ਸਤਨਾਮ ਸਿੰਘ, ਪ੍ਰੇਮ ਮਸੀਹ ਚੌਕੀਦਾਰ, ਦਰਸ਼ਨ ਸਿੰਘ, ਬੌਬੀ ਮਸੀਹ, ਸੰਤੋਖ ਸਿੰਘ, ਹਰਪਾਲ ਸਿੰਘ ਦਿਉਲ, ਕਰਤਾਰ ਸਿੰਘ, ਜੋਗਿੰਦਰ, ਪ੍ਰੀਤਮ ਮਸੀਹ, ਬਾਬਾ ਨਰਿੰਦਰ ਮਸੀਹ ਅਤੇ ਹੋਰ ਵਰਕਰਾਂ ਦਾ ਭਰਵਾਂ ਸਵਾਗਤ ਕੀਤਾ ਗਿਆ ਅਤੇ ਆਮ ਆਦਮੀ ਪਾਰਟੀ 'ਚ ਬਣਦਾ ਮਾਣ ਸਤਿਕਾਰ ਦੇਣ ਦਾ ਵਿਸ਼ਵਾਸ ਦਵਾਇਆ ਗਿਆ। ਇਸ ਮੌਕੇ ਗੁਰਦੀਪ ਸਿੰਘ ਰੰਧਾਵਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ 'ਤੇ ਬੀਜੇਪੀ 'ਤੇ ਨਿਸ਼ਾਨੇ ਸਾਧੇ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਪਾਰਟੀ ਛੱਡ ਕੇ ਆਪ 'ਚ ਸ਼ਾਮਿਲ ਹੋਏ ਨੌਜਵਾਨ ਸ਼ਰਨਜੀਤ ਤਲਵੰਡੀ ਰਾਮਾ ਨੇ ਦੱਸਿਆ ਉਹ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਅਤੇ ਹਲਕਾ ਆਗੂ ਗੁਰਦੀਪ ਸਿੰਘ ਰੰਧਾਵਾ ਦੇ ਮਿੱਠਬੋਲੜੇ ਸੁਭਾਅ ਕਰਕੇ ਅਕਾਲੀ ਦਲ ਪਾਰਟੀ ਨੂੰ ਸਦਾ ਲਈ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ ਹਨ ਤੇ ਆਉਣ ਵਾਲੀਆਂ ਚੋਣਾਂ 'ਚ ਉਹ ਆਮ ਆਦਮੀ ਪਾਰਟੀ ਦਾ ਡਟ ਕੇ ਸਾਥ ਦੇਣਗੇ।

## ਟਾਟਾ ਏ ਆਈ ਏ ਲਾਈਫ ਵੱਲੋਂ ਟਾਟਾ ਏ ਆਈ ਏ ਰਾਈਜ਼ਿੰਗ ਇੰਡੀਆ ਫੰਡ ਪੇਸ਼

**ਜਲੰਧਰ** : ਟਾਟਾ ਏਆਈਏ ਲਾਈਫ ਇੰਸ਼ੋਰੈਂਸ (ਟਾਟਾ ਏਆਈਏ), ਭਾਰਤ ਦੀਆਂ ਪ੍ਰਮੁੱਖ ਜੀਵਨ ਬੀਮਾ ਕੰਪਨੀਆਂ ਵਿੱਚੋਂ ਇੱਕ ਨੇ ਟਾਟਾ ਏਆਈਏ ਰਾਈਜ਼ਿੰਗ ਇੰਡੀਆ ਫੰਡ ਲਾਂਚ ਕੀਤਾ ਹੈ।ਇਹ ਫੰਡ ਉਪਭੋਗਤਾਵਾਂ ਲਈ ਭਾਰਤ ਦੀ ਵਿਕਾਸ ਯਾਤਰਾ ਵਿੱਚ ਸ਼ਾਮਲ ਹੋਣ ਦਾ ਇੱਕ ਵਿਲੱਖਣ ਮੌਕਾ ਖੋਲ੍ਹਦਾ ਹੈ।ਨਵੀਂ ਫੰਡ ਪੇਸ਼ਕਸ਼ 31 ਮਾਰਚ, 2024 ਤੱਕ ਖੁੱਲ੍ਹੀ ਰਹੇਗੀ।ਐੱਨਐੱਫਓ ਮਿਆਦ ਦੇ ਦੌਰਾਨ ਯੂਨਿਟਾਂ ਨੂੰ 10 ਰੁਪਏ ਪ੍ਰਤੀ ਯੂਨਿਟ ਦੀ ਐੱਨਏਵੀ 'ਤੇ ਪੇਸ਼ ਕੀਤਾ ਜਾਵੇਗਾ।ਰਾਈਜ਼ਿੰਗ ਇੰਡੀਆ ਫੰਡ ਉਨ੍ਹਾਂ ਪ੍ਰਮੁੱਖ ਖੇਤਰਾਂ ਅਤੇ ਕੰਪਨੀਆਂ ਵਿੱਚ ਨਿਵੇਸ਼ ਕਰੇਗਾ ਜੋ ਸਵੈ-ਨਿਰਭਰ ਭਾਰਤ ਦੀ ਯਾਤਰਾ ਨੂੰ ਅੱਗੇ ਵਧਾ ਰਹੇ ਹਨ।ਐੱਨਐੱਫਓ ਲਾਂਚ 'ਤੇ ਹਰਸ਼ਦ ਪਾਟਿਲ, ਕਾਰਜਕਾਰੀ ਉਪ ਪ੍ਰਧਾਨ ਅਤੇ ਮੁੱਖ ਨਿਵੇਸ਼ ਅਧਿਕਾਰੀ (ਸੀਆਈਓ), ਟਾਟਾ ਏਆਈਏ ਨੇ ਕਿਹਾ ਕਿ ਸਾਡਾ ਨਵਾਂ ਫੰਡ ਉਪਭੋਗਤਾਵਾਂ ਨੂੰ ਭਾਰਤ ਦੀ ਸ਼ਾਨਦਾਰ ਵਿਕਾਸ ਯਾਤਰਾ ਵਿੱਚ ਹਿੱਸਾ ਲੈਣ ਅਤੇ ਲਾਭ ਲੈਣ ਦਾ ਮੌਕਾ ਪ੍ਰਦਾਨ ਕਰਨਾ ਚਾਹੁੰਦਾ ਹੈ।

# ਕਲਾਸੀਫਾਈਡ ਇਸ਼ਤਿਹਾਰ

### Public Notice

I, Pawan Singh son of Changer Ram resident of H.No. 137, Galli No. 2, Joginder Nagar, Rama Mandi, Jalandhar, Punjab, India declare that my daughter Bhumika is out of my control. So I disinherit her from all my moveable and Immoveable properties. The person transacting with her himself will be responsible. I and my family will not have any responsibility. All concerned please note.

I, Tarsem Singh Bhaila S/o Chanda Singh R/o H.No. 219, Scheme No. 10, D.C. Road Hoshiarpur (Punjab), have declare that Tarsem Singh Bhaila and Tarsem Singh Both names are mine and I known with both names. All concerned please note.

### ਲੋੜ ਹੈ

43 ਸਾਲਾ ਕਾਰਪੇਂਟਰ ਦਾ ਕੰਮ ਕਰਦੇ ਲਈ ਜੀਵਨ ਸਾਥਣ ਦੀ ਲੋੜ। ਫੋਨ ਨੰ. 98151-46855 (9677)

### ਆਮ ਸੂਚਨਾ

ਟਿਊਬਵੈੱਲ ਕੁਨੈਕਸ਼ਨ ਖਾਤਾ ਨੰ. ਏ ਪੀ 06/0317 ਐੱਲ, ਜੋ ਕਿ ਪਰਮਜੀਤ ਸਿੰਘ ਪੁੱਤਰ ਸਿਮਰਜੀਤ ਸਿੰਘ ਪਿੰਡ ਭੁਲਪੁਰ ਦੇ ਨਾਂਅ 'ਤੇ ਚੱਲ ਰਿਹਾ ਹੈ, ਜੋ ਕਿ ਹੁਣ ਤਬਦੀਲ ਹੋ ਕੇ ਸ੍ਰੀਮਤੀ ਬਿਮਲ ਕੌਰ ਪਤਨੀ ਕੁਲਦੀਪ ਸਿੰਘ ਪਿੰਡ ਭੁਲਪੁਰ ਦੇ ਨਾਂਅ 'ਤੇ ਹੋਣ ਜਾ ਰਿਹਾ ਹੈ। ਇਤਰਾਜ਼ਕਰਤਾ 15 ਦਿਨਾਂ ਦੇ ਅੰਦਰ-ਅੰਦਰ ਸਹਾਇਕ ਇੰਜੀਨੀਅਰ, ਸੰਚਾਲਨ ਪਾਵਰਕਾਮ ਮਿਆਣੀ ਨਾਲ ਸੰਪਰਕ ਕਰ ਸਕਦਾ ਹੈ।

ਮੈਂ ਗੋਗਨਾ ਪੁੱਤਰੀ ਜਗਦੇਵ ਸਿੰਘ ਵਾਸੀ ਮੁਹੱਲਾ ਸੰਤੋਖਗੜ੍ਹ, ਨਕੋਦਰ ਸੂਚਿਤ ਕਰਦੀ ਹਾਂ ਕਿ ਮੇਰੀ ਮਾਸੀ ਨੇ ਮੈਨੂੰ ਗੋਦ ਲਿਆ ਸੀ। ਹੁਣ ਮੈਂ ਆਪਣਾ ਨਾਂਅ ਗੋਗਨਾ ਤੋਂ ਬਦਲ ਕੇ ਪ੍ਰੀਤੀ ਬੈਂਸ ਪੁੱਤਰੀ ਗੁਰਦੇਵ ਰਾਮ ਵਾਸੀ ਬਾਬਾ ਮੋਹਣ ਦਾਸ ਨਗਰ, ਨੇੜੇ ਖਾਲਸਾ ਵੈਲਡਿੰਗਜ਼ ਵਰਕਸ ਰੰਧਾਵਾ ਮਸੰਦਾਂ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਸੂਚਿਤ ਕਰਦਾ ਹਾਂ ਕਿ ਇੱਕ ਰਜਿਸਟਰੀ ਵਸੀਕਾ ਨੰ. 330 ਮਿਤੀ 18-12-2016 ਅਤੇ ਵਸੀਕਾ ਨੰ. 300 ਮਿਤੀ 14-01-2016 ਜੋ ਮੇਰੇ ਕੋਲ ਤਾਰਾਗੜ੍ਹ ਰਸਤੇ ਵਿੱਚ ਗੁੰਮ ਹੋ ਗਏ ਹਨ, ਜਿਸ ਦੀ ਮੈਂ ਕਾਫੀ ਭਾਲ ਕੀਤੀ, ਪਰ ਨਹੀਂ ਮਿਲੇ, ਜਿਸ ਦਾ ਰੋਜ਼ਨਾਮਚਾ ਨੰ. 025, ਗੁੰਮ ਦੀ ਮਿਤੀ 21-03-2024, ਰਿਪੋਰਟ ਮਿਤੀ 22-03-2024, ਜੇਕਰ ਕਿਸੇ ਨੂੰ ਮਿਲੇ ਤਾਂ ਹੇਠ ਲਿਖੇ ਪਤੇ 'ਤੇ ਸੰਪਰਕ ਕਰੇ-ਅਮਿਤ ਕੁਮਾਰ ਪੁੱਤਰ ਕੁਲਦੀਪ ਰਾਜ ਵਾਸੀ ਪਿੰਡ ਸਿਉਟੀ ਤਰਫ, ਜ਼ਿਲ੍ਹਾ ਪਠਾਨਕੋਟ। ਮੋਬਾਇਲ ਨੰ.-94658-75349। (ਆਰ)

ਮੈਂ, ਦਵਿੰਦਰ ਸਿੰਘ ਸੋਢੀ ਪੁੱਤਰ ਕਿਰਪਾਲ ਸਿੰਘ ਸੋਢੀ ਪੁੱਤਰ ਰਾਮ ਸਿੰਘ, ਵਾਸੀ ਪਿੰਡ ਮੀਰਹੇੜੀ, ਤਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ ਹਾਲ ਅਬਾਦ ਮਕਾਨ ਨੰਬਰ 1182, ਪੁਸ਼ਪਕ ਸੋਸਾਇਟੀ, ਸੈਕਟਰ 49ਬੀ, ਚੰਡੀਗੜ੍ਹ ਆਪਣੀ ਜ਼ਮੀਨ ਵਾਕਾ ਰਕਬਾ ਮੀਰਹੇੜੀ (ਸੰਗਰੂਰ) ਵਿੱਚ ਆਪਣਾ ਨਾਮ ਦਵਿੰਦਰ ਸਿੰਘ ਪੁੱਤਰ ਕਿਰਪਾਲ ਸਿੰਘ ਅਤੇ ਗੁਰਵਿੰਦਰ ਸਿੰਘ ਪੁੱਤਰ ਕਿਰਪਾਲ ਸਿੰਘ ਤੋਂ ਦਵਿੰਦਰ ਸਿੰਘ ਉਰਫ ਗੁਰਵਿੰਦਰ ਸਿੰਘ ਪੁੱਤਰ ਕਿਰਪਾਲ ਸਿੰਘ ਪੁੱਤਰ ਰਾਮ ਸਿੰਘ ਦਰੁਸਤ ਕਰਵਾਉਣਾ ਚਾਹੁੰਦਾ ਹਾਂ। ਇਹ ਦੋਵੇਂ ਨਾਮ ਮੇਰੇ ਹੀ ਹਨ। (ਆਰ)

ਹਰਭਜਨ ਸਿੰਘ ਪੁੱਤਰ ਧਰਮ ਸਿੰਘ ਦੇ ਨਾਮ ਤੇ ਸਲੇਮਪੁਰ ਅਫਗਾਨਾ ਵਿੱਚ ਚੱਲ ਰਿਹਾ ਟਿਊਬਵੈੱਲ ਕੁਨੈਕਸਨ ਖਾਤਾ ਨੰਬਰ AP66/1326X ਜੋ ਕਿ ਕੁਲਬੀਰ ਕੌਰ ਪਤਨੀ ਸੁਖਜੀਤ ਸਿੰਘ ਵਾਸੀ ਸਲੇਮਪੁਰ ਆਪਣੇ ਨਾਮ ਕਰਵਾ ਰਹੀ ਹੈ। ਇਤਰਜਕਰਤਾ 15 ਦਿਨ ਦੇ ਅੰਦਰ ਆਪਣਾ ਇਤਰਾਜ ਉਪ ਮੰਡਲ ਅਫਸਰ ਜੌੜਾ ਛੱਤਰਾਂ ਨੂੰ ਪੇਸ ਕਰ ਸਕਦਾ ਹੈ।

### ਬੇਦਖਲੀ ਨੋਟਿਸ

ਅਸੀਂ, ਪੁਸ਼ਪਿੰਦਰ ਕੌਰ ਪਤਨੀ ਜਸਵਿੰਦਰ ਸਿੰਘ ਵਾ ਜਸਵਿੰਦਰ ਸਿੰਘ ਪੁੱਤਰ ਸੀਤਲ ਸਿੰਘ ਵਾਸੀਆਨ ਮਕਾਨ ਨੰ. 175, ਨੇੜੇ ਵਾਟਰ ਟੈਂਕ ਨਿਊ ਨੰਗਲ ਕਾਲੋਨੀ ਫਗਵਾੜਾ, ਜ਼ਿਲ੍ਹਾ ਕਪੂਰਥਲਾ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਦੀਪਕ ਕਲੇਰ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ। (ਜਸਵਿੰਦਰ ਢੱਡਾ)

ਮੈਂ, ਬੋਹੜ ਸਿੰਘ ਪੁੱਤਰ ਗੁਰਮੇਜ ਸਿੰਘ ਵਾਸੀ ਮੋਹਕਮਵਾਲਾ, ਤਹਿਸੀਲ ਵਾ ਜ਼ਿਲ੍ਹਾ ਫਿਰੋਜ਼ਪੁਰ ਸੂਚਿਤ ਕਰਦਾ ਹਾਂ ਕਿ ਮੇਰੀ ਪਤਨੀ ਵੀਰਪਾਲ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ। (ਸਾਗਰ)

ਮੈਂ, ਸੋਨੀਆ ਪਤਨੀ ਸਤਪਾਲ ਸਿੰਘ ਵਾਸੀ ਅਜੀਤ ਨਗਰ, ਤਲਵੰਡੀ ਭਾਈ, ਤਹਿਸੀਲ ਵਾ ਜ਼ਿਲ੍ਹਾ ਫਿਰੋਜ਼ਪੁਰ ਸੂਚਿਤ ਕਰਦੀ ਹਾਂ ਕਿ ਮੇਰੀ ਲੜਕੀ ਸੁਖਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ। (ਸਾਗਰ)

ਮੈਂ, ਕਸ਼ਮੀਰ ਸਿੰਘ ਪੁੱਤਰ ਬੂੜ ਸਿੰਘ ਵਾਸੀ ਟਿਵਾਣਾ ਕਲਾਂ, ਤਹਿਸੀਲ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਸੂਚਿਤ ਕਰਦਾ ਹਾਂ ਕਿ ਮੇਰੀ ਲੜਕੀ ਸਰਬਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ ਪਿਆਰ ਕੌਰ ਪਤਨੀ ਰਣਜੀਤ ਸਿੰਘ, ਵਾਸੀ ਉਦੋ ਨੰਗਲ (ਅੰਮ੍ਰਿਤਸਰ) ਆਪਣੇ ਲੜਕੇ ਗੁਰਮੀਤ ਸਿੰਘ ਨੂੰ ਕਹਿਣੇ ਤੋਂ ਬਾਹਰੀ ਹੋਣ ਕਾਰਣ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

### ਬੇਦਖਲੀ ਨੋਟਿਸ

ਮੈਂ, ਪਰਮਜੀਤ ਕੌਰ ਪਤਨੀ ਲੇਟ ਸ੍ਰ: ਇਕਬਾਲ ਸਿੰਘ ਵਾਸੀ ਕਾਹਲੋਂ ਪੱਤੀ, ਵਾਸੀ ਪਿੰਡ ਤੇ ਡਾਕਖਾਨਾ ਤਿੱਬੜ, ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਸੰਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਵੀਨਾ ਕੁਮਾਰੀ ਪਤਨੀ ਦਵਿੰਦਰ ਕੁਮਾਰ ਵਾਸੀ ਸਾਨਨ ਮੁਹੱਲਾ ਫਤਿਹਗੜ੍ਹ ਚੂੜੀਆਂ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ, ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਜੋਬਨ ਕੁਮਾਰ ਅਤੇ ਮੇਰੀ ਨੂੰਹ ਦਿਪਿੰਤੀ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਆਸ਼ਾ ਰਾਣੀ ਪਤਨੀ ਮਨੋਹਰ ਲਾਲ, ਵਾਸੀ ਧਰਮਪੁਰਾ ਮੁਹੱਲਾ, ਧੂਰੀ (ਸੰਗਰੂਰ) ਆਪਣੀ ਨੂੰਹ ਗੀਤਾ ਰਾਣੀ ਪਤਨੀ ਸਵਰਗੀ ਰਾਜੀਵ ਕੁਮਾਰ ਅਤੇ ਪੋਤਰੀ ਗਗਨਦੀਪ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਨਾਲ ਲੈਣਦੇਣ ਕਰਨ ਅਤੇ ਸੰਬੰਧ ਰੱਖਣ ਵਾਲੇ ਖੁੱਦ ਜ਼ਿੰਮੇਵਾਰ ਹੋਣਗੇ।

### ਨਾਂਅ ਦੀ ਬਦਲੀ

ਮੈਂ, ਹਰਜਿੰਦਰ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਮਕਾਨ ਨੰ. 2272, ਸੀ-ਬਲਾਕ ਰਣਜੀਤ ਐਵੇਨਿਊ, ਅੰਮ੍ਰਿਤਸਰ (ਪੰਜਾਬ) ਨੇ ਆਪਣਾ ਨਾਂਅ ਹਰਜਿੰਦਰ ਸਿੰਘ ਤੋਂ ਬਦਲ ਕੇ ਹਰਜਿੰਦਰ ਸਿੰਘ ਸੰਧੂ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ, ਕੁਲਦੀਪ ਸਿੰਘ ਪੁੱਤਰ ਉਜਾਗਰ ਸਿੰਘ ਵਾਸੀ ਪਿੰਡ ਰੌਲੀ, ਜ਼ਿਲ੍ਹਾ ਮੋਗਾ ਨੇ ਆਪਣਾ ਨਾਂਅ ਬਦਲ ਕੇ ਕੁਲਦੀਪ ਸਿੰਘ ਗਿੱਲ ਰੱਖ ਲਿਆ ਹੈ।

ਮੈਂ, ਨਵਦੀਪ ਪੁੱਤਰ ਨਸੀਬ ਚੰਦ ਵਾਸੀ ਪਿੰਡ ਤੇ ਡਾਕਖਾਨਾ ਬਡਲਾ, ਜ਼ਿਲ੍ਹਾ ਹੁਸ਼ਿਆਰਪੁਰ ਸੂਚਿਤ ਕਰਦਾ ਹਾਂ ਕਿ ਮੈਂ ਆਪਣਾ ਨਾਂਅ ਨਵਦੀਪ ਤੋਂ ਬਦਲ ਕੇ ਨਵਦੀਪ ਗੰਡੋਤਰਾ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ, ਰੀਤੂ ਬਾਲਾ ਪਤਨੀ ਗੁਰਤੇਜ ਸਿੰਘ ਵਾਸੀ ਚੱਕ ਸੈਦੋਕੇ, ਤਹਿਸੀਲ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਸੂਚਿਤ ਕਰਦੀ ਹਾਂ ਕਿ ਮੇਰੇ ਅਧਾਰ ਕਾਰਡ, ਪੈਨ ਕਾਰਡ ਅਤੇ ਮੇਰੇ ਸਕੂਲ ਦੇ ਸਾਰੇ ਰਿਕਾਰਡ ਵਿੱਚ ਮੇਰਾ ਨਾਂਅ ਰੀਤੂ ਬਾਲਾ ਦਰਜ ਹੈ ਅਤੇ ਗਲਤੀ ਨਾਲ ਮੇਰੇ ਪਾਸਪੋਰਟ 'ਤੇ ਮੇਰਾ ਨਾਂਅ ਰੀਤੂ ਬਾਲਾ ਬਾਂਗਰ ਦਰਜ ਹੋ ਗਿਆ ਹੈ। ਮੇਰੇ ਪਾਸਪੋਰਟ 'ਤੇ ਮੇਰਾ ਨਾਂਅ ਰੀਤੂ ਬਾਲਾ ਸਹੀ ਕੀਤਾ ਜਾਵੇ। ਸੰਬੰਧਤ ਨੋਟ ਕਰਨ।

ਮੈਂ, ਕੁਲਦੀਪ ਸਿੰਘ ਪੁੱਤਰ ਬਹਾਲ ਸਿੰਘ ਵਾਸੀ ਮਕਾਨ ਨੰ. 70, ਨੇੜੇ ਸਿਟੀ ਹਸਪਤਾਲ, ਵਸੰਤ ਵਿਹਾਰ ਬਾਈ ਪਿੱਛੇ ਸੈਸ਼ਨ ਹਾਊਸ ਕਪੂਰਥਲਾ ਨੇ ਆਪਣੇ ਲੜਕੇ ਤੇਜਵਿੰਦਰਦੀਪ ਸਿੰਘ ਦਾ ਨਾਂਅ ਬਦਲ ਕੇ ਤੇਜਵਿੰਦਰਦੀਪ ਸਿੰਘ ਸਾਹੀ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ ਮਨਦੀਪ ਸਿੰਘ ਧਾਲੀਵਾਲ ਪੁੱਤਰ ਗੁਰਬਖਸ ਸਿੰਘ ਵਾਸੀ ਬੱਡੇ (ਮੋਗਾ) ਨੇ ਆਪਣਾ ਨਾਮ ਬਦਲ ਕੇ ਮਨਦੀਪ ਸਿੰਘ ਰੱਖ ਲਿਆ ਹੈ।

ਮੈਂ ਗੁਰਦਾਸ ਸਿੰਘ ਮਾਨ ਪੁੱਤਰ ਲਖਵੀਰ ਸਿੰਘ ਵਾਸੀ ਪਿੰਡ ਚੱਕ ਸੁਹੇਲੇ ਵਾਲਾ ਵਾਲਾ ਤਹਿਸੀਲ ਜਲਾਲਾਬਾਦ ਜ਼ਿਲਾ ਫਾਜ਼ਿਲਕਾ ਬਿਆਨ ਕਰਦਾ ਕਿ ਮੇਰਾ ਪਹਿਲਾ ਨਾਮ ਗੁਰਦਾਸ ਸਿੰਘ ਜਦ ਕਿ ਮੇਰਾ ਨਾਮ ਪਾਸਪੋਰਟ ਵਿੱਚ ਗਲਤੀ ਨਾਮ ਗੁਰਦਾਸ ਸਿੰਘ ਮਾਨ ਜਦ ਕਿ ਮੇਰੇ ਆਧਾਰ ਕਾਰਡ ਸਕੂਲ ਦੇ ਸਰਟੀਫਿਕੇਟ ਉੱਪਰ ਗੁਰਦਾਸ ਸਿੰਘ ਹੀ ਲਿਖਿਆ ਹੈ ਇਸ ਲਈ ਮੇਰਾ ਨਾਮ ਗੁਰਦਾਸ ਸਿੰਘ ਹੀ ਨਾਂ ਜਾਣਿਆ ਜਾਵੇ ਜੀ (ਸ਼ਮਿੰਦਰ)

ਮੈ, ਅਕਾਸ਼ ਵਰਮਾ ਪੁੱਤਰ ਗਿਆਨ ਸਿੰਘ ਵਾਸੀ 4311/3, ਗਲੀ ਨੰ:7, ਪਾਇਲ ਸਟ੍ਰੀਟ, ਗਿੱਲ ਰੋਡ, ਲੁਧਿਆਣਾ ਨੇ ਆਪਣਾ ਨਾਮ ਬਦਲ ਕੇ ਅਕਾਸ਼ਦੀਪ ਸਿੰਘ ਰੱਖ ਲਿਆ ਹੈ।

ਮੈ, ਅਮਨਦੀਪ ਮਾਵੀ ਪਤਨੀ ਕਮਲਦੀਪ ਸਿੰਘ ਮੰਡੇਰ ਵਾਸੀ ਪਿੰਡ ਬਡਾਲਾ, ਡਾਕ ਘਰ ਨਵਾਂ ਸ਼ਹਿਰ, ਖਰੜ, ਐਸ. ਏ. ਨਗਰ (ਮੋਹਾਲੀ) ਨੇ ਆਪਣਾ ਨਾਮ ਬਦਲ ਕੇ ਅਮਨਦੀਪ ਮੰਡੇਰ ਰੱਖ ਲਿਆ ਹੈ।

### Change of Name

I, Madanjeet S/o Chaman Lal R/o VPO. Kandhala Guru Distt. Jalandhar, (Pb.) have Changed my name Madanjeet to Madan Gopal. All Concerned please note.

I, Kulwant Kaur W/o Dilbag Singh R/o V & PO. Raipur Rasulpur, District- Jalandhar - 144012 Punjab Declared that Kulwant Kaur and Kulwant Kaur Soor is One and The Same Person. Please note.

I, Dilbag Singh S/o Sohan Singh R/o V & PO. Raipur Rasulpur, District- Jalandhar -144012 Punjab Declared that Dilbag Singh and Dilbag Singh Soor is One and The Same Person. Please note.

I Harjit Kaur W/o. Kirpal Singh, Village Bhalaipur Purban (Amritsar) have changed my name from Harjit Kaur to Harjeet Kaur. Concerned Note.

I, Reeta Devi W/o Shashi Kumar R/o VPO Dandoh Distt. Hoshiarpur Punjab have changed the name of my minor daughter from Shvally Devi to Shivally. Concerned note.

I, Simarjit Kaur W/o Harjinder Singh R/o Vill. Lamme P.O. Jaid, Distt: Kapurthala, (Pb.) have Changed my name Simarjit Kaur to Simerjit Kaur. All Concerned please note.

### Court Notice

(U/o 5 Rule 20 CPC)
In the Court of
**Sh. Barinder Singh Ramana**
Principal Judge Family Court, Rupnagar
CNR No. PBRO01-004923-2023
Next Date :- 19-04-2024

Simran Kaur aged about 38 Years Widow of Shukargujar Singh R/o Vill. Khairabad, Tehsil and Distt. Rupnagar

Vs.

General Public

Petition U/s of Hindu Minority and Guardianship Act 1956 read with Section 28 and 29 of the Guardian and Ward Act.

Publication issued to : General Public

In above titled case, the defendant (s)/respondent (s) could not be served. It is ordered that defendant (s)/ respondent (s) should appear in person or through counsel on 19.04.2024 at 10:00 A.M.

For details logon to https://highcourtchd.gov.in/?trs=district_notice&district= ropar

Principal Judge, Family Court, Rupnagar
Dated, this day of 22-03-2024

### ਬਾ-ਅਦਾਲਤ ਜਗਸੀਰ ਸਿੰਘ ਮਿੱਤਲ, ਸਬ-ਰਜਿਸਟਰਾਰ, ਅੰਮ੍ਰਿਤਸਰ-3

ਵਿਸ਼ਾ : ਵਸੀਅਤ ਜ਼ੇਰ ਧਾਰਾ 40 ਇੰਡੀਅਨ ਰਜਿਸਟ੍ਰੇਸ਼ਨ ਐਕਟ ਅਧੀਨ ਤਸਦੀਕ ਕਰਨ ਬਾਰੇ

ਸਿਵਲ ਨਾਜਰ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਰਿੰਦਰ ਕੌਰ ਉਰਫ ਨਿੰਦਰ ਕੌਰ ਪਤਨੀ ਨਿਰਮਲ ਸਿੰਘ ਵਾਸੀ ਵੱਲਾ ਰਾਹੀਂ ਐਡਵੋਕੇਟ ਰਾਜੀਵ ਸ਼ਰਮਾ ਨੇ ਇੱਕ ਦਰਖਾਸਤ ਨਿਮਨ ਹਸਤਾਖਰ ਦੇ ਦਫਤਰ ਵਿੱਚ ਪੇਸ਼ ਕੀਤੀ ਹੈ, ਜਿਸ 'ਚ ਪ੍ਰਾਰਥੀ ਨੇ ਆਪਣੇ ਪਤੀ ਲੇਟ ਨਿਰਮਲ ਸਿੰਘ ਦੀ ਅਣ-ਰਜਿਸਟਰਡ ਵਸੀਅਤ ਨਾਲ ਨੱਥੀ ਕੀਤੀ ਅਤੇ ਆਪਣੀ ਦਰਖਾਸਤ ਵਿੱਚ ਲਿਖਿਆ ਹੈ ਕਿ ਉਨ੍ਹਾ ਦੇ ਪਤੀ ਦੀ ਮੌਤ ਮਿਤੀ 28-03-2023 ਨੂੰ ਹੋ ਚੁੱਕੀ ਹੈ ਅਤੇ ਉਨ੍ਹਾ ਆਪਣੀ ਮੌਤ ਤੋਂ ਪਹਿਲਾਂ ਮਿਤੀ 22-11-2022 ਨੂੰ ਇੱਕ ਅਣ-ਰਜਿਸਟਰਡ ਵਸੀਅਤ ਮੇਰੇ ਹੱਕ ਵਿਚ ਲਿਖਵਾਈ ਸੀ, ਜੋ ਕਿ ਕਿਸੇ ਕਾਰਨ ਉਹ ਰਜਿਸਟਰਡ ਨਹੀਂ ਕਰਵਾ ਸਕੇ, ਜਿਸ ਵਿੱਚ ਉਨ੍ਹਾ ਨੇ ਲਿਖਵਾਇਆ ਸੀ ਕਿ ਉਨ੍ਹਾ ਦੀ ਮੌਤ ਤੋਂ ਬਾਅਦ ਉਨ੍ਹਾ ਦੀ ਚੱਲ-ਅਚੱਲ ਜਾਇਦਾਦ ਚਾਹੇ ਉਹ ਭਾਰਤ ਵਿੱਚ ਕਿਤੇ ਵੀ ਮੌਜੂਦ ਹੋਵੇ, ਦਾ ਵਾਹਦ ਮਾਲਕ ਤੇ ਕਾਬਜ਼ ਮੈਂ ਸ੍ਰੀਮਤੀ ਨਰਿੰਦਰ ਕੌਰ ਉਰਫ ਨਿੰਦਰ ਕੌਰ ਮੁਤਾਬਕ ਵਸੀਅਤ ਹੋਵੇਗੀ। ਇਸ ਤੋਂ ਇਲਾਵਾ ਉਨ੍ਹਾਂ ਦੇ ਪਰਵਾਰ ਦੇ ਕਿਸੇ ਵੀ ਮੈਂਬਰ ਆਦਿ ਜਾਂ ਦੂਰ-ਨੇੜਿਓਂ ਰਿਸ਼ਤੇਦਾਰ ਦਾ ਇਸ ਵਸੀਅਤ ਨਾਲ ਕੋਈ ਤਾਲੁਕ-ਵਾਸਤਾ ਨਹੀਂ ਹੋਵੇਗਾ। ਉਹ ਇਸ ਅਣ-ਰਜਿਸਟਰਡ ਵਸੀਅਤ ਨੂੰ ਧਾਰਾ 40 ਤਹਿਤ ਰਜਿਸਟਰਡ ਕਰਵਾਉਣਾ ਚਾਹੁੰਦਾ ਹੈ। ਲੇਟ ਨਿਰਮਲ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਪਿੰਡ ਵੱਲਾ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਦੇ ਵਾਰਸਾਂ ਅਤੇ ਆਮ ਜਨਤਾ ਦੀ ਜਾਣਕਾਰੀ ਲਈ ਮੁਸਤਰੀ ਮਨਾਦੀ ਲਈ ਦਿੱਤਾ ਜਾਂਦਾ ਹੈ ਕਿ ਇਹ ਵਸੀਅਤ ਜ਼ੇਰ ਧਾਰਾ 40 ਭਾਰਤੀ ਰਜਿਸਟਰੇਸ਼ਨ ਐਕਟ ਅਧੀਨ ਤਸਦੀਕ ਹੋਣ ਵਿੱਚ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਇਸ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਰਾਹੀਂ ਮਿਤੀ 09-04-2024 ਤੱਕ ਹਾਜ਼ਰ ਹੋ ਕੇ ਉਜ਼ਰ ਪੇਸ਼ ਕਰ ਸਕਦਾ ਹੈ। ਮਿਤੀ ਗੁਜ਼ਰਨ ਤੋਂ ਬਾਅਦ ਕੋਈ ਇਤਰਾਜ਼ ਨਹੀਂ ਸੁਣਿਆ ਜਾਵੇਗਾ ਅਤੇ ਵਸੀਅਤ ਤਸਦੀਕ ਕਰ ਦਿੱਤੀ ਜਾਵੇਗੀ। ਇਹ ਮੁਸਤਰੀ ਮੁਨਾਦੀ ਮੇਰੇ ਹਸਤਾਖਰ ਅਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ।

ਸਹੀ/- ਸਬ-ਰਜਿਸਟਰਾਰ, ਅੰਮ੍ਰਿਤਸਰ-3
ਨੰਬਰ ਰੀਡਰ/4239, ਮਿਤੀ : 19-03-2024

### ਬਾ-ਅਦਾਲਤ ਜਗਸੀਰ ਸਿੰਘ ਮਿੱਤਲ, ਸਬ-ਰਜਿਸਟਰਾਰ, ਅੰਮ੍ਰਿਤਸਰ-3

ਵਿਸ਼ਾ : ਵਸੀਅਤ ਜ਼ੇਰ ਧਾਰਾ 40 ਇੰਡੀਅਨ ਰਜਿਸਟ੍ਰੇਸ਼ਨ ਐਕਟ ਅਧੀਨ ਤਸਦੀਕ ਕਰਨ ਬਾਰੇ

ਪਬਲਿਕ ਨੋਟਿਸ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਰਿੰਦਰ ਕੌਰ ਉਰਫ ਨਿੰਦਰ ਕੌਰ ਪਤਨੀ ਨਿਰਮਲ ਸਿੰਘ ਵਾਸੀ ਵੱਲਾ ਰਾਹੀਂ ਐਡਵੋਕੇਟ ਰਾਜੀਵ ਸ਼ਰਮਾ ਨੇ ਇੱਕ ਦਰਖਾਸਤ ਨਿਮਨ ਹਸਤਾਖਰ ਦੇ ਦਫਤਰ ਵਿੱਚ ਪੇਸ਼ ਕੀਤੀ ਹੈ, ਜਿਸ 'ਚ ਪ੍ਰਾਰਥੀ ਨੇ ਆਪਣੇ ਪਤੀ ਲੇਟ ਨਿਰਮਲ ਸਿੰਘ ਦੀ ਅਣ-ਰਜਿਸਟਰਡ ਵਸੀਅਤ ਨਾਲ ਨੱਥੀ ਕੀਤੀ ਅਤੇ ਆਪਣੀ ਦਰਖਾਸਤ ਵਿੱਚ ਲਿਖਿਆ ਹੈ ਕਿ ਉਨ੍ਹਾ ਦੇ ਪਤੀ ਦੀ ਮੌਤ ਮਿਤੀ 28-03-2023 ਨੂੰ ਹੋ ਚੁੱਕੀ ਹੈ ਅਤੇ ਉਨ੍ਹਾ ਆਪਣੀ ਮੌਤ ਤੋਂ ਪਹਿਲਾਂ ਮਿਤੀ 22-11-2022 ਨੂੰ ਇੱਕ ਅਣ-ਰਜਿਸਟਰਡ ਵਸੀਅਤ ਮੇਰੇ ਹੱਕ ਵਿਚ ਲਿਖਵਾਈ ਸੀ, ਜੋ ਕਿ ਕਿਸੇ ਕਾਰਨ ਉਹ ਰਜਿਸਟਰਡ ਨਹੀਂ ਕਰਵਾ ਸਕੇ, ਜਿਸ ਵਿੱਚ ਉਨ੍ਹਾ ਨੇ ਲਿਖਵਾਇਆ ਸੀ ਕਿ ਉਨ੍ਹਾ ਦੀ ਮੌਤ ਤੋਂ ਬਾਅਦ ਉਨ੍ਹਾ ਦੀ ਚੱਲ-ਅਚੱਲ ਜਾਇਦਾਦ ਚਾਹੇ ਉਹ ਭਾਰਤ ਵਿੱਚ ਕਿਤੇ ਵੀ ਮੌਜੂਦ ਹੋਵੇ, ਦਾ ਵਾਹਦ ਮਾਲਕ ਤੇ ਕਾਬਜ਼ ਮੈਂ ਸ੍ਰੀਮਤੀ ਨਰਿੰਦਰ ਕੌਰ ਉਰਫ ਨਿੰਦਰ ਕੌਰ ਮੁਤਾਬਕ ਵਸੀਅਤ ਹੋਵੇਗੀ। ਇਸ ਤੋਂ ਇਲਾਵਾ ਉਨ੍ਹਾਂ ਦੇ ਪਰਵਾਰ ਦੇ ਕਿਸੇ ਵੀ ਮੈਂਬਰ ਆਦਿ ਜਾਂ ਦੂਰ-ਨੇੜਿਓਂ ਰਿਸ਼ਤੇਦਾਰ ਦਾ ਇਸ ਵਸੀਅਤ ਨਾਲ ਕੋਈ ਤਾਲੁਕ-ਵਾਸਤਾ ਨਹੀਂ ਹੋਵੇਗਾ। ਉਹ ਇਸ ਅਣ-ਰਜਿਸਟਰਡ ਵਸੀਅਤ ਨੂੰ ਧਾਰਾ 40 ਤਹਿਤ ਰਜਿਸਟਰਡ ਕਰਵਾਉਣਾ ਚਾਹੁੰਦਾ ਹੈ। ਲੇਟ ਨਿਰਮਲ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਪਿੰਡ ਵੱਲਾ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਦੇ ਵਾਰਸਾਂ ਅਤੇ ਆਮ ਜਨਤਾ ਦੀ ਜਾਣਕਾਰੀ ਲਈ ਅਖਬਾਰ ਇਸ਼ਤਿਹਾਰ ਦਿੱਤਾ ਜਾਂਦਾ ਹੈ ਕਿ ਇਹ ਵਸੀਅਤ ਜ਼ੇਰ ਧਾਰਾ 40 ਭਾਰਤੀ ਰਜਿਸਟ੍ਰੇਸ਼ਨ ਐਕਟ ਅਧੀਨ ਤਸਦੀਕ ਹੋਣ ਵਿੱਚ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਇਸ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਰਾਹੀਂ ਮਿਤੀ 09-04-2024 ਤੱਕ ਹਾਜ਼ਰ ਹੋ ਕੇ ਉਜ਼ਰ ਪੇਸ਼ ਕਰ ਸਕਦਾ ਹੈ। ਮਿਤੀ ਗੁਜ਼ਰਨ ਤੋਂ ਬਾਅਦ ਕੋਈ ਇਤਰਾਜ਼ ਨਹੀਂ ਸੁਣਿਆ ਜਾਵੇਗਾ ਅਤੇ ਵਸੀਅਤ ਤਸਦੀਕ ਕਰ ਦਿੱਤੀ ਜਾਵੇਗੀ। ਇਹ ਅਖਬਾਰ ਇਸ਼ਤਿਹਾਰ ਮੇਰੇ ਹਸਤਾਖਰ ਅਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ।

ਸਹੀ-ਸਬ-ਰਜਿਸਟਰਾਰ, ਅੰਮ੍ਰਿਤਸਰ-3
ਨੰਬਰ ਰੀਡਰ/4238, ਮਿਤੀ : 19-03-2024

### Change of Name

I, Major Singh S/o Joga Singh R/o Vill. Kot Badal Khan, Tehsil Phillaur (Jalandhar), have changed my name from Major Singh to Major Singh Khera.

I, Mr. Ravi Pal R/o V.P.O. Kukar Pind, Jalandhar , I am the Parent (Father) of Palvi having am Aadhaar Number 555829659881, that her name as per the Record in her educational Institution is Palvi have changed my child's Surname from Palvi to Palvi Chahal. All concerned please note.

I, Mandeep Singh S/O Balwinder Singh R/O E-13/2361, Ghanupur Chowk Khandwala Chheharta, Amritsar Have Changed My Name Mandeep Is My Given Name And Singh Is My Surname

I, Hardip Singh S/O Amarjeet Singh R/O Vpo Guru Ki Wadali, Chheharta Amritsar Have Changed My Name From Hardip Singh To Hardeep Singh

I Dilbag Singh S/O- Satwinder Singh R/O-vpo-bhagupur Havelian, Teh-patti,Tarn Taran Have Declare That Dilbag Is My Given Name And Singh Is My Surname

I Varinderjeet Kaur W/O-dilbag Singh R/O-vpo-bhagupur Havelian, Teh-patti,Tarn Taran Have Declare That Varinderjeet Is My Given Name And Kaur Is My Surname

I Harpreet Kaur W/O-gurpinder Singh R/O-h.no-j-18/98 Kot Mit Singh,Tarn Taran Road, Amritsar Have Declare That Harpreet Is My Given Name And Kaur Is My Surname

I Sharanjeet Kaur W/O Gurbinder Singh R/O Vill Chaudhriwala Po Naushehra Pannuan Tarn Taran Have Changed My Name From Sharanjeet Kaur To Sharnjit Kaur

I Sarbjot Singh S/O Sukhdev Singh R/O Vpo Madu Chhanga Tehsil Ajnala Distt Amritsar Have Changed My Name From Sarbjot Singh To Sarabjot Singh

I Kuldip Kaur W/O Sarabjot Singh R/O Vpo Madu Chhanga Tehsil Ajnala Distt Amritsar Have Changed My Name From Kuldip Kaur To Kuldeep Kaur

I Sharanjeet Kaur D/O Jarnail Singh R/O E 638 Palmlane Vrindavan Gardens Fatehgarh Churian Road Amritsar Have Changed My Name From Sharanjeet Kaur To Sharanjit Kaur

I Gurmeet Kaur W/O Jarnail Singh R/O E 638 Palmlane Vrindavan Gardens Fatehgarh Churian Road Amritsar Have Changed My Name From Gurmeet Kaur To Gurmit Kaur

I, Kamni Bajaj W/O Raghu Nath Bajaj R/O H.no.18, Gali No.1, Gopal Nagar, Majitha Road, Amritsar Have Changed My Name From Kamni Bajaj To Kamini Bajaj

I, Surinder Kaur W/o Balbir Singh R/o Village Nagra, PO. Nandanpur, Jalandhar-144013, Punjab, India have changed my name from Sulinder Kaur to Surinder Kaur. All concerned please note.

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਕਰਮਚਾਰੀ ਦਲ ਪੰਜਾਬ ਰਾਜ ਬਿਜਲੀ ਬੋਰਡ ਦੀ ਮਹੀਨਾਵਾਰ ਮੀਟਿੰਗ



ਗੁਰਦਾਸਪੁਰ (ਜਨਕ ਮਹਾਜਨ)- ਕਰਮਚਾਰੀ ਦਲ ਪੰਜਾਬ ਰਾਜ ਬਿਜਲੀ ਬੋਰਡ ਡਵੀਜ਼ਨ ਗੁਰਦਾਸਪੁਰ ਦੀ ਮਹੀਨਾਵਾਰ ਮੀਟਿੰਗ ਗੁਰੂ ਨਾਨਕ ਪਾਰਕ ਗੁਰਦਾਸਪੁਰ ਵਿਖੇ ਡਵੀਜ਼ਨ ਪ੍ਰਧਾਨ ਤਰਲੋਕ ਸਿੰਘ ਖੁੰਡੀ ਦੀ ਅਗਵਾਈ ਹੇਠ ਹੋਈ। ਇਸ ਮੌਕੇ ਬਾਰਡਰ ਜ਼ੋਨ ਦੇ ਆਗੂ ਬਲਵੰਤ ਸਿੰਘ ਝੋਰ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਤੋਂ ਇਲਾਵਾ ਵੱਖ-ਵੱਖ ਸਬ ਡਵੀਜ਼ਨ ਦੇ ਆਗੂਆਂ ਨੇ ਇਸ ਮੀਟਿੰਗ ਦੌਰਾਨ ਹਾਜ਼ਰੀ ਭਰੀ ਅਤੇ ਮੁਲਾਜ਼ਮ ਨੂੰ ਪੇਸ਼ ਆ ਰਹੀਆਂ ਮੰਗਾਂ ਸੰਬੰਧੀ ਵਿਚਾਰਾਂ ਸਾਂਝੀਆਂ ਕੀਤੀਆਂ। ਇਸ ਮੌਕੇ ਉਨ੍ਹਾਂ ਕਿਹਾ ਕਿ ਮੰਗਾਂ ਸਬੰਧੀ ਜਲਦੀ ਹੀ ਉਚ ਅਧਿਕਾਰੀਆਂ ਨੂੰ ਮਿਲ ਕੇ ਮਸਲੇ ਹੱਲ ਕਰਵਾਏ ਜਾਣਗੇ ਜਿਸ ਨਾਲ ਮੁਲਾਜ਼ਮਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਤੋਂ ਨਿਜਾਤ ਮਿਲੇਗੀ। ਇਸ ਮੌਕੇ ਪ੍ਰੇਮ ਸਿੰਘ ਸੁਲਤਾਨਪੁਰ, ਪ੍ਰਕਾਸ਼ ਚੰਦ, ਪਲਵਿੰਦਰ ਸਿੰਘ, ਜੈਪਾਲ ਸਿੰਘ, ਜਸਵੀਰ ਸਿੰਘ, ਝਿਰਮਲ ਸਿੰਘ, ਰਵਿੰਦਰ ਸਿੰਘ, ਮੇਜਰ ਸਿੰਘ, ਅਮਰਬੀਰ ਸਿੰਘ ਆਦਿ ਹਾਜ਼ਰ ਸਨ।

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ 'ਚ ਸ਼ਹੀਦ ਭਗਤ ਸਿੰਘ ਨੂੰ ਨਮਨ



ਝਬਾਲ (ਹਰਜਿੰਦਰ ਸਿੰਘ ਸੋਨੀ)—ਚੀਫ਼ ਖਾਲਸਾ ਦੀਵਾਨ ਦੀ ਰਹਿਨੁਮਾਈ ਹੇਠ ਚੱਲ ਰਹੀ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਝਬਾਲ ਵਿਖੇ ਸਰਦਾਰ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ। ਸਵੇਰ ਦੀ ਸਭਾ ਵਿੱਚ ਅਰਦਾਸ ਉਪਰੰਤ ਮੈਡਮ ਅਰਪਿੰਦਰ ਕੌਰ ਨੇ ਸ. ਭਗਤ ਸਿੰਘ ਦੇ ਜੀਵਨ ਅਤੇ ਉਨ੍ਹਾਂ ਦੇ ਆਜ਼ਾਦੀ ਦੇ ਸੰਘਰਸ਼ ਬਾਰੇ ਚਾਨਣਾ ਪਾਉਂਦੇ ਹੋਏ ਬੱਚਿਆਂ ਨਾਲ ਵਿਚਾਰਾਂ ਦੀ ਸਾਂਝ ਪਾਈ। ਇਸ ਮੌਕੇ ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਸੇਠੀ, ਜਤਿੰਦਰਬੀਰ ਸਿੰਘ ਬਹਿਲ, ਰਮਣੀਕ ਸਿੰਘ ਫਰੀਡਮ ਅਤੇ ਪ੍ਰਿੰ. ਅਨੁਰੀਤ ਬਾਵਾ ਨੇ ਵਿਦਿਆਰਥੀਆਂ ਨੂੰ ਭਗਤ ਸਿੰਘ ਦੇ ਪਾਏ ਪੂਰਨਿਆਂ 'ਤੇ ਚੱਲਣ ਲਈ ਅਤੇ ਆਪਣੇ ਮਨ ਅੰਦਰ ਦੇਸ਼ ਭਗਤੀ ਦਾ ਜਜ਼ਬਾ ਪੈਦਾ ਕਰਨ ਲਈ ਪ੍ਰੇਰਿਤ ਕੀਤਾ। ਇਸ ਸਮੇਂ ਸਕੂਲ ਦਾ ਸਮੂਹ ਸਟਾਫ਼ ਹਾਜ਼ਰ ਸੀ।

# ਵਿਕਾਸ ਵੈੱਲਫੇਅਰ ਸੋਸਾਇਟੀ ਵੱਲੋਂ ਐੱਸ ਡੀ ਐੱਮ ਦਾ ਸਨਮਾਨ



ਬਾਬਾ ਬਕਾਲਾ ਸਾਹਿਬ (ਜਸਪਾਲ ਸਿੰਘ)-ਵਿਕਾਸ ਵੈੱਲਫੇਅਰ ਸੋਸਾਇਟੀ, ਬਾਬਾ ਬਕਾਲਾ ਸਾਹਿਬ ਵੱਲੋਂ ਨਵ-ਨਿਯੁਕਤ ਐੱਸਡੀਐੱਮ ਰਵਿੰਦਰ ਸਿੰਘ ਅਰੋੜਾ ਨੂੰ ਇਤਿਹਾਸਕ ਨਗਰ ਬਾਬਾ ਬਕਾਲਾ ਸਾਹਿਬ ਵਿਖੇ ਅਹੁਦਾ ਸੰਭਾਲਣ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੋਸਾਇਟੀ ਦੇ ਪ੍ਰਧਾਨ ਸਰਬਜੀਤ ਸਿੰਘ ਸੰਧੂ ਸਾਬਕਾ ਸਰਪੰਚ ਨੇ ਐੱਸਡੀਐੱਮ ਰਵਿੰਦਰ ਸਿੰਘ ਅਰੋੜਾ ਨਾਲ ਨਗਰ ਨੂੰ ਦਰਪੇਸ਼ ਮੁਸ਼ਕਲਾਂ ਅਤੇ ਸਰਬਪੱਖੀ ਵਿਕਾਸ ਲਈ ਵਿਚਾਰਾਂ ਸਾਂਝੀਆਂ ਕੀਤੀਆਂ। ਇਸ ਮੌਕੇ ਮੁਖਤਿਆਰ ਸਿੰਘ ਭਾਗੋਵਾਲ ਖਜ਼ਾਨਚੀ, ਪ੍ਰਿੰ: ਬਲਵਿੰਦਰ ਸਿੰਘ, ਮੈਂਬਰ ਸੁਖਚੈਨ ਸਿੰਘ ਗਿੱਲ, ਸੁਰਜੀਤ ਸਿੰਘ ਇੰਸਪੈਕਟਰ ਸੈਕਟਰੀ ਜਨਰਲ, ਸਤਵਿੰਦਰ ਸਿੰਘ, ਗੁਰਿੰਦਰਬੀਰ ਸਿੰਘ ਗੋਲਡੀ, ਗੁਰਭਾਗ ਸਿੰਘ, ਰਾਜਵਿੰਦਰ ਸਿੰਘ ਰਾਜੂ, ਜਗਜੀਤ ਸਿੰਘ ਸੋਨੂੰ ਬਮਰਾਹ, ਪ੍ਰਿੰ: ਦਿਲਬਾਗ ਸਿੰਘ ਭੁੱਲਰ ਆਦਿ ਹਾਜ਼ਰ ਹਨ। ਇਸ ਮੌਕੇ ਤਹਿਸੀਲਦਾਰ ਸ੍ਰੀਮਤੀ ਰਾਜਵਿੰਦਰ ਕੌਰ, ਨਾਇਬ ਤਹਿਸੀਲਦਾਰ ਗੋਰਵ ਉੱਪਲ ਆਦਿ ਵੀ ਹਾਜ਼ਰ ਸਨ।

# ਪਰਮਜੀਤ ਸਿੰਘ ਵਿਧਾਨ ਸਭਾ ਕਮੇਟੀ ਦੇ ਮੈਂਬਰ ਨਿਯੁਕਤ



ਬਾਬਾ ਬਕਾਲਾ ਸਾਹਿਬ (ਜਸਪਾਲ ਸਿੰਘ)-ਪਰਮਜੀਤ ਸਿੰਘ ਬਾਬਾ ਬਕਾਲਾ ਨੂੰ 'ਆਪ' ਯੂਥ ਵਿੰਗ ਦੇ ਵਿਧਾਨ ਸਭਾ ਕਮੇਟੀ ਦੇ ਮੈਂਬਰ ਨਿਯੁਕਤ ਕੀਤਾ ਗਿਆ ਹੈ। ਇਸ ਨਿਯੁਕਤੀ ਦਾ ਸਵਾਗਤ ਕਰਦਿਆਂ ਬਲਾਕ ਪ੍ਰਧਾਨ ਸੁਖਦੇਵ ਸਿੰਘ ਔਜਲਾ ਅਤੇ ਹਲਕਾ ਬਾਬਾ ਬਕਾਲਾ ਸਾਹਿਬ ਦੇ ਹੋਰ ਸੀਨੀਅਰ ਆਗੂਆਂ ਨੇ ਕਿਹਾ ਕਿ ਪਰਮਜੀਤ ਸਿੰਘ ਪਾਰਟੀ ਦੇ ਇਕ ਮਿਹਨਤੀ ਅਤੇ ਜੁਝਾਰੂ ਯੂਥ ਆਗੂ ਹਨ, ਜਿਨ੍ਹਾਂ ਦੀ ਨਿਯੁਕਤੀ ਨਾਲ ਪਾਰਟੀ ਨੂੰ ਵੱਡਾ ਬਲ ਮਿਲੇਗਾ। ਇਸ ਨਿਯੁਕਤੀ ਉਪਰੰਤ ਜ: ਪਰਮਜੀਤ ਸਿੰਘ ਬਾਬਾ ਬਕਾਲਾ ਨੇ ਪਾਰਟੀ ਹਾਈਕਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਮਿਲੀ ਹੋਈ ਸੇਵਾ ਪੂਰਾ ਤਨਦੇਹੀ ਨਾਲ ਨਿਭਾਉਣਗੇ।

# ਰਿਸ਼ਵਤ ਲੈਣ ਦੇ ਦੋਸ਼ 'ਚ ਪਟਵਾਰੀ ਗ੍ਰਿਫਤਾਰ

ਗੁਰਦਾਸਪੁਰ (ਦਿਨੇਸ਼ ਕੁਮਾਰ)-ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਦੌਰਾਨ ਸ਼ੁੱਕਰਵਾਰ ਨੂੰ ਗੁਰਦਾਸਪੁਰ ਜ਼ਿਲੇ ਦੀ ਤਹਿਸੀਲ ਬਟਾਲਾ ਦੀ ਬਾਜਵਾ ਕਲੋਨੀ, ਗੌਂਸਪੁਰਾ ਦੇ ਰਹਿਣ ਵਾਲੇ ਮਾਲ ਪਟਵਾਰੀ ਮਨੀਸ਼ ਕੁਮਾਰ ਨੂੰ 8,000 ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ।

ਉਪਰੋਕਤ ਮਾਲ ਕਰਮਚਾਰੀ ਨੂੰ ਗੁਰਦਾਸਪੁਰ ਦੇ ਪਿੰਡ ਹਰਦੋਚੰਦੇ ਦੇ ਵਸਨੀਕ ਸ਼ਮਸ਼ੇਰ ਸਿੰਘ ਵੱਲੋਂ ਮੁੱਖ ਮੰਤਰੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ ਵਿਖੇ ਦਰਜ ਕਰਵਾਈ ਗਈ ਸ਼ਿਕਾਇਤ ਦੀ ਪੜਤਾਲ ਉਪਰੰਤ ਗ੍ਰਿਫ਼ਤਾਰ ਕੀਤਾ ਗਿਆ ਹੈ।ਉਕਤ ਮੁਲਜ਼ਮ ਨੇ ਸ਼ਿਕਾਇਤਕਰਤਾ ਦੇ ਮਾਲ ਰਿਕਾਰਡ ਵਿੱਚ ਬੈਂਕ ਵੱਲੋਂ ਜਾਰੀ ਐੱਨਓਸੀ ਦੀ ਐਂਟਰੀ ਕਰਵਾਉਣ ਲਈ 10,000 ਰੁਪਏ ਦੀ ਮੰਗ ਕੀਤੀ ਸੀ। ਸ਼ਿਕਾਇਤਕਰਤਾ ਨੇ ਇਹ ਵੀ ਦੋਸ਼ ਲਾਇਆ ਹੈ ਕਿ ਉਕਤ ਮੁਲਜ਼ਮ ਨੇ ਪਹਿਲਾਂ ਵੀ 1,500 ਰੁਪਏ ਨਗਦ ਲੈ ਲਏ ਸਨ ਅਤੇ ਦੋ ਕਿਸ਼ਤਾਂ ਵਿੱਚ 6,500 ਰੁਪਏ ਟ੍ਰਾਂਸਫਰ ਕੀਤੇ ਗਏ।ਇਸ ਜਾਂਚ ਤੋਂ ਬਾਅਦ ਮੁਲਜ਼ਮ ਪਟਵਾਰੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਉਸ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੇ ਤਹਿਤ ਵਿਜੀਲੈਂਸ ਥਾਣਾ ਅੰਮ੍ਰਿਤਸਰ ਰੇਂਜ ਵਿਖੇ ਮਾਮਲਾ ਦਰਜ ਕਰ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਉਸ ਨੂੰ ਭਲਕੇ ਸਮਰੱਥ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# 14250 ਮਿਲੀਲੀਟਰ ਨਾਜਾਇਜ਼ ਸ਼ਰਾਬ ਸਮੇਤ ਕਾਬੂ

ਬਾਬਾ ਬਕਾਲਾ ਸਾਹਿਬ (ਜਸਪਾਲ ਸਿੰਘ)-ਸ: ਬਲਵਿੰਦਰ ਸਿੰਘ ਚੌਕੀ ਇੰਚਾਰਜ ਬਾਬਾ ਬਕਾਲਾ ਸਾਹਿਬ ਸਮੇਤ ਪੁਲਸ ਪਾਰਟੀ ਬਾਬਾ ਬਕਾਲਾ ਸਾਹਿਬ ਤੋਂ ਵਡਾਲਾ ਰੋਡ ਨੂੰ ਜਾ ਰਹੇ ਸੀ, ਪੁਲ ਡਰੇਨ ਵਡਾਲਾ ਰੋਡ 'ਤੇ ਇੱਕ ਨੌਜਵਾਨ ਪਟੜੀ-ਪਟੜੀ ਪੈਦਲ ਤੁਰਿਆ ਆਉਂਦਾ ਦਿਖਾਈ ਦਿਤਾ, ਜਿਸ ਦੇ ਹੱਥ ਵਿੱਚ ਕੈਨੀ ਪਲਾਸਟਿਕ ਸੀ, ਉਸ ਕੋਲੋਂ 14250 ਮਿਲੀਲੀਟਰ ਸ਼ਰਾਬ ਨਾਜਾਇਜ਼ ਬਰਾਮਦ ਹੋਈ। ਦੋਸ਼ੀ ਦੀ ਪਹਿਚਾਣ ਸਕੱਤਰ ਸਿੰਘ ਉਰਫ ਸਤਨਾਮ ਸਿੰਘ ਪੁੱਤਰ ਬੂਟਾ ਸਿੰਘ ਵਾਸੀ ਬਾਬਾ ਬਕਾਲਾ ਸਾਹਿਬ ਵਜੋਂ ਹੋਈ, ਜਿਸ 'ਤੇ ਮੁਕੱਦਮਾ ਨੰ: 52, ਧਾਰਾ 61-1-14 ਅਧੀਨ ਥਾਣਾ ਬਿਆਸ ਵਿਖੇ ਕੇਸ ਦਰਜ ਕਰਕੇ ਦੋਸ਼ੀ ਨੂੰ ਮਾਣਯੋਗ ਐੱਸਡੀਜੇਐੱਮ ਬਾਬਾ ਬਕਾਲਾ ਸਾਹਿਬ ਦੀ ਅਦਾਲਤ ਵਿੱਚ ਪੇਸ਼ ਕੀਤਾ ਹੈ।

# ਐੱਚ ਡੀ ਐੱਫ ਸੀ ਟੌਪ 100 ਫੰਡ: ਸਫਲਤਾਪੂਰਵਕ 27 ਸਾਲ ਪੂਰੇ

ਲੁਧਿਆਣਾ:ਐੱਚਡੀਐੱਫਸੀ ਟਾਪ 100 ਫੰਡ, ਇੱਕ ਓਪਨ-ਐਂਡ ਇਕੁਇਟੀ ਸਕੀਮ ਜੋ ਮੁੱਖ ਤੌਰ ਤੇ ਵੱਡੇ-ਕੈਪ ਸਟਾਕਾਂ (ਫੰਡ) ਵਿੱਚ ਨਿਵੇਸ਼ ਕਰਦੀ ਹੈ, ਨੇ 2023 ਵਿੱਚ ਸਫਲਤਾਪੂਰਵਕ 27 ਸਾਲ ਪੂਰੇ ਕਰ ਲਏ ਹਨ।

ਫੰਡ ਨੇ ਪਿਛਲੇ 27 ਸਾਲਾਂ ਵਿੱਚ ਲਗਭਗ 19 ਪ੍ਰਤੀਸ਼ਤ ਦੀ ਇੱਕ ਸੀਏਜੀਆਰ (ਕੰਪਾਊਂਡਡ ਸਾਲਾਨਾ ਵਿਕਾਸ ਦਰ) ਦਿੱਤੀ ਹੈ।ਇਸ ਤੋਂ ਇਲਾਵਾ ਐੱਚਡੀਐੱਫਸੀ ਟਾਪ 100 ਫੰਡ (ਕੁੱਲ ਨਿਵੇਸ਼ 32.90 ਲੱਖ ਰੁਪਏ) ਵਿੱਚ ਹਰ ਮਹੀਨੇ ਦੇ ਪਹਿਲੇ ਕਾਰੋਬਾਰੀ ਦਿਨ ਨੂੰ ਯੋਜਨਾਬੱਧ ਤਰੀਕੇ ਨਾਲ ਨਿਵੇਸ਼ ਕੀਤਾ ਗਿਆ।

10,000 ਰੁਪਏ ਦਾ ਐੱਸਆਈਪੀ 29 ਫਰਵਰੀ, 2024 ਤੱਕ ਵਧ ਕੇ 7.98 ਕਰੋੜ ਰੁਪਏ ਹੋ ਜਾਂਦਾ ਹੈ।

# ਐੱਚ ਡੀ ਐੱਫ ਸੀ ਬੈਂਕ ਤੇ ਟੀ ਡੀ ਬੈਂਕ ਸਮੂਹ ਵੱਲੋਂ ਸਮਝੌਤੇ 'ਤੇ ਹਸਤਾਖਰ

ਜਲੰਧਰ : ਐੱਚਡੀਐੱਫਸੀ ਬੈਂਕ ਅਤੇ ਟੀਡੀ ਬੈਂਕ ਗਰੁੱਪ (ਟੀਡੀ) ਨੇ ਕੈਨੇਡਾ ਵਿੱਚ ਪੜ੍ਹਨ ਦੀ ਯੋਜਨਾ ਬਣਾ ਰਹੇ ਭਾਰਤੀ ਵਿਦਿਆਰਥੀਆਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰਨ ਲਈ ਇੱਕ ਵਿਸਤ੍ਰਿਤ ਸਬੰਧਾਂ ਦਾ ਐਲਾਨ ਕੀਤਾ ਹੈ।ਇਸ ਸਮਝੌਤੇ ਦੇ ਨਾਲ ਟੀਡੀ ਅਤੇ ਐੱਚਡੀਐੱਫਸੀ ਬੈਂਕ ਇੱਕ ਨਵੇਂ ਰੈਫਰਲ ਪ੍ਰੋਗਰਾਮ ਦੀ ਘੋਸ਼ਣਾ ਕਰ ਰਹੇ ਹਨ।ਐੱਚਡੀਐੱਫਸੀ ਬੈਂਕ ਕੈਨੇਡਾ ਵਿੱਚ ਪੜ੍ਹਨ ਦੀ ਯੋਜਨਾ ਬਣਾ ਰਹੇ ਵਿਦਿਆਰਥੀਆਂ ਨੂੰ ਟੀਡੀ ਅੰਤਰਰਾਸ਼ਟਰੀ ਵਿਦਿਆਰਥੀ ਜੀਆਈਸੀ ਪ੍ਰੋਗਰਾਮ ਵਿੱਚ ਭੇਜੇਗਾ।ਇਹ ਪ੍ਰੋਗਰਾਮ ਵਿਦਿਆਰਥੀਆਂ ਨੂੰ ਕੈਨੇਡਾ ਸਰਕਾਰ ਦੇ ਸਟੂਡੈਂਟ ਡਾਇਰੈਕਟ ਸਟ੍ਰੀਮ ਸਟਡੀ ਪਰਮਿਟ ਰੂਟ ਦੀ ਆਸਾਨੀ ਨਾਲ ਪਾਲਣਾ ਕਰਨ ਦੇ ਯੋਗ ਬਣਾਉਂਦਾ ਹੈ।


## ਉੱਤਰ ਰੇਲਵੇ

ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

ਪ੍ਰਮੁੱਖ ਮੁੱਖ ਸਾਮਗਰੀ ਪ੍ਰਬੰਧਕ ਦਫਤਰ
ਪ੍ਰਧਾਨ ਦਫਤਰ, ਬੜੌਦਾ ਹਾਊਸ, ਨਵੀਂ ਦਿੱਲੀ-110 001
Mail ID: salenr365@gmail.com

ਨੰਬਰ: 117-ਐਸ/ਆਕਸ਼ਨ ਪ੍ਰੋਗਰਾਮ/ਸੇਲ/2024-25 ਮਿਤੀ - 22.03.2024

**ਨੀਲਾਮੀ ਸੂਚਨਾ ਨੰ:-ਮਈ/2024**

ਰੱਦ ਲੋਹਾ, ਅਲੋਹ, ਹੋਰ ਵੱਖ-ਵੱਖ ਸਕ੍ਰੈਪ, ਕੰਡਮ ਲੋਕੋ ਕੋਚੇਜ ਅਤੇ ਵੈਗਨਸ, ਸਕ੍ਰੈਪ ਰੇਲ ਅਤੇ ਹੋਰ ਰੇਲ ਪੱਥ ਸਾਮਗਰੀ ਦੇ ਨਿਸਤਾਰਣ ਲਈ ਈ-ਨੀਲਾਮੀ ਕੀਤੀ ਜਾਵੇਗੀ। ਲੈਡ ਏਸਿਡ ਬੈਟਰੀਜ/ਯੂਜ਼ਡ ਆਯਲ/ਰਿਫਯੂਡ ਆਯਲ ਕੇਵਲ ਉਨ੍ਹਾਂ ਸੰਭਰਣਕਰਤਾਵਾਂ ਨੂੰ ਵਿਕਰੀ ਕੀਤਾ ਜਾਵੇਗਾ ਜੋ ਕਿ ਰਾਜ ਪ੍ਰਦੂਸ਼ਣ ਨਿਯੰਤਰਣ ਬੋਰਡ ਦੇ ਅਧੀਨ ਰਜਿਸਟਰਡ ਹੋਣਗੇ।

ਮਈ - 2024 ਦੀ ਈ - ਨੀਲਾਮੀ

| ਨੰ: | ਨੀਲਾਮੀ ਕਰਨ ਵਾਲਾ ਡਿਪੋ ਡਿਪੋ | ਵਕਤ | ਪਹਿਲਾ ਚਰਣ | ਦੂਸਰਾ ਚਰਣ | ਤੀਸਰਾ ਚਰਣ | ਚੋਥਾ ਚਰਣ | ਪੰਜਵਾ ਚਰਣ |
|---|---|---|---|---|---|---|---|
| 1 | ਆਲਮਬਾਗ/ਲਖਨਊ 0522-2451257 | 10.00 | 6 | 13 | 20 | 27 | 31 |
| 2 | ਸ਼ਕੂਰਬਸਤੀ 011-27015387 | 10.00 | 8 | 15 | 22 | 29 | 31 |
| 3 | ਜਗਾਧਰੀ 01732-252388 | 10.00 | 7 | 14 | 21 | 28 | 31 |
| 4 | ਸੀਨੀਅਰ ਮੰਡਲ ਸਾਮਗਰੀ ਪ੍ਰਬੰਧਕ/ਲਖਨਊ 0522-2234756 | 10.00 | 7 | 14 | 21 | 28 | 31 |
| 5 | ਸੀਨੀਅਰ ਮੰਡਲ ਸਾਮਗਰੀ ਪ੍ਰਬੰਧਕ/ਫ਼ਿਰੋਜ਼ਪੁਰ 01632-244154 | 10.00 | 9 | 16 | 24 | 30 | 31 |
| 6 | ਸੀਨੀਅਰ ਮੰਡਲ ਸਾਮਗਰੀ ਪ੍ਰਬੰਧਕ/ਅੰਬਾਲਾ 0171-2611203 | 10.00 | 8 | 15 | 22 | 29 | 31 |
| 7 | ਸੀਨੀਅਰ ਮੰਡਲ ਸਾਮਗਰੀ ਪ੍ਰਬੰਧਕ/ਮੁਰਾਦਾਬਾਦ 0591-2413141 | 10.00 | 9 | 16 | 24 | 30 | 31 |
| 8 | ਸੀਨੀਅਰ ਮੰਡਲ ਸਾਮਗਰੀ ਪ੍ਰਬੰਧਕ/ਦਿੱਲੀ 011-23365311 | 10.00 | 6 | 13 | 20 | 27 | 31 |

ਨੋਟ:- ਨੀਲਾਮੀ ਵਿਚ ਵੇਚੇ ਜਾਣ ਵਾਲੀ ਸਾਮਗਰੀ ਦਾ ਵੇਰਵਾ www.ireps.gov.in ਉਤੇ ਦਿਤੇ ਗਏ ਕੈਟਲਾਗ ਉਤੇ ਉਪਲਬਧ ਹੋਣਗੇ।
1. ਇਛੁਕ ਖਰੀਦਦਾਰ ਖਰੀਦਦਾਰ ਉਪਰੋਕਤ ਵਰਣਿਤ ਸਾਮਗਰੀ ਨੂੰ ਨੀਲਾਮੀ ਦੇ ਪਹਿਲਾ ਨਾਮਿਤ ਜਗ੍ਹਾਂ ਉਤੇ ਕੰਮ ਵਾਲੇ ਦਿਨ ਵਿਚ ਦੇਖ ਸਕਦੇ ਹਨ।
2. ਪਹਿਲਾ ਨੀਲਾਮੀ ਵਿਚ ਵੇਚੇ ਗਈ ਸਾਮਗਰੀ ਦਾ ਵੇਰਵਾ www.nr.railnet.gov.in ਉਤੇ ਉਪਲਬਧ ਹੈ।
3. ਈ-ਨੀਲਾਮੀ ਵਿਚ ਭਾਗ ਲੈਣ ਦੇ ਲਈ ਕ੍ਰੇਤਾ ਨੂੰ ireps ਉਤੇ ਰਜਿਸਟਰਡ ਹੋਣਾ ਜ਼ਰੂਰੀ ਹੈ। ਈ-ਨੀਲਾਮੀ ਦੀ ਪੂਰੀ ਜਾਣਕਾਰੀ, ਰਜਿਸਟ੍ਰੇਸ਼ਨ ਅਤੇ ਹੋਰ ਨਿਯਮ ਤੇ ਸ਼ਰਤਾਂ ਦੇ ਲਈ ਕ੍ਰਿਪਾ ਰੇਲਵੇ ਵੇਬਸਾਈਟ www.ireps.gov.in ਦੇਖੋ।

912/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

24-MAR-PAGE-7.qxd 3/23/2024 10:52 PM Page 1



# ਹੋਲਾ ਮਹੱਲਾ ਦੇ ਸਮਾਗਮ ਲਈ ਡੇਰਾ ਗੁਰੂਸਰ ਖੁੱਡਾ ਤੋਂ ਸੰਗਤਾਂ ਦਾ ਵਿਸ਼ਾਲ ਜਥਾ ਰਵਾਨਾ



**ਟਾਂਡਾ ਉੜਮੁੜ, ( ਜਸਵਿੰਦਰ ਸੰਧੂ ਉਂਕਾਰ ਸਿੰਘ )**- ਖਾਲਸਾ ਪੰਥ ਦੀ ਜਨਮ ਭੂਮੀ ਤਖ਼ਤ ਸ੍ਰੀ ਕੇਸਗੜ੍ਹ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੌਮੀ ਹੋਲੇ ਮਹੱਲੇ ਦੇ ਤਿਉਹਾਰ ਨੂੰ ਮਨਾਉਣ ਵਾਸਤੇ ਡੇਰਾ ਗੁਰੂਸਰ ਖੁੱਡਾ ਤੋਂ ਸੰਗਤਾਂ ਦਾ ਵਿਸ਼ਾਲ ਜਥਾ ਡੇਰੇ ਦੇ ਮੁੱਖ ਸੇਵਾਦਾਰ ਸੰਤ ਬਾਬਾ ਤੇਜਾ ਸਿੰਘ ਦੀ ਅਗਵਾਈ ਤੇ ਸੰਤ ਬਾਬਾ ਸੁਖਜੀਤ ਸਿੰਘ ਦੀ ਦੇਖਰੇਖ ਹੇਠ ਵਿੱਚ ਰਵਾਨਾ ਹੋਇਆ। ਉਨ੍ਹਾਂ ਦੱਸਿਆ ਕਿ ਨਿਰਮਲ ਪੇਖ ਮੰਡਲ ਵੱਲੋਂ ਹਰ ਸਾਲ ਦੀ ਤਰ੍ਹਾਂ ਸਮੁੱਚੀਆਂ ਦੇਸ਼ ਵਿਦੇਸ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹੋਲੇ ਮਹੱਲੇ ਦਾ ਪਵਿੱਤਰ ਤਿਉਹਾਰ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ ਜਿਸ ਦੌਰਾਨ 24 ਮਾਰਚ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਵਿਸ਼ਾਲ ਨਗਰ ਕੀਰਤਨ ਡੇਰਾ ਸੰਤ ਬਾਬਾ ਹਰਕੇ ਵਾਲਿਆਂ ਦੇ ਸਥਾਨ ਤੋਂ ਖਾਲਸਾਈ ਸ਼ਾਨੋ ਸ਼ੌਕਤ ਨਾਲ ਸਜਾਇਆ ਜਾਵੇਗਾ ਜੋ ਵੱਖ-ਵੱਖ ਪੜਾਵਾਂ ਤੋਂ ਹੁੰਦਾ ਹੋਇਆ ਤਖ਼ਤ ਸ੍ਰੀ ਕੇਸਗੜ੍ਹ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚ ਕੇ ਸੰਪੰਨ ਹੋਵੇਗਾ। ਇਸ ਤੋਂ ਇਲਾਵਾ ਡੇਰਾ ਗੁਰੂਸਰ ਖੁੱਡਾ ਸਾਲਾਨਾ ਹੋਲੇ ਮਹੱਲੇ ਦੀ ਤਿਆਰ ਮੌਕੇ ਲਗਾਏ ਜਾਣ ਵਾਲੇ ਚਾਰ ਦਿਨਾਂ ਲੰਗਰਾਂ ਦੀ ਆਰੰਭਤਾ ਵੀ ਹੋ ਜਾਵੇਗੀ ਜੋ 26 ਮਾਰਚ ਤੱਕ ਨਿਰੰਤਰ ਜਾਰੀ ਰਹਿਣਗੇ। ਨਗਰ ਕੀਰਤਨ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਨਿਰਮਲ ਭੇਖ ਰਤਨ ਮਹੰਤ ਗਿਆਨ ਦੇਵ ਸਿੰਘ ਨਿਰਮਲ ਭੇਖ ਨਾਲ ਸੰਬੰਧਿਤ ਦੇਸ਼ ਵਿਦੇਸ਼ ਤੋਂ ਸੰਤ ਮਹਾਂਪੁਰਸ਼ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਭਾਗ ਲੈਣਗੀਆਂ। ਇਸ ਮੌਕੇ ਮਹੰਤ ਲਖਵੀਰ ਸਿੰਘ ਰੜਾ, ਲਸਕਰ ਸਿੰਘ ਖੁੱਡਾ, ਰਵਿੰਦਰ ਸਿੰਘ, ਨਰਿੰਦਰ ਸਿੰਘ ਖੁੱਡਾ, ਬਲਜੀਤ ਸਿੰਘ, ਗੁਰਜੋਤ ਸਿੰਘ, ਹਰਬੰਸ ਸਿੰਘ, ਕੁਲਜੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜਰ ਸਨ।

# ਸੰਤ ਹੀਰਾ ਦਾਸ ਕੰਨਿਆ ਮਹਾਂ ਵਿਦਿਆਲਿਆ ਦੇ ਨਤੀਜੇ ਸ਼ਾਨਦਾਰ ਰਹੇ



**ਕਾਲਾ ਸੰਘਿਆਂ (ਮਨਜੀਤ ਮਾਨ)**—ਸੰਤ ਹੀਰਾ ਦਾਸ ਕੰਨਿਆ ਮਹਾਂ ਵਿਦਿਆਲਿਆ ਕਾਲਾ ਸੰਘਿਆ ਦੀਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਲਈਆਂ ਗਈਆਂ ਕਲਾਸਾਂ ਬੀ ਏ / ਬੀ ਸੀ ਏ / ਬੀ ਕਾਮ ਕਲਾਸਾਂ ਦੀਆਂ ਪ੍ਰੀਖਿਆਵਾਂ ਦੇ ਨਤੀਜੇ ਸ਼ਾਨਦਾਰ ਰਹੇ। ਬੀ ਸੀ ਏ 3 ਸਮੈਸਟਰ ਵਿੱਚੋਂ ਰੀਆ ਨੇ ਪਹਿਲੀ ਤੇ ਸੰਜਨਾ ਨੇ ਦੂਜੀ ਪੁਜੀਸ਼ਨ ਹਾਸਿਲ ਕੀਤੀ। ਬੀ ਸੀ ਏ 5 ਸਮੈਸਟਰ ਵਿੱਚੋਂ ਮਨਵੀਰ ਨੇ ਪਹਿਲੀ ਅਤੇ ਸੋਨਾਲੀ ਅਤੇ ਮਨਵੀਰ ਨੇ ਦੂਜੀ ਪੁਜੀਸ਼ਨ ਹਾਸਿਲ ਕੀਤੀ। ਬੀ ਏ 3 ਸਮੈਸਟਰ ਵਿੱਚੋਂ ਜਸਲੀਨ ਕੌਰ ਨੇ ਪਹਿਲੀ, ਸਿਮਰਨ ਕੌਰ ਨੇ ਦੂਜੀ ਅਤੇ ਪਵਨਦੀਪ ਕੌਰ ਨੇ ਤੀਜੀ ਪੁਜੀਸ਼ਨ ਹਾਸਿਲ ਕੀਤੀ। ਬੀ ਕਾਮ 3 ਸਮੈਸਟਰ ਵਿੱਚੋਂ ਕਾਜਲ ਨੇ ਪਹਿਲੀ, ਰੀਆ ਨੇ ਦੂਜੀ ਤੇ ਮੁਸਕਾਨ ਨੇ ਤੀਜੀ ਪੁਜੀਸ਼ਨ ਹਾਸਿਲ ਕੀਤੀ। ਬੀ ਕਾਮ 5 ਸਮੈਸਟਰ ਵਿੱਚੋਂ ਜੈਸਮੀਨ ਕੌਰ ਨੇ ਪਹਿਲੀ, ਰਮਨਦੀਪ ਕੌਰ ਨੇ ਦੂਜੀ ਤੇ ਬਲਰੀਨ ਕੌਰ ਨੇ ਤੀਸਰੀ ਪੁਜੀਸ਼ਨ ਹਾਸਿਲ ਕੀਤੀ। ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੀਤਲ ਸਿੰਘ ਸੰਘਾ ਤੇ ਡਾਇਰੈਕਟਰ ਡਾਕਟਰ ਰਾਮੂਰਤੀ ਅਤੇ ਪ੍ਰਿੰਸੀਪਲ ਬਲਜਿੰਦਰ ਕੌਰ ਨੇ ਵੱਖ-ਵੱਖ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਜਿੱਥੇ ਇਹਨਾਂ ਆਪਣੇ ਕਾਲਜ ਦਾ ਨਾਂਅ ਰੋਸ਼ਨ ਕੀਤਾ ਹੈ ਅਤੇ ਨਾਲ ਹੀ ਆਪਣੇ ਮਾਂ ਬਾਪ ਦਾ ਮਾਣ ਵੀ ਵਧਾਇਆ ਹੈ।

# ਬੇਲਾ ਕਾਲਜ ਵਿਖੇ ਖੇਡ ਮੇਲਾ ਕਰਵਾਇਆ

**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)**-ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਵਿਖੇ ਕਾਲਜ ਦਾ 50ਵਾਂ ਐਥਲੈਟਿਕ ਖੇਡ ਮੇਲਾ ਕਰਾਇਆ ਗਿਆ। ਕਾਲਜ ਕਮੇਟੀ ਦੇ ਮੈਨੇਜਰ ਸੁਖਵਿੰਦਰ ਸਿੰਘ ਵਿਸਕੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਐਨ.ਸੀ.ਸੀ. ਅਤੇ ਐਨ.ਐਸ.ਐਸ. ਦੇ ਵਿਦਿਆਰਥੀਆਂ ਨੇ ਮਾਰਚ ਪਾਸਟ ਕੀਤਾ ਅਤੇ ਮੁੱਖ ਮਹਿਮਾਨ ਨੂੰ ਸਲਾਮੀ ਦਿੱਤੀ। ਰਸਮੀ ਤੌਰ ’ਤੇ ਖੇਡ ਮੇਲੇ ਦੀ ਸ਼ੁਰੂਆਤ ਲਈ ਮੁੱਖ ਮਹਿਮਾਨ ਵੱਲੋਂ ਡਿਗਰੀ ਕਾਲਜ ਪ੍ਰਿੰਸੀਪਲ ਡਾ. ਸਤਵੰਤ ਕੌਰ ਸ਼ਾਹੀ, ਫਾਰਮੇਸੀ ਕਾਲਜ ਦੇ ਪ੍ਰਿੰਸੀਪਲ ਡਾ. ਸੈਲੇਸ਼ ਸ਼ਰਮਾ ਨਾਲ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ। ਇਸ ਦੇ ਨਾਲ ਹੀ ਕਾਲਜ ਦੇ ਰਾਸ਼ਟਰੀ ਪੱਧਰ ਤੇ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਵੱਲੋਂ ਮਸ਼ਾਲ ਰੌਸ਼ਨ ਕੀਤੀ। ਡਾ. ਮਮਤਾ ਅਰੋੜਾ ਨੇ ਦੱਸਿਆ ਕਿ ਸਲਾਨਾ ਖੇਡਾਂ ਦੇ ਦੂਜੇ ਪੜਾਅ ਤੇ ਕਾਲਜ ਕਮੇਟੀ ਦੇ ਪ੍ਰਧਾਨ ਸੰਗਤ ਸਿੰਘ ਲੌਂਗੀਆ ਨੇ ਮੁੱਖ ਮਹਿਮਾਨ ਤੇ ਮੈਂਬਰ ਗੁਰਮੇਲ ਸਿੰਘ ਅਤੇ ਸਕੱਤਰ ਜਗਵਿੰਦਰ ਸਿੰਘ ਪੰਮੀ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੀ ਤਕਸੀਮ ਕੀਤੇ। ਖੇਡਾਂ ਦੇ ਸੰਪੂਰਨਤਾ ਪੜਾਅ ਵਿੱਚ ਜਗਵਿੰਦਰ ਸਿੰਘ ਪੰਮੀ, ਸਕੱਤਰ ਕਾਲਜ ਪ੍ਰਬੰਧਕ ਕਮੇਟੀ ਨੇ ਮੁੱਖ ਮਹਿਮਾਨ ਅਤੇ ਲਖਵਿੰਦਰ ਸਿੰਘ ਭੂਰਾ, ਸਰਪੰਚ ਪਿੰਡ ਬੇਲਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਖੇਡੇ ਮੇਲੇ ਦੇ ਦੌਰਾਨ 1600 ਮੀਟਰ ਦੌੜ (ਲੜਕਿਆਂ) ਵਿੱਚ ਮਨਜੀਤ ਸਿੰਘ , ਰੋਹਿਤ ਅਤੇ ਜਸਪ੍ਰੀਤ ਸਿੰਘ ਨੇ ਕ੍ਰਮਵਾਰ ਪਹਿਲਾ, ਦੂਜਾ, ਅਤੇ ਤੀਜਾ ਸਥਾਨ ਹਾਸਲ ਕੀਤਾ , 800 ਮੀਟਰ ਦੌੜ (ਲੜਕਿਆਂ) ਵਿੱਚ ਜਗਵਿੰਦਰ ਸਿੰਘ ਨੇ ਪਹਿਲਾ, ਵਿਕਰਮਜੀਤ ਸਿੰਘ ਨੇ ਦੂਜਾ ਅਤੇ ਮਨਜੋਤ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ। 800 ਮੀਟਰ ਦੌੜ (ਲੜਕੀਆਂ) ਵਿੱਚ ਹਰਮਨਪ੍ਰੀਤ ਕੌਰ ਨੇ ਪਹਿਲਾ ਜਸਮੀਨ ਕੌਰ ਅਤੇ ਹਰਜੋਤ ਕੌਰ ਨੇ ਕ੍ਰਮਵਾਰ ਪਹਿਲਾ, ਦੂਜਾ, ਅਤੇ ਤੀਜਾ ਸਥਾਨ ਹਾਸਿਲ ਕੀਤਾ। ਇਸ ਦੇ ਨਾਲ ਲੜਕੇ ਤੇ ਲੜਕੀਆਂ ਦੀਆਂ 400 ਮੀਟਰ, 200 ਮੀਟਰ, 100 ਮੀਟਰ ਦੌੜ, ਸ਼ਾਟ-ਪੁੱਟ, ਲੌਂਗ ਜੰਪ ਅਤੇ ਟ੍ਰਿਪਲ ਜੰਪ, ਰੀਲੇਅ ਰੇਸ, ਜੈਵਲਿਨ ਥ੍ਰੋਅ, ਡਿਸਕਸ ਥਰੋ, ਹੈਮਰ ਥ੍ਰੋਅ, ਤਿੰਨ ਟੰਗੀ ਦੌੜ, ਸਪੂਨ ਰੇਸ, ਸੈਕ ਰੇਸ ਕਰਵਾਏ ਗਏ।ਰੱਸਾਕਸ਼ੀ ਵਿੱਚ ਮੈਨਜਮੈਂਟ ਵਿਭਾਗ ਨੇ ਹਿਊਮੈਨਟੀਜ਼ ਵਿਭਾਗ ਨੂੰ ਹਰਾਇਆ। ਰੱਸਾਕਸ਼ੀ (ਲੜਕੀਆਂ) ਵਿੱਚ ਕੰਪਿਊਟਰ ਵਿਭਾਗ ਜੇਤੂ ਰਿਹਾ ਅਤੇ ਮੈਨੇਜਮੈਂਟ ਵਿਭਾਗ ਰਨਰ ਅੱਪ ਰਿਹਾ। ਇਸ ਖੇਡ ਮੇਲੇ ਵਿੱਚ ਬੀ.ਏ. ਭਾਗ ਪਹਿਲਾ ਦੇ ਗੁਰਕੀਰਤ ਸਿੰਘ ਨੇ ਸਰਵੋਤਮ ਐਥਲੀਟ ਦਾ ਖਿਤਾਬ ਜਿੱਤਿਆ ਅਤੇ ਦੂਜਾ ਸਥਾਨ ਤੇ ਬੀ.ਏ. ਭਾਗ ਦੂਜਾ ਦਾ ਮਨਜੀਤ ਸਿੰਘ ਕਾਬਜ਼ ਰਿਹਾ। ਲੜਕੀਆਂ ਵਿੱਚ ਬੀ.ਬੀ.ਏ. ਦੀ ਜਸਲੀਨ ਕੌਰ ਸਰਵੋਤਮ ਐਥਲੀਟ ਐਲਾਨੀ ਗਈ ਅਤੇ ਰਨਰ ਅੱਪ ਦੀ ਟਰਾਫ਼ੀ ਬੀ.ਕਾਮ. ਦੀ ਜਸਪ੍ਰੀਤ ਕੌਰ ਨੇ ਜਿੱਤੀ। ਇਸ ਮੌਕੇ ਸਰਪੰਚ ਲਖਵਿੰਦਰ ਸਿੰਘ ਭੂਰਾ, ਲੈਫ਼ਟੀਨੈਂਟ ਪ੍ਰਿਤਪਾਲ ਸਿੰਘ , ਪ੍ਰੋ ਅਮਰਜੀਤ ਸਿੰਘ , ਡਾ. ਸੰਦੀਪ ਕੌਰ, ਪ੍ਰੋ. ਹਰਪ੍ਰੀਤ ਸਿੰਘ ਅਤੇ ਡਾ. ਸੁਰਜੀਤ ਕੌਰ ਆਦਿ ਹਾਜਰ ਸਨ।

## ਗੁਰਕੀਰਤ ਸਿੰਘ ਤੇ ਜਸਲੀਨ ਕੌਰ ਬਣੇ ਸਰਵੋਤਮ ਐਥਲੀਟ



# ਸੀਟੀ ਗਰੁੱਪ ਨੇ ਬਹੁ-ਪੱਖੀ ਸ਼ਰਧਾਂਜਲੀ ਸਮਾਗਮਾਂ ਨਾਲ ਸ਼ਹੀਦੀ ਦਿਵਸ ਮਨਾਇਆ



**ਜਲੰਧਰ ( ਸ਼ੈਲੀ ਐਲਬਰਟ)**:-ਸੀਟੀ ਗਰੁੱਪ ਨੇ ਸ਼ਹੀਦੀ ਦਿਵਸ ਤੇ ਭਾਰਤ ਦੇ ਬਹਾਦਰ ਆਜ਼ਾਦੀ ਘੁਲਾਟੀਆਂ ਨੂੰ ਉਨ੍ਹਾਂ ਦੀਆਂ ਕੁਰਬਾਨੀਆਂ ਦਾ ਸਨਮਾਨ ਕਰਨ ਅਤੇ ਭਾਈਚਾਰਕ ਸੇਵਾ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਪ੍ਰਭਾਵਸ਼ਾਲੀ ਸਮਾਗਮਾਂ ਦੀ ਇੱਕ ਲੜੀ ਰਾਹੀਂ ਸ਼ਰਧਾਂਜਲੀ ਭੇਟ ਕੀਤੀ। ਵਿਦਿਆਰਥੀ ਭਲਾਈ ਵਿਭਾਗ ਦੀ ਸਰਪ੍ਰਸਤੀ ਹੇਠ ਕਰਵਾਏ ਗਏ ਇਸ ਯਾਦਗਾਰੀ ਸਮਾਗਮ ਵਿੱਚ ਵਿਦਿਆਰਥੀਆਂ, ਫੈਕਲਟੀ ਅਤੇ ਆਏ ਹੋਏ ਮਹਿਮਾਨਾਂ ਨੇ ਉਤਸ਼ਾਹ ਨਾਲ ਭਾਗ ਲਿਆ। ਸਮਾਗਮ ਦੀ ਸ਼ੁਰੂਆਤ ਸੀਟੀ ਗਰੁੱਪ ਵੱਲੋਂ ਸਿਵਲ ਹਸਪਤਾਲ, ਦਿਸ਼ਾ ਦੀਪ ਐਨਜੀਓ ਅਤੇ ਭਗਤ ਸਿੰਘ ਵਿਵੇਕਾਨੰਦ ਵਿਚਾਰ ਮੰਚ ਦੇ ਸਹਿਯੋਗ ਨਾਲ ਖ਼ੂਨਦਾਨ ਕੈਂਪ ਦਾ ਆਯੋਜਨ ਕਰਕੇ ਸੇਵਾ ਦੇ ਇੱਕ ਨੇਕ ਕਾਰਜ ਨਾਲ ਕੀਤੀ ਗਈ। ਇਸ ਪਹਿਲਕਦਮੀ ਦਾ ਉਦੇਸ਼ ਸਾਡੇ ਆਜ਼ਾਦੀ ਘੁਲਾਟੀਆਂ ਦੁਆਰਾ ਦਰਸਾਈ ਗਈ ਨਿਰਸਵਾਰਥ ਭਾਵਨਾ ਦਾ ਸਨਮਾਨ ਕਰਦੇ ਹੋਏ ਜਾਨਾਂ ਬਚਾਉਣ ਦੇ ਉੱਤਮ ਕਾਰਜ ਵਿੱਚ ਯੋਗਦਾਨ ਪਾਉਣਾ ਹੈ। ਖ਼ੂਨਦਾਨ ਮੁਹਿੰਮ ਤੋਂ ਬਾਅਦ, ਵਿਦਿਆਰਥੀਆਂ ਨੇ ਦਸਤਾਰ ਬੰਨ੍ਹਣ ਦੇ ਮੁਕਾਬਲੇ ਵਿੱਚ ਆਪਣੀ ਰਚਨਾਤਮਕਤਾ ਅਤੇ ਸੱਭਿਆਚਾਰਕ ਮਾਣ ਦਾ ਪ੍ਰਦਰਸ਼ਨ ਕੀਤਾ। ਭਾਗੀਦਾਰਾਂ ਨੇ ਏਕਤਾ ਅਤੇ ਵਿਰਾਸਤ ਦੇ ਪ੍ਰਤੀਕ, ਵਿਸਤ੍ਰਿਤ ਅਤੇ ਰਵਾਇਤੀ ਸਟਾਈਲ ਵਿੱਚ ਦਸਤਾਰਾਂ ਨੂੰ ਸਟਾਈਲ ਕਰਨ ਵਿੱਚ ਆਪਣੇ ਹੁਨਰ ਦਾ ਪ੍ਰਦਰਸ਼ਨ ਕੀਤਾ। ਨਾਟਕ ਅਤੇ ਸਮਾਜਿਕ ਚੇਤਨਾ ਨੂੰ ਜੋੜਦੇ ਹੋਏ, ਸਾਡੇ ਆਜ਼ਾਦੀ ਘੁਲਾਟੀਆਂ ਦੀਆਂ ਕੁਰਬਾਨੀਆਂ ਅਤੇ ਅਜੋਕੇ ਸੰਸਾਰ ਵਿੱਚ ਉਨ੍ਹਾਂ ਦੀ ਵਿਰਾਸਤ ਨੂੰ ਸੰਭਾਲਣ ਦੀ ਮਹੱਤਤਾ ਤੇ ਚਾਨਣਾ ਪਾਉਂਦੇ ਹੋਏ, ਇੱਕ ਵਿਚਾਰ-ਪ੍ਰੇਰਕ ਨੁੱਕੜ ਨਾਟਕ (ਨੁੱਕੜ ਨਾਟਕ) ਪੇਸ਼ ਕੀਤਾ ਗਿਆ। ਇਸ ਤੋਂ ਇਲਾਵਾ, ਸ਼ਹੀਦੀ ਦਿਹਾੜੇ ਦੀ ਮਹੱਤਤਾ ਅਤੇ ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਦੇ ਸਥਾਈ ਪ੍ਰਭਾਵ ਬਾਰੇ ਵਿਚਾਰ-ਵਟਾਂਦਰੇ ਅਤੇ ਵਿਚਾਰਾਂ ਨੂੰ ਉਤਸ਼ਾਹਤ ਕਰਨ ਲਈ ਐਡਵੋਕੇਟ ਯੁਵਰਾਜ ਅਤੇ ਨਵਦੀਪ ਸਿੰਘ ਦੁਆਰਾ ਭਗਤ ਸਿੰਘ ਦੇ ਜੀਵਨ ਅਤੇ ਵਿਚਾਰਧਾਰਾ ’ਤੇ ਸੈਮੀਨਾਰ ਕਰਵਾਏ ਗਏ।।

ਸਮਾਗਮ ਵਿੱਚ ਸੀਟੀ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ ਸਮੇਤ ਆਏ ਹੋਏ ਮਹਿਮਾਨਾਂ ਨੇ ਸ਼ਿਰਕਤ ਕੀਤੀ। ਸੀਟੀ ਗਰੁੱਪ ਦੇ ਵਾਈਸ ਚੇਅਰਮੈਨ ਹਰਪ੍ਰੀਤ ਸਿੰਘ, ਵਿਦਿਆਰਥੀ ਭਲਾਈ ਦੇ ਡੀਨ ਡਾ. ਅਰਜਨ ਸਿੰਘ ਦੀ ਮੌਜੂਦਗੀ ਨੇ ਇਸ ਮੌਕੇ ਦੀ ਮਹੱਤਤਾ ਨੂੰ ਵਧਾ ਦਿੱਤਾ ਅਤੇ ਭਾਗੀਦਾਰਾਂ ਨੂੰ ਸਾਡੇ ਆਜ਼ਾਦੀ ਘੁਲਾਟੀਆਂ ਦੀਆਂ ਕੁਰਬਾਨੀਆਂ ਦਾ ਸਨਮਾਨ ਕਰਨ ਲਈ ਪ੍ਰੇਰਿਤ ਕੀਤਾ।

# ਗੁ. ਸਿੰਘ ਸ਼ਹੀਦਾਂ ਸੋਹਾਣਾ ਵਿਖੇ ਜੱਥੇਦਾਰ ਅਕਾਲੀ ਫੂਲਾ ਸਿੰਘ ਦੀ ਸ਼ਹੀਦੀ ਸ਼ਤਾਬਦੀ ਮਨਾਈ

**ਐੱਸ. ਏ. ਐੱਸ. ਨਗਰ ਮੁਹਾਲੀ (ਗੁਰਜੀਤ ਬਿੱਲਾ)** : ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਬੁੱਢਾ ਦਲ ਦੇ ਛੇਵੇ ਜੱਥੇਦਾਰ ਅਤੇ ਜੱਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਧੰਨ ਧੰਨ ਅਮਰ ਸ਼ਹੀਦ ਜੱਥੇਦਾਰ ਅਕਾਲੀ ਫੂਲਾ ਸਿੰਘ ਜੀ ਦੀ 201 ਸਾਲਾ ਸ਼ਹੀਦੀ ਸ਼ਤਾਬਦੀ ਬੜੀ ਸ਼ਰਧਾ ਭਾਵਨਾ ਨਾਲ ਮਨਾਈ ਗਈ। ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਧਾਰਮਿਕ ਸਮਾਗਮ ਵਿੱਚ ਭਾਈ ਪੱਵਿਤਰ ਸਿੰਘ ਜਲੰਧਰ ਵਾਲਿਆਂ ਦੇ ਇੰਟਰਨੈਸ਼ਨਲ ਢਾਡੀ ਜੱਥੇ ਨੇ ਧੰਨ ਧੰਨ ਅਮਰ ਸ਼ਹੀਦ ਜਥੇਦਾਰ ਅਕਾਲੀ ਫੂਲਾ ਸਿੰਘ ਜੀ ਦਾ ਜੀਵਨ ਬ੍ਰਿਤਾਂਤ ਸੰਗਤਾਂ ਨੂੰ ਸੁਣਾਇਆ। ਸ਼੍ਰੋਮਣੀ ਪ੍ਰਚਾਰਕ ਭਾਈ ਜਰਨੈਲ ਸਿੰਘ ਲੁਧਿਆਣੇ ਵਾਲਿਆਂ ਨੇ ਦੱਸਿਆ ਕਿ ਧੰਨ ਧੰਨ ਅਮਰ ਸ਼ਹੀਦ ਜਥੇਦਾਰ ਅਕਾਲੀ ਫੂਲਾ ਸਿੰਘ ਜੀ ਦੀ ਸ਼ਹਾਦਤ ਤੋ ਬਾਅਦ ਧੰਨ ਧੰਨ ਅਮਰ ਸ਼ਹੀਦ ਜੱਥੇਦਾਰ ਬਾਬਾ ਹਨੂੰਮਾਨ ਸਿੰਘ ਜੀ (ਜਿੰਨ੍ਹਾਂ ਦਾ ਗੁ. ਸਿੰਘ ਸ਼ਹੀਦਾਂ ਸ਼ਹੀਦੀ ਅਸਥਾਨ ਹੈ) ਨੂੰ ਬੁੱਢਾ ਦਲ ਦੇ ਸੱਤਵੇ ਜੱਥੇਦਾਰ ਅਤੇ ਜੱਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਥਾਪਿਆ ਗਿਆ। ਭਾਈ ਸੁਖਦੇਵ ਸਿੰਘ, ਮੀਰੀ ਪੀਰੀ ਪੰਥਕ ਢਾਡੀ ਜੱਥਾ, ਮਿੱਤਰ ਪਿਆਰੇ ਨੂੰ ਕੀਰਤਨੀ ਜੱਥਾ, ਭਾਈ ਗੁਰਦੀਪ ਸਿੰਘ, ਸੁਖਮਨੀ ਸੇਵਾ ਸੁਸਾਇਟੀ ਦੀਆਂ ਬੀਬੀਆਂ, ਭਾਈ ਕੁਲਦੀਪ ਸਿੰਘ, ਸ਼ੇਰੇ ਪੰਜਾਬ ਕਵੀਸ਼ਰੀ ਜੱਥਾ, ਭਾਈ ਗੁਰਿੰਦਰ ਸਿੰਘ, ਭਾਈ ਸੁਖਵਿੰਦਰ ਸਿੰਘ ਦੇ ਜਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਇੰਦਰਜੀਤ ਸਿੰਘ, ਭਾਈ ਜਸਵੰਤ ਸਿੰਘ, ਅਤੇ ਭਾਈ ਗੁਰਮੀਤ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸਾਰਾ ਦਿਨ ਸੰਗਤਾਂ ਨੂੰ ਹਰਿ ਜਸ ਸੁਣਾ ਕੇ ਨਿਹਾਲ ਕੀਤਾ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।



# ਪਾਸਲਾ ਤੇ ਜਾਮਾਰਾਏ ਵੱਲੋਂ ਕੇਜਰੀਵਾਲ ਦੀ ਗ੍ਰਿਫ਼ਤਾਰੀ ਦੀ ਕਰੜੇ ਸ਼ਬਦਾਂ ’ਚ ਨਿੰਦਾ





**ਜਲੰਧਰ** : ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ. ਐਮ. ਪੀ. ਆਈ.) ਦੇ ਜਨਰਲ ਸਕੱਤਰ ਸਾਥੀ ਮੰਗਤ ਰਾਮ ਪਾਸਲਾ ਤੇ ਸੂਬਾਈ ਸਕੱਤਰ ਸਾਥੀ ਪਰਗਟ ਸਿੰਘ ਜਾਮਾਰਾਏ ਨੇ ਪ੍ਰੈਸ ਦੇ ਨਾਂਅ ਬਿਆਨ ਜਾਰੀ ਕਰਦਿਆਂ ਈ.ਡੀ. ਵੱਲੋਂ ਆਪ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਈ.ਡੀ. ਵੱਲੋਂ ਕੀਤੀ ਗ੍ਰਿਫ਼ਤਾਰੀ ਦੀ ਕਰੜੇ ਸ਼ਬਦਾਂ ’ਚ ਨਿੰਦਾ ਕੀਤੀ ਹੈ। ਭਾਜਪਾ ਦੀ ਕੇਂਦਰੀ ਸਰਕਾਰ ਈ.ਡੀ., ਸੀ.ਬੀ.ਆਈ. ਤੇ ਇਨਕਮ ਟੈਕਸ ਵਿਭਾਗ ਦੀ ਖੁੱਲ੍ਹੀ ਦੁਰਵਰਤੋਂ ਕਰਕੇ ਵਿਰੋਧੀ ਦਲਾਂ ਦੀ ਜ਼ੁਬਾਨ ਬੰਦ ਕਰਨਾ ਚਾਹੁੰਦੀ ਹੈ ਤੇ ਆਉਂਦੀਆਂ ਲੋਕ ਸਭਾ ਚੋਣਾਂ ’ਚ ਹਰ ਅਨੈਤਿਕ ਢੰਗ ਨਾਲ ਜਿੱਤ ਹਾਸਲ ਕਰਕੇ ਦੇਸ਼ ਨੂੰ ਵਿਰੋਧੀ ਧਿਰ ਮੁਕਤ ਕਰਨ ਦੀ ਖਤਰਨਾਕ ਚਾਲ ਖੇਡ ਰਹੀ ਹੈ। ਇਹ ਮੁੱਦਾ ਕਿਸੇ ਵਿਸ਼ੇਸ਼ ਵਿਅਕਤੀ ਜਾਂ ਰਾਜਸੀ ਪਾਰਟੀ ਨਾਲ ਸਬੰਧਤ ਨਾ ਹੋ ਕੇ ਸਾਡੇ ਦੇਸ਼ ਦੀਆਂ ਜਮਹੂਰੀ ਤੇ ਧਰਮ ਨਿਰਪੱਖ ਕਦਰਾਂ-ਕੀਮਤਾਂ ਦੀ ਹੋਂਦ ਨਾਲ ਜੁੜਿਆ ਹੋਇਆ ਹੈ। ਸਾਥੀ ਪਾਸਲਾ ਤੇ ਜਾਮਾਰਾਏ ਨੇ ਕਿਹਾ ਹੈ ਕਿ ਜਿਸ ਤਰ੍ਹਾਂ ਵੱਖ-ਵੱਖ ਪ੍ਰਾਂਤਾਂ ਦੇ ਭਾਜਪਾ ਨਿਯੁਕਤ ਰਾਜਪਾਲਾਂ ਦਾ ਚੁਣੀਆਂ ਹੋਈਆਂ ਗੈਰ ਭਾਜਪਾ ਸੂਬਾਈ ਸਰਕਾਰਾਂ ਵੱਲ ਪੱਖਪਾਤੀ ਵਤੀਰਾ ਹੈ (ਜਿਸਦਾ ਸੁਪਰੀਮ ਕੋਰਟ ਨੇ ਗੰਭੀਰ ਨੋਟਿਸ ਲਿਆ ਹੈ), ਤੇ ਦੇਸ਼ ਦੀ ਮੁੱਖ ਵਿਰੋਧੀ ਪਾਰਟੀ ਕਾਂਗਰਸ ਦੇ ਫੰਡਾਂ ਨੂੰ ਜਾਮ ਕਰ ਦਿੱਤਾ ਕੀਤਾ ਗਿਆ ਹੈ, ਉਹ ਦਰਸਾਉਂਦਾ ਹੈ ਕਿ ਸੰਘ ਪਰਿਵਾਰ ਤੇ ਭਾਜਪਾ ਸਰਕਾਰ ਕਿਸੇ ਵੀ ਨਿਵਾਣ ਤੱਕ ਜਾ ਕੇ ਦੇਸ਼ ਅੰਦਰ ਇਕ ਫਿਰਕੂ ਫਾਸ਼ੀ ਰਾਜ ਸਥਾਪਤ ਕਰਨ ਲਈ ਬਜ਼ਿੱਦ ਹੈ। ਜਮਹੂਰੀ ਢਾਂਚੇ ’ਤੇ ਕੀਤੇ ਜਾ ਰਹੇ ਹੱਲਿਆਂ ਬਾਰੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਚੁੱਪੀ ਦਰਸਾਉਂਦੀ ਹੈ ਕਿ ਇਹ ਸਾਰਾ ਕੁਕਰਮ ਇਕ ਸੋਚੀ ਸਮਝੀ ਸਾਜ਼ਿਸ ਅਧੀਨ ਕੀਤਾ ਜਾ ਰਿਹਾ ਹੈ। ਨੋਟ ਕਰਨ ਵਾਲੀ ਗੱਲ ਹੈ ਕਿ ਭਾਜਪਾ ਨੇ ਚੋਣਾਂ ਜਿੱਤਣ ਲਈ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਰਾਹੀਂ ਡਰਾ ਧਮਕਾ ਕੇ ਕਈ ਕੰਪਨੀਆਂ ਤੇ ਕਾਰਪੋਰੇਟਾਂ ਤੋਂ ਭਾਰੀ ਚੰਦੇ ਵਸੂਲੇ ਹਨ, ਜਿਸ ਦਾ ਖੁਲਾਸਾ ਐਸ.ਬੀ.ਆਈ. ਵੱਲੋਂ ਸੁਪਰੀਮ ਕੋਰਟ ’ਚ ਪੇਸ਼ ਕੀਤੇ ਹਲਫਨਾਮੇ ’ਚ ਕੀਤਾ ਗਿਆ ਹੈ। ਆਰ.ਐਮ.ਪੀ.ਆਈ. ਦੇਸ਼ ਦੀਆਂ ਸਮੂਹ ਗੈਰ ਭਾਜਪਾ ਰਾਜਸੀ ਦਲਾਂ ਤੇ ਆਮ ਲੋਕਾਂ ਨੂੰ ਪੁਰਜ਼ੋਰ ਅਪੀਲ ਕਰਦੀ ਹੈ ਕਿ ਉਹ ਭਾਜਪਾ ਵੱਲੋਂ ‘ਜਮਹੂਰੀਅਤ’ ਨੂੰ ਖਤਮ ਕਰਨ ਦੀਆਂ ਸਾਜਿਸ਼ਾਂ ਤੇ ਪੂਰੀ ਬੇਸ਼ਰਮੀ ਨਾਲ ਸਰਕਾਰੀ ਏਜੰਸੀਆਂ ਦੀ ਖੁੱਲ੍ਹੀ ਦੁਰਵਰਤੋਂ ਕਰਨ ਵਿਰੁੱਧ ਜ਼ੋਰਦਾਰ ਆਵਾਜ਼ ਬੁਲੰਦ ਕਰਨ। ਸੰਘ ਦੀ ਫਾਸ਼ੀ ਸੋਚ ਦਾ ਟਾਕਰਾ ਕਰਨ ਲਈ ਸਾਰੇ ਹੀ ਰਾਜਸੀ ਦਲਾਂ, ਸਮਾਜਿਕ ਸੰਗਠਨਾਂ ਤੇ ਜਨਤਕ ਜਥੇਬੰਦੀ ਤੇ ਬੁੱਧੀਜੀਵੀਆਂ ਨੂੰ ਇਕ ਜੁੱਟ ਹੋ ਕੇ ਮੈਦਾਨ ’ਚ ਨਿਤਰਨ ਦੀ ਜ਼ਰੂਰਤ ਹੈ, ਤਾਂ ਕਿ 2024 ਦੀਆਂ ਲੋਕ ਸਭਾ ਚੋਣਾਂ ਅੰਦਰ ਫਿਰਕੂ ਭਾਜਪਾ ਤੇ ਇਤਿਹਾਦੀਆਂ ਨੂੰ ਲੱਕ ਤੋੜਵੀਂ ਹਾਰ ਦਿੱਤੀ ਜਾ ਸਕੇ।

# ਡੀ ਸੀ ਨੇ ਜ਼ਿਲ੍ਹਾ ਹਸਪਤਾਲ ਕੀਤਾ ਅਚਨਚੇਤ ਦੌਰਾ



**ਨਵਾਂਸ਼ਹਿਰ, ( ਕੁਲਵਿੰਦਰ ਸਿੰਘ ਦੁਰਗਾਪੁਰੀਆ)**—ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਸਵੇਰੇ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਦਾ ਅਚਨਚੇਤ ਦੌਰਾ ਕਰਕੇ ਉੱਥੇ ਪ੍ਰਦਾਨ ਕੀਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਦਾ ਜਾਇਜ਼ਾ ਲਿਆ। ਹਸਪਤਾਲ ਦੀ ਓ.ਪੀ.ਡੀ./ਆਈ.ਪੀ.ਡੀ., ਐਮਰਜੈਂਸੀ ਅਤੇ ਕ੍ਰਸਨਾ ਲੈਬ ਆਦਿ ਦਾ ਵੀ ਨਿਰੀਖਣ ਕੀਤਾ ਤੇ ਮਰੀਜਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਿਹਤ ਸੁਵਿਧਾਵਾਂ ਸਬੰਧੀ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਬੁਨਿਆਦੀ ਸੁਵਿਧਾਵਾਂ ਦੇ ਨਾਲ-ਨਾਲ ਸਾਫ-ਸਫਾਈ ਦੇ ਪ੍ਰਬੰਧਾਂ ’ਤੇ ਵੀ ਤਸੱਲੀ ਪ੍ਰਗਟਾਈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਰਕਾਰੀ ਹਸਪਤਾਲਾਂ ਵਿੱਚ ਮਰੀਜ਼ਾਂ ਨੂੰ ਸਾਰੀਆਂ ਦਵਾਈਆਂ ਹਸਪਤਾਲ ਅੰਦਰੋਂ ਹੀ ਉਪਲੱਬਧ ਕਰਵਾਈਆਂ ਜਾ ਰਹੀਆਂ ਹਨ ਅਤੇ ਡਾਕਟਰਾਂ ਵੱਲੋਂ ਲਿਖੀ ਜਾਂਦੀ ਦਵਾਈ ਲਈ ਮਰੀਜ਼ਾਂ ਨੂੰ ਬਾਹਰ ਨਹੀਂ ਜਾਣਾ ਪੈਂਦਾ। ਉਨ੍ਹਾਂ ਕਿਹਾ ਕਿ ਸਰਕਾਰੀ ਹਸਪਤਾਲਾਂ ਵਿੱਚ ਜਿੱਥੇ ਮਰੀਜ਼ਾਂ ਨੂੰ ਬਿਹਤਰ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ, ਉੱਥੇ ਹੀ ਹੁਣ ਲੋੜੀਂਦੀਆਂ ਦਵਾਈਆਂ ਵੀ ਮੁਫ਼ਤ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।

# ਖਾਲਸਾ ਕਾਲਜ ’ਚ ਕੁਇਜ਼ ਮੁਕਾਬਲੇ ਕਰਵਾਏ



**ਸੁਲਤਾਨਪੁਰ ਲੋਧੀ, ( ਹਨੀ )** ਗੁਰੂ ਨਾਨਕ ਖਾਲਸਾ ਕਾਲਜ ਵਿਖੇ ਰੈੱਡ ਰਿਬਨ ਕਲੱਬ ਵੱਲੋਂ ਐੱਚ.ਆਈ.ਵੀ /ਏਡਜ਼, ਨਸ਼ਿਆਂ ਪ੍ਰਤੀ ਜਾਗਰੂਕ ਕਰਨ ਲਈ ਪ੍ਰੋਗਰਾਮ ਅਫ਼ਸਰ ਡਾ. ਮਨੀ ਛਾਬੜਾ ਦੀ ਅਗਵਾਈ ਹੇਠ ਬੀ.ਏ/ਬੀ.ਕਾਮ / ਬੀ. ਸੀ. ਏ (ਸਮੈਸਟਰ-ਦੂਜਾ) ਦੀਆਂ ਜਮਾਤਾਂ ਦੇ ਵਿਦਿਆਰਥੀਆਂ ਦਾ ਕੁਇਜ਼ ਮੁਕਾਬਲਾ ਕਰਵਾਇਆ ਗਿਆ।ਅਵਨੀਤ ਕੌਰ ਅਤੇ ਪੀਯੂਸ਼ ਟੰਡਨ, ਬੀ.ਕਾਮ ਸਮੈਸਟਰ -2 ਨੇ ਪਹਿਲਾ ਸਥਾਨ, ਸਿਮਰਨਜੀਤ ਕੌਰ ਅਤੇ ਕਰਮਜੋਤ ਕੌਰ, ਬੀ.ਸੀ.ਏ ਸਮੈਸਟਰ -2 ਨੇ ਦੂਸਰਾ ਸਥਾਨ, ਸੋਹਲਪ੍ਰੀਤ ਸਿੰਘ ਅਤੇ ਸੁਖਵਿੰਦਰ ਸਿੰਘ ਬੀ .ਸੀ. ਏ ਸਮੈਸਟਰ -2 ਨੇ ਤੀਸਰਾ ਸਥਾਨ ਹਾਸਲ ਕੀਤਾ, ਵਿਦਿਆਰਥੀਆਂ ਨੂੰ ਇਨਾਮ ਵੰਡ ਕੇ ਹੌਂਸਲਾ ਵਧਾਈ ਕੀਤੀ ਗਈ। ਇਸ ਮੌਕੇ ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਪ੍ਰੋ. ਜਸਬੀਰ ਕੌਰ ਨੇ ਵਿਦਿਆਰਥੀਆਂ ਨੂੰ ਸੰਬੋਧਿਤ ਕਰਦੇ ਐੱਚ .ਆਈ .ਵੀ /ਏਡਜ਼ ਦੀ ਭਿਆਨਕ ਬਿਮਾਰੀ ਤੋਂ ਅਤੇ ਨਸ਼ਿਆਂ ਤੋਂ ਬਚਣ ਲਈ ਜਾਗਰੂਕ ਕੀਤਾ। ਇਸ ਕੁਇਜ਼ ਮੁਕਾਬਲੇ ਦਾ ਸੰਚਾਲਨ ਪ੍ਰੋ. ਗੁਰਪ੍ਰੀਤ ਕੌਰ ਨੇ ਕੀਤਾ। ਇਸ ਮੌਕੇ ਪ੍ਰੋ. ਰਾਜਪ੍ਰੀਤ ਕੌਰ ਪ੍ਰੋ. ਰਾਜਦੀਪ ਕੌਰ ਜੋਸਨ, ਪ੍ਰੋ.ਮਨਮੀਤ ਕੌਰ, ਅਮਰੀਕ ਸਿੰਘ ਆਦਿ ਹਾਜ਼ਰ ਸਨ।

# ਏਡਜ਼, ਨਸ਼ਾ ਮੁਕਤੀ ਤੇ ਮੁੜ ਵਸੇਬਾ ਸਮਾਗਮ ਸਮਾਪਤ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**—ਆਈ.ਕੇ. ਗੁਜਰਾਲ ਪੀ.ਟੀ.ਯੂ. ਕੈਂਪਸ ਵਿਖੇ ਸੱਤ ਦਿਨਾ ਸਪੈਸ਼ਲ ਐਨ.ਐਸ.ਐਸ. ਕੈਂਪ ਦੇ ਸਮਾਪਨ ਸਮਾਰੋਹ ਵਿੱਚ ਸੰਦੀਪ ਕੁਮਾਰੀ ਕਾਊਂਸਲਰ ਸਰਕਾਰੀ ਨਸ਼ਾ ਮੁਕਤੀ ਮੁੜ ਵਸੇਬਾ ਕੇਂਦਰ ਫਤਿਹਗੜ੍ਹ ਹੁਸ਼ਿਆਰਪੁਰ ਨੇ ਏਡਜ਼, ਨਸ਼ਾ ਮੁਕਤੀ ਅਤੇ ਮੁੜ ਵਸੇਬਾ ’ਤੇ ਭਾਸ਼ਣ ਦਿੱਤਾ। ਪ੍ਰੀਤ ਕੋਹਲੀ, ਸਹਾਇਕ ਨਿਰਦੇਸ਼ਕ ਯੁਵਾ ਸੇਵਾਵਾਂ, ਪੰਜਾਬ ਸਰਕਾਰ ਸਮਾਪਨ ਸਮਾਰੋਹ ਦੇ ਮੁੱਖ ਮਹਿਮਾਨ ਸਨ ਅਤੇ ਸ੍ਰੀਮਤੀ ਅਰਚਨਾ ਸ਼ਰਮਾ ਪ੍ਰਮੁੱਖ ਅਪਲਾਈਡ ਸਾਇੰਸਜ ਵਿਭਾਗ ਅਤੇ ਕਾਰਜਵਾਹਕ ਪ੍ਰਿੰਸੀਪਲ ਪੰਡਿਤ ਜਗਤ ਰਾਮ ਸਰਕਾਰੀ ਪੋਲੀਟੈਕਨਿਕ ਕਾਲਜ ਹੁਸ਼ਿਆਰਪੁਰ ਇਸ ਪ੍ਰੋਗਰਾਮ ਦੀ ਸਨਮਾਨਤ ਮਹਿਮਾਨ ਸਨ। ਇਸ ਮੌਕੇ ’ਤੇ ਸ਼੍ਰੀਮਤੀ ਅਰਚਨਾ ਸ਼ਰਮਾ ਨੇ ਡਾ.ਬ੍ਰਿਜੇਸ਼, ਰਾਜਿੰਦਰ, ਪੁਨੀਤ, ਮੈਡਮ ਖੁਸ਼ਵਿੰਦਰ, ਸਾਰੀ ਟੀਮ ਦੇ ਮੈਂਬਰਾਂ ਅਤੇ ਫੋਟੋਗ੍ਰਾਫੀ ਟੀਮ ਦੇ ਮੈਂਬਰਾਂ ਦਾ ਇਸ ਕੈਂਪ ਵਿੱਚ ਸਰਗਰਮ ਤੌਰ ’ਤੇ ਭਾਗ ਲੈਣ ਲਈ ਧੰਨਵਾਦ ਕੀਤਾ। ਇਹ ਐਨ.ਐਸ.ਐਸ. ਕੈਂਪ ਪ੍ਰੋ. ਵਾਈ.ਐਸ.ਬਰਾੜ ਡਾਇਰੈਕਟਰ, ਗਗਨਜੋਤ ਸਿੰਘ ਡਾਇਰੈਕਟਰ ਆਈ.ਕੇ.ਜੀ.ਪੀ.ਟੀ.ਯੂ. ਹੁਸ਼ਿਆਰਪੁਰ ਕੈਂਪਸ ਦੀ ਦੇਖ ਰੇਖ ਵਿਚ ਅਤੇ ਡਾ. ਕੁਲਵਿੰਦਰ ਸਿੰਘ ਪਰਮਾਰ ਕੋਆਰਡੀਨੇਟਰ ਐਨ.ਐਸ.ਐਸ.ਯੂਨਿਟ ਅਤੇ ਰੈਡ ਰਿਬਨ ਕਲੱਬ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ।

# ਸਕੂਲ ਪ੍ਰਿੰਸੀਪਲ ਨੂੰ ਯੀਅਰ ਆਫ ਐਵਾਰਡ



**ਕਰਤਾਰਪੁਰ (ਹਰਮੇਸ ਦੱਤ)** ਅਦੁਲੀਡਰਸ ਐਵਾਰਡ ਸ਼੍ਰੋਮਣੀ ਸਮਾਗਮ ਦਾ ਆਯੋਜਨ ਹੋਟਲ ਰੇਡਿਸਨ ਰੈਡ ਮੋਹਾਲੀ ਵਿੱਚ ਕੀਤਾ ਗਿਆ। ਇਸ ਸਮਾਗਮ ਵਿੱਚ ਅਲੱਗ ਅਲੱਗ ਸ਼ਹਿਰਾਂ ਵਿੱਚੋਂ ਪ੍ਰਿੰਸੀਪਲ ਸ਼ਾਮਿਲ ਹੋਏ। ਸਮਾਗਮ ਵਿੱਚ ਸੰਤ ਬਾਬਾ ਨਿਧਾਨ ਸਿੰਘ ਜੀ ਪਬਲਿਕ ਸਕੂਲ ਦੇ ਪ੍ਰਿੰਸੀਪਲ ਮੈਡਮ ਕੰਵਲਜੀਤ ਕੌਰ ਨੂੰ ਯਿਅਰ ਆਫ ਦੇ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਚੇਅਰਪਰਸਨ ਸੁਰਿੰਦਰ ਕੌਰ, ਡਾ. ਚਰਨ ਸਿੰਘ, ਡਾ. ਪਿਆਰਾ ਸਿੰਘ,ਕਮੇਟੀ ਮੈਂਬਰ ਸਤਨਾਮ ਸਿੰਘ ਅਤੇ ਸਕੂਲ ਸਟਾਫ ਨੇ ਪ੍ਰਿੰਸੀਪਲ ਮੈਡਮ ਕੰਵਲਜੀਤ ਕੌਰ ਨੂੰ ਵਧਾਈ ਦਿੱਤੀ।

# ਪੀ ਐੱਨ ਬੀ ਬੈਂਕ ਦੇ ਕੈਸ਼ੀਅਰ ਨੇ ਦਿਖਾਈ ਇਮਾਨਦਾਰੀ

**ਅਲਾਵਲਪੁਰ ( ਮਦਨ ਬੰਗੜ )**-ਕਸਬਾ ਅਲਾਵਲਪੁਰ ਦੀ ਪੀਐਨਬੀ ਬੈਂਕ ਵਿੱਚ ਇਮਾਨਦਾਰੀ ਦੀ ਮਿਸਾਲ ਅੱਜ ਉਸ ਵੇਲੇ ਵੇਖਣ ਨੂੰ ਮਿਲੀ ,ਜਦੋਂ ਸਤੀਸ਼ ਕੁਮਾਰ ਵੱਲੋਂ 2 ਲੱਖ ਰੁਪਏ ਜਮ੍ਹਾਂ ਕਰਵਾਉਣ ਲਈ ਕੈਸ਼ੀਅਰ ਨੂੰ ਦਿੱਤੇ ਤਾਂ ਭੁਲੇਖੇ ਨਾਲ ਵਿੱਚ ਵਾਧੂ ਰਕਮ ਦਿੱਤੀ ਗਈ। ਬੈਂਕ ਦੇ ਕੈਸ਼ੀਅਰ ਸੁਨੀਲ ਕੁਮਾਰ ਯਾਦਵ ਵੱਲੋਂ ਗਿਣਤੀ ਕਰਨ ਤੋਂ ਬਾਅਦ ਜਦੋਂ ਵੇਖਿਆ ਕਿ 13900 ਵਾਧੂ ਹਨ ਤਾਂ ਉਹਨਾਂ ਨੇ ਤੁਰੰਤ ਇਹ ਰਕਮ ਸਤੀਸ਼ ਕੁਮਾਰ ਯੂ ਐੱਸ ਏ ਨੂੰ ਵਾਪਸ ਕੀਤੀ। ਸਤੀਸ਼ ਕੁਮਾਰ ਨੇ ਕੈਸ਼ੀਅਰ ਸਨੀਲ ਕੁਮਾਰ ਯਾਦਵ ਦੀ ਪ੍ਰਸੰਸਾ ਕੀਤੀ ਅਤੇ ਧੰਨਵਾਦ ਕੀਤਾ ਜਿਨਾਂ ਨੇ ਇਮਾਨਦਾਰੀ ਦੇ ਨਾਲ ਪੈਸੇ ਵਾਪਸ ਕਰ ਦਿੱਤੇ।

# ਰਿਆਤ ਬਾਹਰਾ ਕਾਲਜ ਵਿਖੇ ਰਾਸ਼ਟਰੀ ਫਾਰਮੇਸੀ ਸਿੱਖਿਆ ਦਿਵਸ ਮਨਾਇਆ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**—ਰਿਆਤ ਬਾਹਰਾ ਫਾਰਮੇਸੀ ਕਾਲਜ ਵਿਖੇ ਨੈਸ਼ਨਲ ਫਾਰਮੇਸੀ ਸਿੱਖਿਆ ਦਿਵਸ-2024 ਮਨਾਇਆ ਗਿਆ ਜਿਸ ਵਿੱਚ ਕਾਲਜ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਭਾਗ ਲਿਆ। ਕੈਂਪਸ ਡਾਇਰੈਕਟਰ ਡਾ: ਚੰਦਰ ਮੋਹਨ ਦੀ ਪ੍ਰਧਾਨਗੀ ਹੇਠ ਕਾਲਜ ਇੰਚਾਰਜ ਡਾ: ਅਮਿਤ ਸ਼ਰਮਾ ਨੇ ਵਿਦਿਆਰਥੀਆਂ ਨੂੰ ਪ੍ਰੋ: ਮਹਾਦੇਵ ਲਾਲ ਸ਼ਰਾਫ਼ ਦੇ ਜੀਵਨ ਅਤੇ ਉਨ੍ਹਾਂ ਦੀਆਂ ਫਾਰਮੇਸੀ ਖੇਤਰ ਵਿਚ ਪ੍ਰਾਪਤੀਆਂ ਬਾਰੇ ਜਾਣੂ ਕਰਵਾਇਆ। ਉਨ੍ਹਾਂ ਦੱਸਿਆ ਕਿ ਇਹ ਪ੍ਰੋਗਰਾਮ ਭਾਰਤ ਵਿੱਚ ਫਾਰਮੇਸੀ ਸਿੱਖਿਆ ਨੂੰ ਸਥਾਪਿਤ ਕਰਨ ਵਿੱਚ ਪ੍ਰੋ: ਮਹਾਦੇਵ ਲਾਲ ਸ਼ਰਾਫ ਦੀ ਭੂਮਿਕਾ ਨੂੰ ਸਨਮਾਨਿਤ ਕਰਨ ਲਈ ਆਯੋਜਿਤ ਕੀਤਾ ਗਿਆ ਸੀ।ਉਨ੍ਹਾਂ ਦੱਸਿਆ ਕਿ ਪ੍ਰੋਗਰਾਮ ਵਿੱਚ ਦਵਾਈਆਂ ਦੇ ਵਿਕਾਸ ਅਤੇ ਖੋਜ ਦੇ ਖੇਤਰ ਵਿੱਚ ਫਾਰਮੇਸੀ ਪੇਸ਼ੇ ਦੀਆਂ ਪ੍ਰਾਪਤੀਆਂ ਬਾਰੇ ਵੀ ਚਰਚਾ ਕੀਤੀ ਗਈ। ਇਸ ਮੌਕੇ ਵਿਦਿਆਰਥੀਆਂ ਵਿੱਚ ਸਬੰਧਤ ਵਿਸ਼ੇ ’ਤੇ ਪੋਸਟਰ ਮੇਕਿੰਗ ਅਤੇ ਭਾਸ਼ਣ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਕਾਲਜ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਦੌਰਾਨ ਸਹਾਇਕ ਪ੍ਰੋ: ਗੁਰਪ੍ਰੀਤ ਕੌਰ, ਸਹਾਇਕ ਪ੍ਰੋ: ਅਸ਼ਿਤਾ ਅਤੇ ਸਹਾਇਕ ਪ੍ਰੋ: ਦੀਕਸ਼ਾ ਸ਼ਰਮਾ ਨੇ ਜੱਜਾਂ ਦੀ ਭੂਮਿਕਾ ਬਾਖੂਬੀ ਨਿਭਾਈ। ਪ੍ਰੋਗਰਾਮ ਦਾ ਸੰਚਾਲਨ ਸਹਾਇਕ ਪ੍ਰੋ: ਅਮਿਤਾ ਰਾਣਾ ਅਤੇ ਆਸ਼ਿਮਾ ਨੇ ਕੀਤਾ। ਭਾਸ਼ਣ ਮੁਕਾਬਲੇ ਵਿੱਚ ਫੈਜ਼ਲ ਮਹਿਰਾਜ ਪੀਰ ਨੇ ਪਹਿਲਾ ਸਥਾਨ ਹਾਸਲ ਕੀਤਾ। ਪੋਸਟਰ ਬਣਾਉਣ ਵਾਲੇ ਪ੍ਰਤੀਯੋਗੀਆਂ ਨੂੰ ਇਨਾਮ ਦਿੱਤੇ ਗਏ।ਪ੍ਰੋਗਰਾਮ ਵਿੱਚ ਫਾਰਮੇਸੀ ਸੈਕਟਰ ਦੇ ਵੱਖ-ਵੱਖ ਪਹਿਲੂਆਂ ਨੂੰ ਖੁੱਲ੍ਹੀ ਵਿਚਾਰ ਚਰਚਾ ਰਾਹੀਂ ਉਜਾਗਰ ਕੀਤਾ ਗਿਆ।ਪ੍ਰੋਗਰਾਮ ਦੇ ਅੰਤ ਵਿੱਚ ਪ੍ਰੋ: ਅਸ਼ਿਤਾ ਪਵਈਆ ਨੇ ਧੰਨਵਾਦ ਕੀਤਾ। ਇਸ ਮੌਕੇ ਵਿਦਿਆਰਥੀਆਂ ਤੋਂ ਇਲਾਵਾ ਕਾਲਜ ਦਾ ਸਮੁੱਚਾ ਸਟਾਫ਼ ਹਾਜ਼ਰ ਸੀ।

# ਲੋਕ ਸਭਾ ਚੋਣਾਂ ’ਚ ਘੱਟ ਤੋਂ ਘੱਟ 75 ਫੀਸਦੀ ਪੋਲਿੰਗ ਦਾ ਟੀਚਾ : ਅਗਰਵਾਲ

**ਚੰਡੀਗੜ੍ਹ, 22 ਮਾਰਚ -(ਕ੍ਰਿਸ਼ਨ ਗਰਗ)** ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਅਨੁਰਾਗ ਅਗਰਵਾਲ ਨੇ ਕਿਹਾ ਕਿ ਰਾਜ ਵਿਚ 25 ਮਈ, 2024 ਨੂੰ ਹੋਣ ਵਾਲੇ ਲੋਕਸਭਾ ਆਮ ਚੋਣਾਂ ਦੀ ਵੋਟਿੰਗ ਵਿਚ ਨਾਗਰਿਕਾਂ ਦੀ ਵੱਧ ਤੋਂ ਵੱਧ ਭਾਗੀਦਾਰੀ ਯਕੀਨੀ ਕਰਨ ਲਈ ਵਿਭਾਗ ਵੱਲੋਂ ਯੁੱਧ ਪੱਧਰ ’ਤੇ ਯਤਨ ਕੀਤੇ ਜਾ ਰਹੇ ਹਨ। ਹਰ ਯੋਗ ਵੋਟਰ ਆਪਣੇ ਵੋਟ ਅਧਿਕਾਰ ਦੀ ਵਰਤੋ ਜਰੂਰ ਕਰਨ, ਇਸ ਦੇ ਲਈ ਨਾਗਰਿਕਾਂ ਨੂੰ ਜਾਗਰੁਕ ਕੀਤਾ ਜਾ ਰਿਹਾ ਹੈ। ਸਾਲ 2019 ਦੇ ਲੋਕ ਸਭਾ ਆਮ ਚੋਣਾਂ ਵਿਚ ਰਾਜ ਵਿਚ ਲਗਭਗ 70 ਫੀਸਦੀ ਵੋਟਿੰਗ ਹੋਈ ਸੀ, ਜੋ ਕਿ ਕੌਮੀ ਔਸਤ ਤੋਂ ਵੱਧ ਸੀ। ਇਸ ਵਾਰ ਸਾਡਾ ਟੀਚਾ ਹੈ ਕਿ ਰਾਜ ਵਿਚ ਘੱਟ ਤੋਂ ਘੱਟ 75 ਫੀਸਦੀ ਵੋਟਿੰਗ ਹੋਵੇ। ਅਗਰਵਾਲ ਨੇ ਕਿਹਾ ਕਿ ਇਸ ਵਾਰ ਵੋਟਿੰਗ ਫੀਸਦੀ ਵਧਾਉਣ ਲਈ ਭਾਰਤ ਚੋਣ ਕਮਿਸ਼ਨ ਨੇ ਵੋਟਰਾਂ ਨੂੰ ਜਾਗਰੁਕ ਕਰਨ ਤਹਿਤ ਭਾਰਤੀ ਡਾਕ ਵਿਭਾਗ ਤੇ ਇੰਡੀਅਨ ਬੈਂਕਸ ਏਸੋਸਇਏਸ਼ਨ ਦੇ ਨਾਲ ਸਮਝੌਤਾ ਮੈਮੋ ਕੀਤਾ ਹੈ। ਇਸ ਦਾ ਮੁੱਖ ਉਦੇਸ਼ ਵੋਟਰਾਂ ਨੂੰ ਸੰਦੇਸ਼ ਦੇਣਾ ਹੈ ਕਿ ਲੋਕਤੰਤਰ ਵਿਚ ਜਨਤਾ ਦੀ ਭਾਗੀਦਾਰੀ ਅਹਿਮ ਹੈ, ਇਸ ਲਈ ਹਰੇਕ ਨਾਗਰਿਕ ਨੂੰ ਆਪਣੇ ਵੋਟ ਅਧਿਕਾਰ ਦੀ ਵਰਤੋ ਜਰੂਰ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਵਿਚ 62 ਬੈਂਕਾਂ ਦੀ ਲਗਭਗ 5600 ਤੋਂ ਵੱਧ ਬ੍ਰਾਂਚਾਂ ਦਾ ਵੱਡਾ ਨੈਟਵਰਕ ਹੈ। ਬੈਂਕਾ ਦੇ ਸਹਿਯੋਗ ਨਾਲ ਏਟੀਐਮ ਤੇ ਬ੍ਰਾਂਚਾਂ ਵਿਚ ਪੋਸਟਰ ਤੇ ਸਟੀਕਰ ਆਦਿ ਚਿਪਕਾਏ ਜਾਣਗੇ ਅਤੇ ਬੈਂਕਾਂ ਵਿਚ ਆਉਣ ਵਾਲੇ ਨਾਗਰਿਕਾਂ ਨੂੰ ਵੋਟਿੰਗ ਕਰਦੇ ਹੋਏ ਪ੍ਰੇਰਿਤ ਕੀਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਇਸ ਵਾਰ ਥੀਮ ਚੋਣ ਦਾ ਪਰਵ-ਦੇਸ਼ ਦਾ ਗਰਵ ਹੈ, ਇਸ ਲਈ ਨਾਗਰਿਕਾਂ ਦੇ ਵੋਟਅਧਿਕਾਰ ਦੀ ਵਰਤੋ ਦੇ ਬਿਨਾਂ ਇਹ ਪਰਵ ਅਧੂਰਾ ਹੈ। ਜਨਤਾ ਨੂੰ ਹਰ ਪੰਜ ਸਾਲ ਬਾਅਦ ਇਹ ਮੌਕਾ ਮਿਲਦਾ ਹੈ, ਇਸ ਲਈ ਇਸ ਪਰਵ ਵਿਚ ਆਪਣੀ ਭਾਗੀਦਾਰੀ ਯਕੀਨੀ ਕਰਨ। ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਹਰਿਆਣਾ ਵਿਚ ਇਸ ਵਾਰ 1 ਕਰੋੜ 98 ਲੱਖ 29 ਹਜਾਰ 675 ਰਜਿਸਟਰਡ ਵੋਟਰ ਹਨ। ਉਨ੍ਹਾਂ ਨੇ ਸਾਰੇ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ ਹਰੇਕ ਵੋਟਰ ਬਿਨ੍ਹਾਂ ਲਾਲਚ ਤੇ ਡਰ ਦੇ ਆਪਣੇ ਵੋਟ ਅਧਿਕਾਰ ਦੀ ਵਰਤੋ ਜਰੂਰ ਕਰਨ। ਰਾਜ ਵਿਚ 19812 ਚੋਣ ਕੇਂਦਰ ਹਨ।

# ਡਿਪਟੀ ਕਮਿਸ਼ਨਰ ਵੱਲੋਂ ਕਣਕ ਦੀ ਖਰੀਦ ਸੰਬੰਧੀ ਪ੍ਰਬੰਧਾਂ ਦਾ ਜਾਇਜ਼ਾ



**ਜਲੰਧਰ (ਸ਼ੈਲੀ ਐਲਬਰਟ)**-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਆਉਣ ਵਾਲੇ ਕਣਕ ਦੇ ਖਰੀਦ ਸੀਜ਼ਨ-2024 ਲਈ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਸਬੰਧਤ ਅਧਿਕਾਰੀਆਂ ਨੂੰ ਹਾੜੀ ਦੀ ਫਸਲ ਦੀ ਨਿਰਵਿਘਨ ਖਰੀਦ ਲਈ ਹੁਣ ਤੋਂ ਹੀ ਲੋੜੀਂਦੇ ਇੰਤਜ਼ਾਮ ਯਕੀਨੀ ਬਣਾਉਣ ਦੀਆਂ ਹਦਾਇਤਾਂ ਦਿੱਤੀਆਂ ਤਾਂ ਜੋ ਕਿਸਾਨਾਂ ਨੂੰ ਆਪਣੀ ਫਸਲ ਦੀ ਵਿਕਰੀ ਵਿੱਚ ਕਿਸੇ ਕਿਸਮ ਦੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ। ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਖੁਰਾਕ ਤੇ ਸਿਵਲ ਸਪਲਾਈਜ਼, ਮੰਡੀ ਬੋਰਡ ਅਤੇ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਇਸ ਵਾਰ 5.18 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਦਾ ਟੀਚਾ ਨਿਰਧਾਰਿਤ ਕੀਤਾ ਗਿਆ ਹੈ, ਜਿਸ ਦੇ ਲਈ ਜ਼ਿਲ੍ਹੇ ਦੀਆਂ ਸਮੁੱਚੀਆਂ 80 ਮੰਡੀਆਂ ਵਿੱਚ ਪੁਖਤਾ ਪ੍ਰਬੰਧ ਸਮੇਂ ਸਿਰ ਯਕੀਨੀ ਬਣਾਏ ਜਾਣੇ ਚਾਹੀਦੇ ਹਨ। ਮੰਡੀਆਂ ਵਿੱਚ ਫਸਲ ਦੀ ਖਰੀਦ ਲਈ ਲੋੜੀਂਦੇ ਪ੍ਰਬੰਧ ਕਰਨ ਦੇ ਨਿਰਦੇਸ਼ ਦਿੰਦਿਆਂ ਸ੍ਰੀ ਅਗਰਵਾਲ ਨੇ ਕਿਹਾ ਕਿ ਸਾਫ-ਸਫਾਈ, ਪੀਣ ਵਾਲੇ ਪਾਣੀ, ਛਾਂ, ਲਾਈਟਾਂ, ਪਖਾਨੇ ਆਦਿ ਸਮੇਤ ਸਮੁੱਚੇ ਜ਼ਰੂਰੀ ਇੰਤਜ਼ਾਮ ਖਰੀਦ ਸ਼ੁਰੂ ਹੋਣ ਤੋਂ ਪਹਿਲਾਂ ਮੁਕੰਮਲ ਹੋਣੇ ਚਾਹੀਦੇ ਹਨ ਤਾਂ ਜੋ ਮੰਡੀਆਂ ਵਿੱਚ ਆਪਣੀ ਜਿਣਸ ਲੈ ਕੇ ਆਉਣ ਵਾਲੇ ਕਿਸਾਨਾਂ ਨੂੰ ਕਿਸੇ ਕਿਸਮ ਦੀ ਦਿੱਕਤ ਪੇਸ਼ ਨਾ ਆਵੇ। ਇਸ ਤੋਂ ਇਲਾਵਾ ਉਨ੍ਹਾਂ ਬਾਰਦਾਨੇ ਦੀ ਉਪਲਬਧਤਾ, ਕਣਕ ਦੀ ਢੋਆ-ਢੁਆਈ, ਲੇਬਰ, ਤੋਲ-ਤੁਲਾਈ ਲਈ ਕੰਡੇ, ਨਮੀ ਜਾਂਚਣ ਵਾਲੇ ਮੀਟਰ, ਤਰਪਾਲਾਂ ਆਦਿ ਸਮੇਤ ਹੋਰ ਪ੍ਰਬੰਧਾਂ ਦੀ ਵੀ ਸਮੀਖਿਆ ਕੀਤੀ। ਉਨ੍ਹਾਂ ਅਧਿਕਾਰੀਆਂ ਨੂੰ ਸਮੁੱਚੇ ਖਰੀਦ ਪ੍ਰਬੰਧਾਂ ਦੀ ਵਿਅਕਤੀਗਤ ਤੌਰ ’ਤੇ ਨਿਗਰਾਨੀ ਯਕੀਨੀ ਬਣਾਉਣ ਲਈ ਕਿਹਾ ਤਾਂ ਜੋ ਸੁਚਾਰੂ ਤੇ ਨਿਰਵਿਘਨ ਖਰੀਦ ਪ੍ਰਕਿਰਿਆ ਨੂੰ ਯਕੀਨੀ ਬਣਾਇਆ ਜਾ ਸਕੇ। ਇਸ ਮੌਕੇ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਅਧਿਕਾਰੀ , ਖਰੀਦ ਏਜੰਸੀਆਂ ਦੇ ਜ਼ਿਲ੍ਹਾ ਮੈਨੇਜਰ ਤੇ ਮੰਡੀ ਬੋਰਡ ਦੇ ਅਧਿਕਾਰੀ ਵੀ ਮੌਜੂਦ ਸਨ।

# ਸੁਖਵਿੰਦਰ ਪੰਛੀ ‘ਭਾਨੀ ਮਾਰ’ ਟਰੈਕ ਨਾਲ ਹੋ ਰਹੇ ਹਾਜ਼ਰ : ਧਾਰੀਵਾਲ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ )**-ਪੰਜਾਬੀ ਮਿਊਜਿਕ ਇੰਡਸਟਰੀ ਵਿੱਚ ਪਿਛਲੇ ਚਾਰ ਦਹਾਕਿਆਂ ਤੋਂ ਸਰੋਤਿਆਂ ਦੇ ਦਿਲਾਂ ’ਤੇ ਰਾਜ ਕਰ ਰਹੇ ਇੰਟਰਨੈਸ਼ਨਲ ਲੋਕ ਗਾਇਕ ਸੁਖਵਿੰਦਰ ਪੰਛੀ ਬਹੁਤ ਜਲਦੀ ਨਵੇਂ ਟਰੈਕ ‘ਭਾਨੀ ਮਾਰ’ ਨਾਲ ਸਰੋਤਿਆਂ ਦੇ ਰੂਬਰੂ ਹੋ ਰਹੇ ਹਨ। ਪੰਛੀ ਨੇ ਮਨੋਹਰ ਧਾਰੀਵਾਲ ਨੂੰ ਦੱਸਿਆ ਕਿ ਇਸ ਟਰੈਕ ਦੇ ਗੀਤਕਾਰ ਜੋਰਾ ਲਸਾੜਾ ਯੂ ਐਸ ਏ, ਮਿਊਜ਼ਿਕ ਡਾਇਰੈਕਟਰ ਕਮਲ ਸੁਰਮਾ, ਵੀਡੀਓ ਡਾਇਰੈਕਟਰ ਮੂਵਮੈਂਟ ਮੇਕਰਜ, ਫਿਲਮ ਪੋਸਟਰ ਡਿਜ਼ਾਇਨਰ ਪ੍ਰਦੀਪ ਵਰਮਾ ਆਰਟਸ,ਲੇਬਲ ਐਸ ਪੀ ਰਿਕਾਰਡਸ ਕੰਪਨੀ ਦਾ ਹੈ। ਇਸ ਟਰੈਕ ਵਿੱਚ ਇੰਟਰਨੈਸ਼ਨਲ ਕਮੇਡੀਅਨ ਘੁੱਲੇ ਸ਼ਾਹ, ਨੀਟੂ ਸ਼ਟਰਾਂ ਵਾਲਾ, ਜੋਰਾ ਲਸਾੜਾ ਯੂ ਐਸ ,ਏ ਸਤਵਿੰਦਰ ਸੰਧੇਰ ਯੂ ਐਸ ਏ, ਅਸ਼ੋਕ ਲੋਟੀਆ, ਰਘਬੀਰ ਰੰਧਾਵਾ, ਅਮਨ ਲਸਾੜਾ,ਗੋਬਿੰਦ ਸੁਖੀਜਾ ਨੇ ਭੂਮਿਕਾ ਨਿਭਾਈ ਹੈ।ਇਹ ਟਰੈਕ ਬਹੁਤ ਜਲਦੀ ਸੋਸ਼ਲ ਸਾਈਟਾਂ ਯੂ ਟਿਊਬ ਅਤੇ ਵੱਖ ਵੱਖ ਚੈਨਲਾਂ ’ਤੇ ਵਰਲਡ ਵਾਈਡ ਰਿਲੀਜ਼ ਕੀਤਾ ਜਾਵੇਗਾ।

# ਧਾਰਮਕ ਯਾਤਰਾ ਲਈ ਬੱਸਾਂ ਦਾ ਕਾਫਲਾ ਰਵਾਨਾ



**ਗੁਰਾਇਆ (ਬਿੰਦਰ ਸੁੰਮਨ)**-ਭਗਤ ਕੀਰਤਾ ਰਾਮ ਦੀ ਅਗਵਾਈ ਹੇਠ ਪੀਰ ਨਿਗਾਹਾ ਅਤੇ ਸਿੱਧ ਬਾਬਾ ਬਾਲਕ ਨਾਥ ਜੀ ਦੇ ਦਰਸ਼ਨਾਂ ਲਈ ਬੱਸਾਂ ਦਾ ਕਾਫਲਾ ਰਵਾਨਾ ਹੋਇਆ। ਕੀਰਤਾ ਰਾਮ ਨੇ ਦੱਸਿਆ ਕਿ ਇਹ ਯਾਤਰਾ ਪੀਰ ਨਿਗਾਹੇ, ਸ਼ਾਹ ਤਲਾਈਆਂ ਅਤੇ ਬਾਬਾ ਜੀ ਦੀ ਗੁਫਾ ਦੇ ਦਰਸ਼ਨ ਕਰਕੇ ਸੰਗਤਾਂ ਵਾਪਸ ਆਉਣਗੀਆਂ। ਉਨਾਂ ਕਿਹਾ ਕਿ ਯਾਤਰੀਆਂ ਲਈ ਲੰਗਰ ਵੀ ਤਿਆਰ ਕੀਤਾ ਜਾਵੇਗਾ। ਉਨਾਂ ਬੱਸ ਯਾਤਰਾ ਦੌਰਾਨ ਦਿੱਤੇ ਗਏ ਸੰਗਤਾਂ ਦੇ ਸਹਿਯੋਗ ਦਾ ਧੰਨਵਾਦ ਕੀਤਾ।

# ਸੀ ਐੱਚ ਸੀ ’ਚ ਵਿਸ਼ਵ ਓਰਲ ਦਿਵਸ ਮਨਾਇਆ



ਡਾ. ਮਨਪ੍ਰੀਤ ਸਿੰਘ ਸੰਬੋਧਨ ਕਰਦੇ ਹੋਏ ਅਤੇ ਮੰਚ ਤੇ ਬੈਠੇ ਡਾ. ਦਵਿੰਦਰ ਪਾਲ ਸਿੰਘ, ਅਮਨਦੀਪ ਸਿੰਘ ਤੇ ਹੋਰ।

**ਸ਼ਾਹਕੋਟ(ਗਿਆਨ ਸੈਦਪੁਰੀ)** ਦੰਦਾਂ ਦੀ ਸੰਭਾਲ ਸਬੰਧੀ ਜਾਗਰੂਕਤਾ ਪੈਦਾ ਕਰਨ ਲਈ ਕਮਿਊਨਿਟੀ ਹੈਲਥ ਸੈਂਟਰ ਸ਼ਾਹਕੋਟ ਵੱਲੋਂ ਵਿਸ਼ਵ ਓਰਲ ਦਿਵਸ ਸੀਨੀਅਰ ਮੈਡੀਕਲ ਅਫ਼ਸਰ ਡਾ ਦਵਿੰਦਰਪਾਲ ਸਿੰਘ ਦੀ ਅਗਵਾਈ ਹੇਠ ਸੀ ਐਚ ਸੀ ਸ਼ਾਹਕੋਟ ਵਿਖੇ ਮਨਾਇਆ ਗਿਆ। ਇਸ ਸਾਲ ਵਿਸ਼ਵ ਓਰਲ ਹੈਲਥ ਦਿਵਸ ਦਾ ਥੀਮ ਤੰਦਰੁਸਤ ਮੂੰਹ ਦੇ ਨਾਲ ਤੰਦਰੁਸਤ ਸ਼ਰੀਰ ਉਪਰ ਅਧਾਰਿਤ ਹੈ।ਮੈਡੀਕਲ ਅਫਸਰ ਡੈਂਟਲ ਡਾ. ਮਨਪ੍ਰੀਤ ਸਿੰਘ ਨੇ ਦੰਦਾਂ ਦੀ ਸੰਭਾਲ ਅਤੇ ਬਿਮਾਰੀਆਂ ਬਾਰੇ ਵਿਸਤਾਰ ਵਿੱਚ ਜਾਣਕਾਰੀ ਦਿੱਤੀ। ਉਨ੍ਹਾਂ ਦੰਦਾਂ ਦੀ ਸੰਭਾਲ ਲਈ ਹਰੀਆਂ ਸਬਜੀਆਂ ਅਤੇ ਫਲਾਂ ਦਾ ਉਪਯੋਗ ਕਰਨ ਉੱਪਰ ਜ਼ੋਰ ਦਿੱਤਾ। ਇਸ ਦੇ ਨਾਲ ਫਾਸਟ ਫੂਡ ਤੋਂ ਪ੍ਰਹੇਜ ਕਰਨ ਦੀ ਸਲਾਹ ਦਿੱਤੀ। ਕੈਂਸਰ ਤੋਂ ਬਚਣ ਲਈ ਤੰਬਾਕੂ ਤੋਂ ਪਰਹੇਜ ਕਰਨ ਲਈ ਕਿਹਾ। ਇਸ ਦੇ ਨਾਲ ਉਨ੍ਹਾਂ ਦੱਸਿਆ ਕਿ ਸਾਨੂੰ ਸਭ ਨੂੰ ਰਾਤ ਵੇਲੇ ਜ਼ਰੂਰ ਬਰੁਸ਼ ਕਰਨਾ ਚਾਹੀਦਾ ਹੈ।ਸਾਲ ਵਿੱਚ ਦੋ ਵਾਰ ਡੈਂਟਲ ਚੈਕਅੱਪ ਕਰਵਾਉਣ ਲਈ ਕਿਹਾ। ਇਸ ਮੌਕੇ ਡਾ ਧੀਰਜ ਕੁਮਾਰ, ਅਮਨਦੀਪ ਸਿੰਘ ,ਸੁਖਵਿੰਦਰ ਸਿੰਘ ਅਤੇ ਸਮੂਹ ਸਟਾਫ ਹਾਜਰ ਸਨ।

# ਸ੍ਰੀ ਦਸਮੇਸ਼ ਕਾਨਵੈਂਟ ਹਾਈ ਸਕੂਲ ਅੱਟੀ ਦਾ ਨਤੀਜਾ ਰਿਹਾ ਸ਼ਾਨਦਾਰ



**ਫਿਲੌਰ ( ਨਿਰਮਲ )** ਸ਼੍ਰੀ ਦਸਮੇਸ਼ ਕਾਨਵੈਂਟ ਹਾਈ ਸਕੂਲ ਅੱਟੀ ਦਾ ਸਲਾਨਾ ਨਤੀਜਾ ਸ਼ਾਨਦਾਰ ਰਿਹਾ। ਨਤੀਜੇ ਦਾ ਐਲਾਨ ਕਰਦਿਆਂ ਐਮ.ਡੀ. ਸੁਖਦੀਪ ਸਿੰਘ, ਪ੍ਰਬੰਧਕ ਰਵਿੰਦਰਜੀਤ ਕੌਰ, ਪ੍ਰਿੰਸੀਪਲ ਬਲਜਿੰਦਰ ਕੁਮਾਰ ਅਤੇ ਵਾਈਸ ਪ੍ਰਿੰਸੀਪਲ ਸੰਦੀਪ ਕੌਰ ਨੇ ਦੱਸਿਆ ਕਿ ਬੱਚਿਆਂ ਦੇ ਭਵਿੱਖ ਨੂੰ ਦੇਖਦਿਆਂ ਸਕੂਲ ਪ੍ਰਬੰਧਕ ਕਮੇਟੀ ਦੇ ਯਤਨਾਂ ਸਦਕਾ ਇਹ ਸਕੂਲ ਹੁਣ ਐਫੀਲੀਏਟਿਡ ਹੋ ਗਿਆ ਹੈ। ਉਨਾਂ ਅੱਗੇ ਦੱਸਿਆ ਕਿ ਇਸ ਸਕੂਲ ਨੇ ਸਿੱਖਿਆ ਅਤੇ ਖੇਡਾਂ ਦੇ ਖੇਤਰ ’ਚ ਇਲਾਕੇ ਦਾ ਨਾਂਅ ਰੋਸ਼ਨ ਕੀਤਾ ਹੈ। ਘੱਟ ਫੀਸ ਅਤੇ ਮਿਆਰੀ ਸਿੱਖਿਆ ਲਈ ਜਾਣੇ ਜਾਂਦੇ ਸਕੂਲ ਦੇ ਵਿਦਿਆਰਥੀ ਵਿਸ਼ਵ ਦੀਆਂ ਚੋਟੀ ਦੀਆਂ ਯੂਨੀਵਰਸਿਟੀਆਂ ’ਚ ਦਾਖਲਾ ਲੈ ਰਹੇ ਹਨ ਅਤੇ ਆਪਣੇ ਦੇਸ਼ ’ਚ ਉੱਚ ਅਹੁੱਦਿਆਂ ’ਤੇ ਲੱਗ ਕੇ ਦੇਸ਼ ਦੀ ਸੇਵਾ ਕਰ ਰਹੇ ਹਨ। ਇਸ ਮੌਕੇ ਸਕੂਲ ਸਟਾਫ਼ ਵਲੋਂ ਨਤੀਜਾ ਦੇਖਣ ਆਏ ਮਾਪਿਆਂ ਦਾ ਸਕੂਲ ਦੇ ਐਫੀਲੀਏਟਿਡ ਹੋਣ ਦੀ ਖੁਸ਼ੀ ’ਚ ਮੂੰਹ ਮਿੱਠਾ ਵੀ ਕਰਵਾਇਆ ਗਿਆ। ਐਲਾਨੇ ਗਏ ਨਤੀਜੇ ’ਚ ਨੌਵੀਂ ਜਮਾਤ ’ਚ ਹਰਮਨਜੀਤ ਕੌਰ ਪਹਿਲੇ, ਰਜੀਆ ਦੂਸਰੇ ਅਤੇ ਜਸਪ੍ਰੀਤ ਕੌਰ ਤੀਸਰੇ ਸਥਾਨ ’ਤੇ ਰਹੀਆਂ। ਸੱਤਵੀਂ ਜਮਾਤ ’ਚ ਸਿਮਰਵੀਰ ਕੌਰ ਪਹਿਲੇ, ਤਰਨਪ੍ਰੀਤ ਕੌਰ ਦੂਸਰੇ ਅਤੇ ਲਵਲੀਨ ਕਟਾਰੀਆ ਤੀਸਰੇ ਸਥਾਨ ’ਤੇ ਜਦਕਿ ਛੇਵੀਂ ਜਮਾਤ ’ਚ ਜਸ਼ਨ ਪਹਿਲੇ, ਜੈਸਿਕਾ ਦੂਸਰੇ ਅਤੇ ਨਵਜੋਤ ਕੌਰ ਤੀਸਰੇ ਸਥਾਨ ’ਤੇ ਰਹੀਆਂ। ਚੌਥੀ ਜਮਾਤ ਦੇ ਨਤੀਜੇ ’ਚ ਏਕਮਪ੍ਰੀਤ ਕੌਰ ਪਹਿਲੇ, ਜਸਮੀਤ ਕੌਰ ਦੂਸਰੇ ਅਤੇ ਨਮਨਦੀਪ ਕੌਰ ਤੀਸਰੇ ਸਥਾਨ ’ਤੇ ਜਦਕਿ ਤੀਸਰੀ ਜਮਾਤ ’ਚ ਦਿਲਜੋਤ ਕੌਰ ਪਹਿਲੇ, ਕਮਲਜੀਤ ਕੁਮਾਰ ਦੂਸਰੇ ਅਤੇ ਹਿਆਨ ਕੁਮਾਰ ਤੀਸਰੇ ਸਥਾਨ ’ਤੇ ਰਹੇ। ਦੂਸਰੀ ਜਮਾਤ ’ਚ ਦਿਲਪ੍ਰੀਤ ਕੌਰ ਪਹਿਲੇ, ਦਲਭੰਜਨ ਸਿੰਘ ਦੂਸਰੇ ਅਤੇ ਸੁਖਵੀਰ ਸਿੰਘ ਤੀਸਰੇ ਸਥਾਨ ’ਤੇ ਰਹੇ ਜਦਕਿ ਪਹਿਲੀ ਜਮਾਤ ’ਚ ਮਨਰੀਤ ਕੌਰ ਪਹਿਲੇ, ਰੂਹਾਨੀ ਰਾਏ ਦੂਸਰੇ ਅਤੇ ਸੀਰਤ ਕੌਰ ਤੀਸਰੇ ਸਥਾਨ ’ਤੇ ਰਹੇ। ਸਕੂਲ ਦੇ ਕੇ.ਜੀ ਵਿੰਗ ’ਚ ਨਰਸਰੀ ਜਮਾਤ ’ਚ ਰਿਆਨ ਭਾਰਤੀ ਅਤੇ ਰਵਜੋਤ ਕੌਰ ਪਹਿਲੇ, ਸਾਨੀਆ ਸ਼ਰਮਾ ਅਤੇ ਜਾਦਿਕਾ ਪੌਲ ਦੂਸਰੇ, ਸਾਇਰਾ ਭਨੋਟ, ਇਰਿਕਾ ਕੁਮਾਰੀ, ਇਸ਼ਿਤਾ ਤੀਸਰੇ ਸਥਾਨ ’ਤੇ ਰਹੇ। ਐਲ.ਕੇ.ਜੀ ’ਚ ਅਨੂਪ ਕੌਰ ਪਹਿਲੇ, ਦਿਕਸ਼ਾ ਕੁਮਾਰੀ ਅਤੇ ਸੁਖਦੀਪ ਸਿੰਘ ਦੂਸਰੇ ਅਤੇ ਸਮਿਰੀਧੀ ਕੁਮਾਰੀ ਤੀਸਰੇ ਸਥਾਨ ’ਤੇ ਰਹੀਆਂ। ਯੂ.ਕੇ.ਜੀ. ਜਮਾਤ ’ਚ ਯਸ਼ਕੀਰਤ ਕੌਰ ਪਹਿਲੇ, ਪਰੀਰਾਜਕਾ ਕੌਰ ਦੂਸਰੇ ਅਤੇ ਵਿਕਰਮਅਦਿੱਤਿਆ ਸਿੰਘ ਤੀਸਰੇ ਸਥਾਨ ’ਤੇ ਰਹੇ। ਇਸ ਮੌਕੇ ਸਕੂਲ ਐਮ.ਡੀ. ਸੁਖਦੀਪ ਸਿੰਘ ਨੇ ਦੱਸਿਆ ਕਿ ਬੱਚਿਆਂ ਦੀ ਸਾਲ ਭਰ ਦੀ ਮਿਹਨਤ ਨੂੰ ਦੇਖਦਿਆਂ ਹੋਏ ਅੰਤਿਮ ਨਤੀਜਾ ਤਿਆਰ ਕੀਤਾ ਜਾਂਦਾ ਹੈ। ਉਨਾਂ ਅੱਗੇ ਦੱਸਿਆ ਕਿ ਆਉਣ ਵਾਲੇ ਬੋਰਡ ਦੇ ਨਤੀਜਿਆਂ ’ਚ ਵੀ ਸਕੂਲ ਦੇ ਵਿਦਿਆਰਥੀ ਜ਼ਿਲਾ ਪੱਧਰ ਅਤੇ ਰਾਜ ਪੱਧਰ ’ਤੇ ਪਹਿਲਾਂ ਦੀ ਤਰ੍ਹਾਂ ਮੱਲਾਂ ਮਾਰਨਗੇ ਕਿਉਂਕਿ ਉਨ੍ਹਾਂ ਨੂੰ ਅਧਿਆਪਕਾਂ ਦੀ ਮਿਹਨਤ, ਵਿਦਿਆਰਥੀਆਂ ਦੀ ਲਗਨ ਅਤੇ ਮਾਪਿਆਂ ਵਲੋਂ ਦਿੱਤੇ ਜਾ ਰਹੇ ਸਾਥ ’ਤੇ ਯਕੀਨ ਹੈ। ਉਨਾਂ ਅੱਗੇ ਦੱਸਿਆ ਕਿ ਸਾਲ 2024-2025 ਲਈ ਸਕੂਲ ’ਚ ਦਾਖਲੇ ਲਈ ਮਾਪਿਆਂ ’ਚ ਉਤਸ਼ਾਹ ਹੈ ਅਤੇ ਵੱਖ-ਵੱਖ ਜਮਾਤਾਂ ’ਚ ਕੁਝ ਹੀ ਸੀਟਾਂ ਬਚੀਆਂ ਹਨ। ਇਸ ਸ਼ਾਨਦਾਰ ਨਤੀਜੇ ਲਈ ਉਨਾਂ ਮਾਪਿਆਂ, ਸਮੂਹ ਵਿਦਿਆਰਥੀਆਂ ਅਤੇ ਸਕੂਲ ਦੇ ਮਿਹਨਤੀ ਸਟਾਫ਼ ਨੂੰ ਵਧਾਈ ਦਿੱਤੀ।

# ਠੇਕਾ ਮੁਲਾਜ਼ਮਾਂ ਨੇ ਜੌੜੇ ਮਾਜਰਾ ਦੇ ਖਿਲਾਫ਼ ਕੀਤਾ ਅਰਥੀ ਫੂਕ ਮੁਜ਼ਾਹਰਾ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਠੇਕਾ ਮੁਲਾਜਮ ਸੰਘਰਸ਼ ਮੋਰਚਾ ਪੰਜਾਬ ਦੇ ਫੈਸਲੇ ਤਹਿਤ ਸ਼ੁੱਕਰਵਾਰ ਨੂੰ ਜਲ ਸਪਲਾਈ ਅਤੇ ਸ਼ੈਨੀਟੇਸਨ ਠੇਕਾ ਮੁਲਾਜਮਾਂ ਵੱਲੋਂ ਮਿਨੀ ਸਕੱਤਰੇਤ ਸਾਹਮਣੇ ਇਕੱਠ ਕਰਨ ਉਪਰੰਤ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਚੇਤਨ ਸਿੰਘ ਜੋੜੇ ਮਾਜਰਾ ਖਿਲਾਫ ਰੋਹ ਭਰਪੂਰ ਅਰਥੀ ਫੂਕ ਪ੍ਰਦਰਸ਼ਨ ਕੀਤਾ ਗਿਆ। ਜਿਸ ਵਿਚ ਜਥੇਬੰਦੀ ਆਗੂ. ਉਕਾਰ ਸਿੰਘ ਢਾਂਡਾ ਜਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਸੰਧੂ ਬਰਾਂਚ ਪ੍ਰਧਾਨ ਸੁਖਵਿੰਦਰ ਸਿੰਘ ਚੁੰਬਰ ਅਤੇ ਵਰਕਰਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਮੋਰਚੇ ਦੇ ਆਗੂਆਂ ਨੇ ਕਿਹਾ ਕਿ ਸੂਬੇ ’ਚ ਬਦਲਾਅ ਲਿਆਉਣ ਦੇ ਨਾਂਅ ’ਤੇ 2 ਸਾਲ ਪਹਿਲਾਂ ਬਣੀ ਆਮ ਆਦਮੀ ਪਾਰਟੀ ਦੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗੁਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਮੂਹ ਸਰਕਾਰੀ ਵਿਭਾਗਾਂ ਵਿਚ ਸਾਲਾਂਬੱਧੀ ਅਰਸੇ ਤੋਂ ਸੇਵਾਵਾਂ ਦੇ ਰਹੇ ਹਰੇਕ ਕੈਟਾਗਿਰੀ ਦੇ ਠੇਕਾ ਮੁਲਾਜਮਾਂ ਦੇ ਕੱਚੇ ਰੁਜਗਾਰ ਨੂੰ ਪੱਕਾ ਕਰਨ ਦਾ ਮੌਜੂਦਾ ਪੰਜਾਬ ਸਰਕਾਰ ਵੱਲੋਂ ਵਾਅਦਾ ਕੀਤਾ ਗਿਆ ਸੀ ਪਰ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਵੱਲੋਂ ਠੇਕਾ ਮੁਲਾਜ਼ਮ ਸੰਘਰਸ਼ ਮੋਰਚੇ ਨੂੰ 20 ਵਾਰ ਲਿਖਤੀ ਰੂਪ ਵਿਚ ਮੀਟਿੰਗ ਦਾ ਸਮਾਂ ਦੇ ਕੇ ਗੱਲਬਾਤ ਨਹੀਂ ਕੀਤੀ ਜਾ ਰਹੀ ਹੈ ਅਤੇ ਪੁਰ ਅਮਨ ਢੰਗ ਨਾਲ ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰਦੇ ਲੋਕਾਂ ਉੱਪਰ ਲਾਠੀਚਾਰਜ ਕੀਤਾ ਜਾਂਦਾ ਹੈ, ਬਦਸਲੂਕੀ ਕੀਤੀ ਜਾਂਦੀ ਹੈ ਅਤੇ ਧਮਕੀਆਂ ਦਿੱਤੀਆਂ ਜਾਂਦੀਆਂ ਹਨ। ਆਮ ਆਦਮੀ ਪਾਰਟੀ ਦੀ ਸਰਕਾਰ ਦੀ ਖਸਲਤ ਵੀ ਪਹਿਲੀਆਂ ਅਕਾਲੀ-ਭਾਜਪਾ ਗਠਜੋੜ ਅਤੇ ਕਾਂਗਰਸ ਪਾਰਟੀ ਦੀ ਅਗਵਾਈ ਵਾਲੀਆਂ ਰਾਜ ਕਰ ਚੁੱਕੀਆਂ ਸਰਕਾਰਾਂ ਦੀ ਤਰ੍ਹਾਂ ਹੀ ਹੈ। ਸਾਮਰਾਜੀ ਦਿਸ਼ਾ ਨਿਰਦੇਸ਼ਤ ਨਿੱਜੀਕਰਨ/ਪੰਚਾਇਤੀਕਰਨ ਦੀ ਨੀਤੀ ਨੂੰ ਹੋਰ ਜੋਰ ਸ਼ੋਰ ਨਾਲ ਅੱਗੇ ਵਧਾਇਆ ਜਾ ਰਿਹਾ ਹੈ ਅਤੇ ਲੋਕਾਂ ਦੀ ਅੰਨੀ ਲੁੱਟ ਕਰਵਾਉਣ ਲਈ ਕਾਰਪੋਰੇਟੀ ਪੱਖੀ ਨੀਤੀਆਂ ਲਾਗੂ ਕਰਨ ਦੇ ਨਾਲ ਨਾਲ ਠੇਕਾ ਮੁਲਾਜਮਾਂ ਦੇ ਕੱਚੇ ਪਿੱਲੇ ਰੁਜਗਾਰ ਨੂੰ ਖੋਹ ਕੇ ਬੇਰੁਜਗਾਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕੀਤੇ ਵਾਅਦੇ ਨੂੰ ਪੂਰਾ ਨਾ ਕਰਨ ਦੇ ਰੋਸ ਵਜੋਂ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਬੈਨਰ ਹੇਠ ਮੁੱਖ ਮੰਤਰੀ ਅਤੇ ਕੈਬਨਿਟ ਮੰਤਰੀਆਂ ਦੇ ਪਿੰਡਾਂ ਤੇ ਸ਼ਹਿਰਾਂ ਵਿਚ ਆਉਣ ਸਮੇਂ ਲੋਕਾਂ ਦੀ ਕਚਿਹਰੀ ਵਿਚ ਪੰਜਾਬ ਸਰਕਾਰ ਦੇ ਮੰਤਰੀਆਂ ਨੂੰ ਸਵਾਲ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਜਿਸ ਤਹਿਤ ਪੂਰ ਅਮਨ ਢੰਗ ਨਾਲ ਆਪਣੀ ਅਵਾਜ ਬੁਲੰਦ ਕਰਦੇ ਠੇਕਾ ਮੁਲਾਜਮਾਂ ਦੀ ਗੱਲਬਾਤ ਸੁਣਨ ਦੀ ਬਜਾਏ ਕੈਬਨਿਟ ਮੰਤਰੀ ਚੇਤਨ ਸਿੰਘ ਜੋੜੇ ਮਾਜਰਾ ਵੱਲੋਂ ਸੱਤਾ ਦੇ ਨਸ਼ੇ ਵਿਚ ਠੇਕਾ ਮੁਲਾਜਮਾਂ ਨਾਲ ਬਦਸਲੂਕੀ ਕੀਤੀ ਗਈ। ਪੰਜਾਬ ਸਰਕਾਰ ਦੇ ਉਪਰੋਕਤ ਮੰਤਰੀ ਦੇ ਠੇਕਾ ਮੁਲਾਜਮਾਂ ਦੇ ਵਿਰੋਧ ਵਿਚ ਅਪਨਾਏ ਗਏ ਰਵੱਈਏ ਦੀ ਪੁਰਜੋਰ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਸੂਬਾ ਭਰ ਵਿੱਚ ਠੇਕਾ ਮੁਲਾਜਮਾਂ ਵੱਲੋਂ ਅਰਥੀ ਫੂਕ ਕੇ ਰੋਹ ਪ੍ਰਗਟਾਇਆ ਜਾ ਰਿਹਾ ਹੈ। ਇਸਦੇ ਨਾਲ ਹੀ ਪੰਜਾਬ ਸਰਕਾਰ ਦੇ ਮੁੱਖ ਮੰਤਰੀ, ਕੈਬਨਿਟ ਮੰਤਰੀਆ ਅਤੇ ਵਿਧਾਇਕਾਂ ਨੂੰ ਪਿੰਡਾਂ-ਸ਼ਹਿਰਾਂ ਵਿਚ ਆਉਣ ਸਮੇਂ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਲਈ ਸਵਾਲ ਕਰਨ ਲਈ ਮੋਰਚੇ ਵੱਲੋਂ ਉਲੀਕੇ ਪ੍ਰੋਗਰਾਮ ਨੂੰ ਲਾਗੂ ਕਰਨ ਦਾ ਐਲਾਨ ਕੀਤਾ ਗਿਆ।

24-March-Sunday.qxd 3/23/2024 10:29 PM Page 1




ਨੁਕੀਲੀਆਂ ਅੱਖਾਂ ਦੀ ਦਿਭ ਦ੍ਰਿਸ਼ਟੀ
ਆਖਰੀ ਸਫ਼ੇ 'ਤੇ

# ਨਵਾਂ ਜ਼ਮਾਨਾ ਐਤਵਾਰਤਾ

ਮੈਂ ਉਮਰ ਭਰ ਜਿਸ ਦੇ ਖਿਲਾਫ਼
ਸੋਚਿਆ ਤੇ ਲਿਖਿਆ
ਜੇ ਉਸ ਦੇ ਸੋਗ ਵਿੱਚ
ਸਾਰਾ ਹੀ ਦੇਸ਼ ਸ਼ਾਮਲ ਹੈ
ਤਾਂ ਇਸ ਦੇਸ਼ 'ਚੋਂ ਮੇਰਾ ਨਾਂਅ ਕੱਟ ਦੇਵੋ
-ਪਾਸ਼

Regd. No : L-4/Pb-JL-0023/2024-26, (R.N.I.)-00068/57 ਜਲੰਧਰ : ਐਤਵਾਰ, 24 ਮਾਰਚ 2024 www.nawanzamana.in ਕੀਮਤ 5.00 ਰੁਪਏ


ਸਮਕਾਲੀ ਸਰੋਕਾਰ

# ਪ੍ਰੋਫੈਸਰ ਸਾਈਬਾਬਾ ਦੀ ਰਿਹਾਈ ਅਤੇ 'ਲੋਕਤੰਤਰ' ਦਾ ਕਰੂਰ ਚਿਹਰਾ

## ਬੂਟਾ ਸਿੰਘ ਮਹਿਮੂਦਪੁਰ

11 ਮਾਰਚ ਨੂੰ ਸੁਪਰੀਮ ਕੋਰਟ ਵੱਲੋਂ ਪ੍ਰੋਫੈਸਰ ਸਾਈਬਾਬਾ ਤੇ ਸਾਥੀਆਂ ਦੀ ਰਿਹਾਈ ਉੱਪਰ ਰੋਕ ਲਾਉਣ ਤੋਂ ਇਨਕਾਰ ਕਰਨ ਨਾਲ ਮਹਾਰਾਸ਼ਟਰ ਸਰਕਾਰ ਦੀ ਰਿਹਾਈ ਨੂੰ ਹੋਰ ਲਮਕਾਉਣ ਦੀ ਚਾਲ ਨੂੰ ਨਾਕਾਮੀ ਦਾ ਸਾਹਮਣਾ ਕਰਨਾ ਪਿਆ ਹੈ। ਪਿਛਲੇ ਦਿਨੀਂ ਬੰਬੇ ਹਾਈ ਕੋਰਟ ਦੇ ਨਾਗਪੁਰ ਬੈਂਚ ਵੱਲੋਂ ਪ੍ਰੋਫੈਸਰ ਸਾਈਬਾਬਾ, ਪੱਤਰਕਾਰ ਪ੍ਰਸ਼ਾਂਤ ਰਾਹੀ, ਇਨਕਲਾਬੀ ਕਲਾਕਾਰ (ਅਤੇ ਜੇ.ਐੱਨ.ਯੂ. ਦੇ ਵਿਦਿਆਰਥੀ ਕਾਰਕੁਨ) ਹੇਮ ਮਿਸ਼ਰਾ ਸਮੇਤ ਪੰਜ ਜਣਿਆਂ ਨੂੰ ਦੋਸ਼ਾਂ ਤੋਂ ਬਰੀ ਕਰਦਿਆਂ ਰਿਹਾਅ ਕਰ ਦਿੱਤਾ ਗਿਆ ਸੀ। ਜਿਸ ਉੱਪਰ ਰੋਕ ਲਗਵਾਉਣ ਲਈ ਮਹਾਰਾਸ਼ਟਰ ਸਰਕਾਰ ਨੇ ਤੁਰੰਤ ਸੁਪਰੀਮ ਕੋਰਟ ਵਿਚ ਪਟੀਸ਼ਨ ਪਾ ਦਿੱਤੀ ਸੀ। ਸਾਈਬਾਬਾ ਸਮੇਤ ਛੇ ਜਣਿਆਂ ਨੂੰ (ਜਿਨ੍ਹਾਂ ਵਿੱਚੋਂ ਇਕ ਦੀ ਜੇਲ੍ਹ 'ਚ ਮੌਤ ਹੋ ਗਈ) ਪੂਰੀ ਤਰ੍ਹਾਂ ਝੂਠੇ ਕੇਸ ਵਿਚ ਫਸਾ ਕੇ ਪਿਛਲੇ ਸੱਤ ਸਾਲ ਤੋਂ ਜੇਲ੍ਹ 'ਚ ਸਾੜਿਆ ਜਾ ਰਿਹਾ ਸੀ। ਕਹਾਣੀ ਇਹ ਘੜੀ ਗਈ ਕਿ ਪ੍ਰੋਫੈਸਰ ਸਾਈਬਾਬਾ ਪਾਬੰਦੀਸ਼ੁਦਾ ਮਾਓਵਾਦੀ ਪਾਰਟੀ ਦਾ ਮੈਂਬਰ ਅਤੇ ਸ਼ਹਿਰੀ ਨਕਸਲੀ ਤਾਣੇਬਾਣੇ ਦਾ ਹਿੱਸਾ ਹੈ ਜੋ ਪ੍ਰਸ਼ਾਂਤ ਰਾਹੀ ਅਤੇ ਹੇਮ ਮਿਸ਼ਰਾ ਜ਼ਰੀਏ ਗੁਪਤਵਾਸ ਮਾਓਵਾਦੀ ਆਗੂਆਂ ਦੇ ਸੰਪਰਕ 'ਚ ਹੈ। ਪੁਲਿਸ ਨੇ ਦਾਅਵਾ ਕੀਤਾ ਕਿ ਮਹਾਰਾਸ਼ਟਰ ਦੇ ਗੜ੍ਹਚਿਰੌਲੀ ਜ਼ਿਲ੍ਹੇ 'ਚ ਹੇਮ ਮਿਸ਼ਰਾ ਦੀ ਗ੍ਰਿਫ਼ਤਾਰੀ ਨਾਲ ਇਨ੍ਹਾਂ ਸੰਬੰਧਾਂ ਦਾ ਭੇਤ ਖੁੱਲ੍ਹਿਆ ਅਤੇ ਫਿਰ ਇਨ੍ਹਾਂ ਦੇ ਡਿਜੀਟਲ ਡਿਵਾਈਸਾਂ ਦੀ ਫੋਰੈਂਸਕ ਜਾਂਚ ਕੀਤੇ ਜਾਣ 'ਤੇ ਕਥਿਤ ਰੂਪ 'ਚ ਮਾਓਵਾਦੀ ਸੰਬੰਧਾਂ ਦੀ ਪੁਸ਼ਟੀ ਕਰਦੀ ਡਿਜੀਟਲ ਸਮੱਗਰੀ ਹੱਥ ਲੱਗੀ ਸੀ।

ਦਰਅਸਲ, ਕਥਿਤ ਵਿਕਾਸ ਪ੍ਰੋਜੈਕਟਾਂ ਰਾਹੀਂ ਆਦਿਵਾਸੀਆਂ ਦੇ ਉਜਾੜੇ ਅਤੇ ਸਲਵਾ ਜੁਡਮ ਤੇ ਅਪਰੇਸ਼ਨ ਗ੍ਰੀਨ ਹੰਟ ਆਦਿ ਨਾਵਾਂ ਹੇਠ ਆਪਣੇ ਹੀ ਲੋਕਾਂ ਵਿਰੁੱਧ ਸਟੇਟ ਵੱਲੋਂ ਵਿੱਢੇ ਯੁੱਧ ਵਿਰੁੱਧ ਨਿਧੜਕ ਆਵਾਜ਼ ਹੋਣ ਕਾਰਨ ਪ੍ਰੋਫੈਸਰ ਸਾਈਬਾਬਾ ਤੇ ਹੋਰ ਜਮਹੂਰੀ ਕਾਰਕੁਨ ਭਾਰਤੀ ਹਕੂਮਤ ਦੇ ਨਿਸ਼ਾਨੇ 'ਤੇ ਸਨ ਅਤੇ ਉਨ੍ਹਾਂ ਦੀ ਜ਼ੁਬਾਨਬੰਦੀ ਲਈ ਜ਼ਮੀਨ ਤਿਆਰ ਕੀਤੀ ਜਾ ਰਹੀ ਸੀ। 12 ਸਤੰਬਰ 2013 ਨੂੰ ਗੜ੍ਹਚਿਰੌਲੀ ਪੁਲਿਸ ਨੇ ਜੁਡੀਸ਼ੀਅਲ ਮੈਜਿਸਟ੍ਰੇਟ ਦੇ ਜਾਅਲੀ ਵਾਰੰਟਾਂ ਦੇ ਬਹਾਨੇ ਦਿੱਲੀ ਯੂਨੀਵਰਸਿਟੀ 'ਚ ਪ੍ਰੋਫੈਸਰ ਸਾਈਬਾਬਾ ਦੇ ਘਰ ਛਾਪਾ ਮਾਰਿਆ ਕਿ ਅਹੀਰੀ ਵਿਚ ਹੋਈ ਚੋਰੀ ਸੰਬੰਧੀ ਉਸ ਦੇ ਘਰ ਦੀ ਤਲਾਸ਼ੀ ਲੈਣੀ ਹੈ। ਇਸ ਛਾਪੇਮਾਰੀ ਦਾ ਨਾਮਵਰ ਸ਼ਖ਼ਸੀਅਤਾਂ, ਪ੍ਰੋਫੈਸਰਾਂ ਅਤੇ ਹੋਰ ਇਨਸਾਫ਼ਪਸੰਦ ਲੋਕਾਂ ਵੱਲੋਂ ਡੱਟਕੇ ਵਿਰੋਧ ਕੀਤਾ ਗਿਆ ਜਿਸ ਕਾਰਨ ਪੁਲਿਸ ਸਾਈਬਾਬਾ ਨੂੰ ਗ੍ਰਿਫ਼ਤਾਰ ਨਾ ਕਰ ਸਕੀ। ਪਰ ਪੁਲਿਸ ਅਧਿਕਾਰੀ ਉਸ ਦਾ ਲੈਪਟਾਪ, ਹਾਰਡ ਡਿਸਕ, ਫ਼ੋਨ ਅਤੇ ਹੋਰ ਡਿਜੀਟਲ ਡਿਵਾਈਸ ਜ਼ਬਤ ਕਰਕੇ ਲੈ ਗਏ। ਉਦੋਂ ਤੋਂ ਹੀ ਇਹ ਖ਼ਦਸ਼ਾ ਸੀ ਕਿ ਪੁਲਿਸ ਕੋਈ ਫਰਜ਼ੀ ਕਹਾਣੀ ਘੜ ਕੇ ਉਸ ਨੂੰ ਜੇਲ੍ਹ 'ਚ ਬੰਦ ਕਰੇਗੀ। ਛੇ ਮਹੀਨਿਆਂ 'ਚ ਉਸ ਤੋਂ ਚਾਰ ਵਾਰ ਪੁੱਛਗਿੱਛ ਕੀਤੀ ਗਈ। ਫਿਰ ਮਈ 2014 'ਚ ਉਸ ਨੂੰ ਗੜ੍ਹਚਿਰੌਲੀ ਪੁਲਿਸ ਨੇ ਉਦੋਂ ਰਸਤੇ 'ਚੋਂ ਅਗਵਾ ਕਰ ਲਿਆ ਜਦੋਂ ਉਹ ਕਾਲਜ ਤੋਂ ਘਰ ਵਾਪਸ ਜਾ ਰਿਹਾ ਸੀ। ਗ੍ਰਿਫ਼ਤਾਰੀ ਤੋਂ ਬਾਦ ਉਸ ਨੂੰ ਢਾਈ ਸਾਲ ਜੇਲ੍ਹ 'ਚ ਰੱਖਿਆ ਗਿਆ, ਇਸ ਦੌਰਾਨ ਸਿਰਫ਼ 3 ਮਹੀਨੇ ਹੀ ਉਹ ਜ਼ਮਾਨਤ 'ਤੇ ਰਿਹਾ। ਸਾਈਬਾਬਾ ਸਮੇਤ ਛੇ ਕਾਰਕੁਨਾਂ ਉੱਪਰ ਰਾਜਧ੍ਰੋਹ ਅਤੇ ਯੂਏਪੀਏ ਵਰਗੇ ਕਾਲੇ ਕਾਨੂੰਨ ਲਗਾ ਕੇ ਸਟੇਟ ਵਿਰੁੱਧ ਯੁੱਧ ਛੇੜਨ ਦਾ ਮੁਕੱਦਮਾ ਚਲਾਇਆ ਗਿਆ। 7 ਮਾਰਚ 2017 ਨੂੰ ਸੈਸ਼ਨ ਜੱਜ ਗੜ੍ਹਚਿਰੌਲੀ ਨੇ ਇਨ੍ਹਾਂ ਦੋਸ਼ਾਂ ਤਹਿਤ ਪੰਜ ਨੂੰ ਉਮਰ ਕੈਦ ਅਤੇ ਇਕ ਆਦਿਵਾਸੀ ਵਿਜੈ ਟਿਰਕੀ ਨੂੰ ਦਸ ਸਾਲ ਦੀ ਕੈਦ ਦੀ ਸਜ਼ਾ ਸੁਣਾ ਦਿੱਤੀ।

ਗੜ੍ਹਚਿਰੌਲੀ ਸੈਸ਼ਨ ਜੱਜ ਦਾ ਫ਼ੈਸਲਾ ਸਰੇਆਮ ਪੱਖਪਾਤੀ ਅਤੇ ਹਕੂਮਤ ਦੇ ਕਾਰਪੋਰੇਟ ਏਜੰਡੇ ਤੋਂ ਪ੍ਰੇਰਿਤ ਸੀ। ਫ਼ੈਸਲੇ ਦਾ ਮੁੱਖ ਨੁਕਤਾ ਇਹ ਸੀ ਕਿ ਨਕਸਲੀ ਹਿੰਸਾ ਕਾਰਨ ਗੜ੍ਹਚਿਰੌਲੀ ਵਿਚ ਕੋਈ ਵਿਕਾਸ ਨਹੀਂ ਹੋ ਰਿਹਾ। ਯਾਨੀ ਪਿਛੜੇਪਣ ਲਈ ਮਾਓਵਾਦੀ ਲਹਿਰ ਦੇ ਹਮਾਇਤੀ ਜ਼ਿੰਮੇਵਾਰ ਹਨ ਅਤੇ ਉਹ ਮਿਸਾਲੀ ਸਜ਼ਾ ਦੇ ਹੱਕਦਾਰ ਹਨ। ਜੱਜ ਨੇ ਫ਼ੈਸਲੇ 'ਚ ਜ਼ੋਰ ਦਿੱਤਾ ਕਿ ਇਹ ਨਾ ਦੇਖੋ ਕਿ ਪ੍ਰੋਫੈਸਰ ਸਾਈਬਾਬਾ 90% ਅਪਾਹਜ ਹੈ। ਉਹ ਦਿਮਾਗੀ ਤੌਰ 'ਤੇ ਤੇਜ਼-ਤਰਾਰ ਵਿਅਕਤੀ ਹੈ ਜੋ ਮਾਓਵਾਦੀਆਂ ਦਾ ਥਿੰਕ-ਟੈਂਕ, ਸਿਰਕੱਢ ਆਗੂ ਹੈ। 827 ਪੰਨਿਆਂ ਦੇ ਫ਼ੈਸਲੇ ਵਿਚ ਜੱਜ ਨੇ 11 ਵਾਰ ਸੂਰਜਗੜ੍ਹ ਪ੍ਰੋਜੈਕਟ ਦਾ ਜ਼ਿਕਰ ਕੀਤਾ। ਸਵਾਲ ਇਹ ਹੈ ਕਿ ਇਕ ਜੱਜ ਨੂੰ ਇਕ ਕਾਰਪੋਰੇਟ ਪ੍ਰੋਜੈਕਟ ਵਿਚ ਐਨੀ ਦਿਲਚਸਪੀ ਕਿਉਂ ਹੈ ਜਦੋਂਕਿ 70 ਗ੍ਰਾਮ ਸਭਾਵਾਂ ਹੁਣ ਵੀ ਮਤੇ ਪਾ ਕੇ ਉਸ ਇਲਾਕੇ ਵਿਚ ਖਣਨ ਦਾ ਵਿਰੋਧ ਕਰ ਰਹੀਆਂ ਹਨ ਅਤੇ ਇਨ੍ਹਾਂ ਪ੍ਰੋਜੈਕਟਾਂ ਵਿਰੁੱਧ ਆਦਿਵਾਸੀ ਲਗਾਤਾਰ ਸੰਘਰਸ਼ ਕਰ ਰਹੇ ਹਨ। ਅਦਾਲਤ ਦਾ ਕੰਮ ਮੁਕੱਦਮਾ ਕਰਨ ਵਾਲੀ ਧਿਰ ਵੱਲੋਂ ਦੋਸ਼ਾਂ ਦੇ ਹੱਕ ਵਿਚ ਪੇਸ਼ ਕੀਤੇ ਸਬੂਤਾਂ ਦੀ ਜਾਂਚ ਕਰਕੇ ਮੁਲਜ਼ਮਾਂ ਦੇ ਦੋਸ਼ੀ ਜਾਂ ਨਿਰਦੋਸ਼ ਹੋਣ ਦਾ ਨਿਤਾਰਾ ਕਰਨਾ ਹੈ ਨਾ ਕਿ ਸਰਕਾਰ ਵੱਲੋਂ ਮਨਜ਼ੂਰ ਕੀਤੇ ਜਾ ਰਹੇ ਪ੍ਰੋਜੈਕਟਾਂ ਦੀ ਤਰਫ਼ਦਾਰੀ ਕਰਨਾ। ਜੱਜ ਦੀਆਂ ਟਿੱਪਣੀਆਂ ਤੋਂ ਸਪਸ਼ਟ ਸੀ ਕਿ ਇਹ ਫ਼ੈਸਲਾ ਭਾਰਤ ਦੇ ਹੁਕਮਰਾਨਾਂ ਵੱਲੋਂ ਆਪਣੇ ਹੀ ਲੋਕਾਂ ਵਿਰੁੱਧ ਵਿੱਢੇ ਰਾਜਕੀ ਦਹਿਸ਼ਤਵਾਦੀ ਯੁੱਧ ਦਾ ਹਿੱਸਾ ਸੀ ਅਤੇ ਹੁਕਮਰਾਨ ਕਥਿਤ



ਕਲਾਕਾਰ ਹੇਮ ਮਿਸ਼ਰਾ

ਵਿਕਾਸ ਪ੍ਰੋਜੈਕਟਾਂ 'ਚ ਰੁਕਾਵਟ ਬਣੇ ਆਦਿਵਾਸੀ ਅਵਾਮ ਦੇ ਵਾਜਬ ਵਿਰੋਧ ਦੇ ਖ਼ਿਲਾਫ਼ ਅਦਾਲਤੀ ਫ਼ਤਵਾ ਜਾਰੀ ਕਰਵਾ ਕੇ ਇਸ ਨੂੰ ਮੁਲਕ ਦੇ ਸਭ ਤੋਂ ਦੱਬੇਕੁਚਲੇ ਅਤੇ ਹਾਸ਼ੀਏ 'ਤੇ ਧੱਕੇ ਅਵਾਮ ਦੀ ਆਵਾਜ਼ ਨੂੰ ਕੁਚਲਣ ਲਈ ਵਰਤਣਾ ਚਾਹੁੰਦੇ ਸਨ।

ਇਸ ਫ਼ੈਸਲੇ ਵਿਰੁੱਧ ਬੰਬੇ ਹਾਈਕੋਰਟ ਵਿਚ ਅਪੀਲ ਕੀਤੀ ਗਈ। 14 ਅਕਤੂਬਰ 2022 ਨੂੰ ਹਾਈਕੋਰਟ ਦੇ ਬੈਂਚ ਨੇ ਇਨ੍ਹਾਂ ਸਾਰਿਆਂ ਨੂੰ ਯੂਏਪੀਏ ਦੇ ਦੋਸ਼ਾਂ 'ਚੋਂ ਬਰੀ ਕਰਦਿਆਂ ਰਿਹਾ ਕਰਨ ਦਾ ਆਦੇਸ਼ ਦਿੱਤਾ। ਬੈਂਚ ਨੇ ਨੋਟ ਕੀਤਾ ਕਿ ਇਸ ਕੇਸ ਵਿਚ ਯੂਏਪੀਏ ਲਗਾਉਣ ਲਈ ਤੈਅ ਕੀਤੇ ਤੌਰ-ਤਰੀਕੇ ਦੀ ਪਾਲਣਾ ਨਹੀਂ ਕੀਤੀ ਗਈ। ਯੂਏਪੀਏ ਤਹਿਤ ਮੁਕੱਦਮਾ ਚਲਾਏ ਜਾਣ ਨੂੰ ਮਨਜ਼ੂਰੀ ਤਾਂ 6 ਅਪ੍ਰੈਲ 2015 ਨੂੰ ਦਿੱਤੀ ਗਈ ਜਦਕਿ ਟਰਾਇਲ ਕੋਰਟ ਨੇ ਮਨਜ਼ੂਰੀ ਤੋਂ ਬਿਨਾਂ ਹੀ 21 ਫਰਵਰੀ ਨੂੰ ਹੀ ਚਾਰਜ ਫਰੇਮ ਕਰਕੇ ਗਵਾਹੀਆਂ ਵੀ ਕਰਵਾ ਦਿੱਤੀਆਂ ਸਨ। ਬੇਸ਼ੱਕ ਇਹ ਫ਼ੈਸਲਾ ਤਕਨੀਕੀ ਆਧਾਰ 'ਤੇ ਸੁਣਾਇਆ ਗਿਆ ਸੀ ਪਰ ਇਹ ਪੁਲਿਸ ਵੱਲੋਂ ਹਕੂਮਤ ਦੇ ਇਸ਼ਾਰੇ 'ਤੇ ਕੀਤੀਆਂ ਜਾ ਰਹੀਆਂ ਮਨਮਾਨੀਆਂ ਅਤੇ ਝੂਠੇ ਕੇਸ ਬਣਾਉਣ ਦੀ ਹਕੂਮਤੀ ਸਾਜ਼ਿਸ਼ ਨੂੰ ਵੱਡੀ ਪਛਾੜ ਸੀ। ਇਸੇ ਕਰਕੇ, ਇਸ ਫ਼ੈਸਲੇ ਨੂੰ ਰੁਕਵਾਉਣ ਲਈ ਮਹਾਰਾਸ਼ਟਰ ਸਰਕਾਰ ਤੁਰੰਤ ਸੁਪਰੀਮ ਕੋਰਟ ਵਿਚ ਚਲੀ ਗਈ। ਸੁਪਰੀਮ ਕੋਰਟ ਨੇ ਐਨੀ ਤੱਤਪਰਤਾ ਦਿਖਾਈ ਕਿ ਅਗਲੀ ਦਿਨ ਹੀ (ਸ਼ਨੀਵਾਰ, ਅਦਾਲਤਾਂ 'ਚ ਛੁੱਟੀ ਵਾਲੇ ਦਿਨ) ਵਿਸ਼ੇਸ਼ ਸੁਣਵਾਈ ਕਰਕੇ ਰਿਹਾਈ ਦੇ ਆਦੇਸ਼ ਉੱਪਰ ਇਹ ਕਹਿ ਕੇ ਰੋਕ ਲਾ ਦਿੱਤੀ ਕਿ ਉਨ੍ਹਾਂ ਨੂੰ "ਮੁਲਕ ਦੀ ਪ੍ਰਭੂਸੱਤਾ ਅਤੇ ਅਖੰਡਤਾ ਵਿਰੁੱਧ ਬਹੁਤ ਹੀ ਗੰਭੀਰ ਜੁਰਮ" ਦੇ ਦੋਸ਼ੀ ਠਹਿਰਾਇਆ ਗਿਆ ਹੈ ਅਤੇ ਹਾਈਕੋਰਟ ਨਵਾਂ ਬੈਂਚ ਬਣਾ ਕੇ ਕੇਸ ਦੇ ਗੁਣਾਂ-ਔਗੁਣਾਂ ਦੇ ਆਧਾਰ 'ਤੇ ਕੇਸ ਦੀ ਮੁੜ ਸੁਣਵਾਈ ਕਰੇ। ਇਸੇ ਆਦੇਸ਼ 'ਤੇ ਪਿਛਲੇ ਦਿਨੀਂ ਬੰਬੇ ਹਾਈਕੋਰਟ ਦੇ ਨਵੇਂ ਬੈਂਚ ਨੇ ਦੁਬਾਰਾ ਸੁਣਵਾਈ ਕਰਕੇ ਟਰਾਇਲ ਕੋਰਟ ਦੇ ਫ਼ੈਸਲੇ ਨੂੰ ਰੱਦ ਕਰਦਿਆਂ ਪ੍ਰੋਫੈਸਰ ਸਾਈਬਾਬਾ ਸਮੇਤ ਪੰਜਾਂ ਹੀ ਸਜ਼ਾਯਾਫ਼ਤਾ ਕਾਰਕੁਨਾਂ ਨੂੰ ਬਰੀ ਕੀਤਾ।

ਭਗਵਾ ਹਕੂਮਤ ਨੇ ਇਸ ਫ਼ੈਸਲੇ ਉੱਪਰ ਰੋਕ ਲਗਵਾਉਣ ਲਈ ਵੀ ਹਰ ਹਰਬਾ ਵਰਤਿਆ। ਬੈਂਚ ਨੂੰ 'ਕੌਮੀ ਸੁਰੱਖਿਆ' ਦੀ ਦਲੀਲ ਦੇ ਕੇ ਫ਼ੈਸਲਾ ਰੋਕਣ ਲਈ ਦਬਾਅ ਪਾਇਆ ਗਿਆ, ਪਰ ਬੈਂਚ ਨੇ ਫ਼ੈਸਲਾ ਰੋਕਣ ਤੋਂ ਇਨਕਾਰ ਕਰ ਦਿੱਤਾ। ਇੰਞ, ਅਗਲੇ ਦੋ ਦਿਨਾਂ 'ਚ ਸਾਈਬਾਬਾ ਤੇ ਹੋਰ ਸਾਥੀ ਜੇਲ੍ਹਾਂ 'ਚੋਂ ਬਾਹਰ ਆ ਗਏ। ਨਾਲ ਹੀ, ਮਹਾਰਾਸ਼ਟਰ ਸਰਕਾਰ ਵੱਲੋਂ ਉਸੇ ਦਿਨ ਸੁਪਰੀਮ ਕੋਰਟ ਵਿਚ 'ਸਪੈਸ਼ਲ ਲੀਵ ਪਟੀਸ਼ਨ' ਪਾ ਕੇ ਫ਼ੈਸਲਾ ਰੱਦ ਕਰਾਉਣ ਦੀ ਕੋਸ਼ਿਸ਼ ਕੀਤੀ ਗਈ। 11 ਮਾਰਚ ਨੂੰ ਸੁਪਰੀਮ ਕੋਰਟ ਨੇ ਸਰਕਾਰ ਦੀ ਐਮਰਜੈਂਸੀ ਸੁਣਵਾਈ ਦੀ ਅਪੀਲ ਇਹ ਕਹਿ ਕੇ ਰੱਦ ਕਰ ਦਿੱਤੀ ਹੈ ਕਿ ਹਾਈਕੋਰਟ ਦੇ ਦੋ ਵੱਖ-ਵੱਖ ਬੈਂਚਾਂ ਵੱਲੋਂ ਦੋ ਵਾਰ ਬਰੀ ਕਰਨ ਦਾ ਫ਼ੈਸਲਾ ਦਿੱਤਾ ਗਿਆ ਹੈ ਜਿਸ ਨੂੰ ਰੱਦ ਕਰਨ ਲਈ ਐਮਰਜੈਂਸੀ ਸੁਣਵਾਈ ਕਰਨ ਦੀ ਅਪੀਲ 'ਚ ਕੋਈ ਮੈਰਿਟ ਨਹੀਂ ਹੈ। ਹੁਣ ਇਹ ਦੇਖਣਾ ਬਾਕੀ ਹੈ ਕਿ ਕੀ ਹੁਣ ਸਰਕਾਰ ਰੁਟੀਨ ਵਿਚ ਸੁਣਵਾਈ ਦਾ ਰਾਹ ਅਖ਼ਤਿਆਰ ਕਰਦੀ ਹੈ ਜਾਂ ਨਹੀਂ।

ਇਨ੍ਹਾਂ ਝੂਠੇ ਕੇਸਾਂ ਦੀ ਹਕੀਕਤ ਨੂੰ ਸਮਝਣ ਲਈ ਹਾਈਕੋਰਟ ਦੇ ਬੈਂਚ ਦੀ ਇਹ ਟਿੱਪਣੀ ਗ਼ੌਰ ਕਰਨ ਵਾਲੀ ਹੈ ਕਿ ਮੁਕੱਦਮਾ ਪੱਖ 'ਦਹਿਸ਼ਤਵਾਦ' ਦੇ ਦੋਸ਼ਾਂ ਨੂੰ ਸਾਬਤ ਕਰਨ ਲਈ ਕੋਈ ਵੀ ਸਬੂਤ ਪੇਸ਼ ਨਹੀਂ ਕਰ ਸਕਿਆ। ਨਾ ਮੁਲਜ਼ਮਾਂ ਨੇ ਕਿਸੇ ਦਹਿਸ਼ਤਵਾਦੀ ਜੁਰਮ 'ਚ ਹਿੱਸਾ ਲਿਆ ਸੀ ਅਤੇ ਨਾ ਉਨ੍ਹਾਂ ਦੇ ਖ਼ਿਲਾਫ਼ ਜੁਰਮ 'ਚ ਸ਼ਾਮਲ ਹੋਣ ਦਾ ਕੋਈ ਸਬੂਤ ਸੀ। ਸੈਸ਼ਨ ਜੱਜ ਨੇ ਆਪਣੇ ਫ਼ੈਸਲੇ ਦਾ ਆਧਾਰ ਮਹਿਜ਼ ਉਸ ਕੰਪਿਊਟਰ ਡੇਟਾ ਤੇ ਪੈਂਫਲੈਟਾਂ ਨੂੰ ਬਣਾਇਆ ਸੀ ਜੋ ਕਥਿਤ ਤੌਰ 'ਤੇ ਉਨ੍ਹਾਂ ਤੋਂ ਬਰਾਮਦ ਹੋਣ ਦਾ ਦਾਅਵਾ ਕੀਤਾ ਗਿਆ। ਇਹ ਡੇਟਾ ਇੰਟਰਨੈੱਟ ਤੋਂ ਡਾਊਨਲੋਡ ਕੀਤਾ ਹੋਇਆ ਸੀ ਅਤੇ ਇਸ ਵਿਚ ਕੁਝ ਵੀਡੀਓ ਕਲਿੱਪ ਵੀ ਸਨ ਜਿਨ੍ਹਾਂ ਵਿਚ 'ਲਾਲ ਸਲਾਮ' ਅਤੇ 'ਨਕਸਲਬਾੜੀ ਏਕ ਹੀ ਰਾਸਤਾ' ਦੇ ਨਾਅਰੇ ਲਗਾਏ ਜਾਣ ਦੇ ਦ੍ਰਿਸ਼ ਸਨ ਜਿਨ੍ਹਾਂ ਨੂੰ ਸਟੇਟ ਵਿਰੁੱਧ ਯੁੱਧ ਛੇੜਨ ਲਈ ਲੋਕਾਂ ਨੂੰ ਉਕਸਾਉਣ ਦੇ ਸਬੂਤ ਵਜੋਂ ਪੇਸ਼ ਕੀਤਾ ਗਿਆ ਸੀ। ਇਹ ਨਾਅਰੇ ਨਕਸਲੀ ਪੱਖੀ ਇਕੱਠਾਂ 'ਚ ਆਮ ਹੀ ਲਗਾਏ ਜਾਂਦੇ ਹਨ। ਜਦਕਿ ਸੈਸ਼ਨ ਜੱਜ ਨੇ ਇਹ ਸੋਚਣਾ ਵੀ ਜ਼ਰੂਰੀ ਨਹੀਂ ਸਮਝਿਆ ਕਿ ਜੋ ਡੇਟਾ ਜਨਤਕ ਤੌਰ 'ਤੇ ਡਾਊਨਲੋਡ ਕਰਨ ਲਈ ਮੌਜੂਦ ਹਨ, ਕਿਸੇ ਵਿਅਕਤੀ ਕੋਲੋਂ ਉਹ ਡੇਟਾ ਬਰਾਮਦ ਹੋਣ ਨੂੰ ਹਕੂਮਤ ਵਿਰੁੱਧ ਯੁੱਧ ਛੇੜਨ ਦੇ ਦੋਸ਼ ਦਾ ਸਬੂਤ ਮੰਨ ਕੇ ਸਜ਼ਾ ਕਿਵੇਂ ਦਿੱਤੀ ਜਾ ਸਕਦੀ ਹੈ।

ਬੈਂਚ ਨੇ ਤਫ਼ਤੀਸ਼ੀ ਅਧਿਕਾਰੀ ਸੁਹਾਸ ਬਾਵਚੇ ਵੱਲੋਂ ਕੀਤੀ ਤਫ਼ਤੀਸ਼ ਨੂੰ ਸ਼ੱਕੀ ਕਰਾਰ ਦਿੱਤਾ। ਆਰ.ਐੱਸ.ਐੱਸ.-ਭਾਜਪਾ ਸਰਕਾਰ ਦੇ ਇਸੇ ਚਹੇਤੇ ਪੁਲਿਸ ਅਧਿਕਾਰੀ ਨੇ ਪ੍ਰੋਫੈਸਰ ਸਾਈਬਾਬਾ ਦਾ ਕੇਸ ਲੜਨ ਵਾਲੇ ਐਡਵੋਕੇਟ ਸੁਰਿੰਦਰ ਗਾਡਲਿੰਗ ਨੂੰ ਧਮਕੀ ਦਿੱਤੀ ਸੀ ਕਿ "ਸਾਈਬਾਬਾ ਤੋਂ ਬਾਅਦ ਜੇਲ੍ਹ 'ਚ ਜਾਣ ਦੀ ਵਾਰੀ ਤੇਰੀ ਹੈ।" ਉੱਚ ਅਦਾਲਤ ਦੀ ਤਫ਼ਤੀਸ਼ੀ ਅਧਿਕਾਰੀ ਦੀ ਭੂਮਿਕਾ ਬਾਰੇ ਟਿੱਪਣੀ ਇਸ ਕਰਕੇ ਵੀ ਗ਼ੌਰ ਕਰਨ ਵਾਲੀ ਹੈ ਕਿਉਂਕਿ ਇਹ ਅਧਿਕਾਰੀ 2018 'ਚ ਕੋਰੇਗਾਓਂ-ਭੀਮਾ ਕੇਸ 'ਚ ਪ੍ਰੋਫੈਸਰ ਵਰਾਵਰਾ ਰਾਓ ਸਮੇਤ ਸਾਰੇ ਹੀ ਬੁੱਧੀਜੀਵੀਆਂ ਦੇ ਘਰਾਂ ਉੱਪਰ ਛਾਪੇਮਾਰੀ ਅਤੇ ਗ੍ਰਿਫ਼ਤਾਰੀਆਂ ਸਮੇਂ ਉਚੇਚੇ ਤੌਰ 'ਤੇ ਪੂਣੇ ਪੁਲਿਸ ਦੇ ਨਾਲ ਸੀ ਜਦਕਿ ਉਸ ਦਾ ਇਸ ਕੇਸ ਨਾਲ ਕੋਈ ਸਿੱਧਾ ਸੰਬੰਧ ਨਹੀਂ ਸੀ। ਸੁਪਰੀਮ ਕੋਰਟ ਵਿਚ ਇਤਿਹਾਸਕਾਰ ਰੋਮਿਲਾ ਥਾਪਰ ਸਮੇਤ ਉੱਘੇ ਬੁੱਧੀਜੀਵੀਆਂ ਵੱਲੋਂ ਇਨ੍ਹਾਂ ਗ੍ਰਿਫ਼ਤਾਰੀਆਂ ਵਿਰੁੱਧ ਸੁਪਰੀਮ ਕੋਰਟ ਵਿਚ ਪਾਈ ਪਟੀਸ਼ਨ ਦੀ ਸੁਣਵਾਈ ਸਮੇਂ ਵੀ ਇਹ ਅਧਿਕਾਰੀ ਮੌਜੂਦ ਸੀ। ਹੁਣ ਹਾਈਕੋਰਟ ਦੇ ਬੈਂਚ ਵੱਲੋਂ ਇਸ ਅਧਿਕਾਰੀ ਦੀ ਤਫ਼ਤੀਸ਼ ਨੂੰ ਸ਼ੱਕੀ ਕਰਾਰ ਦਿੱਤੇ ਜਾਣ ਨਾਲ ਭੀਮਾ-ਕੋਰੇਗਾਓਂ ਕੇਸ ਦੇ ਮਨਘੜਤ ਅਤੇ ਝੂਠਾ ਹੋਣ ਦੀ ਵੀ ਪੁਸ਼ਟੀ ਹੋ ਗਈ ਹੈ ਕਿਉਂਕਿ ਪੂਣੇ ਪੁਲਿਸ ਨੇ ਆਪਣੀ ਚਾਰਜਸ਼ੀਟ ਦਾ ਆਧਾਰ ਸਾਈਬਾਬਾ ਕੇਸ 'ਚ ਉਨ੍ਹਾਂ ਨੂੰ ਦੋਸ਼ੀ ਕਰਾਰ ਦੇਣ ਦੇ ਟਰਾਇਲ ਅਦਾਲਤ ਦੇ ਫ਼ੈਸਲੇ ਨੂੰ ਬਣਾਇਆ ਹੈ ਅਤੇ ਉਨ੍ਹਾਂ ਦਾ ਸਿੱਧਾ ਸੰਬੰਧ ਪ੍ਰੋਫੈਸਰ ਸਾਈਬਾਬਾ ਨਾਲ ਹੋਣ ਦਾ ਦਾਅਵਾ ਕੀਤਾ ਸੀ।



ਪੱਤਰਕਾਰ ਪ੍ਰਸ਼ਾਂਤ ਰਾਹੀ ਆਪਣੀ ਬੇਟੀ ਨਾਲ



ਪ੍ਰੋਫੈਸਰ ਸਾਈਬਾਬਾ

ਇਸ ਦੌਰਾਨ, ਭਾਰਤੀ ਸਟੇਟ ਦਾ ਬੇਹੱਦ ਕਰੂਰ ਚਿਹਰਾ ਸਾਰੇ ਮੁਖੌਟੇ ਲਾਹ ਕੇ ਸਾਹਮਣੇ ਆਇਆ। ਛੇਵੇਂ 'ਦੋਸ਼ੀ' ਪਾਂਡੂ ਨਰੋਟੇ ਦੀ ਜਾਨ ਜੇਲ੍ਹ ਪ੍ਰਬੰਧ ਦੀ ਕਰੂਰਤਾ ਨੇ ਲੈ ਲਈ ਜੋ ਮਾਮੂਲੀ ਬੁਖ਼ਾਰ ਦਾ ਇਲਾਜ ਨਾ ਕੀਤੇ ਜਾਣ ਕਾਰਨ ਅਗਸਤ 2022 'ਚ ਜੇਲ੍ਹ ਦੇ ਅੰਦਰ ਦਮ ਤੋੜ ਗਿਆ। ਸਾਈਬਾਬਾ ਪ੍ਰਤੀ ਸਰਕਾਰ ਅਤੇ ਜੇਲ੍ਹ ਅਧਿਕਾਰੀਆਂ ਦੀ ਕਰੂਰਤਾ ਹੋਰ ਵੀ ਘਿਣਾਉਣੀ ਸੀ। ਮਨੋਬਲ ਤੋੜਨ ਲਈ ਉਸ ਨੂੰ ਨਾਗਪੁਰ ਜੇਲ੍ਹ ਦੇ ਅੰਦਰ ਅੰਗਰੇਜ਼ ਹਕੂਮਤ ਦੇ ਬਣਾਏ ਸਪੈਸ਼ਲ 'ਅੰਡਾ' ਸੈੱਲ, ਜੋ ਦਰਅਸਲ ਵਿਸ਼ੇਸ਼ ਤਸੀਹਾ ਚੈਂਬਰ ਹੈ, ਵਿਚ ਬੰਦ ਰੱਖਿਆ ਗਿਆ ਤਾਂ ਜੋ ਸਰੀਰਕ ਤੌਰ 'ਤੇ ਅਪਾਹਜ ਪ੍ਰੋਫੈਸਰ ਨੂੰ ਇਕੱਲਤਾ 'ਚ ਰੱਖ ਕੇ ਬਿਨਾਂ ਇਲਾਜ ਮਾਰਿਆ ਜਾ ਸਕੇ। ਚਿੱਠੀਪੱਤਰ ਉੱਪਰ ਸੈਂਸਰਸ਼ਿਪ ਰਾਹੀਂ ਪਰਿਵਾਰ ਨੂੰ ਬੇਖ਼ਬਰ ਰੱਖਣ ਦੀ ਪੂਰੀ ਕੋਸ਼ਿਸ਼ ਕੀਤੀ ਗਈ। ਸਹਾਰੇ ਲਈ ਮੁਥਾਜ ਹੋਣ ਦੇ ਬਾਵਜੂਦ ਉਸ ਨੂੰ ਦੇਖਭਾਲ ਲਈ ਸਹਾਇਕ ਨਹੀਂ ਦਿੱਤਾ ਗਿਆ। ਪੈਂਕਰੀਜ਼, ਪਿੱਤੇ ਦੀ ਪੱਥਰੀ, ਪ੍ਰਾਸਟੇਟ ਦੇ ਰੋਗ, ਦਿਲ ਦੀਆਂ ਗੰਭੀਰ ਸਮੱਸਿਆਵਾਂ ਵਰਗੇ ਜਾਨਲੇਵਾ ਰੋਗਾਂ ਦੇ ਬਾਵਜੂਦ ਨਾ ਤਾਂ ਹਸਪਤਾਲ ਲਿਜਾ ਕੇ ਉਸ ਦਾ ਇਲਾਜ ਕਰਵਾਇਆ ਗਿਆ ਅਤੇ ਨਾ ਹੀ ਉਸ ਦੇ ਪਰਿਵਾਰ ਵੱਲੋਂ ਭੇਜੀਆਂ ਜਾਂਦੀਆਂ ਜੀਵਨ-ਬਚਾਊ ਦਵਾਈਆਂ ਉਸ ਨੂੰ ਦਿੱਤੀਆਂ ਗਈਆਂ।

90% ਅਪਾਹਜ ਹੋਣ ਕਾਰਨ ਇਨਸਾਨੀਅਤ ਦੇ ਆਧਾਰ 'ਤੇ ਸਾਈਬਾਬਾ ਜ਼ਮਾਨਤ ਅਤੇ ਵਿਸ਼ੇਸ਼ ਟਰੀਟਮੈਂਟ ਦਾ ਹੱਕਦਾਰ ਸੀ। ਪਰ ਉਸ ਦੀ ਕੈਂਸਰ ਤੋਂ ਪੀੜਤ ਮਾਂ ਮੌਤ ਦੇ ਬਿਸਤਰੇ 'ਤੇ ਪਈ ਉਸ ਨੂੰ ਮਿਲਣ ਲਈ ਤਰਸਦੀ ਮਰ ਗਈ। ਅਜਿਹੇ ਅਸਹਿ ਸਦਮੇ ਦੀ ਹਾਲਤ 'ਚ ਵੀ ਉਸ ਨੂੰ ਆਪਣੀ ਮਾਂ ਦੇ ਅੰਤਮ ਸੰਸਕਾਰ ਵਿਚ ਸ਼ਾਮਲ ਹੋਣ ਲਈ ਕੁਝ ਦਿਨਾਂ ਦੀ ਪੈਰੋਲ ਵੀ ਨਹੀਂ ਦਿੱਤੀ ਗਈ। ਸਾਈਬਾਬਾ ਦੀ ਪਤਨੀ ਅਤੇ ਹੋਰ ਪਰਿਵਾਰ ਮੈਂਬਰਾਂ ਵੱਲੋਂ 'ਅੰਡਾ ਸੈੱਲ' ਵਿਚ ਇਕੱਲਤਾ ਕੈਦ ਦੌਰਾਨ ਉਸ ਨੂੰ ਆ ਰਹੀਆਂ ਪ੍ਰੇਸ਼ਾਨੀਆਂ ਅਤੇ ਉਸ ਦੀ ਦਿਨੋਦਿਨ ਵਿਗੜ ਰਹੀ ਸਿਹਤ ਦਾ ਮਾਮਲਾ ਵਾਰ-ਵਾਰ ਧਿਆਨ 'ਚ ਲਿਆਂਦਾ ਗਿਆ। ਦੁਨੀਆ ਭਰ 'ਚ ਉਸ ਦੀ ਰਿਹਾਈ ਦੀ ਮੰਗ ਕਰਦਿਆਂ ਵਿਆਪਕ ਆਵਾਜ਼ ਉੱਠੀ। ਕੈਨੇਡਾ ਦੀ ਸੰਸਦ 'ਚ ਵੀ ਮਾਮਲਾ ਉੱਠਿਆ। ਯੂ.ਐੱਨ. ਦੀ ਵਿਸ਼ੇਸ਼ ਮਾਹਰਾਂ ਦੀ ਕਮੇਟੀ ਨੇ ਉਸ ਦੀ ਹਾਲਤ ਦੇ ਮੱਦੇਨਜ਼ਰ ਤੁਰੰਤ ਜ਼ਮਾਨਤ ਦਿੱਤੇ ਜਾਣ ਲਈ ਜ਼ੋਰ ਪਾਇਆ। ਜਾਬਰ ਹਕੂਮਤ ਨੇ ਇਨ੍ਹਾਂ ਫ਼ਿਕਰਮੰਦੀਆਂ ਦੀ ਵੀ ਕੋਈ ਪ੍ਰਵਾਹ ਨਹੀਂ ਕੀਤੀ।

ਜੇਲ੍ਹ ਵਿੱਚੋਂ ਵੀ ਸਾਈਬਾਬਾ ਨੇ ਕਈ ਵਾਰ ਖ਼ਦਸ਼ਾ ਜ਼ਾਹਿਰ ਕੀਤਾ ਸੀ ਕਿ ਉਸ ਦੀ ਵਿਗੜ ਰਹੀ ਸਿਹਤ ਇਨ੍ਹਾਂ ਕਰੂਰ ਹਾਲਾਤਾਂ ਨੂੰ ਹੋਰ ਬਰਦਾਸ਼ਤ ਨਹੀਂ ਕਰ ਸਕੇਗੀ। ਹੁਣ ਰਿਹਾ ਹੋਣ ਤੋਂ ਬਾਅਦ ਜੇਲ੍ਹ ਦੇ ਹਾਲਾਤ ਬਾਰੇ ਉਸ ਦਾ ਇਹ ਕਹਿਣਾ ਨਿਰਆਧਾਰ ਨਹੀਂ ਹੈ ਕਿ 'ਇਹ ਮਹਿਜ਼ ਇਤਫ਼ਾਕ ਹੈ ਕਿ ਮੈਂ ਜੇਲ੍ਹ ਵਿੱਚੋਂ ਜਿਉਂਦਾ ਬਾਹਰ ਆ ਗਿਆ ਹਾਂ।' ਹਕੂਮਤ ਅਤੇ ਜੇਲ੍ਹ ਅਧਿਕਾਰੀਆਂ ਦਾ ਇਹੀ ਕਰੂਰ ਵਤੀਰਾ ਅਸੀਂ ਭੀਮਾ-ਕੋਰੇਗਾਓਂ ਕੇਸ 'ਚ ਜੇਲ੍ਹਬੰਦ ਹੱਕਾਂ ਦੇ ਕਾਰਕੁਨਾਂ ਪ੍ਰਤੀ ਵੀ ਦੇਖ ਚੁੱਕੇ ਹਾਂ ਜਦੋਂ 84 ਸਾਲ ਦੇ ਬਜ਼ੁਰਗ ਸਟੇਨ ਸਵਾਮੀ ਨੂੰ ਮੁੰਬਈ ਦੀ ਤਲੋਜਾ ਜੇਲ੍ਹ ਵਿਚ ਬਿਨਾਂ ਇਲਾਜ ਕੋਹ-ਕੋਹ ਕੇ ਮਾਰਿਆ ਗਿਆ ਅਤੇ ਕਵੀ ਵਰਾਵਰਾ ਰਾਓ ਦੀ ਜ਼ਿੰਦਗੀ ਵੀ ਬਹੁਤ ਮੁਸ਼ਕਲ ਨਾਲ ਬਚਾਈ ਜਾ ਸਕੀ। ਇਹ ਵਤੀਰਾ ਹੁਣ ਵੀ ਜਾਰੀ ਹੈ। ਇਹ 'ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ' ਹੋਣ ਦੇ ਦਾਅਵੇ ਕਰਨ ਵਾਲੇ ਸਟੇਟ ਦਾ ਅਸਲ ਚਿਹਰਾ ਹੈ ਜੋ ਆਪਣੇ ਚਹੇਤੇ ਮੁਜਰਮਾਂ ਨੂੰ ਨਾ ਸਿਰਫ਼ ਵਾਰ-ਵਾਰ ਪੈਰੋਲ ਦੀ ਸਹੂਲਤ ਦਿੰਦਾ ਹੈ ਸਗੋਂ ਦਹਿਸ਼ਤਵਾਦੀ ਜੁਰਮਾਂ 'ਚ ਸਜ਼ਾਯਾਫਤਾ ਮੁਜਰਮਾਂ ਦੀਆਂ ਸਜ਼ਾਵਾਂ ਮਾਫ਼ ਕਰਨਾ ਆਪਣਾ ਫਰਜ਼ ਸਮਝਦਾ ਹੈ, ਜਿਵੇਂ ਅਸੀਂ ਗੁਰਮੀਤ ਰਾਮ ਰਹੀਮ ਦੀ ਪੈਰੋਲ, ਯੂ.ਪੀ. ਵਿਚ ਬਲਾਤਕਾਰੀ ਭਾਜਪਾ ਆਗੂਆਂ ਵਿਰੁੱਧ ਸੰਗੀਨ ਦੋਸ਼ ਵਾਪਸ ਲੈਣ, ਹਿੰਦੂਤਵੀ ਦਹਿਸ਼ਤਵਾਦੀ ਸਾਜ਼ਿਸ਼ਘਾੜਿਆਂ (ਬਾਬੂ ਬਜਰੰਗੀ, ਮਾਇਆ ਕੋਡਨਾਨੀ, ਸਾਧਵੀ ਪ੍ਰੱਗਿਆ, ਅਸੀਮਾਨੰਦ ਵਗੈਰਾ) ਦੀ ਰਿਹਾਈ ਅਤੇ ਬਿਲਕੀਸ ਬਾਨੋ ਕੇਸ ਦੇ ਬਲਾਤਕਾਰੀ ਕਾਤਲਾਂ ਨੂੰ ਜੇਲ੍ਹਾਂ 'ਚੋਂ ਬਾਹਰ ਲਿਆਉਣਾ ਆਦਿ ਬਹੁਤ ਸਾਰੇ ਕੇਸਾਂ 'ਚ ਦੇਖ ਚੁੱਕੇ ਹਾਂ।

ਭਾਰਤੀ ਹੁਕਮਰਾਨਾਂ ਅਤੇ ਸਟੇਟ ਮਸ਼ੀਨਰੀ ਨੂੰ ਆਪਣੇ ਅਣਮਨੁੱਖੀ ਕਾਰਿਆਂ ਅਤੇ ਕਰੂਰਤਾ ਦੇ ਬੇਪਰਦ ਹੋ ਜਾਣ ਦਾ ਡਰ ਬਹੁਤ ਜ਼ਿਆਦਾ ਸਤਾਉਂਦਾ ਹੈ। ਇਸ ਉੱਪਰ ਪਰਦਾ ਬਣਾਈ ਰੱਖਣ ਲਈ ਉਹ ਕਿਸੇ ਵੀ ਹੱਦ ਤੱਕ ਨਿੱਘਰ ਸਕਦੇ ਹਨ। ਸਿਤਮਜ਼ਰੀਫ਼ੀ ਦੀ ਇੰਤਹਾ ਤਾਂ ਇਹ ਹੈ ਕਿ ਮਜ਼ਲੂਮ ਹਿੱਸਿਆਂ ਤੇ ਹੱਕਾਂ ਦੇ ਘੁਲਾਟੀਆਂ ਦਾ ਆਪਣੇ ਉੱਪਰ ਲਗਾਏ ਗਏ ਦੋਸ਼ਾਂ ਦੀ ਸਫ਼ਾਈ ਦੇਣ ਅਤੇ ਆਪਣੇ ਕੇਸਾਂ ਦੀ ਕਾਨੂੰਨੀ ਪੈਰਵੀ ਕਰਨ ਦਾ ਹੱਕ ਖੋਹਣ ਲਈ ਹਕੂਮਤ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ। ਐਡਵੋਕੇਟ ਸੁਰਿੰਦਰ ਗਾਡਲਿੰਗ ਨੇ ਪ੍ਰੋਫੈਸਰ ਸਾਈਬਾਬਾ ਦੇ ਕੇਸ ਦੀ ਕਾਨੂੰਨੀ ਲੜਾਈ ਲੜੀ। ਮੁਕੱਦਮੇ ਦੌਰਾਨ ਹੀ ਤਫ਼ਤੀਸ਼ੀ ਅਧਿਕਾਰੀ ਸੁਹਾਸ ਬਾਵਚੇ ਨੇ ਅਦਾਲਤ ਵਿਚ ਐਡਵੋਕੇਟ ਗਾਡਲਿੰਗ ਨੂੰ ਧਮਕੀ ਦਿੱਤੀ ਸੀ ਕਿ ਜੇਲ੍ਹ 'ਚ ਜਾਣ ਦੀ ਅਗਲੀ ਵਾਰੀ ਉਸੇ ਦੀ ਹੈ। ਉਸ ਨੂੰ ਹੋਰ ਬੁੱਧੀਜੀਵੀਆਂ ਤੇ ਕਾਰਕੁਨਾਂ ਦੇ ਨਾਲ ਭੀਮਾ-ਕੋਰੇਗਾਓਂ ਕੇਸ 'ਚ ਫਸਾ ਕੇ ਅਣਮਿੱਥੇ ਸਮੇਂ ਲਈ ਜੇਲ੍ਹ 'ਚ ਡੱਕ ਦਿੱਤਾ ਗਿਆ। ਤੀਸਤਾ ਸੀਤਲਵਾੜ ਨੇ ਮੋਦੀ ਦੀ ਹਕੂਮਤ ਹੇਠ ਗੁਜਰਾਤ ਦੇ ਮਜ਼ਲੂਮ ਮੁਸਲਮਾਨਾਂ ਨੂੰ ਇਨਸਾਫ਼ ਦਿਵਾਉਣ ਲਈ ਕਾਨੂੰਨੀ ਲੜਾਈ ਲੜੀ, ਹਕੂਮਤ ਨੇ ਉਸ ਨੂੰ ਅਤੇ ਉਨ੍ਹਾਂ ਕੇਸਾਂ 'ਚ ਗਵਾਹੀ ਦੇਣ ਵਾਲੇ ਉੱਚ ਪੁਲਿਸ ਅਧਿਕਾਰੀਆਂ (ਆਰਬੀ ਸ੍ਰੀਕੁਮਾਰ ਅਤੇ ਸੰਜੀਵ ਭੱਟ) ਨੂੰ ਵੀ ਝੂਠੇ ਕੇਸਾਂ 'ਚ ਫਸਾ ਕੇ ਜੇਲ੍ਹਾਂ 'ਚ ਡੱਕ ਦਿੱਤਾ।

ਬੇਸ਼ੱਕ, ਭਗਵਾ ਹੁਕਮਰਾਨਾਂ ਨੂੰ ਪ੍ਰੋਫੈਸਰ ਸਾਈਬਾਬਾ ਦੇ ਕੇਸ 'ਚ ਬੁਰੀ ਤਰ੍ਹਾਂ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਹੈ, ਫਿਰ ਵੀ ਇਸ ਰਿਹਾਈ ਨਾਲ ਇਹ ਉਮੀਦ ਜ਼ਰੂਰ ਬੱਝੀ ਹੈ ਕਿ ਭੀਮਾ-ਕੋਰੇਗਾਓਂ ਤੇ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

**ਬੀਤੇ ਕੱਲ੍ਹ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਸੀ। ਭਾਵੇਂ ਫਿਰਕੂ ਸੋਚਾਂ ਨੇ ਇਨ੍ਹਾਂ ਸ਼ਹੀਦਾਂ ਨੂੰ ਵੀ ਧਰਮਾਂ-ਫਿਰਕਿਆਂ ਵਜੋਂ ਇੱਕ ਅਜਿਹਾ ਬਿਰਤਾਂਤ ਸਿਰਜਣ ਦਾ ਯਤਨ ਕੀਤਾ ਹੈ ਕਿ ਸ਼ਹੀਦ ਇੱਕ ਖਾਸ ਧਰਮ-ਫਿਰਕੇ ਦੇ ਹਨ, ਪਰ ਸਿੰਧੀ ਲੇਖਕ ਸ਼ੇਖ ਅਯਾਜ਼ ਜਦੋਂ ਸਿੰਧੀ ਬੋਲੀ ਵਿੱਚ 'ਭਗਤ ਸਿੰਘ ਦੀ ਫਾਂਸੀ' ਗੀਤ ਨਾਟ ਲਿਖਦਾ ਹੈ ਤਾਂ ਉਹ ਅਜਿਹੀ ਬਿਰਤਾਂਤਕਾਰੀ ਨੂੰ ਰੱਦ ਕਰਕੇ ਇੱਕ ਸਾਂਝਾਂ ਦਾ ਬਿਰਤਾਂਤ ਸਿਰਜਣ ਦਾ ਯਤਨ ਕਰਦਾ ਹੈ। ਉਸ ਗੀਤ ਨਾਟ ਦਾ ਪੰਜਾਬੀ ਰੂਪ (ਸ਼ਾਹਮੁਖੀ) ਮਾਨਵੀ ਸਾਂਝ ਦੇ ਅਲੰਬਰਦਾਰ ਸ਼ਾਇਰ ਅਹਿਮਦ ਸਲੀਮ ਨੇ ਪੇਸ਼ ਕੀਤਾ ਸੀ, ਜਿਸ ਨੂੰ ਪੰਜਾਬੀ-ਗੁਰਮੁਖੀ ਵਿੱਚ ਲਿਪੀਅੰਤਰ ਕਰਨ ਦਾ ਕਾਰਜ ਡਾ. ਚਮਨ ਲਾਲ ਹੁਰੀਂ ਕਰ ਰਹੇ ਹਨ। ਉਨ੍ਹਾ ਦੇ ਇਸ ਕਾਰਜ ਦੇ ਆਰੰਭਲੇ ਪੰਨੇ ਅਸੀਂ ਪਾਠਕਾਂ ਨਾਲ ਸਾਂਝੇ ਕਰ ਰਹੇ ਹਾਂ।** -ਸੰਪਾਦਕ

# ਸਿੰਧੀ ਗੀਤ ਨਾਟ : ਭਗਤ ਸਿੰਘ ਦੀ ਫਾਂਸੀ : ਸ਼ੇਖ਼ ਅਯਾਜ਼

## ਸਿੰਧੀ ਤੋਂ ਪੰਜਾਬੀ (ਸ਼ਾਹਮੁਖੀ) ਲਿਪੀ ਵਿੱਚ ਤਰਜਮਾ-ਅਹਿਮਦ ਸਲੀਮ, ਗੁਰਮੁਖੀ ਲਿਪੀਅੰਤਰਣ-ਡਾ. ਚਮਨ ਲਾਲ

*ਮੁੱਢਲਾ ਨੋਟ : ਸ਼ੇਖ ਅਯਾਜ਼ ਸਿੰਧੀ ਦੇ ਮਹਾਨ ਸ਼ਾਇਰ ਅਤੇ ਵਿਦਵਾਨ ਹਨ। ਉਹ ਕਰਾਚੀ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਵੀ ਰਹੇ। ਸਿੰਧੀ ਵਿੱਚ ਬੜੇ ਵਰ੍ਹੇ ਪਹਿਲਾਂ ਉਨ੍ਹਾ ਗੀਤ-ਨਾਟ ਰਚਿਆ ਸੀ। ਭਗਤ ਸਿੰਘ ਦੀ ਫਾਂਸੀ (ਸਿੰਧੀ ਤੋਂ ਇਸ ਦਾ ਪੰਜਾਬੀ (ਸ਼ਾਹਮੁਖੀ ਲਿਪੀ) ਵਿੱਚੋਂ ਹਾਲ ਵਿੱਚ ਹੀ ਵਿੱਛੜੇ ਪੰਜਾਬੀ ਸ਼ਾਇਰ ਅਤੇ ਵਿਚਾਰਵਾਨ ਅਹਿਮਦ ਸਲੀਮ ਨੇ ਤਰਜਮਾ ਕੀਤਾ ਸੀ। ਅਹਿਮਦ ਸਲੀਮ ਵੀ ਭਗਤ ਸਿੰਘ ਦਾ ਬੜਾ ਮਦਾਹ ਸੀ ਅਤੇ ਉਸ ਨੇ 'ਕਿਹੜੀ ਮਾਂ ਨੇ ਭਗਤ ਸਿੰਘ ਜੰਮਿਆ' ਸਿਰਲੇਖ ਹੇਠ ਨਜ਼ਮਾਂ ਤੇ ਗੀਤਾਂ ਦਾ ਸੰਗ੍ਰਹਿ ਪੰਜਾਬੀ (ਸ਼ਾਹਮੁਖੀ) ਵਿੱਚ ਛਾਪਿਆ ਸੀ। ਸ਼ੇਖ ਅਯਾਜ਼ ਦੇ ਸਿੰਧੀ ਦੇ ਪੰਜਾਬੀ (ਸ਼ਾਹਮੁਖੀ) ਵਿੱਚ ਤਰਜਮੇ ਤੋਂ ਮੈਂ ਕਿਸੇ ਵੇਲੇ ਕੁਝ ਹਿੱਸੇ ਗੁਰਮੁਖੀ ਵਿੱਚ ਲਿਪੀਅੰਤਰਤ ਕੀਤੇ ਸਨ। ਉਨ੍ਹਾਂ ਵਿੱਚੋਂ ਕੁਝ ਅੰਸ਼ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੀ ਬਰਸੀ ਮੌਕੇ ਪੇਸ਼ ਕਰ ਰਿਹਾ ਹਾਂ।*

*- ਚਮਨ ਲਾਲ*

ਕੁਝ ਸਦੀਆਂ ਲਈ ਭੁਚਾਲ ਜਿਵੇਂ
ਇਹ ਆਪਣੀ ਮੌਤ ਸਵਾਲ ਜਿਵੇਂ
ਏਸ ਕਦੀ ਤਾਂ ਉਠ ਕੇ ਨੱਚਣਾ ਏ
ਇਹ ਸੱਚ ਅੱਜ-ਕੱਲ੍ਹ ਵਿੱਚ ਮਚਣਾ ਏ
ਤਾਰੀਖ ਦੇ ਵਿੱਚ ਉਹੋ ਧੜਕ ਰਹੇ
ਕੁਝ ਪਲ ਬੁਝ ਕੇ ਮੁੜ ਫੜਕ ਰਹੇ
ਜੋ ਆਪਣੀ ਅੱਗ ਜਲਾਉਂਦੇ ਨੇ
ਧੌਣਾਂ ਦੇ ਫੰਦ ਗਲਾਉਂਦੇ ਨੇ
('ਅਜ਼ਾਦੀ'... ਮੈਂ ਇਸ ਖਤਰਨਾਕ ਲਫ਼ਜ਼
ਨੂੰ ਕਾਮਿਆਂ ਦੇ ਵਿਚਕਾਰ ਲਿਖਦਾ ਹਾਂ
ਜਿਵੇਂ ਕਿਸੇ ਵਹਿਸ਼ੀ ਜਾਨਵਰ ਨੂੰ
ਸਿੰਗਾਂ ਤੋਂ ਫੜਿਆ ਜਾਂਦਾ ਏ)
(ਇੱਕ ਯੂਨਾਨੀ ਲਿਖਾਰੀ)
ਪਹਿਲੀ ਝਾਕੀ
ਵੇਸਧਾਰੀ
ਭਗਤ ਸਿੰਘ
ਚੰਦਰ ਸ਼ੇਖਰ ਆਜ਼ਾਦ
ਕਿਸ਼ੋਰੀ ਲਾਲ
ਸੁਖਦੇਵ
ਡਾਕਟਰ ਗਿਆ ਪ੍ਰਸਾਦ
ਰਾਜਗੁਰੂ
ਸਾਲ : 1928
ਰਾਵੀ

1921-22 ਦੀ ਮਹਾਨ ਅਵਾਮੀ ਤਹਿਰੀਕ ਮਗਰੋਂ ਕਾਂਗਰਸ ਵਿੱਚ ਵੰਡ ਪੈ ਗਈ, ਨਿਰੀ ਸਵਰਾਜ ਪਾਰਟੀ ਗਾਂਧੀ ਦੀ ਅਸੀਸ ਨਾਲ ਕੀੜੀ ਵਾਂਗੂ ਟੁਰ ਰਹੀ ਏ। ਕਦੀ-ਕਦਾਈਂ ਕੋਈ ਅਵਾਮੀ ਜਲਸਾ ਹੋ ਜਾਂਦਾ ਏ। ਕਾਨੂੰਨਸਾਜ਼ ਅਦਾਰਿਆਂ ਤੋਂ ਬਾਹਰ ਕੋਈ ਹਿਲਜੁਲ ਨਹੀਂ ਹੋ ਰਹੀ। ਅਕਸਰ ਇਨਕਲਾਬੀ ਜੇਲ੍ਹਾਂ ਵਿੱਚ ਨੇ। ਸਾਰੇ ਹਿੰਦੁਸਤਾਨੀਆਂ ਉਤੇ ਨਿਰਾਸ਼ਾ ਖਿੰਡਰੀ ਹੋਈ ਏ। ਬੰਬਈ, ਕਲਕੱਤੇ ਤੇ ਕਾਨ੍ਹਪੁਰ ਵਿੱਚ ਮਜ਼ਦੂਰਾਂ ਜ਼ਬਰਦਸਤ ਹੜਤਾਲਾਂ ਕੀਤੀਆਂ ਨੇ ਤੇ ਬਾਹਰ ਦੀ ਦੁਨੀਆ ਦਾ ਧਿਆਨ ਆਪਣੇ ਵੱਲ ਖਿੱਚਿਆ ਏ। ਪਰ ਦੇਸ਼ ਅੰਦਰ ਕੋਈ ਹਲਚਲ ਨਹੀਂ ਹੋ ਰਹੀ। ਨਿਰਾਸ਼ਾ ਦੀ ਇਸ ਹਾਲਤ ਵਿੱਚ ਕੁਝ ਇਨਕਲਾਬੀ ਲੋਕਾਂ ਨੇ ਦਹਿਸ਼ਤਅੰਗੇਜ਼ੀ ਨੂੰ ਸਿਆਸੀ ਨਿਜਾਤ ਦਾ ਸਾਧਨ ਮੰਨ ਲਿਆ ਹੋਇਆ ਏ।

ਮਾਹੌਲ

(ਲਾਹੌਰ ਵਿੱਚ ਇੱਕ ਤਹਿਖਾਨਾ। ਰਾਤ ਦਾ ਵੇਲਾ ਏ। ਤਹਿਖਾਨੇ ਦੇ ਚਾਰੇ ਪਾਸੇ ਲਾਲਟੈਨ ਜਗ ਰਹੇ ਨੇ। ਕੰਧ ਉੱਤੇ ਹਿੰਦੁਸਤਾਨ ਦਾ ਨਕਸ਼ਾ, ਝਾਂਸੀ ਦੀ ਰਾਣੀ, ਤਾਂਤਿਆ ਤੋਪੇ ਤੇ ਨਾਨਾ ਫੜਨਵੀਸ ਦੀਆਂ ਫਰੇਮ ਕੀਤੀਆਂ ਤਸਵੀਰਾਂ ਲਟਕੀਆਂ ਹੋਈਆਂ ਨੇ। ਵਿਚਕਾਰ ਇੱਕ ਮੇਜ਼ ਪਈ ਹੈ, ਜਿਹਦੇ ਇੱਕ ਪਾਸੇ ਭਗਤ ਸਿੰਘ, ਕਿਸ਼ੋਰੀ ਲਾਲ ਤੇ ਡਾਕਟਰ ਗਿਆ ਪ੍ਰਸ਼ਾਦ ਬੈਠੇ ਨੇ ਤੇ ਦੂਜੇ ਪਾਸੇ ਚੰਦਰ ਸ਼ੇਖਰ ਆਜ਼ਾਦ, ਸੁਖਦੇਵ ਤੇ ਰਾਜਗੁਰੂ ਮੇਜ਼ 'ਤੇ ਛੇ ਬੰਬ ਰੱਖੇ ਹੋਏ ਨੇ, ਜਿਹੜੇ ਤਹਿਖਾਨੇ ਅੰਦਰ ਗੁਫਾ ਕਾਰਖਾਨੇ ਵਿੱਚ ਤਿਆਰ ਕੀਤੇ ਗਏ ਨੇ। ਮੇਜ਼ 'ਤੇ ਇੱਕ ਅਖਬਾਰ ਪਈ ਏ, ਜਿਹਦੇ ਪਹਿਲੇ ਸਫੇ 'ਤੇ ਕਾਲੇ ਹਾਸ਼ੀਏ ਵਿੱਚ ਲਾਜਪਤ ਰਾਏ ਦੀ ਮੌਤ ਦੀ ਖਬਰ ਛਪੀ ਹੋਈ ਏ

ਭਗਤ ਸਿੰਘ
ਏਹ ਦੇਸ਼ ਤਮਾਮੀ ਝੱਲਾ ਏ
ਮਨ ਉਨ੍ਹਾਂ ਦਾ ਝੱਲ ਵਲੱਲਾ ਏ
ਹਰ ਗਿਆਨ ਉਨ੍ਹਾਂ ਦਾ ਰੰਗਲਾ ਏ
ਜਿਵੇਂ ਰਾਤ ਦੇ ਸਿਰ 'ਤੇ ਤਰੰਗਲਾ ਏ
ਹਰ ਤਿਆਗ ਉਨ੍ਹਾਂ ਲਈ ਰੋਗੀ ਏ
ਹਰ ਮੰਜ਼ਲ ਉਨ੍ਹਾਂ ਦੀ ਰੋਗੀ ਏ
ਜੋ ਦੰਦ ਕਥਾ ਏ ਸੁਣਾਈ ਏ



ਲੋਕ ਕਵੀ ਅਹਿਮਦ ਸਲੀਮ ਦੀ ਕਵਿਤਾ 'ਕਿਹੜੀ ਮਾਂ ਨੇ ਭਗਤ ਜੰਮਿਆ' ਦਾ ਟਾਈਟਲ ਪੰਨਾ

ਜਿਵੇਂ ਸ਼ੈ ਕੋਈ ਗਹਿਣੇ ਪਾਈ ਏ
ਜੋ ਕੁਤਰਨ ਬੈਠੀਏ ਮਨ ਮਨ ਵਿੱਚ
ਇਹ ਭਿੰਨ-ਭਿੰਨ ਜੋਗੀ ਬਣ ਬਣ ਵਿੱਚ
ਸੰਧੂਰ ਇਹ ਮੱਥਿਆਂ 'ਤੇ ਜੜ ਕੇ
ਤੇ ਕੁੜੀਏ ਕੀਰਤ ਪੜ੍ਹ-ਪੜ੍ਹ ਕੇ
ਉਹ ਤੱਕੀਏ ਤੀਰਥ ਵਜਦੇ ਨੇ
ਤੇ ਮੁੜ ਮੁੜ ਮੰਨਤਾਂ ਮੰਨਦੇ ਨੇ
ਜੋ ਦੁੱਖ ਬਹੁ ਸਾਰਾ ਧਰਤੀ ਦਾ
ਤੇ ਫੰਦਾ ਭਾਰਾ ਧਰਤੀ ਦਾ
ਉਹ ਪੋਥੀਆਂ ਪੁਸਤਕ 'ਤੇ ਜੀਂਦੇ
ਤੇ ਜ਼ਹਿਰ ਪੁਰਾਣੇ 'ਤੇ ਜੀਂਦੇ
ਕਾਈ ਜੰਗ ਤੇ ਡਾਢ ਝਲਗੌਂ ਨੇ
ਤੇ ਪੰਧ ਪਹਾੜ ਛਗੰਦੇ ਨੇ,
ਕਾਈ ਲੋਭੀ ਕੰਚਨ ਚੰਮਾਂ ਦਾ
ਕਾਈ ਜਮਨਾ ਦਾ ਕਾਈ ਗੰਗਾਂ ਦਾ
ਕਾਈ ਵੱਖ ਕਵਾਲੀਆਂ ਗਾਉਂਦੇ ਨੇ
ਤੇ ਪੀਰਾਂ ਨੂੰ ਪਿੜ ਗਾਉਂਦੇ ਨੇ
ਕਈ ਅੰਮ੍ਰਿਤਸਰ ਵੱਲ ਜਾਂਦੇ ਪਏ
ਗੁਰਬਾਣੀ ਨੇ ਗੁਣ ਗਾਂਦੇ ਪਏ

## ਸ਼ਹੀਦ-ਏ-ਆਜ਼ਮ ਦੀ ਸੋਚ

ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਬਾਰੇ ਜੋ ਬਿਰਤਾਂਤ ਸਿਰਜਣ ਦਾ ਯਤਨ ਸਮੇਂ-ਸਮੇਂ ਦੀਆਂ ਸਰਕਾਰਾਂ ਵੱਲੋਂ ਇਤਿਹਾਸ ਲਿਖਣ/ਲਿਖਵਾਉਣ ਸਮੇਂ ਹੋਇਆ, ਉਸ ਵਿੱਚ ਸਰਦਾਰ ਭਗਤ ਸਿੰਘ ਦਾ ਚਿੰਤਕ ਵਾਲਾ ਪੱਖ ਲੱਗਭੱਗ ਗ਼ੈਰ-ਹਾਜ਼ਰ ਹੀ ਰੱਖਿਆ ਗਿਆ। ਉਸ ਨੂੰ ਹੱਥ ਵਿੱਚ ਪਿਸਤੌਲ ਫੜੇ ਨੌਜੁਆਨ ਵਜੋਂ ਪੇਸ਼ ਕਰਨ ਵੱਲ ਉਹ ਵਧੇਰੇ ਰੁਚਿਤ ਰਹੇ, ਪਰ ਭਗਤ ਸਿੰਘ ਨਾਲ ਜੁੜੇ ਦੋ ਪਹਿਲੂਆਂ ਦਾ ਜ਼ਿਕਰ ਇਥੇ ਕਰਾਂਗੇ, ਜਿਸ ਨਾਲ ਸਮਾਜਿਕ-ਸਾਹਿਤਕ ਅਤੇ ਭਾਸ਼ਾਈ ਮਸਲਿਆਂ ਬਾਰੇ ਉਸ ਦੀ ਪਰਪੱਕ ਸਮਝ ਉੱਘੜਵੇਂ ਰੂਪ ਵਿੱਚ ਸਾਹਮਣੇ ਆਉਂਦੀ ਹੈ।

ਜਦੋਂ 1923 ਵਿੱਚ ਕਾਂਗਰਸ ਦਾ ਸਾਲਾਨਾ ਸੈਸ਼ਨ ਕਾਕੀਨਾਡਾ (ਆਂਧਰਾ ਪ੍ਰਦੇਸ਼) ਵਿਖੇ ਹੁੰਦਾ ਹੈ ਤਾਂ ਉਸ ਤੋਂ ਬਾਅਦ ਉਹ 'ਅਛੂਤ ਦਾ ਸਵਾਲ' ਨਾਮੀ ਲੇਖ ਲਿਖਦੇ ਹਨ, ਜੋ ਪਹਿਲੀ ਵਾਰ 'ਕਿਰਤੀ' ਰਸਾਲੇ ਵਿੱਚ ਛਪਦਾ ਹੈ। 'ਕਿਰਤੀ ਰਸਾਲਾ' ਉਸ ਸਮੇਂ ਦੇ ਗ਼ਦਰੀਆਂ-ਆਜ਼ਾਦੀ ਘੁਲਾਟੀਆਂ ਦਾ ਮੁੱਖ ਬੁਲਾਰਾ ਸੀ, ਜੋ ਅੰਮ੍ਰਿਤਸਰੋਂ ਛਪਦਾ ਸੀ। ਭਗਤ ਸਿੰਘ ਇਹ ਮਹਿਸੂਸ ਕਰਦੇ ਸਨ ਕਿ ਦੇਸ਼ ਦੀ 30 ਕਰੋੜ ਆਬਾਦੀ ਵਿੱਚੋਂ 24 ਕਰੋੜ ਲੋਕ ਇਸ ਵਿਸ਼ਵਾਸ ਦੇ ਧਾਰਨੀ ਹਨ ਕਿ ਜੇ ਬਾਕੀ ਛੇ ਕਰੋੜ ਨਾਲ ਛੂਹ ਗਏ ਤਾਂ ਉਨ੍ਹਾਂ 24 ਕਰੋੜੀਆਂ ਦੀ ਧਾਰਮਿਕ ਸ਼ੁਧਤਾ ਭੰਗ ਹੋ ਜਾਵੇਗੀ। ਇਸ ਦੀ ਉਦਾਹਰਣ ਲਈ ਉਹ ਉਸ ਸਮੇਂ ਦੇ ਨੇਤਾ ਪੰਡਤ ਮਦਨ ਮੋਹਨ ਮਾਲਵੀਆ ਦੀ ਉਦਾਹਰਣ ਦਿੰਦਾ ਹੈ ਕਿ ਜੇ ਕਿਸੇ ਅਛੂਤ ਨੇ ਪੰਡਤ ਜੀ ਦੇ ਗਲ ਵਿੱਚ ਫੁੱਲਾਂ ਦਾ ਹਾਰ ਪਾ ਦਿੱਤਾ ਤਾਂ ਪੰਡਤ ਜੀ ਨੂੰ ਸਮੁੱਚੇ ਕੱਪੜਿਆਂ ਸਮੇਤ ਇਸ਼ਨਾਨ ਕਰਕੇ ਹੀ ਸ਼ੁੱਧ ਕੀਤਾ ਜਾਵੇਗਾ। ਭਗਤ ਸਿੰਘ ਦਾ ਮੰਨਣਾ ਸੀ ਕਿ ਜਿੰਨੀ ਦੇਰ ਤੱਕ ਅਸੀਂ ਇਸ ਮਸਲੇ ਤੋਂ ਉਪਰ ਨਹੀਂ ਉੱਠਦੇ, ਓਨੀ ਦੇਰ ਤੱਕ ਸਮਾਜਿਕ ਬਰਾਬਰੀ ਦੀ ਗੱਲ ਕਰਨੀ ਹੀ ਬੇ-ਮਾਅਨਾ ਹੈ।

1923 ਵਿੱਚ ਹੀ ਉਹ ਇੱਕ ਮੁਕਾਬਲੇ ਦੇ ਇਮਤਿਹਾਨ ਵਿੱਚ ਪੰਜਾਬ ਵਿੱਚ ਭਾਸ਼ਾ ਅਤੇ ਲਿੱਪੀ ਦੇ ਮਸਲੇ ਬਾਰੇ ਲਿਖਦਾ ਹੈ ਕਿ ਕੋਈ ਅਮੀਰ ਭਾਸ਼ਾ ਹੀ ਅਮੀਰ ਜਾਂ ਉਸਾਰੂ ਸਾਹਿਤਕਾਰੀ ਦੀ ਜ਼ਾਮਨ ਹੋ ਸਕਦੀ ਹੈ। ਉਹ ਅੱਗੇ ਲਿਖਦਾ ਹੈ ਕਿ ਫ਼ਰਾਂਸ ਦਾ ਇਨਕਲਾਬ ਰੂਸੋ ਅਤੇ ਵਾਲਟਾਇਰ ਦੀਆਂ ਲਿਖਤਾਂ ਤੋਂ ਬਿਨਾਂ ਸੰਭਵ ਨਹੀਂ ਸੀ। ਠੀਕ ਇਸੇ ਹੀ ਤਰ੍ਹਾਂ ਰੂਸੀ ਇਨਕਲਾਬ ਵੀ ਟਾਲਸਟਾਏ ਅਤੇ ਗੋਰਕੀ ਦੀਆਂ ਲਿਖਤਾਂ ਤੋਂ ਬਗ਼ੈਰ ਸੰਭਵ ਨਹੀਂ ਸੀ ਹੋ ਸਕਦਾ। ਭਗਤ ਸਿੰਘ ਜਦੋਂ ਇਹ ਸਾਰਾ ਕੁਝ ਸੋਚ ਰਿਹਾ ਸੀ, ਲਿਖ ਰਿਹਾ ਸੀ ਤਾਂ ਉਸ ਦੀ ਉਮਰ ਕੇਵਲ 16 ਸਾਲ ਸੀ। ਉਸ ਦੇ ਜ਼ਹੀਨ ਹੋਣ ਦਾ ਬਿਰਤਾਂਤ ਕਿਉਂ ਅੱਜ ਤੱਕ ਆਮ ਲੋਕਾਂ ਤੱਕ ਉੱਭਰਵੇਂ ਰੂਪ ਵਿੱਚ ਪੇਸ਼ ਨਹੀਂ ਹੋ ਸਕਿਆ ? ਇਸ ਦੇ ਕਾਰਨ ਲੱਭ ਕੇ ਅੱਗੇ ਵਧਣ ਦੀ ਲੋੜ ਹੈ। ਭਗਤ ਸਿੰਘ ਆਪਣੇ ਸਮੇਂ ਦਾ ਜ਼ਹੀਨ ਚਿੰਤਕ ਸੀ, ਜੋ ਵਰਤਮਾਨ ਤੋਂ ਬਹੁਤ ਅੱਗੇ ਦੀ ਸੋਚ ਰੱਖਦਾ ਸੀ।

-ਸੰਪਾਦਕ

24-March-Sunday.qxd 3/23/2024 10:32 PM Page 5



# ਰਾਜਨੀਤੀ ਦਾ ਸ਼ਤਰੰਜੀ ਘੋੜਾ ਅਗਲੀ ਚੋਣ ਦਾ ਲੁਕਮਾਨੀ ਨੁਸਖਾ ਬਣ ਜਾਵੇ ਤਾਂ ਹੈਰਾਨੀ ਨਹੀਂ ਹੋਣੀ ਚਾਹੀਦੀ

ਆਪਣੇ ਆਪ ਨੂੰ ਸੰਸਾਰ ਦਾ ਸਭ ਤੋਂ ਵੱਡਾ ਲੋਕਤੰਤਰ ਅਖਵਾ ਕੇ ਖੁਸ਼ ਹੋਣ ਵਾਲੇ ਦੇਸ਼ ਭਾਰਤ ਵਿੱਚ ਲੋਕਤੰਤਰ ਦੇ ਸਭ ਤੋਂ ਵੱਡੇ ਅਦਾਰੇ ਲੋਕ ਸਭਾ ਦੀ ਚੋਣ ਲਈ ਸਮਾਂ ਸੂਚੀ ਐਲਾਨੀ ਜਾ ਚੁੱਕੀ ਹੈ। ਮਾਰਚ ਦੇ ਪਹਿਲੇ ਪੰਦਰਾਂ ਦਿਨ ਲੰਘਾ ਕੇ ਅਤੇ ਪੰਦਰਾਂ ਦਿਨ ਰਹਿੰਦਿਆਂ ਤੋਂ ਵਿਚਕਾਰਲੇ ਸੋਲ੍ਹਵੇਂ ਦਿਨ ਐਲਾਨੀ ਗਈ ਇਸ ਸਮਾਂ ਸੂਚੀ ਮੁਤਾਬਕ ਇਹ ਸਮੁੱਚੀ ਚੋਣ ਪ੍ਰਕਿਰਿਆ ਤਿੰਨ ਮਹੀਨਿਆਂ ਬਾਅਦ ਜੂਨ ਦੇ ਐਨ ਵਿਚਾਲੇ ਸੋਲ੍ਹਵੇਂ ਦਿਨ ਮੁਕੰਮਲ ਹੋਊਗੀ। ਇਸ ਦੇਸ਼ ਦੀ ਹਰ ਪਾਰਟੀ ਦਾ ਹਰ ਨੇਤਾ ਇਸ ਚੋਣ ਲਈ ਆਸਵੰਦ ਹੈ, ਭਾਵੇਂ ਬਹੁਤ ਸਾਰਿਆਂ ਨੂੰ ਇਹ ਪਤਾ ਹੈ ਕਿ ਇਸ ਵਾਰ ਉਨ੍ਹਾਂ ਲਈ ਚੋਣ ਦਾ ਨਤੀਜਾ ਬਿੱਲੀ ਵਾਂਗ 'ਅੰਗੂਰ ਖੱਟੇ' ਦਾ ਪ੍ਰਭਾਵ ਅਗੇਤਾ ਦੇਈ ਜਾਂਦਾ ਹੈ। ਉਹ ਸੱਚ ਦਾ ਸਾਹਮਣਾ ਕਰਨ ਲਈ ਤਿਆਰ ਨਹੀਂ, ਸਗੋਂ ਆਪਣੇ ਆਪ ਨੂੰ ਇਸ ਵਹਿਮ ਵਿੱਚ ਰੱਖ ਕੇ ਖੁਸ਼ ਹੋਈ ਜਾਂਦੇ ਹਨ ਕਿ ਕ੍ਰਿਸ਼ਮਾ ਵਾਪਰਨ ਦੀ ਜਿਹੜੀ ਚਰਚਾ ਕਈ ਵਾਰ ਸੁਣੀ ਹੋਈ ਹੈ, ਉਹ ਕ੍ਰਿਸ਼ਮਾ ਸ਼ਾਇਦ ਇਸ ਵਾਰ ਇਨ੍ਹਾਂ ਲਈ ਵਾਪਰ ਜਾਵੇ। ਉਨ੍ਹਾਂ ਨੂੰ ਖੁਸ਼ੀ ਵਾਲੇ ਚਾਰ ਦਿਨ ਜਿਊ ਲੈਣ ਦਿੱਤਾ ਜਾਵੇ ਤਾਂ ਕੋਈ ਹਰਜ ਨਹੀਂ, ਪਰ ਸਿਆਸੀ ਮੈਦਾਨ ਦੇ ਮਾਹਰ ਇਸ ਵਾਰ ਦੀਆਂ ਚੋਣਾਂ ਲਈ ਜਿਹੜੀਆਂ ਸੋਘ ਦੀਆਂ ਅਗਾਊਂ ਸੁਰਾਂ ਕੱਢੀ ਜਾਂਦੇ ਹਨ, ਉਨ੍ਹਾਂ ਨੂੰ ਧਿਆਨ ਵਿੱਚ ਰੱਖ ਕੇ ਚੱਲਣਾ ਚਾਹੀਦਾ ਹੈ।

ਚੋਣਾਂ ਅੱਜਕੱਲ੍ਹ ਭਾਰਤ ਵਿੱਚ ਕਿਹੋ ਜਿਹੀਆਂ ਹੁੰਦੀਆਂ ਹਨ, ਉਸ ਤੋਂ ਵੱਧ ਵੇਖਣ ਵਾਲੀ ਗੱਲ ਹੈ ਕਿ ਭਾਰਤ ਵਿੱਚ ਰਾਜਸੀ ਕਲਾਬਾਜ਼ੀ ਅੱਜਕੱਲ੍ਹ ਕਿੰਨੀ ਨੀਵੀਂ ਡਿੱਗ ਚੁੱਕੀ ਹੈ। ਪਾਠਕਾਂ ਨੂੰ ਯਾਦ ਹੋਵੇਗਾ ਕਿ ਪਿਛਲੇ ਲੇਖ ਵਿੱਚ ਅਸੀਂ ਇਹ ਲਿਖ ਦਿੱਤਾ ਸੀ: 'ਇਸ ਵਕਤ ਭਾਰਤ ਦੀ ਰਾਜਨੀਤੀ ਦਾ ਮਹਾਂ-ਕੁੰਭ ਮੰਨੀ ਜਾਂਦੀ ਲੋਕ ਸਭਾ ਚੋਣ ਲਈ ਅਖਾੜੇ ਵਿੱਚ ਮੁੱਢਲਾ ਭੜਥੂ ਪੈਣਾ ਸ਼ੁਰੂ ਹੋ ਚੁੱਕਾ ਹੈ। ਪੁਰਾਣੀ ਦੁਕਾਨਦਾਰੀ ਦਾ ਨਿਯਮ ਇਹ ਸੀ ਕਿ ਆਪਣੀ ਦੁਕਾਨ ਉੱਤੇ ਏਨਾ ਚੰਗਾ ਮਾਲ ਰੱਖਿਆ ਜਾਵੇ ਕਿ ਗਾਹਕ ਦਾ ਧਿਆਨ ਦੂਸਰਿਆਂ ਤੋਂ ਵੱਧ ਇਸ ਦੁਕਾਨ ਵੱਲ ਰਹੇ, ਪਰ ਅੱਜ ਦੁਕਾਨਦਾਰੀ ਇਸ ਨਵੇਂ ਅਸੂਲ ਉੱਪਰ ਆਧਾਰਤ ਵੱਧ ਸਫਲ ਮੰਨੀ ਜਾਂਦੀ ਹੈ ਕਿ ਆਪਣੀ ਦੁਕਾਨ ਦਾ ਘੱਟ ਅਤੇ ਮੁਕਾਬਲੇ ਦੇ ਦੁਕਾਨਦਾਰ ਵੱਲ ਧਿਆਨ ਵੱਧ ਰੱਖੋ ਤੇ ਆਪਣੀ ਦੁਕਾਨ ਸੁਧਾਰਨ ਦੀ ਥਾਂ ਉਸ ਦੀ ਦੁਕਾਨ ਬੰਦ ਕਰਨ ਉੱਤੇ ਜ਼ੋਰ ਲਾ ਦਿਉ।' ਬੀਤੇ ਹਫਤੇ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਵੱਲੋਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਦਾ ਕਿੱਸਾ ਰਾਜਸੀ ਕਲਾਬਾਜ਼ੀ ਦੀ ਇਸ ਨਵੀਂ ਖੇਡ ਨਾਲ ਮਿਲਦਾ ਹੈ ਜਾਂ ਨਹੀਂ ਤੇ ਜੇ ਮਿਲਦਾ ਵੀ ਹੈ ਤਾਂ ਕਿੰਨੀ ਕੁ ਹੱਦ ਤੱਕ ਮਿਲਦਾ ਹੈ, ਇਸ ਬਖੇੜੇ ਵਿੱਚ ਅਸੀਂ ਨਹੀਂ ਪੈਣਾ ਚਾਹੁੰਦੇ, ਪਰ ਸੰਕੇਤ ਇਸ ਕਦਮ ਤੋਂ ਇਹੀ ਮਿਲਿਆ ਹੈ। ਜਦੋਂ ਚੋਣ ਲਈ ਚੱਕਾ ਰਿੜ੍ਹ ਚੁੱਕਾ ਹੈ ਤਾਂ ਇਸ ਮੌਕੇ ਇੱਕ ਕੌਮੀ ਪਾਰਟੀ, ਉਹ ਛੋਟੀ ਜਿਹੀ ਹੋਵੇ ਜਾਂ ਵੱਡੀ, ਦੇ ਦੇਸ਼ ਪੱਧਰ ਦੇ ਨੇਤਾ ਦੀ ਗ੍ਰਿਫਤਾਰੀ ਲਈ ਕਾਰਨ ਕੋਈ ਵੀ ਦੱਸੇ ਜਾਣਗੇ, ਉਨ੍ਹਾਂ ਨੂੰ ਰਾਜਨੀਤੀ ਨਾਲ ਜੋੜ ਕੇ ਹੀ ਵੇਖਿਆ ਜਾਵੇਗਾ। ਜਿਸ ਕੇਸ ਦੀ ਜਾਂਚ ਬਹਾਨੇ ਅਰਵਿੰਦ ਕੇਜਰੀਵਾਲ ਨੂੰ ਪਹਿਲਾਂ ਸੰਮਣ ਭੇਜੇ ਗਏ ਤੇ ਫਿਰ ਪੁੱਛਗਿੱਛ ਦੇ ਬਹਾਨੇ ਗਈ ਟੀਮ ਖੜੇ ਪੈਰ ਗ੍ਰਿਫਤਾਰ ਕਰ ਕੇ ਲੈ ਗਈ, ਉਸ ਬਾਰੇ ਅਸੀਂ ਇਸ ਵਕਤ ਕੁਝ ਨਹੀਂ ਕਹਿਣਾ ਚਾਹੁੰਦੇ। ਏਨਾ ਜ਼ਰੂਰ ਕਹਿਣ ਦੀ ਲੋੜ ਸਮਝਦੇ ਹਾਂ ਕਿ ਇਹ ਚਾਲ ਦੱਸੀ ਕਿਸੇ ਨੇ ਵੀ ਹੋਵੇ, ਕੇਜਰੀਵਾਲ ਦੀ ਨੀਤੀ ਲਈ ਠੀਕ ਨਹੀਂ ਸੀ ਕਿ ਹਰ ਵਕਤ ਕੇਂਦਰ ਸਰਕਾਰ ਤੇ ਉਸ ਦੇ ਮੁਖੀ ਨਾਲ ਆਢਾ ਲਾਈ ਰੱਖਿਆ ਜਾਵੇ। ਰੋਜ਼ ਸਵੇਰੇ ਉੱਠ ਕੇ ਨਿੱਜੀ ਵਿਰੋਧ ਕਰਨ ਵਾਂਗ ਦਿਨ ਦੀ ਸ਼ੁਰੂਆਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਰੁੱਧ ਨਵਾਂ ਬਿਆਨ ਦਾਗਣ ਤੋਂ ਕਰਨ ਨਾਲ ਦੋਵਾਂ ਦਾ ਆਪਸੀ ਰਿਸ਼ਤਾ ਪੱਕੇ ਸ਼ਰੀਕਾਂ ਵਾਲਾ ਬਣਦਾ ਗਿਆ ਸੀ ਤੇ ਇਸ ਸ਼ਰੀਕੇਬਾਜ਼ੀ ਵਿੱਚ ਵੱਡਾ ਸ਼ਰੀਕ ਅੰਤ ਨੂੰ ਠਿੱਬੀ ਲਾ ਗਿਆ ਹੈ।

ਉਂਜ ਘਟਨਾ-ਚੱਕਰ ਦੀ ਥੋੜ੍ਹੀ ਜਿਹੀ ਚੀਰ-ਫਾੜ ਕਰੀਏ ਤਾਂ ਬਹੁਤ ਕੁਝ ਸਮਝ ਵਿੱਚ ਆ ਸਕਦਾ ਹੈ। ਦਿੱਲੀ ਦੀ ਸ਼ਰਾਬ ਨੀਤੀ ਬਾਰੇ ਚੱਲਦੀ ਜਾਂਚ ਦੌਰਾਨ ਜਦੋਂ ਸੁਪਰੀਮ ਕੋਰਟ ਦੇ ਹੁਕਮ ਨਾਲ ਚੋਣ ਬਾਂਡ ਖੋਲ੍ਹੇ ਜਾਣ ਦੀ ਨੌਬਤ ਆਈ ਤਾਂ ਇੱਕ ਸੱਜਣ ਨੇ ਸਾਨੂੰ ਕਿਹਾ ਸੀ ਕਿ ਕੇਂਦਰ ਸਰਕਾਰ ਇਸ ਭੰਡੀ ਦਾ ਸਾਹਮਣਾ ਨਹੀਂ ਕਰ ਸਕੇਗੀ ਅਤੇ ਅਸੀਂ ਅੱਗੋਂ ਇਹ ਕਿਹਾ ਸੀ ਕਿ ਏਦੂੰ ਵੱਡਾ ਮੁੱਦਾ ਉੱਠ ਪਿਆ ਤਾਂ ਇਹ ਮੁੱਦਾ ਹੀ ਨਹੀਂ ਰਹਿਣਾ। ਸਾਨੂੰ ਉਸ ਵੇਲੇ ਇਹ ਖਿਆਲ ਨਹੀਂ ਸੀ ਕਿ ਉਹ ਮੁੱਦਾ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਤੱਕ ਲੈ ਜਾਵੇਗਾ, ਪਰ ਇਹ ਖਿਆਲ ਆਉਂਦਾ ਸੀ ਕਿ ਕੇਂਦਰ ਸਰਕਾਰ ਚਲਾ ਰਹੀ ਧਿਰ ਏਨੀ ਕਮਜ਼ੋਰ ਨਹੀਂ ਹੋ ਸਕਦੀ ਕਿ ਏਦਾਂ ਦੀ ਅਦਾਲਤੀ ਮਾਰ ਅੱਗੇ ਸਿਰ ਸੁੱਟ ਕੇ ਬੈਠ ਜਾਵੇ। ਸਾਡੀ ਇਸ ਸੋਚਣੀ ਦਾ ਆਧਾਰ ਪਿਛਲਾ ਤਜਰਬਾ ਸੀ ਕਿ ਕੇਂਦਰ ਦੀਆਂ ਸਰਕਾਰਾਂ, ਕਾਂਗਰਸ ਦੀਆਂ ਵੀ ਅਤੇ ਕਾਂਗਰਸ-ਵਿਰੋਧੀਆਂ ਦੀਆਂ ਵੀ, ਇਹ ਕੁਝ ਕਰਦੀਆਂ ਰਹੀਆਂ ਸਨ ਤੇ ਨਰਿੰਦਰ ਮੋਦੀ ਆਪਣੇ ਤੋਂ ਪਹਿਲਿਆਂ ਦੀ ਹੋਰ ਕੋਈ ਗੱਲ ਠੀਕ ਮੰਨੇ ਜਾਂ ਨਾ, ਉਨ੍ਹਾਂ ਦਾ ਤਜਰਬਾ ਆਪਣੇ ਚੇਤੇ ਵਿੱਚੋਂ ਨਹੀਂ ਕੱਢ ਸਕਦਾ। ਇਸ ਤੋਂ ਪਹਿਲਾਂ ਦੀ ਲੋਕ ਸਭਾ ਅੰਦਰ ਵਾਪਰੀ ਇੱਕ ਘਟਨਾ ਦਾ ਚੇਤਾ ਕਰ ਲਈਏ ਤਾਂ ਇਸ ਨੂੰ ਸਮਝਣਾ ਸੌਖਾ ਹੋ ਸਕਦਾ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਕ ਦਿਨ ਸਦਨ ਵਿੱਚ ਇੱਕ ਕਾਗਜ਼ ਪੜ੍ਹ ਕੇ ਕਿਹਾ ਸੀ ਕਿ ਮੇਰੀ ਇੱਛਾ ਇਸ ਦੇਸ਼ ਤੋਂ ਗਰੀਬੀ ਤੇ ਭੁੱਖਮਰੀ ਹਟਾਉਣ ਦੀ ਹੈ ਅਤੇ ਵਿਰੋਧੀ ਧਿਰ ਦਾ ਨਿਸ਼ਾਨਾ ਸਿਰਫ ਮੈਨੂੰ ਹਟਾਉਣ ਦਾ ਹੈ। ਇੱਕਦਮ ਰੌਲਾ ਪਿਆ ਤਾਂ ਉਸ ਨੇ ਇਹ ਕਿਹਾ ਸੀ : ਮੈਂ ਤਾਂ ਕੁਝ ਕਿਹਾ ਹੀ ਨਹੀਂ, ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਇੱਕ ਭਾਸ਼ਣ ਦਾ ਕੁਝ ਹਿੱਸਾ ਪੜ੍ਹਿਆ ਹੈ, ਕਾਂਗਰਸ ਵਾਲੇ ਉਹ ਵੀ ਨਹੀਂ ਸੁਣਨਾ ਚਾਹੁੰਦੇ। ਇਸ ਪਿੱਛੋਂ ਅਗਲੇ ਕੁਝ ਮਿੰਟ ਉਹ ਏਸੇ ਤਰ੍ਹਾਂ ਇੰਦਰਾ ਗਾਂਧੀ ਤੇ ਜਵਾਹਰ ਲਾਲ ਨਹਿਰੂ ਦੇ ਭਾਸ਼ਣਾਂ ਦੇ ਹਵਾਲੇ ਦੇ ਕੇ ਕਾਂਗਰਸੀ ਆਗੂਆਂ ਨੂੰ ਭੜਕਣ ਲਈ ਉਕਸਾਉਂਦੇ ਅਤੇ ਮੌਜੂ ਬਣਾਉਂਦੇ ਰਹੇ ਸਨ। ਜਿਹੜੇ ਨਰਿੰਦਰ ਮੋਦੀ ਨੂੰ ਨਹਿਰੂ-ਗਾਂਧੀ ਵਾਲੇ ਖਾਨਦਾਨ ਦਾ ਨਾਂਅ ਸੁਣਨਾ ਵੀ ਸ਼ਾਇਦ ਚੰਗਾ ਨਹੀਂ ਲੱਗਦਾ ਹੋਣਾ, ਕਾਂਗਰਸੀ ਆਗੂਆਂ ਦੇ ਵੱਡੇ-ਵਡੇਰਿਆਂ ਦਾ ਉਸ ਵੱਲੋਂ ਇਸ ਤਰ੍ਹਾਂ ਜ਼ਿਕਰ ਕਰਨ ਲੱਗ ਜਾਣਾ ਦੱਸਦਾ ਸੀ ਕਿ ਉਹ ਉਨ੍ਹਾਂ ਵਾਲੀਆਂ ਨੀਤੀਆਂ ਵਿੱਚੋਂ ਹੋਰ ਕੋਈ ਗੱਲ ਮੰਨਣ ਜਾਂ ਨਾ, ਸਿਆਸੀ ਖੇਤਰ ਦੀ ਹਰ ਤਿਗੜਮਬਾਜ਼ੀ ਲਈ ਉਨ੍ਹਾਂ ਵਾਲੇ ਹਰ ਪੈਂਤੜੇ ਨੂੰ ਵਰਤ ਸਕਦੇ ਹਨ। ਅਰਵਿੰਦ ਕੇਜਰੀਵਾਲ ਅਤੇ ਕਾਂਗਰਸੀ

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਆਗੂ ਇਸ ਸਥਿਤੀ ਨੂੰ ਵਕਤ ਸਿਰ ਨਹੀਂ ਸਮਝ ਸਕੇ ਅਤੇ ਘਟਨਾਵਾਂ ਬਾਰੇ ਮੀਡੀਏ ਦੀਆਂ ਉਨ੍ਹਾਂ ਵੱਡੀਆਂ ਖਬਰਾਂ ਵੱਲ ਵੇਖਦੇ ਰਹੇ ਸਨ, ਜਿਹੜੀਆਂ ਪਲ-ਦੋ ਪਲ ਪਿੱਛੋਂ ਬਦਲ ਜਾਣ ਤਾਂ ਆਮ ਲੋਕਾਂ ਨੂੰ ਯਾਦ ਨਹੀਂ ਰਹਿੰਦੀਆਂ। ਦੇਸ਼ ਦੀ ਰਾਜਨੀਤੀ ਵਿੱਚ ਕਈ ਕੁਝ ਹੋਰ ਵੀ ਸਬਕ ਸਿਖਾਉਣ ਵਾਲਾ ਵਾਪਰਦਾ ਹੈ, ਜਿਸ ਤੋਂ ਸਿੱਖਣ ਦੀ ਲੋੜ ਮਹਿਸੂਸ ਹੁੰਦੀ ਹੈ, ਪਰ ਸਿਆਸਤ ਦੇ ਆਕਾਸ਼ ਵਿੱਚ ਇੱਕਦਮ ਉੱਭਰੇ ਨੇਤਾ ਇਸ ਨੂੰ ਮਹਿਸੂਸ ਨਹੀਂ ਸਨ ਕਰ ਸਕੇ। ਉਹ ਸ਼ਤਰੰਜ ਦੀ ਖੇਡ ਦਾ ਇਹ ਗੁਰ ਵੀ ਨਹੀਂ ਸੀ ਸੋਚ ਸਕੇ ਕਿ ਜਦੋਂ ਸਭ ਪਿਆਦੇ ਕੁਝ ਕਰਨ ਜੋਗੇ ਨਹੀਂ ਰਹਿੰਦੇ, ਓਦੋਂ ਢਾਈ ਘਰ ਵਾਲੇ ਛੜੱਪੇ ਮਾਰ ਦੇਣ ਵਾਲਾ ਘੋੜਾ ਕਈ ਵਾਰ ਸਾਰੀ ਖੇਡ ਇੱਕਦਮ ਬਦਲ ਦੇਂਦਾ ਹੁੰਦਾ ਹੈ। ਰਾਜਨੀਤੀ ਇਸ ਤੋਂ ਵੱਖਰੀ ਨਹੀਂ ਤੇ ਇਸ ਵਿੱਚ ਵੀ ਸ਼ਤਰੰਜੀ ਘੋੜਿਆਂ ਦੀ ਵਰਤੋਂ ਇਸ ਤਰ੍ਹਾਂ ਕੀਤੀ ਜਾਂਦੀ ਹੈ ਕਿ ਸਾਰੀ ਖੇਡ ਪਲਟ ਸਕਦੀ ਹੈ।

ਮਹੂਆ ਮੋਇਤਰਾ ਪੱਛਮੀ ਬੰਗਾਲ ਦੀ ਤੇਜ਼-ਤਰਾਰ ਪਾਰਲੀਮੈਂਟ ਮੈਂਬਰ ਸੀ ਤੇ ਮਮਤਾ ਬੈਨਰਜੀ ਦੀ ਪਾਰਟੀ ਦੀ ਧੜੱਲੇਦਾਰ ਆਗੂ ਵਜੋਂ ਲੋਕ ਸਭਾ ਵਿੱਚ ਕੇਂਦਰ ਸਰਕਾਰ ਨੂੰ ਵਾਹਣੀਂ ਪਾਉਣ ਤੱਕ ਜਾਂਦੀ ਸੀ। ਫਿਰ ਉਹ ਵੀ ਚਾਲ ਵਿੱਚ ਫਸ ਗਈ ਅਤੇ ਇੱਕ ਕਾਰੋਬਾਰੀ ਬੰਦੇ ਨਾਲ ਏਹੋ ਜਿਹੀ ਸਿਆਸੀ ਸਾਂਝ ਪਾ ਬੈਠੀ ਕਿ ਆਪਣੀ ਪਾਰਲੀਮੈਂਟ ਮੈਂਬਰ ਵਾਲੀ ਈਮੇਲ ਦਾ ਪਾਸਵਰਡ ਤੱਕ ਉਸ ਨੂੰ ਦੱਸ ਕੇ ਆਪਣੇ ਵੱਲੋਂ ਕੋਈ ਸੁਨੇਹੇ ਪਾਉਣ ਦਾ ਰਾਹ ਦੇ ਦਿੱਤਾ। ਉਸ ਦੇ ਵਿਰੋਧੀਆਂ ਨੂੰ ਏਸੇ ਘੜੀ ਦੀ ਉਡੀਕ ਸੀ ਅਤੇ ਢਿੱਲੀ ਡੋਰ ਛੱਡ ਕੇ ਉਡੀਕਦੇ ਵਿਰੋਧੀਆਂ ਨੂੰ ਜਦੋਂ ਇਹ ਪਤਾ ਲੱਗਾ ਤਾਂ ਅਗਲੇ ਪੈਰ ਉੱਤੇ ਉਨ੍ਹਾਂ ਉਸ ਨੂੰ ਪੈਰਾਂ ਤੋਂ ਕੱਢ ਦਿੱਤਾ। ਅਰਵਿੰਦ ਕੇਜਰੀਵਾਲ ਦੀ ਟੀਮ ਤੋਂ ਵੀ ਇਹੋ ਗਲਤੀ ਹੋਈ ਹੋ ਸਕਦੀ ਹੈ ਕਿ ਉਹ ਦਿੱਲੀ ਦੀ ਐਕਸਾਈਜ਼ ਨੀਤੀ, ਜਿਸ ਨੂੰ ਆਮ ਲੋਕਾਂ ਦੀ ਬੋਲੀ ਵਿੱਚ 'ਸ਼ਰਾਬ ਨੀਤੀ' ਵੀ ਕਿਹਾ ਜਾਂਦਾ ਹੈ, ਦੇ ਮਾਮਲੇ ਵਿੱਚ ਉਨ੍ਹਾਂ ਕਾਰੋਬਾਰੀਆਂ ਨਾਲ ਗੱਲਬਾਤ ਕਰਦੇ ਰਹੇ, ਜਿਹੜੇ ਪਿਛਲੇ ਸਮੇਂ ਵਿੱਚ ਇਸ ਦੇਸ਼ ਦੇ ਸਾਰੇ ਰਾਜਾਂ ਦੇ ਹਾਕਮਾਂ ਨਾਲ ਮਿਲ ਕੇ ਇਹ ਕਾਰੋਬਾਰ ਕਰਦੇ ਰਹੇ ਸਨ। ਕਾਰੋਬਾਰੀ ਬੰਦਾ ਆਪਣੇ ਪੈਸੇ ਤੇ ਕਮਾਈ ਨੂੰ ਵੇਖਦਾ ਹੈ, ਉਸ ਦੀ ਕਿਸੇ ਨਾਲ ਪੱਕੀ ਸਾਂਝ ਜਾਂ ਪੱਕੀ ਵਿਰੋਧਤਾ ਨਹੀਂ ਹੁੰਦੀ। ਪੰਜਾਬ ਦਾ ਇੱਕ ਕਾਰੋਬਾਰੀ ਪਹਿਲਾਂ ਅਕਾਲੀ ਦਲ ਨੇ ਉਭਾਰਿਆ ਤੇ ਕਾਂਗਰਸ ਵਿਰੁੱਧ ਵਰਤਿਆ ਸੀ, ਕੈਪਟਨ ਅਮਰਿੰਦਰ ਸਿੰਘ ਅੱਗੇ ਆਇਆ ਤਾਂ ਪਹਿਲੇ ਹਫਤੇ ਉਸ ਕਾਰੋਬਾਰੀ ਨੇ ਨਵੀਂ ਸਰਕਾਰ ਨਾਲ ਸਾਂਝ ਦੀ ਤੰਦ ਜੋੜਨ ਦਾ ਪ੍ਰਬੰਧ ਕਰ ਲਿਆ ਤੇ ਅਕਾਲੀ ਆਗੂਆਂ ਵੱਲੋਂ ਅੱਖੀਆਂ ਫੇਰਨ ਦਾ ਪ੍ਰਭਾਵ ਦੇਣਾ ਸ਼ੁਰੂ ਕਰ ਦਿੱਤਾ ਸੀ। ਹਰ ਰਾਜ ਵਿੱਚ ਏਹੋ ਜਿਹੇ ਬੰਦੇ ਹਰ ਪਾਰਟੀ ਦੀ ਸੇਵਾ ਲਈ ਹਰ ਵੇਲੇ ਤਿਆਰ ਮਿਲ ਸਕਦੇ ਹਨ, ਪਰ ਉਨ੍ਹਾਂ ਨਾਲ ਸਾਂਝ ਕਿੱਦਾਂ ਅਤੇ ਕਿਸ ਹੱਦ ਤੱਕ ਰੱਖੀ ਜਾਣੀ ਹੈ, ਇਹ ਚੇਤੇ ਰੱਖਣ ਦੀ ਲੋੜ ਸਿਆਸਤ ਦੇ ਧਨੰਤਰਾਂ ਨੂੰ ਹੁੰਦੀ ਹੈ। ਕੇਜਰੀਵਾਲ ਟੀਮ ਨੇ ਕੋਈ ਨਵਾਂ ਬੰਦਾ ਨਹੀਂ ਸੀ ਲੱਭਿਆ, ਕਈ ਸਰਕਾਰਾਂ ਤੇ ਆਗੂਆਂ ਨਾਲ ਸਾਂਝ ਰੱਖ ਚੁੱਕਾ ਬੰਦਾ ਹੀ ਮਿਲ ਗਿਆ ਤੇ ਉਹ ਭੇਦ ਵੀ ਗੁਪਤ ਰੱਖਣ ਦਾ ਆਦੀ ਸੀ, ਪਰ ਜਦੋਂ ਈ ਡੀ ਵੱਲੋਂ ਛਾਪੇ ਪੈਣ ਲੱਗੇ ਤਾਂ ਇੱਕ ਵੀ ਝਟਕਾ ਨਹੀਂ ਸੀ ਝੱਲ ਸਕਿਆ ਤੇ 'ਜ਼ੋਰਾਵਰ ਦਾ ਸੱਤੀਂ ਵੀਹੀਂ ਸੌ' ਦਾ ਮੁਹਾਵਰਾ ਸਮਝ ਕੇ ਉਨ੍ਹਾਂ ਨੂੰ ਦੇਣ ਲਈ ਚੋਣ ਬਾਂਡ ਖਰੀਦਣ ਤੁਰ ਪਿਆ ਸੀ। ਕੇਜਰੀਵਾਲ ਟੀਮ ਦੇ ਖਿਲਾਫ ਵਾਅਦਾ ਮੁਆਫ ਗਵਾਹ ਵੀ ਉਹੀ ਬੰਦਾ ਬਣਿਆ ਹੈ।

ਏਥੇ ਆਣ ਕੇ ਕੁਝ ਸਿਆਸੀ ਮਾਹਰਾਂ ਦੇ ਕਿਆਫੇ ਸੁਣਨ ਨੂੰ ਮਿਲਣ ਲੱਗੇ ਹਨ। ਕੁਝ ਲੋਕ ਕਹਿੰਦੇ ਹਨ ਕਿ ਕੇਸ ਭਾਵੇਂ ਮਹੂਆ ਮੋਇਤਰਾ ਦਾ ਹੋਵੇ ਤੇ ਭਾਵੇਂ ਕਿਸੇ ਕੇਜਰੀਵਾਲ ਦਾ, ਉਨ੍ਹਾਂ ਵਿਰੁੱਧ ਵਰਤੇ ਗਏ ਕਾਰੋਬਾਰੀ ਇਨ੍ਹਾਂ ਦੇ ਨਾਲ ਆਪਣੇ ਆਪ ਨਹੀਂ ਸਨ ਲੱਗੇ, ਉਹ ਮੱਛੀ ਫਸਾਉਣ ਲਈ ਕੁੰਡੀ ਵਿੱਚ ਟੰਗੀ ਮਾਸ ਦੀ ਬੋਟੀ ਵਾਂਗ ਗਿਣ-ਮਿਥ ਕੇ ਵਰਤੇ ਗਏ ਸਨ। ਗੱਲ ਇਹ ਏਸੇ ਤਰ੍ਹਾਂ ਵੀ ਹੋ ਸਕਦੀ ਹੈ ਤੇ ਇਹ ਵੀ ਕਿ ਉਹ ਮੋਟੀ ਕਮਾਈ ਹਰ ਪਾਰਟੀ ਤੋਂ ਕਰਦੇ ਰਹਿਣ ਦੇ ਆਦੀ ਹੋਣ ਕਾਰਨ ਨਵੀਂ ਉੱਠੀ ਧਿਰ ਕੋਲੋਂ ਵੱਡੀ ਝਾਕ ਰੱਖਦੇ ਹੋਣ ਅਤੇ ਗੱਲ ਜਦੋਂ ਵਿਗੜ ਗਈ ਤਾਂ ਪੈਸਾ ਮੁੱਖ ਰੱਖਣ ਵਾਲੇ ਉਹੀ ਲੋਕ ਝੱਟ ਦੇਣੀ ਵੱਡੀ ਧਿਰ ਦੇ ਫਰਮਾ-ਬਰਦਾਰ ਬਣਨ ਲਈ ਮੰਨ ਗਏ ਹੋਣ। ਦੋਵਾਂ ਗੱਲਾਂ ਵਿੱਚੋਂ ਕੋਈ ਵੀ ਹੋਵੇ, ਸੱਚ ਤਾਂ ਇਹੋ ਹੈ ਕਿ ਪੁਰਾਣਿਆਂ ਦੇ ਹੱਥੋਂ ਸਿਆਸਤ ਦੇ ਨਵੇਂ ਖਿਡਾਰੀ ਦਾਅਪੇਚਕ ਖੇਡ ਦੇ ਦੌਰਾਨ ਮਾਰ ਖਾ ਗਏ ਹਨ। ਉਂਜ ਇਹ ਮਾਰ ਉਨ੍ਹਾਂ ਨੇ ਪਹਿਲੀ ਵਾਰ ਵੀ ਨਹੀਂ ਖਾਧੀ। ਜਦੋਂ ਅੰਨਾ ਹਜ਼ਾਰੇ ਦੀ ਲਹਿਰ ਸਿਖਰ ਨੂੰ ਜਾਂਦੀ ਦਿਖਾਈ ਦੇਂਦੀ ਸੀ, ਅਚਾਨਕ ਇਸ ਵਿੱਚ ਭਾਰਤ ਦੀ ਬਹੁ-ਚਰਚਿਤ ਸਾਬਕਾ ਪੁਲਸ ਅਫਸਰ ਕਿਰਨ ਬੇਦੀ ਸ਼ਾਮਲ ਹੋ ਗਈ ਸੀ ਤੇ ਅਰਵਿੰਦ ਕੇਜਰੀਵਾਲ ਸਮੇਤ ਸਾਰੇ ਜਣੇ ਉਸ ਬੀਬੀ ਨੂੰ ਮੂਹਰੇ ਕਰ ਕੇ ਖੁਸ਼ ਹੋ ਰਹੇ ਸਨ। ਅਗਲੀ ਵਿਧਾਨ ਸਭਾ ਚੋਣ ਮੌਕੇ ਭੇਦ ਖੁੱਲ੍ਹਾ ਸੀ ਕਿ ਕਿਰਨ ਬੇਦੀ ਉਸ ਲਹਿਰ ਵਿੱਚ ਇਨ੍ਹਾਂ ਨਾਲ ਖੜੇ ਹੋਣ ਦੇ ਪ੍ਰਭਾਵ ਉਹਲੇ ਵੀ ਭਾਜਪਾ ਨਾਲ ਸਾਂਝ ਰੱਖਦੀ ਰਹੀ ਸੀ ਤੇ ਇਹ ਗੱਲ ਖੁਦ ਉਸ ਨੇ ਪਾਂਡੀਚਰੀ ਦੀ ਗਵਰਨਰ ਬਣਨ ਪਿੱਛੋਂ ਜਨਤਕ ਤੌਰ ਉੱਤੇ ਮੰਨ ਲਈ ਸੀ। ਜਦੋਂ ਇਹ ਝਟਕਾ ਲੱਗ ਚੁੱਕਾ ਸੀ ਤਾਂ ਕੇਜਰੀਵਾਲ ਟੀਮ ਨੂੰ ਇਸ ਤੋਂ ਸਬਕ ਸਿੱਖਣ ਦੀ ਲੋੜ ਸੀ, ਪਰ ਰਾਜਸੀ ਖੇਤਰ ਦੇ ਘੁਲਾਟੀਏ ਕਿਸੇ ਤੋਂ ਸਿੱਖਣ ਦੀ ਲੋੜ ਨਹੀਂ ਸਮਝਦੇ, ਉਹ ਖੁਦ ਨੂੰ ਸਭ ਤੋਂ ਸਿਆਣਾ ਮੰਨ ਕੇ ਚੱਲਦੇ ਹਨ।

ਸਵਾਲ ਫਿਰ ਓਥੇ ਦਾ ਓਥੇ ਹੈ ਕਿ ਜਦੋਂ ਲੋਕ ਸਭਾ ਚੋਣਾਂ ਸਿਰ ਉੱਤੇ ਹਨ ਤੇ ਰਾਜਸੀ ਖੇਤਰ ਦੀ ਭੁਚਾਲੀ ਘਟਨਾ ਵਾਂਗ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਦੀ ਨੌਬਤ ਆ ਚੁੱਕੀ ਹੈ, ਓਦੋਂ ਭਾਰਤ ਦੇ ਲੋਕ ਇਸ ਨਾਲ ਕਿੱਦਾਂ ਦਾ ਪ੍ਰਭਾਵ ਕਬੂਲਣਗੇ ਅਤੇ ਕਿੱਦਾਂ ਦਾ ਮੂਡ ਬਣਾ ਸਕਦੇ ਹਨ! ਕਈ ਕਾਹਲੇ ਵਿਆਖਿਆਕਾਰ ਖੜੇ ਪੈਰ ਕਹਿਣ ਲੱਗੇ ਹਨ ਕਿ ਇਹ ਘਟਨਾ-ਕਰਮ ਚੋਣਾਂ ਵਿੱਚ ਕੇਂਦਰ ਸਰਕਾਰ ਦੀ ਅਗਵਾਈ ਕਰਦੀ ਭਾਜਪਾ ਦੇ ਖਿਲਾਫ ਮਾਹੌਲ ਦੀ ਨੀਂਹ ਬਣ ਸਕਦਾ ਹੈ, ਪਰ ਸਿਰਫ ਬਣ ਹੀ ਸਕਦਾ ਹੈ, ਯਕੀਨਨ ਏਦਾਂ ਹੋ ਜਾਵੇਗਾ, ਇਹ ਕੋਈ ਨਹੀਂ ਕਹਿ ਸਕਦਾ। ਭਾਰਤ ਦੇ ਆਮ ਲੋਕਾਂ ਦੀ ਮਾਨਸਿਕਤਾ ਆਪਣੀ ਥਾਂ ਹੈ, ਕੇਂਦਰ ਸਰਕਾਰ ਦੀ ਅਗਵਾਈ ਕਰਦੀ ਜਿਸ ਧਿਰ ਵਿਰੁੱਧ ਪ੍ਰਭਾਵ ਬਣ ਜਾਣ ਦੇ ਕਿਆਫੇ ਲੱਗਦੇ ਹਨ, ਉਹ ਇਕੱਲੇ ਕੇਜਰੀਵਾਲ-ਕਾਂਡ ਉੱਤੇ ਟੇਕ ਨਹੀਂ ਰੱਖ ਰਹੀ, ਲੰਮੇ ਸਮੇਂ ਤੋਂ ਅਗਲੀਆਂ ਚੋਣਾਂ ਦੀ ਤਿਆਰੀ ਲਈ ਧਾਰਮਕ ਭਾਵਨਾਵਾਂ ਨੂੰ ਉਭਾਰਨ ਸਮੇਤ ਕਈ ਨੁਸਖੇ ਵਰਤਦੀ ਆਈ ਹੈ। ਮੁਕਾਬਲਾ ਕਰਨ ਲਈ ਖੜੇ ਹੋਣਾ ਹੋਵੇ ਤਾਂ ਜਿਸ ਕਿਸੇ ਦਾ ਮੁਕਾਬਲਾ ਕਰਨਾ ਹੋਵੇ, ਸਭ ਤੋਂ ਪਹਿਲਾਂ ਆਪਣੀ ਨੀਤੀ ਭੁਲਾ ਕੇ ਉਸ ਦੀ ਨੀਤੀ ਸਮਝਣ ਦੀ ਕੋਸ਼ਿਸ਼ ਕਰਨੀ ਪੈਂਦੀ ਹੈ। ਇਹ ਗੱਲ ਇਸ ਲਈ ਵੀ ਜ਼ਰੂਰੀ ਹੈ ਕਿ ਅਸੀਂ ਜਿਹੜੀ ਗੱਲ ਪਿਛਲੇ ਲੇਖ ਵਿੱਚ ਲਿਖਣ ਪਿੱਛੋਂ ਅਜੋਕੇ ਲੇਖ ਦੇ ਸ਼ੁਰੂ ਵਿੱਚ ਵੀ ਦਰਜ ਕੀਤੀ ਹੈ, ਸੱਚ ਇਹ ਹੀ ਹੈ ਕਿ 'ਇਸ ਵਕਤ ਭਾਰਤ ਦੀ ਰਾਜਨੀਤੀ ਦਾ ਮਹਾਂ-ਕੁੰਭ ਮੰਨੀ ਜਾਂਦੀ ਲੋਕ ਸਭਾ ਚੋਣ ਲਈ ਅਖਾੜੇ ਵਿੱਚ ਮੁੱਢਲਾ ਭੜਥੂ ਪੈਣਾ ਸ਼ੁਰੂ ਹੋ ਚੁੱਕਾ ਹੈ। ਪੁਰਾਣੀ ਦੁਕਾਨਦਾਰੀ ਦਾ ਨਿਯਮ ਇਹ ਸੀ ਕਿ ਆਪਣੀ ਦੁਕਾਨ ਉੱਤੇ ਏਨਾ ਚੰਗਾ ਮਾਲ ਰੱਖਿਆ ਜਾਵੇ ਕਿ ਹਰ ਗਾਹਕ ਦਾ ਧਿਆਨ ਹੋਰਨਾਂ ਤੋਂ ਵੱਧ ਇਸ ਦੁਕਾਨ ਵੱਲ ਰਹੇ, ਪਰ ਅੱਜ ਦੁਕਾਨਦਾਰੀ ਇਸ ਨਵੇਂ ਅਸੂਲ ਉੱਪਰ ਆਧਾਰਤ ਵੱਧ ਸਫਲ ਮੰਨੀ ਜਾਂਦੀ ਹੈ ਕਿ ਆਪਣੀ ਦੁਕਾਨ ਦਾ ਘੱਟ ਅਤੇ ਮੁਕਾਬਲੇ ਦੇ ਦੁਕਾਨਦਾਰ ਵੱਲ ਧਿਆਨ ਵੱਧ ਰੱਖੋ ਤੇ ਆਪਣੀ ਦੁਕਾਨ ਸੁਧਾਰਨ ਦੀ ਥਾਂ ਉਸ ਦੀ ਦੁਕਾਨ ਬੰਦ ਕਰਨ ਉੱਤੇ ਜ਼ੋਰ ਲਾ ਦਿਉ।' ਸ਼ਾਇਦ ਇਹ ਦਾਅ ਅਗਲੀ ਚੋਣ ਲਈ ਰਾਜਨੀਤਕ ਪੈਂਤੜੇ ਵਜੋਂ ਇੱਕ ਲੁਕਮਾਨੀ ਨੁਸਖਾ ਬਣਨ ਵਾਲਾ ਹੈ। ਰਾਜਨੀਤੀ ਦਾ ਸ਼ਤਰੰਜੀ ਘੋੜਾ ਢਾਈ ਘਰ ਵਾਲੀ ਚਾਲ ਕਦੋਂ ਅਤੇ ਕਿਸ ਪਾਸੇ ਵੱਲ ਚੱਲ ਜਾਂਦਾ ਹੈ, ਇਸ ਦੀ ਥਾਹ ਪਾਉਣਾ ਕਈ ਵਾਰ ਵੱਡੇ-ਵੱਡੇ ਧਨੰਤਰਾਂ ਦੇ ਵੱਸ ਦੀ ਗੱਲ ਵੀ ਨਹੀਂ ਹੁੰਦਾ।

# ਤਾਂ ਕਿ 'ਅੱਬ ਕੀ ਬਾਰ ਵਿਰੋਧੀ ਸਰਕਾਰ' ਹੋਵੇ

ਚੋਣਾਂ ਦਾ ਬਿਗਲ ਵੱਜਣ ਤੋਂ ਬਾਅਦ ਭਾਵੇਂ ਜਨਤਾ ਦੀ ਹਿਲ-ਜੁਲ ਤੋਂ ਪੁਰਾਣੀ ਸ਼ਮੂਲੀਅਤ ਦਾ ਪ੍ਰਭਾਵ ਨਹੀਂ ਦਿਸ ਰਿਹਾ। ਕਈ ਵਾਰ ਇਵੇਂ ਵੀ ਲੱਗਦਾ ਹੈ, ਜਿਵੇਂ ਜਨਤਾ ਸਿਆਸੀ ਪਾਰਟੀਆਂ ਦੇ ਵੱਖ-ਵੱਖ ਨਾਅਰਿਆਂ ਤੋਂ ਉਕਤਾ ਗਈ ਹੋਵੇ। ਕੋਈ ਸਖ਼ਤ ਜ਼ਾਬਤਾ ਨਾ ਹੋਣ ਕਰਕੇ ਸਭ ਪਾਰਟੀਆਂ ਜਾਂ ਗਰੁੱਪ ਸਮੇਂ-ਸਮੇਂ ਮੁਤਾਬਕ ਆਪਣੇ ਝੂਠ ਨੂੰ ਵੱਖ-ਵੱਖ ਵਾਅਦਿਆਂ ਅਤੇ ਕਸਮਾਂ ਵਿੱਚ ਵਲੇਟ ਕੇ ਜਨਤਾ ਅੱਗੇ ਪਰੋਸਦੀ ਰਹਿੰਦੀ ਹੈ। ਲੋੜ ਪੈਣ 'ਤੇ ਸਮਾਂ ਆਉਣ 'ਤੇ ਜਾਂ ਜਿੱਤਣ ਤੋਂ ਬਾਅਦ ਆਪਣੇ ਵਾਅਦਿਆਂ ਅਤੇ ਕਸਮਾਂ ਨੂੰ ਜੁਮਲਾ ਆਖਣ ਤੱਕ ਤੁਰ ਪੈਂਦੀ ਹੈ। ਜਿੱਤਣ ਤੋਂ ਬਾਅਦ ਜਨਤਾ ਨੂੰ ਸਵਾਲ ਕਰਦੇ ਹਨ ਕਿ ਤੁਸੀਂ ਸੱਚ-ਮੁੱਚ ਸਾਡੀਆਂ ਗੱਲਾਂ 'ਤੇ ਯਕੀਨ ਕਰਕੇ ਵੋਟਾਂ ਪਾਈਆਂ ਸਨ? ਪਰ ਜਨਤਾ ਜੀ ਉਹ ਤਾਂ 'ਜੁਮਲੇ' ਸਨ। ਜੁਮਲਿਆਂ 'ਤੇ ਕਦੇ ਵੀ ਯਕੀਨ ਨਹੀਂ ਕਰਨਾ ਚਾਹੀਦਾ। ਅਜਿਹਾ ਸੁਣ ਕੇ ਫਿਰ ਭੋਲੀ-ਭਾਲੀ ਜਨਤਾ ਸਮਝਦੀ ਹੈ ਕਿ ਅਸੀਂ ਤਾਂ ਸੱਚਮੁੱਚ ਠੱਗੇ ਗਏ ਹਾਂ।

ਚੋਣ ਐਲਾਨ ਤੋਂ ਬਾਅਦ ਸਭ ਪਾਰਟੀਆਂ 'ਚ ਟੁੱਟ-ਭੱਜ ਸ਼ੁਰੂ ਹੋ ਗਈ ਹੈ। ਉਹ ਲੋਕ ਵੀ ਪਾਰਟੀ ਝੱਟ ਬਦਲ ਲੈਂਦੇ ਹਨ, ਜੋ ਅਜਿਹੇ ਮੌਕੇ ਦੀ ਭਾਲ 'ਚ ਹੁੰਦੇ ਹਨ। ਉਹ ਸੱਚੇ ਸਿਪਾਹੀ ਵੀ ਅਖਵਾਉਣ ਵਾਲੇ ਟਿਕਟ ਨਾ ਮਿਲਦੀ ਦੇਖ ਕੇ ਤੁਰੰਤ ਨਵੇਂ ਖੁੱਡੇ ਵਿੱਚ ਵੜਨ ਨੂੰ ਪਹਿਲ ਦਿੰਦੇ ਹਨ। ਕਈਆਂ ਨੂੰ ਉਨ੍ਹਾ ਦੀਆਂ ਕਰਤੂਤਾਂ ਦੇਖ ਕੇ ਪਾਰਟੀ ਸੰਬੰਧਤ ਨੇਤਾ ਨੂੰ ਬਾਹਰ ਦਾ ਰਸਤਾ ਦਿਖਾ ਦਿੰਦੀ ਹੈ। ਚੋਣ ਕੁੰਭ ਮੇਲੇ ਵਿੱਚ ਜ਼ਮੀਰਾਂ ਦੇ ਸੌਦੇ ਵੀ ਆਮ ਹੁੰਦੇ ਹਨ। ਠੀਕ ਭਾਅ ਅਤੇ ਅਹੁਦਾ ਮਿਲਣ 'ਤੇ ਟਾਈਪ ਕੀਤਾ ਭਾਸ਼ਣ ਜਾਂ ਡਾਇਲਾਗ ਬੋਲ ਦਿੱਤਾ ਜਾਂਦਾ ਹੈ।

ਸਭ ਪਾਰਟੀਆਂ ਨੇ ਵਧੀਆ ਵਾਸ਼ਿੰਗ ਮਸ਼ੀਨਾਂ ਦਾ ਪ੍ਰਬੰਧ ਕੀਤਾ ਹੋਇਆ ਹੈ। ਗੱਲ ਬਾਅਦ 'ਚ ਕਰਦੇ ਹਨ, ਝੱਟ ਵਾਸ਼ਿੰਗ ਮਸ਼ੀਨ ਪਾ ਲੈਂਦੇ ਹਨ। ਕਈ ਜਿਵੇਂ ਕਸਮਾਂ ਖਾ ਕੇ ਜਾਂਦੇ ਹਨ, ਉਹ ਉਵੇਂ ਹੀ ਕਸਮ ਖਾ ਕੇ ਵਾਪਸ ਆ ਜਾਂਦੇ ਹਨ। ਅਜਿਹੇ ਸਮੁੱਚੇ ਲੋਕ ਪਵਿੱਤਰ ਜਮਹੂਰੀਅਤ ਕਿਰਦਾਰ ਨੂੰ ਗੰਧਲਾ ਕਰ ਦਿੰਦੇ ਹਨ। ਹਾਲਾਤ ਤਾਂ ਇੱਥੋਂ ਤੱਕ ਪਹੁੰਚ ਗਏ ਹਨ ਕਿ ਜਦ ਦੇਸ਼ ਦੇ ਸਿਖਰਲੇ ਨੇਤਾ ਦੂਜੀ ਪਾਰਟੀ ਦੇ ਨੇਤਾਵਾਂ ਨੂੰ ਕੁਰੱਪਸ਼ਨ ਗਲਤਾਨ ਦੱਸ ਰਹੇ ਹੁੰਦੇ ਹਨ। ਅਜਿਹੀ ਖ਼ਬਰ ਛਪਣ ਤੋਂ ਫੌਰਨ ਬਾਅਦ ਦੋਵੇਂ ਧਿਰਾਂ ਇੱਕ-ਦੂਜੇ ਦੇ ਗਲ ਲੱਗ ਰਹੀਆਂ ਹੁੰਦੀਆਂ ਹਨ। ਮਹਾਰਾਸ਼ਟਰ 'ਚੋਂ ਅਜਿਹੀਆਂ ਮਿਸਾਲਾਂ ਲੱਭੀਆਂ ਜਾ ਸਕਦੀਆਂ ਹਨ ਜਾਂ ਆਮ ਮਿਲ ਜਾਂਦੀਆਂ ਹਨ।

ਅੱਜ-ਕੱਲ੍ਹ ਹਫ਼ਤੇ 'ਚ ਇੱਕ-ਦੋ ਸੁਪਰੀਮ ਕੋਰਟ ਦੇ ਫੈਸਲੇ ਜਾਂ ਟਿੱਪਣੀਆਂ ਸੁਣੀਆਂ ਜਾਂ ਪੜ੍ਹੀਆਂ ਜਾ ਸਕਦੀਆਂ ਹਨ। ਜੋ ਅਕਸਰ ਰਾਜ ਕਰਦੀਆਂ ਪਾਰਟੀਆਂ ਦੀਆਂ ਵਧੀਕੀਆਂ ਸੰਬੰਧੀ ਹੁੰਦੀਆਂ ਹਨ। ਭਾਵ ਕਈ ਕਾਨੂੰਨਾਂ ਦੀਆਂ ਧੱਜੀਆਂ ਰਾਜ ਕਰਦੀ (ਸੂਬੇ ਜਾਂ ਕੇਂਦਰ) ਪਾਰਟੀ ਵੱਲੋਂ ਉਡਾਈਆਂ ਜਾਂਦੀਆਂ ਹਨ। ਸਾਲਾਂਬੱਧੀ ਈ ਡੀ ਜਾਂ ਹੋਰ ਏਜੰਸੀ ਵੱਲੋਂ ਬਹਾਨਾ ਬਣਾ ਕੇ ਚਲਾਨ

**ਸੁਲਘਦੇ ਸਵਾਲ**

**ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ**

ਪੇਸ਼ ਨਹੀਂ ਕੀਤੇ ਜਾਂਦੇ, ਜਿਸ ਵਿੱਚ ਸੰਬੰਧਤ ਵਿਅਕਤੀ ਦੀ ਆਜ਼ਾਦੀ ਦਾ ਸਵਾਲ ਹੁੰਦਾ ਹੈ। ਕੁਝ ਦਿਨ ਪਹਿਲਾਂ ਹੀ ਸੁਪਰੀਮ ਕੋਰਟ ਦੇ ਡਬਲ ਬੈਂਚ ਨੇ ਈ ਡੀ ਨੂੰ ਇਸ ਕਰਕੇ ਸਖ਼ਤ ਝਾੜ ਪਾਈ ਕਿ ਕਿਵੇਂ ਤੁਸੀਂ ਝਾਰਖੰਡ ਦੇ ਸਿਆਸੀ ਨੇਤਾ ਨੂੰ ਬਿਨਾਂ ਕੇਸ ਚਲਾਏ ਦੋ ਸਾਲ ਤੋਂ ਵੱਧ ਸਮਾਂ ਜੇਲ੍ਹ 'ਚ ਰੱਖਿਆ ਹੈ? ਅਜਿਹਾ ਤੁਸੀਂ ਕਰ ਨਹੀਂ ਸਕਦੇ, ਪਰ ਸੰਬੰਧਤ ਸੈਂਟਰ ਸਰਕਾਰ ਆਪਣੇ-ਆਪ ਨੂੰ ਸਭ ਕਾਨੂੰਨਾਂ ਤੋਂ ਉਪਰ ਸਮਝਦੀ ਹੈ। ਮਨਮਾਨੀਆਂ ਕਰਦੀ ਰਹਿੰਦੀ ਹੈ, ਜਿਸ ਕਰਕੇ ਸੁਪਰੀਮ ਕੋਰਟ ਟਿੱਪਣੀ ਕਰਨ ਲਈ ਮਜਬੂਰ ਹੁੰਦੀ ਰਹਿੰਦੀ ਹੈ।

ਅਸੀਂ ਕੋਈ ਕਾਨੂੰਨ ਨੂੰ ਤੋੜਨ ਵਾਲਿਆਂ ਜਾਂ ਮੰਨਣ ਵਾਲਿਆਂ ਦੇ ਹੱਕ 'ਚ ਕਤਈ ਨਹੀਂ ਹਾਂ, ਪਰ ਕੁਝ ਗੱਲਾਂ ਦਾ ਰਾਜ ਕਰਦੀ ਸਰਕਾਰ ਅਤੇ ਉਸ ਦੀਆਂ ਵੱਖ-ਵੱਖ ਏਜੰਸੀਆਂ ਨੂੰ ਵੀ ਖਿਆਲ ਰੱਖਣਾ ਚਾਹੀਦਾ ਹੈ ਤਾਂ ਕਿ ਦੇਸ਼ ਦਾ ਮਹੌਲ ਨਾ ਵਿਗੜੇ। ਜਿਵੇਂ ਚੋਣ ਕਮਿਸ਼ਨ ਨੇ ਚੋਣਾਂ ਐਲਾਨ ਕਰਕੇ ਕਈ ਕੁਝ ਨਾ ਕਰਨ 'ਤੇ ਪਾਬੰਦੀ ਲਾ ਦਿੱਤੀ ਹੈ ਕਿ ਚੋਣਾਂ ਸਮੇਂ ਦੌਰਾਨ ਸਭ ਪਾਸੇ ਅਮਨ-ਅਮਾਨ ਰਹੇ। ਭਾਈਚਾਰਾ ਬਣਿਆ ਰਹੇ। ਲੋਕ ਸ਼ਾਂਤੀ ਨਾਲ ਸੋਚ ਸਕਣ, ਚੋਣਾਂ 'ਚ ਭਾਗ ਲੈ ਸਕਣ ਅਤੇ ਆਪਣਾ ਕੀਮਤੀ ਵੋਟ ਪਾਉਣ ਤੋਂ ਪਹਿਲਾਂ ਆਪਣਾ ਮਨ ਬਣਾ ਸਕਣ, ਪਰ ਅਜਿਹੇ ਸਭ ਕਾਸੇ ਦੇ ਉਲਟ ਜਾ ਕੇ ਈ ਡੀ ਨੇ ਚੋਣ ਮਹਾਂਉਤਸਵ 'ਚ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਨੂੰ ਫੜ ਕੇ ਜੇਲ੍ਹ ਸੁੱਟ ਦਿੱਤਾ ਹੈ। ਇਹ ਅੱਜ ਤੋਂ ਦੋ ਮਹੀਨੇ ਪਹਿਲਾਂ ਵੀ ਹੋ ਸਕਦਾ ਸੀ। ਅੱਜ ਤੋਂ ਦੋ ਮਹੀਨੇ ਬਾਅਦ ਵੀ ਹੋ ਸਕਦਾ ਸੀ। ਕੀ ਦਿੱਲੀ ਦੇ ਮੁੱਖ ਮੰਤਰੀ ਨੇ ਦੇਸ਼ 'ਚ ਬਾਹਰ ਨੱਸ ਜਾਣਾ ਸੀ? ਕੀ ਬਾਅਦ 'ਚ ਉਸ ਨੇ ਏਨਾ ਤਾਕਤਵਰ ਹੋ ਜਾਣਾ ਸੀ ਕਿ ਉਹ ਫੜਿਆ ਨਹੀਂ ਜਾਣਾ ਸੀ? ਅਜਿਹਾ ਬੇਮੌਕਾ ਕਰਕੇ ਤੁਸੀਂ ਕਈ ਸੂਬਿਆਂ ਨੂੰ ਅਸ਼ਾਂਤ ਕਰਨ ਦਾ ਮੌਕਾ ਦਿੱਤਾ ਹੈ। ਸੰਬੰਧਤ ਦੁਖੀ ਜਨਤਾ ਸੜਕਾਂ 'ਤੇ ਹੈ। ਗ੍ਰਿਫ਼ਤਾਰੀਆਂ ਦੇ ਰਹੀ ਹੈ। ਲਾਅ ਐਂਡ ਆਰਡਰ ਦੀ ਸਮੱਸਿਆ ਖੜੀ ਕਰ ਦਿੱਤੀ ਗਈ ਹੈ। ਸ਼ਾਇਦ ਅਜਿਹੇ ਕਾਂਡ ਨਾਲ ਤਾੜੀਆਂ ਮਾਰਨ ਵਾਲੀ ਧਿਰ ਲਈ 'ਦਿੱਲੀ ਹੋਰ ਦੂਰ' ਹੋ ਜਾਵੇ। ਜਿੱਥੋ ਉਹ ਧਿਰ ਸਾਲਾਂ ਤੋਂ ਬੇਦਖ਼ਲ ਹੋਈ ਪਈ ਹੈ।

ਇਸ ਘਟਨਾ ਤੋਂ ਬਾਅਦ ਹੋਏ ਸਰਵਿਆਂ ਨੇ ਦਰਸਾਇਆ ਹੈ ਕਿ ਈ ਡੀ ਤੇ ਬਾਕੀ ਬੇਲਗਾਮ ਹੋਈਆਂ ਏਜੰਸੀਆਂ ਨੂੰ ਨੱਥ ਨਾ ਪਾਉਣ ਕਰਕੇ, ਸਮੇਂ ਦੀ ਗਲਤ ਚੋਣ ਕਰਕੇ ਹਮਦਰਦੀ ਅੰਦਰ ਜਾਣ ਵਾਲੇ ਨਾਲ ਵੱਧ ਹੈ ਨਾ ਕਿ ਅੰਦਰ ਕਰਵਾਉਣ ਵਾਲਿਆਂ ਨਾਲ। ਸਮੁੱਚੀ ਵਿਰੋਧੀ ਧਿਰ ਅਤੇ ਜਨਤਾ ਅਜੋਕੀਆਂ ਵਧੀਕੀਆਂ ਨੂੰ ਦੇਖ-ਸੁਣ ਕੇ ਇਸ ਨੂੰ ਅਣਐਲਾਨੀ ਐਮਰਜੈਂਸੀ ਸਮਝ ਰਹੀ ਹੈ। ਸਰਕਾਰ ਧੱਕੇ ਨਾਲ ਹਰ ਵਿਭਾਗ 'ਚ ਦਖ਼ਲ-ਅੰਦਾਜ਼ੀ ਕਰ ਰਹੀ ਹੈ। ਧਨ ਦੇ ਬਲ ਚੁਣੇ ਹੋਏ ਨੁਮਾਇੰਦੇ ਖਰੀਦ ਕਰ ਰਹੀ ਹੈ, ਜਿਸ ਦੀ ਸਾਡਾ ਸੰਵਿਧਾਨ ਆਗਿਆ ਨਹੀਂ ਦਿੰਦਾ, ਉਸ ਧਰਮ ਨੂੰ ਚੋਣ ਪ੍ਰਚਾਰ 'ਚ ਘਸੀਟ ਕੇ ਲੋਕਾਂ ਦੀਆਂ ਭਾਵਨਾਵਾਂ ਨਾਲ ਵੋਟਾਂ ਦੀ ਖਾਤਰ ਖੇਡਿਆ ਜਾ ਰਿਹਾ ਹੈ।

ਜੇਕਰ 'ਅੱਬ ਕੀ ਵਾਰ ਚਾਰ ਸੌ ਪਾਰ' ਸੱਚ ਹੈ ਜਾਂ ਸੱਚ ਦੇ ਨੇੜੇ ਹੈ ਤਾਂ ਫਿਰ ਦੂਜੀਆਂ ਮਾੜੀਆਂ ਪਾਰਟੀਆਂ ਦੇ ਲੋਕ ਖਰੀਦੇ ਕਿਉਂ ਜਾਂਦੇ ਹਨ? ਆਪਣੀ ਪਾਰਟੀ 'ਚ ਸ਼ਾਮਲ ਕਿਉਂ ਕੀਤੇ ਜਾਂਦੇ ਹਨ? ਫਿਰ ਕਿਉਂ ਨਹੀਂ ਬੈਲਟ ਪੇਪਰਾਂ ਰਾਹੀਂ ਚੋਣ ਕਰਵਾਉਣ ਦੀ ਗੱਲ ਮੰਨੀ ਜਾਂਦੀ? ਫਿਰ ਕੁੱਲ ਦਿੱਤੇ ਸਿਆਸੀ ਪਾਰਟੀਆਂ ਨੂੰ ਚੰਦੇ ਦਾ ਸਤੱਤਰ ਫੀਸਦੀ ਇਕੱਲੀ ਭਾਜਪਾ ਨੇ ਕਿਉਂ ਲਿਆ। ਤੁਸੀਂ ਇਸ ਗੱਲ ਨਾਲੋਂ ਬਰੀ ਨਹੀਂ ਹੋ ਸਕਦੇ ਕਿ ਬਾਕੀ ਪਾਰਟੀਆਂ ਨੇ ਵੀ ਚੰਦੇ ਲਏ ਹਨ। ਸੰਸਾਰ ਦੀ ਸਭ ਤੋਂ ਵੱਡੀ ਪਾਰਟੀ ਦਾ ਰੌਲਾ ਪਾਉਣ ਵਾਲੀ ਪਾਰਟੀ ਨੂੰ ਅਜਿਹਾ ਸਭ ਸੋਭਦਾ ਨਹੀਂ। ਦਰਅਸਲ ਸੱਚ ਜੋ ਅਜੇ ਲੁਕਿਆ ਪਿਆ ਹੈ, ਉਹ ਕੁਝ ਹੋਰ ਹੈ ਜਾਂ ਹੋ ਸਕਦਾ ਹੈ। ਦਰਅਸਲ ਵਿਰੋਧੀ ਪਾਰਟੀਆਂ ਦੇ ਏਕੇ ਨੇ, ਜਿਸ 'ਚੋਂ ਬਹੁਤਾ ਏਕਾ ਇਨ੍ਹਾਂ ਦੀ ਬੇਅਸੂਲ ਲੜਾਈ ਕਰਕੇ ਹੋਇਆ ਹੈ, ਨੇ ਅੰਦਰੋ-ਅੰਦਰੀ ਇਨ੍ਹਾਂ ਦੀ ਨੀਂਦ ਹਰਾਮ ਕੀਤੀ ਹੋਈ ਹੈ, ਜੇ ਚੋਣਾਂ ਤੱਕ ਸਭ ਕੁਝ ਠੀਕ ਚੱਲਦਾ ਰਿਹਾ ਤਾਂ ਪਾਠਕ ਦੇਖਣਗੇ ਕਿ ਅਖੀਰ ਵੀਹ ਸੌ ਚੌਵੀ ਨੇ ਉੱਨੀ ਸੌ ਸਤੱਤਰ 'ਚ ਤਬਦੀਲ ਹੋਣ ਲਈ ਮਜਬੂਰ ਹੋ ਜਾਣਾ ਹੈ। ਇਸ ਕਰਕੇ ਜੋ ਭਾਰਤ ਦੀ ਆਜ਼ਾਦੀ ਅਤੇ ਇਸ ਦੀ ਉੱਨਤੀ ਲਈ ਵਚਨਬੱਧ ਹਨ, ਉਹ ਅੱਜ ਤੋਂ ਹੀ ਸਰਕਾਰ ਨੂੰ ਚੱਲਦਾ ਕਰਨ ਵਾਲੇ ਫਰੰਟ ਦਾ ਪਤਾ ਜਾਣ ਕੇ ਉਸ ਵਿੱਚ ਸ਼ਾਮਲ ਹੋਣ ਤਾਂ ਜੋ 'ਅੱਬ ਕੀ ਵਾਰ ਦਾ ਨਾਅਰਾ ਵਿਰੋਧੀ ਸਰਕਾਰ' 'ਚ ਤਬਦੀਲ ਹੋ ਸਕੇ।

*ਸੰਪਰਕ : 98721-65741*

# ਸੰਘਰਸ਼ ਕਰਦੇ ਲੋਕਾਂ ਦੇ ਏਕੇ ਲਈ ਤਾਂਘਦੇ ਲੋਕ-13

ਦੇਸ਼ ਦੀ ਆਜ਼ਾਦੀ ਦੇ ਕੁਝ ਸਾਲਾਂ ਬਾਅਦ ਹੀ ਲੋਕ ਹਿੱਤ ਵਾਲੀ ਵਿਚਾਰਧਾਰਾ ਨਾਲ ਜੁੜੇ ਲੋਕਾਂ ਦੇ ਮਨ ਵਿੱਚ ਇਸ ਆਜ਼ਾਦੀ ਪ੍ਰਤੀ ਕਈ ਕਿਸਮ ਦੇ ਤੌਖ਼ਲੇ ਉਤਪੰਨ ਹੋਣੇ ਸ਼ੁਰੂ ਹੋ ਗਏ ਸਨ। ਹਸਾਸ ਵਿਅਕਤੀ ਇਹ ਸੋਚਣ ਲਈ ਮਜਬੂਰ ਹੋ ਰਿਹਾ ਸੀ ਕਿ ਕੀ ਬੇਸ਼ੁਮਾਰ ਕੁਰਬਾਨੀਆਂ ਦੇ ਕੇ ਮਿਲੀ (ਲਈ) ਆਜ਼ਾਦੀ ਦਾ ਸਰੂਪ ਉਹੋ ਹੈ, ਜੋ ਆਜ਼ਾਦੀ ਘੁਲਾਟੀਆਂ ਨੇ ਚਿਤਵਿਆ ਸੀ? ਉੱਤਰ ਨਾਂਹ ਵਾਚਕ ਹੀ ਮਿਲ ਰਿਹਾ ਸੀ। ਪੰਜਾਬੀ ਸ਼ਾਇਰੀ ਵਿੱਚ ਅਜਿਹੀਆਂ ਚਿੰਤਾਮਈ ਸੋਚਾਂ ਦੀ ਨਿਸ਼ਾਨਦੇਹੀ ਹੋਈ ਵੀਹਵੀਂ ਸਦੀ ਦੇ ਛੇਵੇਂ ਦਹਾਕੇ ਵਿੱਚ ਹੀ ਮਿਲਣ ਲੱਗ ਗਈ ਸੀ। ਦੇਸ਼ ਦੀ ਆਜ਼ਾਦੀ, ਇਸ ਨਾਲ ਜੁੜੇ ਜਸ਼ਨਾਂ ਤੋਂ ਵਿਹਲੇ ਹੋਏ ਲੋਕ ਅਜਿਹੀ ਸ਼ਾਇਰੀ ਬਾਰੇ ਵੀ ਸੋਚਣ ਲੱਗ ਪਏ ਸਨ। ਉਸ ਸਮੇਂ ਪੰਜਾਬੀ ਸ਼ਾਇਰੀ ਵਿੱਚ ਪ੍ਰਗਤੀਸ਼ੀਲ ਲਹਿਰ ਜੋ ਆਰੰਭ ਤਾਂ ਭਾਵੇਂ ਕੁਝ ਦੇਰ ਪਹਿਲਾਂ ਹੋ ਗਈ ਸੀ, ਅੱਗੇ ਵਧਦੀ ਹੈ ਅਤੇ ਸ਼ਕਤੀਸ਼ਾਲੀ ਢੰਗ ਨਾਲ ਫੈਲਦੀ ਹੈ।

**ਲੋਕਾਂ ਦੀ ਗੱਲ**

**ਹਰਜਿੰਦਰ ਸਿੰਘ ਅਟਵਾਲ (ਡਾ.)**

ਭਾਰਤ ਪੱਧਰ 'ਤੇ 'ਪ੍ਰਗਤੀਸ਼ੀਲ ਲੇਖਕ ਸੰਘ' ਤੋਂ ਪ੍ਰੇਰਿਤ ਅਤੇ ਪ੍ਰਭਾਵਤ ਹੋ ਕੇ 1956 ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਦਾ ਗਠਨ ਕੀਤਾ ਜਾਂਦਾ ਹੈ। ਇਸ ਨਾਲ ਉਹ ਸਾਰੇ ਲੇਖਕ ਜੁੜਦੇ ਗਏ, ਜੋ ਭਾਰਤੀ ਕਮਿਊਨਿਸਟ ਪਾਰਟੀ ਨਾਲ ਪਹਿਲਾਂ ਤੋਂ ਹੀ ਜੁੜੇ ਹੋਏ ਸਨ, ਉਹ ਲੇਖਕ/ਚਿੰਤਕ ਵੀ ਜੁੜਦੇ ਗਏ, ਜੋ ਪ੍ਰਗਤੀਸ਼ੀਲ ਚਿੰਤਨ ਦੀ ਵਿਚਾਰਧਾਰਾ ਨਾਲ ਸਹਿਮਤ ਸਨ। ਜਲੰਧਰ ਵਿੱਚ ਆਰੰਭ ਹੋਈ ਕੇਂਦਰੀ ਪੰਜਾਬੀ ਲੇਖਕ ਸਭਾ ਨਾਲ ਉਸ ਸਮੇਂ ਦੇ ਲੱਗਭੱਗ ਸਾਰੇ ਹੀ ਜ਼ਿਕਰਯੋਗ ਲੇਖਕ ਜੁੜਦੇ ਗਏ ਅਤੇ ਇਹ ਸਭਾ ਹੌਲੀ-ਹੌਲੀ ਇੱਕ ਲਹਿਰ ਬਣ ਕੇ ਅੱਗੇ ਵਧਦੀ ਗਈ। ਲੱਗਭੱਗ ਇਸੇ ਹੀ ਸਮੇਂ ਭਾਰਤ ਵਿੱਚ ਬੋਲੀ ਦੇ ਆਧਾਰ 'ਤੇ ਸੂਬਿਆਂ ਦੇ ਪੁਨਰਗਠਨ ਦੀ ਗੱਲ ਤੁਰ ਰਹੀ ਸੀ, ਪਰ ਪੰਜਾਬੀ ਬੋਲੀ ਦੀ ਇੱਕ ਵੱਖਰੀ ਸਮੱਸਿਆ ਖੜੀ ਕੀਤੀ ਜਾ ਚੁੱਕੀ ਸੀ, ਇਸ ਬੋਲੀ ਨੂੰ ਇਕ ਖਾਸ ਧਰਮ ਨਾਲ ਜੋੜ ਦਿੱਤਾ ਗਿਆ, ਪੰਜਾਬ ਵਿੱਚ ਵਸਦਾ ਇੱਕ ਵੱਖਰੇ ਧਰਮ ਵਾਲਾ ਫਿਰਕਾ ਪੰਜਾਬੀ ਨੂੰ ਆਪਣੀ ਬੋਲੀ ਮੰਨਣ ਲਈ ਤਿਆਰ ਨਹੀਂ ਸੀ। ਇਸੇ ਕਾਰਨ ਹੀ 1966 ਵਿੱਚ ਪੰਜਾਬ ਦੇ ਬੋਲੀ ਦੇ ਆਧਾਰ 'ਤੇ ਸੂਬੇ ਵਜੋਂ ਹੋਏ ਪੁਨਰਗਠਨ ਤੋਂ ਲੈ ਕੇ ਅੱਜ ਤੱਕ ਪੰਜਾਬੀ ਬੋਲੀ ਨੂੰ ਉਸ ਦਾ ਬਣਦਾ ਥਾਂ ਨਹੀਂ ਮਿਲ ਸਕਿਆ। ਇਸ ਨੂੰ ਬਣਦਾ ਰੁਤਬਾ ਦਿਵਾਉਣ ਲਈ ਹੀ 'ਕੇਂਦਰੀ ਪੰਜਾਬੀ ਲੇਖਕ ਸਭਾ' ਲਗਾਤਾਰ ਯਤਨਸ਼ੀਲ ਰਹੀ, ਇਸ ਦੇ ਨਾਲ-ਨਾਲ ਹੀ ਸਾਹਿਤ ਸਿਰਜਣਾ ਵਿੱਚ ਪੈਦਾ ਹੁੰਦੇ ਨਵੇਂ ਰੁਝਾਨ ਵੀ ਇਸ ਦਾ ਧਿਆਨ ਖਿੱਚਦੇ ਰਹੇ। ਇਸ ਸਾਰੇ ਕੁਝ ਬਾਰੇ ਹੀ ਕੇਂਦਰੀ ਸਭਾ ਆਪਣੇ ਗਠਨ ਤੋਂ ਹੀ ਲਗਾਤਾਰ ਯਤਨਸ਼ੀਲ ਰਹੀ ਹੈ। ਇਸ ਸਭਾ ਨਾਲ ਵੱਖ-ਵੱਖ ਸਮੇਂ ਭਾਰਤੀ ਕਮਿਊਨਿਸਟ ਪਾਰਟੀ ਨਾਲ ਜੁੜੇ ਜਾਂ ਉਨ੍ਹਾਂ ਦੀ ਵਿਚਾਰਧਾਰਾ ਨਾਲ ਜੁੜੇ/ਸਹਿਮਤ ਲੋਕ ਆਗੂ ਦੀ ਭੂਮਿਕਾ ਨਿਭਾਉਂਦੇ ਆ ਰਹੇ ਹਨ। ਇਨ੍ਹਾਂ ਵਿੱਚ ਕਵੀ, ਕਹਾਣੀਕਾਰ, ਨਾਟਕਕਾਰ, ਰੰਗ ਕਰਮੀ ਜਾਂ ਸਮਾਜ ਦੇ ਹੋਰ ਖੇਤਰਾਂ ਨਾਲ ਜੁੜੇ ਲੋਕ ਸ਼ਾਮਲ ਹਨ। ਕੇਂਦਰੀ ਸਭਾ ਵੱਲੋਂ ਵੱਖ-ਵੱਖ ਸਮਿਆਂ 'ਤੇ ਜਲੰਧਰ, ਬਰਨਾਲਾ, ਚੰਡੀਗੜ੍ਹ ਜਾਂ ਭਾਰਤ ਦੇ ਪੰਜਾਬੀ ਬੋਲਣ ਵਾਲੇ ਹੋਰ ਸ਼ਹਿਰਾਂ ਵਿੱਚ ਵੱਡੀਆਂ ਕਾਨਫ਼ਰੰਸਾਂ ਕਰਵਾਈਆਂ ਗਈਆਂ, ਜਿਨ੍ਹਾਂ ਦਾ ਪ੍ਰਭਾਵ ਵੀ ਸਮੇਂ-ਸਮੇਂ ਨਜ਼ਰ ਆਉਂਦਾ ਰਿਹਾ।

ਭਾਰਤ ਵਿੱਚ ਜਦੋਂ ਤੱਕ ਕਮਿਊਨਿਸਟ ਪਾਰਟੀ ਇੱਕ ਰਹੀ, ਇਹ ਕੇਂਦਰੀ ਸਭਾ ਵੀ ਆਪਣੇ ਟੀਚੇ ਵੱਲ ਲਗਾਤਾਰ ਅੱਗੇ ਵਧਦੀ ਰਹੀ, ਪਰ ਕਮਿਊਨਿਸਟ ਪਾਰਟੀ ਵਿੱਚ ਜਦੋਂ ਦੁਫੇੜ ਪੈਦਾ ਹੋ ਗਈ ਤਾਂ ਉਸ ਦਾ ਪਰਛਾਵਾਂ ਕੇਂਦਰੀ ਸਭਾ ਉਪਰ ਵੀ ਪੈਣ ਲੱਗਾ। ਇਨ੍ਹਾਂ ਦੋ ਧਿਰਾਂ ਵਿੱਚੋਂ ਜਦੋਂ ਇੱਕ ਘੱਟ ਗਿਣਤੀ ਧਿਰ ਲਗਾਤਾਰ ਪ੍ਰਮੁੱਖ ਅਹੁਦਿਆਂ ਦੀ ਚੋਣ ਜਿੱਤ ਨਾ ਸਕੀ ਤਾਂ ਕੇਂਦਰੀ ਪੰਜਾਬੀ ਲੇਖਕ ਸਭਾ ਵੀ ਦੋਫਾੜ ਹੋ ਜਾਂਦੀ ਹੈ। ਦੂਜਿਆਂ ਨੇ ਜਿਹੜੀ ਕੇਂਦਰੀ ਸਭਾ ਬਣਾਈ, ਉਸ ਦੇ ਨਾਲ ਪੰਜਾਬੀ ਦੇ ਪਹਿਲੇ ਮਾਰਕਸਵਾਦੀ ਚਿੰਤਕ/ਅਲੋਚਕ ਦਾ ਨਾਂਅ ਜੋੜ ਲਿਆ। ਇਨ੍ਹਾਂ ਦੋਵਾਂ ਲੇਖਕ ਸਭਾਵਾਂ ਦੇ ਮੈਂਬਰ ਵੀ ਕੁਝ ਹੱਦ ਤੱਕ ਸਾਂਝੇ ਹਨ। ਦੋਨਾਂ ਦਾ ਮਨੋਰਥ ਵੀ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨੂੰ ਹੋਰ ਪ੍ਰਫੁਲਤ ਕਰਨ ਲਈ ਯਤਨਸ਼ੀਲ ਰਹਿਣਾ ਹੈ, ਪਰ ਇਨ੍ਹਾਂ ਦੇ ਰਾਹ ਅਲੱਗ-ਅਲੱਗ ਹੋ ਗਏ। ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਇਸ ਸਮੇਂ ਤਿੰਨ ਹਜ਼ਾਰ ਤੋਂ ਵੱਧ ਮੈਂਬਰ ਹਨ, ਦੂਜੀ ਸਭਾ ਦੇ ਮੈਂਬਰਾਂ ਦੀ ਗਿਣਤੀ ਵੀ ਹਜ਼ਾਰਾਂ ਵਿੱਚ ਹੈ, ਪਰ ਵਿਡੰਬਨਾ ਇਹ ਹੈ ਕਿ ਦੋਨਾਂ ਵੱਲੋਂ ਵੱਖ-ਵੱਖ ਸਮਿਆਂ ਵਿੱਚ ਕੀਤੇ ਜਾਣ ਵਾਲੇ ਸਮਾਗਮਾਂ, ਰੈਲੀਆਂ, ਧਰਨਿਆਂ ਆਦਿ ਵਿੱਚ ਗਿਣਤੀ ਸੈਂਕੜਿਆਂ ਤੱਕ ਹੀ ਸਿਮਟ ਕੇ ਰਹਿ ਜਾਂਦੀ ਹੈ। ਸੰਘਰਸ਼ ਦੇ ਰਾਹ ਤੁਰੇ ਕਿਸਾਨਾਂ ਦੇ ਏਕੇ ਦੀ ਲੋੜ ਵਾਲੇ ਲੇਖਾਂ ਵਿੱਚ ਵੀ ਅਸੀਂ ਲਿਖਿਆ ਸੀ ਕਿ ਸਾਧਾਰਨ ਕਿਸਾਨ ਗੁਰਬਤ ਵਿੱਚ ਗਲ-ਗਲ ਡੁੱਬਿਆ ਪਿਆ ਹੈ ਅਤੇ ਉਹ ਸੰਘਰਸ਼ ਕਰਨ ਲਈ ਵੀ ਤਿਆਰ ਹੈ ਪਰ ਉਸ ਨੂੰ ਸਹੀ ਅਗਵਾਈ ਨਹੀਂ ਮਿਲ ਰਹੀ। ਬਿਲਕੁਲ ਏਹੀ ਗੱਲ ਪੰਜਾਬੀ ਮਾਨਸ ਬਾਰੇ ਇੱਥੇ ਵੀ ਕਹੀ ਜਾ ਸਕਦੀ ਹੈ ਕਿ ਪੰਜਾਬੀ ਜ਼ੁਬਾਨ ਨਾਲ ਜੁੜੇ ਲੋਕ ਸੰਘਰਸ਼ ਲਈ ਤਿਆਰ ਹਨ, ਪਰ ਯੋਗ ਅਗਵਾਈ ਨਹੀਂ ਮਿਲ ਰਹੀ। ਪੰਜਾਬ ਵਿੱਚ ਸਮੇਂ-ਸਮੇਂ ਪ੍ਰਗਤੀਸ਼ੀਲ ਲੇਖਕ ਸੰਘ ਦੀ ਪੰਜਾਬ ਇਕਾਈ (ਚੈਪਟਰ) ਵੀ ਸਰਗਰਮ ਰਹਿੰਦੀ ਹੈ। ਇਨ੍ਹਾਂ ਤਿੰਨਾਂ ਜਥੇਬੰਦੀਆਂ ਦਾ ਕਾਡਰ ਸਾਂਝਾ ਹੈ, ਪਰ ਅਗਵਾਈ ਕਿਸੇ ਸਾਂਝੇ ਰੂਪ ਵਿੱਚ ਨਾ ਹੋ ਸਕਣ ਕਰਕੇ ਇਸ ਵਰਗ ਦੀ ਹਾਲਤ ਦੂਜਿਆਂ ਵਰਗੀ ਹੀ ਬਣਦੀ ਜਾ ਰਹੀ ਹੈ। ਲੇਖਕ ਭਾਈਚਾਰਾ ਇਕੱਠਾ ਹੋ ਕੇ ਹੰਭਲਾ ਮਾਰੇ ਤਾਂ ਪੰਜਾਬੀ ਨੂੰ ਬਣਦਾ ਰੁਤਬਾ ਮਿਲ ਸਕਦਾ ਹੈ।

*ਸੰਪਰਕ : 98721-73475*

**ਜ਼ਿੰਦਗੀ ਵੱਲ ਖੁੱਲ੍ਹਦੀ ਖਿੜਕੀ**

**ਡਾ. ਸ਼ਿਆਮ ਸੁੰਦਰ ਦੀਪਤੀ**

# ਖਿਲਰਨਾ ਜਾਂ ਫੈਲਾਓ

ਖਿਲਰਨਾ, ਖਿਲਾਰਾ ਪੈਣਾ, ਇਸ ਦੇ ਉਲਟ ਹੈ, ਵਿਰੋਧੀ ਭਾਵ ਵਾਲਾ ਵੀ ਕਹਿ ਸਕਦੇ ਹਾਂ, ਸੁੰਗੜਨਾ, ਸਿਮਟਣਾ, ਸੀਮਤ ਹੋਣਾ, ਸਮੇਟਣਾ।

ਕਈ ਵਾਰ ਸੋਚਿਆ ਹੈ ਕਿ ਖੁਦ ਨੂੰ ਸਮੇਟਾਂ। ਇਸ ਸਮੇਟਣ ਤੋਂ ਕੀ ਮਤਲਬ ਹੈ। ਇਹ ਠੀਕ ਹੈ ਕਿ ਮੇਰੀ ਮੇਜ਼ 'ਤੇ ਖਿਲਾਰਾ ਹੈ। ਸਮੇਟਾਂ ਕਿ ਉਨ੍ਹਾਂ ਨੂੰ ਜਚਾ ਕੇ ਰੱਖਾਂ, ਚੀਜ਼ਾਂ ਲੱਭਣੀਆਂ ਆਸਾਨ ਹੋ ਜਾਣ। ਫਿਰ ਖਿਆਲ ਆਉਂਦਾ ਹੈ, ਉਹ ਮਿੰਨੀ ਕਹਾਣੀ ਜਿਸ ਦਾ ਨਾਂਅ ਹੈ 'ਸਵਰਗ-ਨਰਕ'। ਜਿਸ ਵਿਚ ਭਾਵ ਹੈ ਕਿ ਜਿੱਥੇ ਕੰਮ ਹੈ, ਉੱਥੇ ਹੀ ਸਵਰਗ ਹੈ। ਜਿੱਥੇ ਵਿਹਲ ਹੈ, ਕੰਮ ਨਹੀਂ ਹੈ, ਹੱਥ 'ਤੇ ਹੱਥ ਧਰ ਕੇ ਬੈਠੇ ਹਾਂ, ਉਹ ਨਰਕ ਹੈ। ਮਨੁੱਖ ਦੀ ਸਾਰੀ ਸਿਰਜਣਾ ਪਿੱਛੇ ਹੱਥ ਦਾ ਵੱਡਾ ਯੋਗਦਾਨ ਹੈ। ਹੱਥਾਂ ਤੋਂ ਕੰਮ ਨਾ ਲੈਣਾ, ਨਕਾਰਾਤਮਕ ਪੱਖ ਹੈ ਮਨੁੱਖ ਦਾ। ਜਦੋਂ ਅਸੀਂ ਹੱਥ ਤੋਂ ਕੰਮ ਨਹੀਂ ਲੈਂਦੇ, ਦਿਮਾਗ ਵੀ ਕੰਮ ਕਰਨੋਂ ਹਟ ਜਾਂਦਾ ਹੈ। ਦਿਮਾਗ ਤੋਂ ਸਿਰਫ ਸੋਚਣ ਦਾ ਕੰਮ ਲੈਣਾ ਤੇ ਕੁਝ ਵੀ ਸਾਰਥਿਕ ਕਾਰਜ ਨਾ ਕਰਨਾ ਵਿਅਕਤੀ ਨੂੰ ਤਾਂ ਬਰਬਾਦ ਕਰਦਾ ਹੀ ਹੈ ਤੇ ਅੰਦਾਜ਼ਾ ਲਗਾਓ ਅਜਿਹੇ ਬੰਦਿਆਂ ਨਾਲ ਜੇਕਰ ਸਮਾਜ ਭਰਿਆ ਹੋਵੇ ਤਾਂ ਫਿਰ ਤਬਾਹੀ ਦੀ ਉਡੀਕ ਨਹੀਂ ਹੁੰਦੀ। ਉਹ ਤਬਾਹ ਹੀ ਹੁੰਦਾ ਹੈ।

ਗੱਲ ਸੀ, ਕਈ ਵਾਰ ਦਿਲ ਕੀਤਾ ਹੈ ਕਿ ਸਮੇਟਾਂ ਖੁਦ ਨੂੰ। ਕਵਿਤਾ ਹੀ ਲਿਖਿਆ ਕਰਾਂ। ਕਵਿਤਾ ਅਨੰਦਿਤ ਕਰਦੀ ਹੈ। ਪਹਿਲਾਂ ਤਾਂ ਖੁਦ ਤੋਂ ਸ਼ੁਰੂਆਤ ਕਰਨ ਦੀ ਲੋੜ ਹੈ। ਫਿਰ ਧਿਆਨ ਆਉਂਦਾ ਹੈ, ਮਿੰਨੀ ਕਹਾਣੀ ਦੇ ਸਫਰ ਵਿਚ, ਉਸ ਵਿਧਾ ਨੂੰ ਸਮਝਣ ਵਿਚ, ਪੇਸ਼ ਕਰਨ ਵਿਚ ਜੋ ਸਮਾਂ ਤੇ ਊਰਜਾ ਲੱਗਾ ਹੈ, ਹੁਣ ਉਸ ਤੋਂ ਪੱਲਾਂ ਛੁੜਾ ਹੀ ਨਹੀਂ ਸਕਦਾ। ਕਦੇ-ਕਦੇ ਨਾਟਕ ਵੀ ਲਿਖਣ ਦਾ ਮਨ ਕਰਦਾ ਹੈ, ਉਹ ਖੇਡਿਆ ਜਾਂਦਾ ਹੈ ਇਸ ਲਈ। ਮਤਲਬ ਹੈ ਗੱਲ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚੇ। ਇਹ ਉਦੇਸ਼ ਤਾਂ ਹੈ, ਪਰ ਕੀ ਸਾਹਿਤ ਦੀਆਂ ਹੋਰ ਵਿਧਾਵਾਂ ਦੀ ਪਹੁੰਚ ਘੱਟ ਹੈ? ਪਾਠਕ ਥੋੜ੍ਹੇ ਹੁੰਦੇ ਹਨ ਤੇ ਦਰਸ਼ਕ ਵੱਧ। ਤਮਾਸ਼ਬੀਨ ਕਹਿ ਲਓ। ਨਾਟਕ ਜਾਂ ਪਹਿਲਾਂ ਨੋਟੰਕੀ ਹੁੰਦੀ ਸੀ, ਤਮਾਸ਼ਾ ਹੀ ਕਹਿੰਦੇ ਸੀ। ਫਿਲਮਾਂ ਨੂੰ ਵੀ ਤਮਾਸ਼ਾ ਕਿਹਾ ਜਾਂਦਾ ਸੀ।

ਫਿਰ ਕੀ ਲੇਖ, ਕਾਲਮ ਜੋ ਅਖ਼ਬਾਰਾਂ ਵਿਚ ਛਪਦੇ ਨੇ ਤੇ ਇਹ ਅਖ਼ਬਾਰਾਂ ਹਜ਼ਾਰਾਂ ਦੀ ਗਿਣਤੀ ਵਿਚ ਤੇ ਕਈ ਤਾਂ ਲੱਖਾਂ ਦੀ ਗਿਣਤੀ ਵਿਚ ਛਪਦੀਆਂ ਹਨ, ਗਿਣਤੀ ਠੀਕ ਹੈ ਇਹ ਇਕ ਪੱਖ ਹੈ, ਪਰ ਅਖ਼ਬਾਰ ਦੇ ਸੰਜੀਦਾ ਪਾਠਕ ਕਿੰਨੇ ਕੁ ਹਨ? ਇਹ ਸਵਾਲ ਹੈ। ਨਾਲੇ ਹੁਣ ਸਰਮਾਏਦਾਰੀ ਦੇ ਹੱਥਾਂ ਵਿਚ ਅਖ਼ਬਾਰ। ਅਖ਼ਬਾਰ ਵਿਚ ਖ਼ਬਰਾਂ ਘੱਟ ਹੁੰਦੀਆਂ ਹਨ ਤੇ ਇਸ਼ਤਿਹਾਰ ਵੱਧ। ਕਈ ਵਾਰੀ ਇਸ਼ਤਿਹਾਰਾਂ ਵਿੱਚੋਂ ਖ਼ਬਰ ਲੱਭਣੀ ਪੈਂਦੀ ਹੈ, ਜਦੋਂ ਕਿ ਉਹ ਖ਼ਬਰ ਰਾਤੀਂ, ਟੀ.ਵੀ. ਤੋਂ ਸੁਣ-ਦੇਖ ਚੁੱਕੇ ਹੁੰਦੇ ਹਾਂ। ਅਖ਼ਬਾਰ ਦਾ ਸੰਪਾਦਕੀ ਪੰਨਾ ਕਿੰਨੇ ਕੁ ਲੋਕ ਪੜ੍ਹਦੇ ਨੇ? ਇਸ ਬਾਰੇ ਸਰਵੇਖਣ ਕਰੋਗੇ ਤਾਂ ਨਿਰਾਸ਼ਾ ਹੱਥ ਲੱਗੇਗੀ।

ਮੈਂ ਅਕਸਰ ਦੇਖਦਾ ਹਾਂ, ਜੋ ਸੰਪਾਦਕੀ ਪੰਨੇ 'ਤੇ ਹੁੰਦਾ ਹੈ। ਸਬੱਬੀਂ ਕਿਸੇ ਸਾਹਿਤਕ ਦੋਸਤ ਨਾਲ ਗੱਲ ਹੋ ਰਹੀ ਸੀ ਤੇ ਮੈਂ ਪੁੱਛ ਬੈਠਿਆ ਕਿ ਮੇਰਾ ਆਰਟੀਕਲ ਪੜ੍ਹਿਆ, ਜਵਾਬ ਹੈਰਾਨ ਕਰਨ ਵਾਲਾ ਸੀ। ਸਾਹਿਤਕ ਦੋਸਤ ਕਹਿੰਦਾ ਕਿ ਉਹ ਤਾਂ ਸਿਰਫ ਐਤਵਾਰ ਦੀ ਅਖ਼ਬਾਰ ਖਰੀਦਦਾ ਹੈ। ਉਹ ਵੀ ਸਾਹਿਤਕ ਰਚਨਾਵਾਂ ਕਰਕੇ।

ਮੇਰੇ ਮੈਡੀਕਲ ਦੋਸਤਾਂ ਦੇ ਘਰ ਪੰਜਾਬੀ ਦੀ ਅਖ਼ਬਾਰ ਆਉਂਦੀ ਹੀ ਨਹੀਂ। ਮੇਰੇ ਇਕ ਦੋਸਤ ਦੀ ਨੂੰਹ, ਵਿਆਹ ਕੇ ਲਿਆਂਦੀ ਕੁੜੀ ਐੱਮ.ਏ., ਪੰਜਾਬੀ ਪੜ੍ਹ ਕੇ ਆਈ। ਘਰ ਵਿਚ ਹਿੰਦੀ ਦੀ ਅਖ਼ਬਾਰ ਹੀ ਆਉਂਦੀ ਦੋਵੇਂ ਪਤੀ-ਪਤਨੀ, ਸੱਸ-ਸਹੁਰਾ ਕੇਂਦਰ ਸਰਕਾਰ ਦੀ ਨੌਕਰੀ ਕਰਦੇ ਨੇ। ਜਿੱਥੇ ਕੰਮ ਹਿੰਦੀ ਵਿਚ ਕਰਨ ਦੀ ਮਜਬੂਰੀ ਹੈ। ਦੋਵੇਂ ਪੰਜਾਬੀ ਨੇ, ਪਰ ਅਖ਼ਬਾਰ ਹਿੰਦੀ ਦੀ ਪੜ੍ਹਦੇ ਨੇ। ਕੁਝ ਦਿਨ ਸੋਚਿਆ ਨੂੰਹ ਪੰਜਾਬੀ ਦੀ ਐੱਮ.ਏ. ਹੈ, ਇਕ ਅਖ਼ਬਾਰ ਪੰਜਾਬੀ ਵੀ ਲਗਵਾ ਲੈਣ। ਉਹ ਵੀ ਭਾਰੀ ਪੈਣ ਲੱਗੀ ਤੇ ਕੁਝ ਦਿਨਾਂ ਵਿਚ ਪੰਜਾਬੀ ਦੀ ਅਖ਼ਬਾਰ ਬੰਦ ਹੋ ਗਈ। ਚਲੋ, ਜੇਕਰ ਕਹਾਂ ਉਹਨਾਂ ਨੂੰ ਪੰਜਾਬੀ ਆਉਂਦੀ ਸੀ ਤਾਂ ਹਿੰਦੀ ਨੂੰਹ ਨੂੰ ਵੀ ਆਉਂਦੀ ਸੀ। ਫੈਸਲਾ ਲੈਣ ਵਾਲੀ ਸੱਸ ਸੀ। ਉਸ ਨੇ ਅਖ਼ਬਾਰ ਪੜ੍ਹਨੀ ਸੀ, ਖ਼ਬਰਾਂ ਪੜ੍ਹਨੀਆਂ ਸੀ ਤੇ ਸਵੇਰੇ ਆਪਣੇ ਸਟਾਫ ਨਾਲ ਵਿਦਵਤਾ ਦਾ ਪ੍ਰਗਟਾਵਾ ਕਰਨਾ ਸੀ ਕਿ ਉਸ ਨੂੰ ਦੇਸ਼ ਬਾਰੇ ਸਭ ਪਤਾ ਹੈ, ਜਦੋਂ ਕਿ ਖ਼ਬਰਾਂ ਬਾਰੇ ਦੇਸ਼ ਦਾ ਕੋਈ ਲੈਣਾ-ਦੇਣਾ ਨਹੀਂ ਹੁੰਦਾ, ਕੁਝ ਵੀ ਸਮਝ ਨਹੀਂ ਹੁੰਦੀ। ਜਦੋਂ ਤੱਕ ਖ਼ਬਰਾਂ ਦਾ ਵਿਸ਼ਲੇਸ਼ਣ ਨਹੀਂ ਕੀਤਾ ਜਾਂਦਾ ਤੇ ਉਹ ਵੀ ਖੁਦ ਆਪਣੇ-ਆਪ। ਅਖ਼ਬਾਰ ਵਿਚ ਛਪੇ ਲੇਖਕਾਂ ਦੀ ਰਾਏ, ਲੇਖਕਾਂ ਦੇ ਨਜ਼ਰੀਏ ਨਾਲ ਸਹਿਮਤੀ ਹੋਵੇ ਨਾ ਹੋਵੇ, ਪਰ ਇਸ ਨਾਲ ਦੇਸ਼ ਦੇ ਬੁੱਧੀਜੀਵੀਆਂ ਦੇ ਨਜ਼ਰੀਏ ਦਾ ਤਾਂ ਪਤਾ ਲੱਗਦਾ ਹੈ। ਵੈਸੇ ਜੇਕਰ ਕੋਈ ਸਮਰੱਥ ਹੈ ਤਾਂ ਦੋ-ਤਿੰਨ ਅਖ਼ਬਾਰਾਂ ਦੇ ਸੰਪਾਦਕੀ ਪੰਨੇ ਪੜ੍ਹਨੇ ਚਾਹੀਦੇ ਹਨ ਤਾਂ ਕਿ ਇਕ ਵਿਆਪਕ ਨਜ਼ਰੀਆ ਬਣ ਸਕੇ, ਜੋ ਕਿ ਸ਼ਹਿਰ ਦੀ ਜਾਂ ਮੁਹੱਲੇ ਵਿਚ ਉਚੇਚੇ ਤੌਰ 'ਤੇ ਲਾਇਬਰੇਰੀ ਰਾਹੀਂ ਸੰਭਵ ਹੋ ਸਕਦਾ ਹੈ। ਹਰੇਕ ਘਰ ਤੋਂ ਇਹ ਆਸ ਰੱਖਣੀ ਸੰਭਵ ਨਹੀਂ ਹੈ। ਲਾਇਬਰੇਰੀਆਂ ਦਾ 'ਕਲਚਰ' ਕਿੱਥੇ ਹੈ?

ਹੁਣ ਜੇਕਰ ਅਜਿਹੀ ਸੋਚ ਹੋਵੇਗੀ, ਸੋਚ ਦਾ ਫੈਲਾਅ ਹੋਵੇਗਾ ਤਾਂ ਕਿਵੇਂ ਸਮੇਟਿਆ ਜਾਵੇਗਾ? ਕਈ ਵਾਰ ਸੋਚਿਆ ਕਿ ਅਖ਼ਬਾਰਾਂ ਵਿਚ ਲਿਖਣਾ ਬੰਦ ਕਰਾਂ ਤੇ ਕੁਝ ਸਾਹਿਤਕ ਲਿਖਿਆ ਕਰਾਂ, ਕਹਾਣੀ, ਮਿੰਨੀ ਕਹਾਣੀ, ਕਵਿਤਾ, ਨਾਟਕ। ਬਾਲ-ਸਾਹਿਤ ਲਿਖਣ ਦਾ ਮਨ ਵੀ ਕਰਦਾ ਹੈ। ਹੁਣ ਕਿਤੋਂ ਨਾ ਕਿਤੋਂ ਫਰਮਾਇਸ਼ ਆ ਜਾਂਦੀ ਹੈ। ਮੈਨੂੰ ਨਵਾਂ ਜ਼ਮਾਨਾ ਤੋਂ ਡਾ. ਅਟਵਾਲ ਦੀ ਪੇਸ਼ਕਸ਼ ਆਈ ਕਿ ਐਤਵਾਰਤਾ ਲਈ ਕੁਝ ਲਿਖੋ। ਸੰਪਾਦਕੀ ਪੰਨੇ 'ਤੇ ਤਿੰਨ ਲੇਖਾਂ ਦੀ ਗੁਜਾਇਸ਼ ਹੈ। ਮੈਨੂੰ ਪੱਕਾ ਆਪਣੀ ਸਾਹਿਤਕ ਦਿੱਖ ਕਰਕੇ ਕਾਫ਼ੀ ਮਕਬੂਲ ਹੈ। ਮੈਂ ਕਾਲਮ ਸ਼ੁਰੂ ਕੀਤਾ 'ਵਾਹ-ਵਾਸਤਾ।' ਜੋ ਲਗਾਤਾਰ ਸਾਲ ਭਰ ਚੱਲਿਆ ਤੇ ਪਾਠਕਾਂ ਨੇ ਪਸੰਦ ਵੀ ਕੀਤਾ। ਮੈਂ ਕਈ ਦਿਨਾਂ ਤੋਂ ਕਾਲਮ ਦਾ ਆਪਣੇ ਜੀਵਨ ਦੇ ਸਿਆਸਤ ਨਾਲ ਸਿੱਧੇ-ਅਸਿੱਧੇ ਜੋੜ-ਮੇਲ ਦੀ ਲਿਖਣ ਬਾਰੇ ਮਨ ਬਣਾ ਰਿਹਾ ਸੀ। ਡਾ. ਅਟਵਾਲ ਨਾਲ ਗੱਲ ਕੀਤੀ ਤੇ ਕਾਲਮ ਦਾ ਨਾਂਅ ਨਿਕਲਿਆ 'ਖਿੜਕੀ ਵਿੱਚੋਂ ਝਾਕਦੀ ਜ਼ਿੰਦਗੀ' ਜੋ ਕਿ ਇਕ ਵਾਰੀ ਫਿਰ ਪਾਠਕਾਂ ਨੇ ਖੂਬ ਸਰਾਹਿਆ।

ਫਿਰ ਗੱਲ ਆਈ ਕਿ ਮੈਂ ਆਪਣੇ ਵਿਸ਼ੇ ਵੀ ਸੀਮਤ ਕਰਾਂ। ਇਕ-ਦੋ ਹੀ। ਮੈਡੀਕਲ ਦਾ ਬੰਦਾ ਹਾਂ। ਸਿਹਤ ਨੂੰ ਲੈ ਕੇ ਬਹੁਤ ਕੁਝ ਹੈ, ਲਿਖਣ ਨੂੰ। ਸਮਾਜ ਵਿਗਿਆਨ ਬਾਰੇ ਪੜ੍ਹਿਆ ਹੈ ਤਾਂ ਇਸ ਨੂੰ ਸਿਹਤ ਨਾਲ ਜੋੜ ਕੇ ਵੀ ਲਿਖ ਸਕਦਾ ਹਾਂ। ਮੇਰੀ ਦਿਲਚਸਪੀ ਮਨੋਵਿਗਿਆਨ ਵਿਚ ਰਹੀ ਹੈ, ਅਜੇ ਵੀ ਹੈ। ਉਸ ਨੂੰ ਅੱਗੋਂ ਬਾਲ-ਮਨੋਵਿਗਿਆਨ, ਔਰਤਾਂ ਅਤੇ ਬਜ਼ੁਰਗਾਂ ਦਾ ਮਨੋਵਿਗਿਆਨ, ਨੌਜਵਾਨ ਅਤੇ ਕਿਸ਼ੋਰ ਅਵਸਥਾ ਦਾ ਵਿਕਾਸ ਅਤੇ ਮਨੋਸਥਿਤੀ ਕਹਿਣ ਤੋਂ ਭਾਵ ਕੋਈ ਅੰਤ ਨਹੀਂ। ਹਰ ਵਿਸ਼ਾ ਹੀ ਵਿਸਥਾਰ ਦੀ ਮੰਗ ਕਰਦਾ ਹੈ।

ਇਕ ਵਾਰ ਸੋਚਿਆ ਕਿ ਨੌਜਵਾਨੀ ਕਾਫੀ ਭਟਕੀ ਹੋਈ ਹੈ। ਉਨ੍ਹਾਂ 'ਤੇ ਕੇਂਦਰਤ ਕਰਾਂ ਤੇ ਲਿਖਾਂ, ਪਰ ਉੱਥੇ ਕਿਹੜਾ ਵਿਸ਼ਾ ਛੋਟਾ ਹੈ, ਉਹਦੇ ਵੀ ਅਨੇਕ ਪਹਿਲੂ ਹਨ। ਨੌਜਵਾਨਾਂ ਦੀ ਪਰਵਰਿਸ਼, ਨੌਜਵਾਨਾਂ ਵਿਚ ਵਧ ਰਹੇ ਨਸ਼ੇ, ਨੌਜਵਾਨਾਂ ਦੀ ਖ਼ੁਦਕੁਸ਼ੀ, ਨੌਜਵਾਨਾਂ ਵਿਚ ਵਧ ਰਿਹਾ ਪ੍ਰਵਾਸ ਅਤੇ ਇਸ ਨਾਲ ਜੁੜੇ ਅਨੇਕਾਂ ਹੀ ਮਸਲੇ। ਕਿਸੇ ਇਕ ਵਿਸ਼ੇ ਨੂੰ ਫੜ ਲਈਏ ਤਾਂ ਉਸ ਦੀ ਤਹਿ ਵਿਚ ਗਏ ਬਗੈਰ ਮੈਨੂੰ ਖੁਦ ਨੂੰ ਤਸੱਲੀ ਨਹੀਂ ਹੁੰਦੀ। 'ਨੌਜਵਾਨ ਅਤੇ ਸੈਕਸ ਸਮੱਸਿਆਵਾਂ' ਵਿਸ਼ੇ 'ਤੇ ਲਿਖਣਾ ਸ਼ੁਰੂ ਕੀਤਾ ਤਾਂ ਤਰਕਸ਼ੀਲ ਮੈਗਜ਼ੀਨ ਵਿਚ ਇਹ ਕਾਲਮ ਲੱਗਭੱਗ ਦੋ ਸਾਲ ਚੱਲਦਾ ਰਿਹਾ। ਇਸੇ ਤਰ੍ਹਾਂ 'ਕਿਵੇਂ ਵੱਖਰੇ ਹਾਂ ਅਸੀਂ ਜਾਨਵਰਾਂ ਤੋਂ' ਇਹ ਕਾਲਮ ਦੋ ਸਾਲ ਤੋਂ ਵੱਧ ਸਮਾਂ ਛਪਦਾ ਰਿਹਾ।

ਪਰ ਰਾਜਨੀਤੀ ਨੂੰ ਲੈ ਕੇ ਲਿਖਣ ਦਾ ਮਨ ਹਮੇਸ਼ਾ ਰਿਹਾ ਹੈ। ਮੈਂ ਸਿਹਤ ਦਾ ਸੁਪਰ-ਸਪੈਸ਼ਲਿਸਟ ਤਾਂ ਨਹੀਂ, ਪਰ ਸਪੈਸ਼ਲਿਸਟ ਜ਼ਰੂਰ ਹਾਂ। ਵਿਸ਼ਾ ਹੈ? ਨਾ ਦੱਸਾਂਗਾ ਤਾਂ ਤੁਸੀਂ ਫਿਰ ਪੁੱਛੋਗੇ ਉਹ ਕੀ? ਉਸ ਵਿਚ ਆਉਂਦਾ ਕੀ ਹੈ? ਇਸ ਲਈ ਸਿੱਧੇ ਸ਼ਬਦਾਂ ਵਿਚ ਕਹਿਣਾ, ਹੈਲਥ ਪੋਲਟਿਸਕ। ਸਿਹਤ ਰਾਜਨੀਤੀ। ਜਿਸ ਦਾ ਵਿਸਤਾਰ ਬਹੁਤ ਹੋ ਸਕਦਾ ਹੈ। ਮੁੱਕਦੀ ਗੱਲ, ਸਭ ਨੂੰ ਸਿਹਤਮੰਦ ਰੱਖਣਾ ਸਰਕਾਰਾਂ ਦਾ ਕੰਮ ਹੈ। ਸਰਕਾਰਾਂ ਨੇ ਵਿਵਸਥਾ ਕਰਨੀ ਹੈ, ਨੀਤੀਆਂ ਬਣਾਉਣੀਆਂ ਨੇ। ਹੁਣ ਇਹ ਸਮਝ ਸਿਹਤ ਨੂੰ ਵਿਚਾਰ ਕੇ ਦੇਖੋ। ਤੁਹਾਨੂੰ ਸੁਣਨ ਨੂੰ ਮਿਲੇਗਾ ਸਿਹਤ ਤਾਂ ਨਿੱਜੀ ਮਸਲਾ ਹੈ, ਮੈਂ ਬਿਮਾਰ ਹਾਂ, ਮੈਂ ਠੀਕ ਖਾਂਦਾ ਨ੍ਹੀ, ਮੈਂ ਚੰਗਾ ਨ੍ਹੀਂ ਖਾਂਦਾ, ਮੈਂ ਬਾਹਰ ਗਲੀ ਵਿਚ ਮੰਜਾ ਡਾਹ ਕੇ ਸੌਂ ਜਾਂਦਾ ਹਾਂ। ਫੁੱਟਪਾਥ 'ਤੇ ਵੀ ਪਏ ਸੁੱਤੇ ਮਿਲ ਜਾਣਗੇ ਲੋਕ। ਸਰਕਾਰ ਕੀ ਕਰੇ? ਇਹਦਾ ਜਵਾਬ ਤੁਸੀਂ ਲੱਭੋ? ਘੋਖੋ, ਚਿੰਤਨ ਕਰੋ। ਇਕ ਗੱਲ ਹੋਰ ਵੀ, ਅਹਿਮ ਵੀ ਹੈ ਕਿ ਜਥੇਬੰਦੀ ਦੀ ਆਪਣੀ ਅਹਿਮੀਅਤ ਹੈ, ਮਿਲ ਕੇ ਰਹਿਣਾ, ਇਕ-ਦੂਜੇ ਦੀ ਮਦਦ ਕਰਨਾ, ਹੱਥ ਵਿਚ ਹੱਥ ਫੜ ਕੇ ਮਨੁੱਖੀ ਕੜੀ ਬਣਾਉਣਾ, ਇਕਜੁੱਟਤਾ ਦਰਸਾਉਂਦਾ ਹੈ, ਜੋ ਕਿ ਮਨੁੱਖ ਦੇ ਹਿੱਸੇ ਆਇਆ ਹੈ। ਲੇਖਕ ਹਾਂ, ਡਾਕਟਰ ਹਾਂ, ਦੋਵੇਂ ਕੰਮ ਬੰਦ ਕਮਰੇ ਵਿਚ, ਇਕ ਕਲੀਨਿਕ ਵਿਚ ਹੋਣ ਵਾਲੇ ਹਨ। ਬਾਹਰ ਸੜਕ 'ਤੇ ਕਿਉਂ ਆਉਂਦਾ? ਨਾਅਰੇ, ਰੈਲੀਆਂ, ਜਲੂਸ ਵਿਚ ਹਿੱਸਾ ਕਿਸ ਲਈ?

ਪਰ ਇਹ ਵੀ ਮੈਨੂੰ ਖਿੱਚ ਪਾਉਂਦੇ ਰਹੇ ਹਨ। ਭਾਰਤ ਗਿਆਨ-ਵਿਗਿਆਨ ਸੰਪਤੀ ਤੋਂ ਸ਼ੁਰੂ ਹੋ ਕੇ ਸਾਥੀ, ਅੰਮ੍ਰਿਤਸਰ ਸਾਇੰਟਿਫਿਕ ਅਵੇਅਰਨੈੱਸ, ਮਿੰਨੀ ਕਹਾਣੀ ਲੇਖਕ ਮੰਚ, ਕੇਂਦਰੀ ਪੰਜਾਬੀ ਲੇਖਕ ਸਭਾ, ਪੰਜਾਬੀ ਸਾਹਿਤ ਅਕੈਡਮੀ, ਸੇਵ-ਐਜੂਕੇਸ਼ਨ ਤੇ ਪਿੰਡ ਬਚਾਓ ਪੰਜਾਬ ਬਚਾਓ। ਕਿੰਨੀਆਂ ਹੀ ਸੰਸਥਾਵਾਂ ਦਾ ਹਿੱਸਾ ਬਣਿਆ ਹੋਇਆ ਹਾਂ। ਉਨ੍ਹਾਂ ਨੂੰ ਵੀ ਸਮੇਟਣ ਦੀ ਲੋੜ ਹੈ, ਸੀਮਤ ਹੋਣ ਦੀ।

ਜਦੋਂ ਜਥੇਬੰਦੀ ਵਿਚ ਵਿਸ਼ਵਾਸ ਹੈ ਤਾਂ ਉੱਥੇ ਕੀ ਕਰਨਾ ਹੈ? ਨਾਅਰੇ-ਅੰਦੋਲਨ ਮਤਲਬ ਲੋਕਾਂ ਨੂੰ ਸੁਚੇਤ ਕਰਨਾ। ਜਾਣਕਾਰੀ ਦੇਣੀ ਹੈ। ਭਾਵੇਂ ਕਿ ਅਖ਼ਬਾਰ ਦੇ ਕਾਲਮ, ਸਾਹਿਤ ਦੀਆਂ ਲਿਖਤਾਂ ਰਾਹੀਂ ਵੀ ਇਹ ਕੰਮ ਹੋ ਰਿਹਾ ਹੈ। ਇਸ ਸਿਲਸਿਲੇ ਵਿਚ ਆਪਣਾ ਮੈਗਜ਼ੀਨ ਸੰਪਾਦਨ ਕਰਨ ਦਾ ਵੀ ਮੌਕਾ ਮਿਲਿਆ ਹੈ। ਕਿੰਨੇ ਹੀ ਮੈਗਜ਼ੀਨਾਂ ਦੇ ਨਾਂਅ ਗਿਣ ਸਕਦਾ ਹਾਂ, ਜੋ ਕਿ ਸਬੱਬੀਂ ਹੀ ਮੇਰੇ ਹਿੱਸੇ ਆਏ ਹਨ।

ਹੁਣ ਤਕਰੀਬਨ ਤਿੰਨ ਸਾਲ ਹੋਏ ਇਕ ਮੈਗਜ਼ੀਨ 'ਗੁਫ਼ਤਗੂ' ਸ਼ੁਰੂ ਕੀਤਾ ਹੋਇਆ ਹੈ। ਇਹ ਆਮ ਲੋਕਾਂ ਨਾਲ ਗੁਫਤਗੂ ਹੈ। ਇਸ ਵਿਚ ਕੋਈ ਵੀ ਕਿਸੇ ਦੀ ਵੀ ਇੰਟਰਵਿਊ ਕਰਕੇ ਭੇਜ ਸਕਦਾ ਹੈ। ਇਸ ਦੇ ਤਹਿਤ ਕਾਲਮ ਹਨ। ਮੇਰੀ ਨਜ਼ਰ ਵਿਚ 'ਸਵੈਕਥਨ' ਵਿਸ਼ੇਸ਼ ਮੁਲਾਕਾਤ ਕਿਸੇ ਲੇਖਕ ਦੀ ਆਤਮਕਥਾ ਦਾ ਹਿੱਸਾ? ਇਸ ਦਾ ਇਕ ਖਾਸ ਕਾਲਮ ਹੈ ਜੋ ਕਿ ਉਨ੍ਹਾਂ ਸ਼ਖ਼ਸੀਅਤਾਂ ਨੂੰ ਲੈ ਕੇ ਲਿਖਿਆ ਜਾਂਦਾ ਹੈ, ਜੋ ਇਸ ਦੁਨੀਆ ਵਿਚ ਨਹੀਂ ਹਨ। ਉਹ ਤਰੀਕਾ ਹੈ ਉਨ੍ਹਾਂ ਸ਼ਖ਼ਸੀਅਤਾਂ ਦੇ ਵਿਚਾਰਾਂ 'ਤੇ ਅਧਾਰਤ ਆਪ ਹੀ ਸਵਾਲ ਪੁੱਛਣਾ ਤੇ ਆਪ ਹੀ ਜਵਾਬ ਦੇਣਾ। ਇਸ ਦੇ ਤਹਿਤ ਭਗਤ ਸਿੰਘ, ਚੀ-ਗਵੇਰਾ ਤੋਂ ਲੈ ਕੇ ਬਾਬਾ ਨਾਨਕ, ਭਗਤ ਪੂਰਨ ਸਿੰਘ ਤੇ ਭਗਤ ਕਬੀਰ ਨਾਲ ਗੱਲਬਾਤ ਕੀਤੀ ਹੈ।

ਇਹ ਖਿਲਾਰਾ ਖਿਲਰਨਾ ਫੈਲਾਅ ਹੈ, ਜੀਵਨ-ਜਾਚ ਹੈ। ਇਹ ਭਟਕਣ ਹੈ ਕਿ ਜਗਿਆਸਾ ਹੈ, ਇਹ ਫੈਸਲਾ ਤੁਸੀਂ ਕਰਨਾ ਹੈ ਜਾਂ ਵੈਸੇ ਅਸੀਂ ਅਕਸਰ ਧਾਰਨਾਵਾਂ ਬਣਾਉਂਦੇ ਰਹਿੰਦੇ ਹਾਂ ਤੇ ਫਿਰ ਚੌਖਟੇ ਵੀ ਤਿਆਰ ਕਰਦੇ ਰਹਿੰਦੇ ਹਾਂ। ਕਿਸੇ ਨੂੰ ਭਟਕਿਆ ਬੇਤਰਤੀਬਾ, ਕਿਸੇ ਨੂੰ ਅਵੇਸਲਾ, ਆਪਣੇ ਆਪ ਵਿਚ ਖੋਇਆ-ਖੋਇਆ, ਕਿਸੇ ਨੂੰ ਮਸਤੀ ਵਾਲਾ ਅਨੁਸ਼ਾਸਨਿਕ ਕਹਿ ਦਿੰਦੇ ਹਾਂ। ਹਰ ਸ਼ਬਦ ਜੋ ਕਿ ਵਿਸ਼ੇਸ਼ ਹੈ, ਉਸ ਪਿੱਛੇ ਪੂਜਾ ਇਕ ਫਲਸਫਾ ਹੈ। ਸ਼ਾਇਦ ਹੀ ਕੋਈ ਬੋਲਣ ਵਾਲਾ ਇਹ ਦੱਸ ਪਾਵੇ ਉਨ੍ਹਾਂ ਦੇ ਮਨ ਵਿਚ ਕੀ ਧਾਰਨਾ ਬਣੀ ਹੈ ਜਾਂ ਪਾ ਦਿੱਤੀ ਗਈ ਹੈ ਤੇ ਉਹ ਉਸ ਨੂੰ ਚੁੱਕੀ ਫਿਰਦਾ ਹੈ ਅਤੇ ਆਪਣਾ ਭਾਰ ਦੂਜਿਆਂ ਦੇ ਮੋਢਿਆਂ 'ਤੇ ਪਾਈ ਜਾਂਦਾ ਹੈ। ਇਹ ਨਹੀਂ ਕਿ ਆਪ ਹਲਕਾ ਹੋ ਜਾਂਦਾ ਹੈ। ਆਪ ਵੀ ਨਾਲ ਹੀ ਚੁੱਕ ਕੇ ਤੁਰਦਾ ਹੈ। ਕੋਈ ਨਾਲ ਰਲ ਜਾਵੇ ਤਾਂ ਵਿਅਕਤੀ ਨੂੰ ਖੁਸ਼ੀ ਹੁੰਦੀ ਹੈ ਤੇ ਜੇ ਕੋਈ ਸਾਥ ਛੁੜਾ ਲਵੇ ਤਾਂ ਨਮੋਸ਼ੀ ਵੀ ਹੁੰਦੀ ਹੈ।

ਵੈਸੇ ਭਟਕਣਾ ਜ਼ਿੰਦਗੀ ਦਾ ਹਿੱਸਾ ਹੈ, ਜਨਮ ਤੋਂ ਹੀ। ਨਾਲੇ ਇਹ ਵੀ ਭਟਕੇ ਬਿਨਾਂ ਗਿਆਨ ਹਾਸਿਲ ਨਹੀਂ ਹੋ ਸਕਦਾ, ਮਨੁੱਖ ਦੀ ਸਿਆਣਪ ਦਾ ਸਾਰਾ ਦਾਰੋ-ਮਦਾਰ ਭਟਕਣ ਵਿਚ ਪਿਆ ਹੈ। ਕੋਈ ਸਮਾਂ ਸੀ, ਗਿਆਨ ਦੀ ਭਾਲ ਵਿਚ ਰਿਸ਼ੀ-ਮੁਨੀ, ਸੰਤ, ਸੰਨਿਆਸੀ, ਜੰਗਲਾਂ ਵਿਚ ਚਲੇ ਜਾਂਦੇ ਸੀ। ਵੈਸੇ ਤਾਂ ਬਹੁਤ ਸਾਰੇ ਸੰਤਾਂ ਨੇ, ਨਾਨਕ, ਕਬੀਰ ਤੇ ਹੋਰਾਂ ਨੇ, ਦੁਨੀਆ ਵਿਚ ਰਹਿਣ, ਲੋਕਾਂ ਵਿਚ ਵਿਚਰਨ ਦੀ ਗੱਲ ਕਹੀ ਹੈ। ਪਰ ਇਸ ਸਿਆਣਪ ਵਾਲੀ ਭਟਕਣ ਤੋਂ ਮਤਲਬ ਕੁਝ ਸਵਾਲਾਂ ਦੇ ਸਨਮੁੱਖ ਹੋਣਾ ਹੈ ਤੇ ਜੀਵਨ ਦਾ ਰਹੱਸ ਜਾਨਣਾ ਹੈ। ਮਹਾਤਮਾ ਬੁੱਧ ਨੇ ਤਪੱਸਿਆ ਕੀਤੀ, ਕੁਝ ਜੀਵਨ ਰਹੱਸਾਂ ਦਾ ਭੇਤ ਜਾਣਿਆ ਤੇ ਅੰਤ ਗਿਆਨ ਹਾਸਲ ਕਰਕੇ, ਦੁਨੀਆ ਨੂੰ ਸੁਚੇਤ ਕੀਤਾ। ਬਾਬਾ ਨਾਨਕ ਨੇ ਚਾਰ ਉਦਾਸੀਆਂ ਕੀਤੀਆਂ ਤੇ ਫਿਰ ਉਸ ਗਿਆਨ ਨੂੰ ਲੋਕਾਂ ਵਿਚ ਵੰਡਣ ਲਈ, ਆਪਣੇ ਹੱਥੀਂ ਕੰਮ ਵੀ ਕੀਤਾ ਤੇ ਗਿਆਨ ਵੀ ਵੰਡਿਆ ਤੇ ਹੁਣ ਉਸ ਦਾ ਫੈਲਾਅ ਦੂਰ-ਦੂਰ ਤੱਕ ਹੈ। ਇਹੀ ਸਹੀ ਰਾਹ ਹੈ।

ਸਮੇਟਣ ਤੋਂ ਭਾਵ ਹੈ ਕਿ ਆਪਣੇ ਗਿਆਨ ਨੂੰ ਆਪਣੇ ਅੰਦਰ ਕੈਦ ਕਰ ਲੈਣਾ, ਜਦੋਂ ਕਿ ਸਹੀ ਭਾਵ ਹੈ ਕਿ ਗਿਆਨ ਵੰਡਣ ਨਾਲ ਘੱਟ ਨਹੀਂ ਹੁੰਦਾ, ਸਗੋਂ ਫੈਲਦਾ ਹੈ।

**ਮੋਬਾ. 98158-08506**

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

CMYK

24-March-Sunday.qxd 3/23/2024 10:31 PM Page 4



# ਸਮਾਜਿਕ ਸਰੋਕਾਰਾਂ ਦੀ ਤਰਜਮਾਨੀ

## ਟੈਬੂ

**(ਕਹਾਣੀ ਸੰਗ੍ਰਹਿ)**
**ਸੁਰਿੰਦਰ ਨੀਰ**
**ਪੰਨੇ-252, ਮੁੱਲ-350 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**





ਕਿਤਾਬ ਦੀ ਪਰਖ ਪੜਚੋਲ

**ਡਾ. ਜਸਵਿੰਦਰ ਕੌਰ ਬਿੰਦਰਾ**

ਕਿਸੇ ਵੀ ਭਾਸ਼ਾ ਦਾ ਸਾਹਿਤ ਉਦੋਂ ਉਚਾਈ ਵੱਲ ਵਧਦਾ ਹੈ, ਜਦੋਂ ਉਸ ਨੂੰ ਲਿਖਣ ਤੇ ਪੜ੍ਹਨ ਵਾਲੇ ਅਨੇਕ ਹੋਣ। ਹਿੰਦੀ ਤੇ ਅੰਗਰੇਜ਼ੀ ਦੇ ਸਾਹਿਤ ਦੀ ਦੂਰ ਤੱਕ ਪਹੁੰਚ ਨੂੰ ਦੇਖੀਏ ਤਾਂ ਉਸ ਦਾ ਵਿਸਤਾਰ ਇਕ ਸਥਾਨ ਤੋਂ ਦੂਜੇ ਤੱਕ ਨਹੀਂ, ਸਗੋਂ ਦੇਸ਼ਾਂ ਤੇ ਦੂਰ-ਦੁਰਾਡੇ ਤੱਕ ਦਿਸਦਾ ਹੈ। ਅੰਗਰੇਜ਼ੀ ਦਾ ਬੋਲਬਾਲਾ ਸਾਰੀ ਦੁਨੀਆ ਉਤੇ ਹੋਣ ਕਾਰਨ ਉਸ ਵਿੱਚ ਦੁਨੀਆ ਦੀ ਹਰ ਭਾਸ਼ਾ ਦਾ ਲੇਖਕ ਲਿਖਦਾ ਹੈ। ਜਿਹੜਾ ਜਿਸ ਦੇਸ਼, ਖਿੱਤੇ, ਭਾਸ਼ਾ ਤੇ ਸੱਭਿਆਚਾਰ ਵਿੱਚੋਂ ਆਉਂਦਾ ਹੈ, ਉਹ ਆਪਣੀ ਲਿਖਤ ਵਿੱਚ ਇਨ੍ਹਾਂ ਸਾਰੇ ਸਰੋਕਾਰਾਂ ਨੂੰ ਨਾਲ ਲੈ ਕੇ ਆਉਂਦਾ ਹੈ। ਇਸੇ ਕਰਕੇ ਹੀ ਵਿਸ਼ੇ, ਸ਼ੈਲੀ, ਵਿਚਾਰਾਂ ਤੇ ਅਨੁਭਵਾਂ ਦੀ ਜੋ ਵਿਭਿੰਨਤਾ ਤੇ ਵਿਵਿਧਤਾ ਸਾਨੂੰ ਅੰਗ੍ਰੇਜ਼ੀ ਸਾਹਿਤ ਵਿੱਚ ਦੇਖਣ ਨੂੰ ਮਿਲਦੀ ਹੈ, ਉਹ ਉਸ ਦੇ ਮੁਕਾਬਲੇ ਕਿਸੇ ਹੋਰ ਭਾਸ਼ਾ ਵਿੱਚ ਨਹੀਂ ਮਿਲਦੀ। ਹਿੰਦੀ ਦਾ ਵਿਸਤਾਰ ਵੀ ਇਸੇ ਤਰ੍ਹਾਂ ਹੋਇਆ, ਆਪਣੇ ਹੀ ਦੇਸ਼ ਵਿੱਚ ਆਪਣੀ ਮਾਤਰੀ ਭਾਸ਼ਾ ਗੁਜਰਾਤੀ, ਉੜੀਆ, ਮਰਾਠੀ, ਬੰਗਾਲੀ ਤੇ ਪੰਜਾਬੀ ਆਦਿ ਵਿੱਚ ਲਿਖਣ ਵਾਲੇ ਲੇਖਕ ਹਿੰਦੀ ਵਿੱਚ ਵੀ ਲਿਖਦੇ ਹਨ। ਹਿੰਦੀ ਤਾਂ ਇਕ ਤਰ੍ਹਾਂ ਨਾਲ ਖੇਤਰੀ ਭਾਸ਼ਾਵਾਂ ਦੇ ਪੂਰੇ ਭਾਰਤ ਵਿੱਚ ਫੈਲਣ ਲਈ ਇਕ ਪੁਲ ਹੀ ਬਣ ਗਈ ਹੈ। ਕਿਸੇ ਖੇਤਰੀ ਭਾਸ਼ਾ ਦੀ ਕੋਈ ਰਚਨਾ ਜਦੋਂ ਹਿੰਦੀ ਤੇ ਅੰਗਰੇਜ਼ੀ ਵਿੱਚ ਅਨੁਵਾਦ ਹੋ ਜਾਂਦੀ ਹੈ ਤਾਂ ਉਸ ਦੀ ਪਹੁੰਚ ਤੇ ਪਛਾਣ ਦਾ ਦਾਇਰਾ ਵਧ ਜਾਂਦਾ ਹੈ। ਜਦੋਂ ਪੰਜਾਬੀ ਦੀ ਗੱਲ ਕਰੀਏ ਤਾਂ ਇਸ ਦਾ ਦਾਇਰਾ ਵੀ ਵਧਿਆ ਹੈ, ਇਸ ਵਿੱਚ ਦੇਸ਼ ਵਿੱਚ ਵਸਦੇ ਪੰਜਾਬੀ ਲੇਖਕਾਂ ਦੇ ਨਾਲ ਪ੍ਰਵਾਸੀ ਤੇ ਪਾਕਿਸਤਾਨੀ ਸਾਹਿਤ ਨੇ ਵੀ ਆਪਣਾ ਯੋਗਦਾਨ ਦਿੱਤਾ ਹੈ। ਦੇਸ਼ ਵਿੱਚ ਦਿੱਲੀ, ਪੰਜਾਬ ਤੇ ਜੰਮੂ ਇਸ ਦੇ ਮੁੱਖ ਖੇਤਰ ਹਨ। ਇਨ੍ਹਾਂ ਲੇਖਕਾਂ ਦੀਆਂ ਰਚਨਾਵਾਂ ਤੋਂ ਸਾਨੂੰ ਉਨ੍ਹਾਂ ਦੇ ਖਿੱਤੇ ਦੀ ਪਛਾਣ ਹੁੰਦੀ ਜਾਂਦੀ ਹੈ। ਜੰਮੂ ਦੇ ਪੰਜਾਬੀ ਲੇਖਕਾਂ ਦੀ ਲੰਮੀ ਸੂਚੀ ਹੈ, ਜਿਨ੍ਹਾਂ ਵਿੱਚ ਮੁੱਖ ਪੱਧਰ ਉਤੇ ਸਾਹਿਤ ਅਕਾਦਮੀ ਜੇਤੂ ਖ਼ਾਲਿਦ ਹੁਸੈਨ, ਬਲਜੀਤ ਰੈਨਾ, ਮੋਨੋਜੀਤ ਤੇ ਸੁਰਿੰਦਰ ਨੀਰ ਦਾ ਨਾਂਅ ਵਿਸ਼ੇਸ਼ ਤੌਰ ਉਤੇ ਲਿਆ ਜਾ ਸਕਦਾ ਹੈ। ਸੁਰਿੰਦਰ ਨੀਰ ਦੀ ਕੋਈ ਵੀ ਰਚਨਾ ਹੋਵੇ, ਉਸ ਵਿੱਚੋਂ ਜੰਮੂ-ਕਸ਼ਮੀਰ ਦੇ ਭਾਸ਼ਾਈ ਮੂਲ ਤੇ ਸੱਭਿਆਚਾਰਕ ਪੱਖ ਆਸਾਨੀ ਨਾਲ ਪਛਾਣੇ ਜਾਂਦੇ ਹਨ। ਇਹ ਉਸ ਦੀ ਲਿਖਤ ਦਾ ਸਭ ਤੋਂ ਵੱਡਾ ਸਰੋਕਾਰ ਹੈ... ਆਪਣੇ ਖਿੱਤੇ ਦੀ ਭਾਸ਼ਾ, ਸੱਭਿਆਚਾਰ ਤੇ ਉਥੋਂ ਦੀਆਂ ਸਮੱਸਿਆਵਾਂ ਤੇ ਸੰਕਟਾਂ ਦਾ ਜ਼ਿਕਰ, ਉਨ੍ਹਾਂ ਵਿੱਚੋਂ ਉੱਭਰ ਕੇ ਆਉਂਦਾ ਹੈ। ਇਹ ਸਭ ਉਚੇਚੇ ਤੌਰ ਉਤੇ ਨਹੀਂ ਕੀਤਾ ਜਾਂਦਾ ਹੈ, ਸੁਭਾਵਕ ਤੌਰ 'ਤੇ ਉਸ ਦੇ ਅਵਚੇਤਨ ਵਿਚੋਂ ਅਤੇ ਉਸ ਦੇ ਗ੍ਰਹਿਣਸ਼ੀਲ ਤੇ ਸੰਵੇਦਨਸ਼ੀਲ ਮਨ ਵਿਚੋਂ ਅਚਨਚੇਤ ਹੀ ਉੱਕਰ ਕੇ ਸਾਹਮਣੇ ਆਉਂਦਾ ਹੈ।

ਪੰਜਾਬੀ ਵਿੱਚ ਹੁਣ ਬਹੁਤ ਸਾਰੇ ਲੇਖਕ ਆਪਣੀ ਇਲਾਕਾਈ ਬੋਲੀ ਨੂੰ ਹੀ ਰਚਨਾਵਾਂ ਵਿੱਚ ਵਰਤਣ ਲੱਗ ਪਏ ਹਨ, ਪਰ ਬੋਲੀ ਤੇ ਭਾਸ਼ਾ ਵਿੱਚ ਅੰਤਰ ਹੁੰਦਾ ਹੈ ਤੇ ਸਾਹਿਤਕ ਭਾਸ਼ਾ ਉਸ ਤੋਂ ਵੀ ਉਪਰਲੇ ਪੱਧਰ ਦੀ ਹੁੰਦੀ ਹੈ। ਬੋਲੀ ਨੂੰ ਦੂਰ-ਦੁਰਾਡੇ ਬੈਠਾ ਪਾਠਕ ਆਸਾਨੀ ਨਾਲ ਸਮਝ ਨਹੀਂ ਪਾਉਂਦਾ, ਜਿਸ ਕਾਰਨ ਸੰਚਾਰ ਦੀ ਸਮੱਸਿਆ ਸਾਹਮਣੇ ਆਉਂਦੀ ਹੈ। ਭਾਸ਼ਾ ਵਿਆਕਰਣ ਕਾਰਨ ਵਧੇਰੇ ਪੁਖ਼ਤਾ ਹੁੰਦੀ ਹੈ। ਇਸ ਸੰਗ੍ਰਹਿ ਵਿੱਚ ਸੁਰਿੰਦਰ ਨੀਰ ਨੇ ਕਈ ਕਹਾਣੀਆਂ ਵਿੱਚ ਆਪਣੇ ਖਿੱਤੇ ਕਸ਼ਮੀਰੀ ਤੇ ਡੋਗਰੀ ਭਾਸ਼ਾ ਦੀ ਵਰਤੋਂ ਕੀਤੀ ਹੈ, ਪਰ ਉਹ ਕਿੱਧਰੇ ਵੀ ਪਾਠਕ ਲਈ ਉਲਝਣ ਪੈਦਾ ਨਹੀਂ ਕਰਦੇ, ਕਿਉਂਕਿ ਪਾਤਰਾਂ ਦੇ ਸੰਵਾਦਾਂ ਰਾਹੀਂ ਉਹ ਭਾਸ਼ਾ ਸਾਹਮਣੇ ਆਉਂਦੀ ਹੈ ਤੇ ਉਸ ਦੇ ਨਾਲ ਉਨ੍ਹਾਂ ਦੇ ਰੀਤੀ-ਰਿਵਾਜ, ਜੋ ਕਿ ਉਚੇਚੇ ਤੌਰ ਉਤੇ ਨਹੀਂ, ਸਗੋਂ ਕਹਾਣੀ ਦੇ ਹਿੱਸੇ ਵਜੋਂ ਉੱਭਰਦੇ ਹਨ। ਕਥਾਨਕ ਅਨੁਸਾਰ ਪਾਠਕ ਨੂੰ ਉਨ੍ਹਾਂ ਦੀ ਆਸਾਨੀ ਨਾਲ ਸਮਝ ਵੀ ਪੈ ਜਾਂਦੀ ਹੈ। ਜਿਵੇਂ : 'ਤੂਫ਼ਾਨ ਥੰਮ੍ਹ ਜਾਣ ਬਾਅਦ' ਕਹਾਣੀ ਵਿੱਚ ਕਸ਼ਮੀਰੀ ਦੇ ਪ੍ਰਸਿੱਧ ਲੋਕ-ਗੀਤ 'ਬੁੰਬਰੋ' ਦਾ ਜ਼ਿਕਰ ਆਉਂਦਾ ਹੈ ਤਾਂ ਕਹਾਣੀ ਦੇ ਪਾਤਰਾਂ ਰਾਹੀਂ ਸਾਨੂੰ ਉਸ ਦੇ ਮਸ਼ਹੂਰ ਗਾਇਕ ਮੋਹਨ ਲਾਲ ਐਮਾ ਦਾ ਪਤਾ ਲੱਗਦਾ ਹੈ ਤੇ ਸਟੇਜ ਉਤੇ ਕੀਤੇ ਜਾਂਦੇ ਬਾਂਡ ਪਾਥਰ ਨਾਚ ਬਾਰੇ ਵੀ। ਇਸੇ ਤਰ੍ਹਾਂ ਮਿੱਟੀ ਦੀ ਕਟਵੀ ਜਾਂ ਕੜਾਹੀ ਵਿੱਚ ਆਰੀਪਲ ਆੜ ਦੀਆਂ ਗਾਡਾਂ ਯਾਨੀ ਮੱਛੀ ਬਣਨ ਦੀ ਖ਼ੁਸ਼ਬੋ ਤੱਕ ਚੌਥੇ ਮੁਹੱਲੇ ਤੱਕ ਪੁੱਜਣਾ ਤੇ ਮੁਬਾਰਕ ਦੇਣ ਆਏ ਲੋਕਾਂ ਨੂੰ ਘੜਿਆਂ ਵਿੱਚ ਰੱਖੇ ਅਖਰੋਟ ਦਾ ਪਾਣੀ ਪਿਲਾਇਆ ਜਾਣਾ ਆਦਿ ਨੂੰ ਕਹਾਣੀ ਦੇ ਸੱਭਿਆਚਾਰਕ ਸਰੋਕਾਰ ਵਜੋਂ ਦੇਖਿਆ ਜਾ ਸਕਦਾ ਹੈ। ਭਾਸ਼ਾਈ ਸਰੋਕਾਰ ਵਜੋਂ ਇਸ ਦੀ ਪ੍ਰਤੀਨਿਧ ਕਹਾਣੀ 'ਮਿੱਟੀ' ਹੈ, ਜਿਸ ਵਿੱਚ ਬਿੱਲੋ ਤੇ ਮਾਮੋ ਸਹੇਲੀਆਂ ਅਤੇ ਤੋਤਾ ਸਿੰਘ ਤੇ ਨਬੀ ਖ਼ੂੰਖਾ ਤਰਖਾਣ ਦੀ ਆਪਸੀ ਗੱਲਬਾਤ ਵਿੱਚ ਪੂਰੀ ਤਰ੍ਹਾਂ ਨਾਲ ਕਸ਼ਮੀਰੀ ਭਾਸ਼ਾ ਦੀ ਮਿਠਾਸ ਸੰਜੋਈ ਹੋਈ ਮਿਲਦੀ ਹੈ। ਉਦਾਹਰਨ ਲਈ :

'ਸੱਸੂ ਡਾਗਣੀ ਸਹੁਰੇ ਹੱਥ ਸੁਨੇਹਾ ਭੇਜੇ ਦਾ ਆਸਾ ਕਿ ਘਰ ਮੇਲਾ ਹੋਏ ਦਾ ਐ। ਕੰਧਾਂ ਲਿੰਬੇ ਵਾਸਤੇ ਚਿੱਟੀ ਮਿੱਟੀ ਲੈ ਕੇ ਆਵਾਂ।' ਜਾਂ 'ਆਖਦਾ...ਦਿਲ ਛੁਮ ਕਰਨ ਬ੍ਰਿਓੜ ਸਿੰਘਨ ਜ਼ਨਾਨ ਕਰਹਾ ਦਿਲਸ ਮੰਜ ਜਾਏ।'

ਪਿਛਲੇ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਚੱਲ ਰਹੇ ਕਸ਼ਮੀਰ ਦੇ ਸੰਕਟ ਬਾਰੇ ਵੀ ਸੁਰਿੰਦਰ ਨੀਰ ਲਿਖਦੀ ਆਈ ਹੈ। ਉੱਥੋਂ ਦੀਆਂ ਔਰਤਾਂ ਦੀ ਹਾਲਤ ਸਭ ਤੋਂ ਮਾੜੀ ਹੈ, ਉਨ੍ਹਾਂ ਦੀ ਅਸਮਤ ਨੂੰ ਵਾਰ-ਵਾਰ ਲੀਰੋ-ਲੀਰ ਤੇ ਬੇਇੱਜ਼ਤ ਕੀਤਾ ਜਾਂਦਾ ਹੈ। 'ਭੂਮੀ' ਕਹਾਣੀ ਵਿੱਚ ਇਕ ਵੱਡੇ ਅਖ਼ਬਾਰ ਦਾ ਸੰਪਾਦਕ ਇਸ ਸਥਿਤੀ ਉਤੇ ਬਹੁਤ ਦੁਖੀ ਹੁੰਦਾ ਹੈ। 'ਅਨਾਰਕਲੀ' ਰਾਹੀਂ ਪਤਾ ਲੱਗਦਾ ਹੈ ਕਿ ਪਿਛਲੇ ਤੀਹ-ਪੈਂਤੀ ਵਰ੍ਹਿਆਂ ਤੋਂ ਇਸ ਸੰਕਟ ਨੂੰ ਭੋਗਦੇ ਹੋਏ ਉਥੋਂ ਦੇ ਵਾਸੀ ਇਸ ਅਫਰਾ-ਤਫਰੀ, ਰੌਲੇ-ਰੱਪੇ ਦੇ ਆਦੀ ਹੋ ਚੁੱਕੇ ਹਨ।

ਉਨ੍ਹਾਂ ਨੇ ਇਕ ਤਰ੍ਹਾਂ ਨਾਲ ਇਸ ਦੀ ਅਜਿਹੀ ਹੋਣੀ ਨੂੰ ਸਵੀਕਾਰ ਕਰਕੇ ਜੀਣਾ ਸਿੱਖ ਲਿਆ ਹੈ। 'ਅਨਾਰਕਲੀ' ਕਹਾਣੀ ਵਿੱਚ ਹੀ ਲੇਖਿਕਾ ਨੇ ਇਸ ਸਟੇਟ ਦੇ ਦੁੱਖਾਂ ਦੀ ਪੂਰੀ ਦਾਸਤਾਨ ਨੂੰ ਬਿਆਨ ਕੀਤਾ, ਜਿਸ ਵਿੱਚ ਇਸ ਦੇ ਮਿੱਥਕ ਤੇ ਫਿਰ ਇਤਿਹਾਸ ਨੂੰ ਦੱਸਿਆ ਗਿਆ। ਜਿਸ ਤੋਂ ਪਤਾ ਲੱਗਦਾ ਹੈ ਕਿ ਇਸ ਦੀ ਖ਼ੂਬਸੂਰਤੀ ਹੀ ਇਸ ਦੇ ਦੁੱਖਾਂ ਦਾ ਮੁੱਖ ਕਾਰਨ ਬਣੀ। ਕਸ਼ਮੀਰ ਉੱਤੇ ਹਿੰਦੂ, ਬੋਧੀ, ਮੁਸਲਮਾਨ ਰਾਜਾਵਾਂ ਦੇ ਨਾਲ ਸਿੱਖ ਰਾਜੇ ਦਾ ਰਾਜ ਰਿਹਾ। ਫਿਰ ਇਸੇ ਦੇ ਹੀ ਬਾਸ਼ਿੰਦੇ ਨੇ ਇਸ ਨੂੰ ਅੰਗਰੇਜ਼ਾਂ ਹਵਾਲੇ ਕਰ ਦਿੱਤਾ, ਪਰ ਇਸ ਦੇ ਦੁੱਖਾਂ ਦਾ ਅੰਤ ਕਦੇ ਨਹੀਂ ਹੋਇਆ। ਦੇਸ਼ ਦੀ ਵੰਡ ਮਗਰੋਂ ਤਾਂ ਇਹ ਭਾਰਤ-ਪਾਕਿ ਵਿਚਲੇ ਸੰਘਰਸ਼ ਤੇ ਲੜਾਈ ਦਾ ਪ੍ਰਮੁੱਖ ਮੁੱਦਾ ਬਣ ਗਿਆ। ਇਹ ਹਰ ਕਾਲ ਤੇ ਰਾਜ ਵਿੱਚ ਲਹੂ-ਲੁਹਾਨ ਹੁੰਦੀ ਰਹੀ। ਅਜੇ ਵੀ ਇਸ ਦੇ ਦੁੱਖਾਂ ਦਾ ਅੰਤ ਨਹੀਂ ਹੋਇਆ ਤੇ ਇਸ ਸੁਹਣੀ ਧਰਤ ਦਾ ਹਾਲ 'ਅਨਾਰਕਲੀ' ਵਰਗਾ ਹੈ, ਜਿਸ ਨੂੰ ਅਕਬਰ ਬਾਦਸ਼ਾਹ ਜੀਣ ਨਹੀਂ ਦੇਣਾ ਚਾਹੁੰਦਾ ਤੇ ਉਸ ਦਾ ਆਸ਼ਿਕ ਸਲੀਮ ਉਸ ਨੂੰ ਮਰਨ ਨਹੀਂ ਦੇਣਾ ਚਾਹੁੰਦਾ। ਆਰੰਭ ਤੋਂ ਹੀ ਦੋ ਧਿਰਾਂ ਵਿੱਚ ਫਸੀ ਤੇ ਉਨ੍ਹਾਂ ਦੇ ਆਪਸੀ ਅਹੰਕਾਰ ਨਾਲ ਲੀਰੋ-ਲੀਰ ਹੋਈ, ਆਪਣੀ ਹੋਣੀ ਦਾ ਖ਼ਮਿਆਜ਼ਾ ਭੁਗਤ ਰਹੀ ਹੈ।

ਕਸ਼ਮੀਰ ਦੀ ਹੋਣੀ ਕਾਰਨ ਸਦੀਆਂ ਤੋਂ ਇੱਥੋਂ ਵੱਸਦੇ ਕਸ਼ਮੀਰੀ ਪੰਡਤਾਂ ਨੂੰ ਵੀਹਵੀਂ ਸਦੀ ਦੇ ਅੰਤਲੇ ਦਹਾਕੇ ਤੋਂ ਦਰ-ਬਦਰ ਹੋਣ ਲਈ ਮਜਬੂਰ ਹੋਣਾ ਪਿਆ। ਵਿਸਥਾਪਨ ਕਾਰਨ ਵਿੱਛੜ ਗਏ ਸੰਬੰਧੀ, ਮਿੱਤਰ ਤੇ ਸਨੇਹੀਆਂ ਦਾ ਦੁੱਖ ਸਾਰੀ ਉਮਰ ਲਈ ਕਲੇਜੇ ਵਿੱਚ ਕੰਡੇ ਵਾਂਗ ਧੱਸ ਕੇ ਨਾਸੂਰ ਬਣ ਗਿਆ। 'ਨਦੀਓਂ ਵਿੱਛੜੇ ਨੀਰ', 'ਤੂਫ਼ਾਨ ਥੰਮ੍ਹ ਜਾਣ ਬਾਅਦ' ਜਿਹੀਆਂ ਕਹਾਣੀਆਂ ਵਿੱਚ ਇਸ ਦਰਦ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ। ਵਿਸਥਾਪਨ ਦਾ ਮੁੱਦਾ ਬਹੁਤ ਸਾਰੇ ਦੇਸ਼ਾਂ ਵਿੱਚ ਬਹੁਤ ਵੱਡਾ ਮੁੱਦਾ ਹੈ। ਦੇਸ਼ ਦੀ ਵੰਡ, ਬਾਂਗਲਾਦੇਸ਼ ਦਾ ਜਨਮ, ਕਸ਼ਮੀਰ ਸੰਕਟ ਸਾਡੇ ਸਾਹਮਣੇ ਵਾਪਰੇ ਵਰਤਾਰੇ ਹਨ, ਜਿਨ੍ਹਾਂ ਦੀ ਪੀੜ ਅੱਜ ਵੀ ਸਾਡੇ ਸਾਹਿਤ ਦੇ ਪ੍ਰਮੁੱਖ ਵਿਸ਼ੇ ਦੇ ਰੂਪ ਵਿੱਚ ਸਥਾਪਤ ਹੈ।

ਸੰਗ੍ਰਹਿ ਦਾ ਸਿਰਲੇਖ 'ਟੈਬੂ' ਇਸ ਗੱਲ ਦਾ ਸੰਕੇਤ ਕਰਦਾ ਹੈ ਕਿ ਇਹ ਇਸਤਰੀਆਂ ਵੱਲੋਂ ਨਿਵੇਕਲੀ ਗੱਲ ਕਰੇਗਾ। ਆਮ ਤੌਰ 'ਤੇ 'ਟੈਬੂ' ਬਣੇ ਹੀ ਇਸਤਰੀ ਜਾਤੀ ਲਈ ਹੁੰਦੇ ਹਨ ਤੇ ਇਨ੍ਹਾਂ ਨੂੰ ਤੋੜਨਾ ਸਮਾਜ ਦੇ

ਬਹੁਤ ਖ਼ਿਲਾਫ਼ ਮੰਨਿਆ ਜਾਂਦਾ ਹੈ। ਇਹ ਟੈਬੂ ਸਮਾਜਿਕ ਸਰੋਕਾਰਾਂ ਦਾ ਬਹੁਤ ਵੱਡਾ ਹਿੱਸਾ ਹਨ। ਇਨ੍ਹਾਂ ਵਿਚਲਾ ਦਵੰਦ ਪਰਦੇ ਓਹਲੇ ਹਾਵੀ ਹੁੰਦੀਆਂ ਦਕਿਆਨੂਸੀ ਰਵਾਇਤਾਂ ਦੇ ਡਰ ਤੇ ਖ਼ੌਫ਼ ਤੋਂ ਇਕ ਪਾਸੇ ਨਿਜਾਤ ਵੀ ਦਿਵਾਉਂਦਾ ਹੈ ਤੇ ਦੂਜੇ ਪਾਸੇ ਅਗਾਂਹਵਧੂ ਵਿਚਾਰਾਂ ਤੇ ਸੋਚ ਰਾਹੀਂ ਸਮਾਜ ਦੀ ਵਾਸਤਵਿਕਤਾ ਨੂੰ ਪੇਸ਼ ਕਰਦਾ ਹੈ ਤੇ ਦੱਸਦਾ ਹੈ ਕਿ ਸਾਨੂੰ ਕਿਸ ਪਾਸੇ ਵੱਲ ਵਧਣਾ ਚਾਹੀਦਾ ਹੈ। ਇਸ ਪੱਖੋਂ ਸੁਰਿੰਦਰ ਦੀ ਸਿਰਜੀ ਔਰਤ ਪਰੰਪਰਿਕ ਸੋਚ ਤੋਂ ਵੱਖਰੀ, ਅਗਾਂਹਵਧੂ ਹੋਣ ਕਾਰਨ ਟੈਬੂ ਜਾਂ ਵਰਜਨਾਵਾਂ ਨੂੰ ਤੋੜਨ ਦਾ ਹੀਆ ਰੱਖਦੇ ਹੋਏ ਘਰਾਂ ਦੀ ਦੇਹਲੀ ਅੰਦਰ ਵੀ ਨਵੀਆਂ ਪੁਲਾਂਘਾਂ ਪਾਉਣ ਦੀ ਚਾਹਵਾਨ ਦਿਸਦੀ ਹੈ। ਸਾਨੂੰ ਇਸ ਸੰਗ੍ਰਹਿ ਵਿੱਚ ਔਰਤਾਂ ਦੇ ਵੱਖ-ਵੱਖ ਰੂਪ ਤੇ ਕਿਰਦਾਰ ਦਿਸਦੇ ਹਨ। ਇਹ ਬਦਲਾਵ ਸਮਾਜ ਵਿੱਚ ਆਏ ਬਦਲਾਵਾਂ ਦੀ ਹਾਮੀ ਭਰਦਾ ਹੈ। ਇਨ੍ਹਾਂ ਬਦਲਾਵਾਂ ਦਾ ਅਸਰ ਹੁਣ ਆਪਸੀ ਤੇ ਨਜ਼ਦੀਕੀ ਰਿਸ਼ਤਿਆਂ ਵਿੱਚ ਵੀ ਦਿਸਣ ਲੱਗ ਪਿਆ ਹੈ। ਸਿਰਲੇਖ ਕਹਾਣੀ 'ਟੈਬੂ' ਵਿੱਚ ਮਾਂ-ਧੀ ਦੀ ਜੋੜੀ ਵਿੱਚ ਧੀ, ਮਾਂ ਤੋਂ ਦੂਰ ਕਿਸੇ ਮਲਟੀਨੈਸ਼ਨਲ ਕੰਪਨੀ ਵਿੱਚ ਕੰਮ ਕਰਦੇ ਹੋਏ, ਕਿਸੇ ਮਹਾਨਗਰ ਵਿੱਚ ਰਹਿੰਦੀ ਹੈ। ਮਹਾਨਗਰਾਂ ਦੀ ਤੇਜ਼ ਰਫ਼ਤਾਰ ਜ਼ਿੰਦਗੀ, ਕੈਰਿਅਰ ਵਜੋਂ ਅੱਗੇ ਵਧਣ ਦੀ ਹੋੜ, ਨਿੱਜੀ ਕੰਪਨੀਆਂ ਵਿੱਚ ਵੱਡੇ ਪੈਕਜਾਂ ਦੇ ਨਾਂਅ ਉੱਤੇ ਚੌਵੀ ਘੰਟਿਆਂ ਦੀ ਨੌਕਰੀ ਵਿੱਚ ਗਲਤਾਨ ਯੁਵਾ ਪੀੜ੍ਹੀ ਵਿਆਹ ਦੀ ਥਾਂ ਉਤੇ ਲਿਵ-ਇਨ ਰਿਲੇਸ਼ਨ ਨੂੰ ਵਧੇਰੇ ਅਪਣਾਉਣ ਲੱਗ ਪਈ ਹੈ। ਇਹ ਸਾਡੇ ਉੱਤਰ-ਆਧੁਨਿਕਵਾਦ ਦੀ ਦੇਣ ਹੈ ਜਾਂ ਤ੍ਰਾਸਦੀ... ਕੁਝ ਵੀ ਸਮਝ ਲਵੋ। ਧੀ ਆਪ ਮਹਾਨਗਰ ਦੀ ਹਰ ਆਜ਼ਾਦੀ ਨੂੰ ਮਾਣਦੀ ਹੈ, ਲਿਵ-ਇਨ ਵਿੱਚ ਰਹਿੰਦੀ ਹੈ। ਆਪਣੀ ਉਮਰ ਦੇ ਤੀਜੇ ਪੜਾਅ ਉਤੇ ਪੁੱਜੀ ਮਾਂ ਨਾ ਚਾਹੁੰਦੇ ਹੋਏ ਵੀ ਧੀ ਦੇ ਇਸ ਵਰਤਾਰੇ ਨੂੰ ਸਵੀਕਾਰ ਕਰ ਲੈਂਦੀ ਹੈ ਤੇ ਦੂਜੇ ਪਾਸੇ ਧੀ ਨੂੰ ਮਾਂ ਦੇ ਫੋਨ ਵਿੱਚੋਂ ਮਿਲੇ ਕਿਸੇ ਦੇ ਮੈਸੇਜ਼ ਵੀ ਸਹਾਰ ਨਹੀਂ ਹੁੰਦੇ। ਇਸ ਵਿੱਚ ਅਸੀਂ ਆਸਾਨੀ ਨਾਲ ਧੀ ਦੇ ਸੁਭਾਅ ਤੇ ਵਤੀਰੇ ਨੂੰ ਅਸੰਤੁਲਿਤ ਕਹਿ ਸਕਦੇ ਹਾਂ। ਜੋ ਆਜ਼ਾਦੀ ਉਹ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਟੁੱਟਦੇ-ਭੱਜਦੇ ਰਿਸ਼ਤਿਆਂ ਦਾ ਕੱਚਾ ਚਿੱਠਾ

## ਮਰਿਆ ਨਹੀਂ ਜਿਉਂਦਾ ਹਾਂ

**(ਕਹਾਣੀ ਸੰਗ੍ਰਹਿ)**
**ਦਵਿੰਦਰ ਕੌਰ ਗੁਰਾਇਆ**
**ਪੰਨੇ : 80, ਕੀਮਤ : 250 ਰੁਪਏ**
**ਯੂਨੀਸਟਾਰ ਪਬਲੀਕੇਸ਼ਨ, ਚੰਡੀਗੜ੍ਹ**

**ਡਾ. ਕਰਮਜੀਤ ਸਿੰਘ ਨਡਾਲਾ**

ਇੱਕ ਕਿਸਾਨ ਪਰਵਾਰ 'ਚ ਜਨਮੀ, ਪਿੰਡ ਦੀ ਮਿੱਟੀ 'ਚ ਖੇਡੀ, ਬਚਪਨ ਗੁਜ਼ਾਰਿਆ, ਜਵਾਨ ਹੋਈ, ਰੱਜ ਕੇ ਪੜ੍ਹੀ। ਆਪਣੀਆਂ ਰੀਝਾਂ ਪੂਰੀਆਂ ਕਰਦੀ ਗ੍ਰਹਿਸਤੀ 'ਚ ਜਾ ਪਈ। ਫਿਰ ਵਿਦੇਸ਼ੀਂ ਉਡਾਰੀ ਮਾਰ ਗਈ, ਪਰ ਉੱਥੇ ਜਾ ਕੇ ਢੇਰ ਸਾਰੇ ਰੁਝੇਵਿਆਂ 'ਚੋਂ ਸਮਾਂ ਕੱਢ ਕੇ ਆਪਣੇ ਵਲਵਲੇ ਕਾਗਜ਼ਾਂ 'ਤੇ ਉਤਾਰਦੀ ਰਹੀ। ਕਵਿਤਾਵਾਂ ਲਿਖ-ਲਿਖ ਕੇ ਆਪਣੇ ਹਾਵ-ਭਾਵਾਂ ਨੂੰ ਪ੍ਰਗਟ ਕਰਦੀ ਗਈ। ਫਿਰ ਉਸ ਦੀ ਉਡਾਰੀ ਕਹਾਣੀ ਵਿਧਾ ਵੱਲ ਹੋ ਤੁਰੀ। ਜਿੱਥੋਂ ਉਸ ਦੀ ਸਾਹਿਤਕ ਕੁੱਖ 'ਚੋਂ 7 ਕਹਾਣੀਆਂ ਦਾ ਪਰਾਗਾ 'ਮਰਿਆ ਨਹੀਂ ਜਿਉਂਦਾ ਹਾਂ' ਪ੍ਰਗਟ ਹੋਇਆ। ਉਸ ਦੀ ਕਲਤ ਦੀ ਸਾਧਨਾ, ਲਿਖਣ ਢੰਗ ਇਸ ਗੱਲ ਦਾ ਪ੍ਰਮਾਣ ਹੈ, ਉਸ ਇੱਥੇ ਵੀ ਭਰਵੀਂ ਹਾਜ਼ਰੀ ਲਵਾ ਲਈ ਹੈ।





ਇਹ ਸਭ ਕੁਝ ਇੱਕ ਦਿਨ 'ਚ ਪ੍ਰਗਟ ਨਹੀਂ ਹੁੰਦਾ। ਪਹਿਲਾਂ ਸ਼ੌਕ ਹੋਣਾ, ਸਮਝ-ਸੋਝੀ ਹੋਣੀ, ਮੌਕੇ ਮਿਲਣੇ, ਮਾਪੇ, ਘਰੋਗੀ ਹਾਲਤ, ਪਤੀ ਦਾ ਸਹਿਯੋਗ, ਬੱਚੇ, ਜਜ਼ਬਾ, ਸਥਿਤੀਆਂ-ਪ੍ਰਸਥਿਤੀਆਂ ਤੇ ਹੋਰ ਬਹੁਤ ਕੁਝ ਰਲਗੱਡ ਹੋ ਕੇ ਇੱਕ ਪਹਾੜ ਅਤੇ ਪਹਾੜ ਵਰਗਾ ਜਿਗਰਾ ਬਣਦਾ। ਜਿਸ 'ਤੇ ਕੁਦਰਤ ਰੂਪੀ ਸ਼ਬਦ ਉੱਗਣ ਲੱਗਦੇ।

ਇਵੇਂ ਉਸ ਦੀਆਂ ਸੱਤਾਂ ਕਹਾਣੀਆਂ 'ਚ ਜੀਵਨ ਦਾ ਕੱਚ-ਸੱਚ ਦਿਸਦਾ ਤੇ ਨਿੱਖਰ ਕੇ ਸਾਹਮਣੇ ਆਉਂਦਾ ਹੈ, ਜਿਨ੍ਹਾਂ ਤੋਂ ਉਸ ਦੀ ਬੁਨਿਆਦ ਦੀ ਪਕਿਆਈ ਤੇ ਤਜਰਬਾ ਝਲਕਦਾ ਹੈ।

ਪਹਿਲੀ ਕਹਾਣੀ 'ਮਰਿਆ ਨਹੀਂ ਜਿਉਂਦਾ ਹਾਂ' 'ਚ ਸਖਤ ਤੇ ਅੱਖੜ ਸੁਭਾਅ ਦੀ ਔਰਤ, ਜੋ ਪੜ੍ਹੀ-ਲਿਖੀ ਤੇ ਪ੍ਰੋਫੈਸਰ ਹੈ। ਅਮੀਰ ਘਰ ਦੀ ਧੀ ਹੋਣ ਕਰਕੇ ਅਮੀਰੀ ਤੇ ਪਦਾਰਥਕ ਸੋਚ ਸਿਰ 'ਤੇ ਭਾਰੂ ਹੈ। ਉਹ ਕੋਮਲ ਚਿੱਤ ਮਨੁੱਖ, ਲਿਖਾਰੀ ਮਨ ਵਾਲੇ ਪਤੀ ਨੂੰ ਵੀ ਨਹੀਂ ਬਖ਼ਸ਼ਦੀ। ਹਰ ਵੇਲੇ ਬੇਇੱਜ਼ਤ ਕਰਦੀ ਤੇ ਘਰ 'ਚ ਫੂੰ-ਫੂੰ ਕਰਦੀ ਫਿਰਦੀ ਹੈ, ਪਰ ਪਤੀ ਨੂੰ ਤਾਂ ਸੂਖਮ ਮਹੌਲ ਚਾਹੀਦਾ ਹੈ। ਪਰਵਾਰਕ ਉਲਝਣਾਂ 'ਚ ਘੁੰਮਦੀ ਇਹ ਕਹਾਣੀ ਕੋਮਲ ਤੇ ਸਖਤ ਸੁਭਾਅ ਦੇ ਟਕਰਾਅ ਦੀ ਇੱਕ ਰੌਣਕ ਗਾਥਾ ਹੈ।

'ਬੇਰੀ' ਬੜੀ ਮਾਰਮਿਕ ਕਹਾਣੀ ਹੈ। ਔਰਤ ਤੇ ਔਰਤ ਹੋਣ ਦਾ ਦੁਖਾਂਤ। ਹੋਰ ਤਾਂ ਹੋਰ ਜੇ ਬਾਂਝਪਣ ਵੀ ਹੋਵੇ, ਇਹ ਔਰਤ ਦੇ ਮੱਥੇ 'ਤੇ ਕਲੰਕ ਵਾਂਗ ਹੈ। ਫਿਰ ਉਸ ਤੋਂ ਵੀ ਵੱਡਾ ਦੁਖਾਂਤ ਜਦੋਂ ਉਹ ਇੱਕ ਵਿਆਹ ਛੱਡ ਕੇ ਦੂਜਾ ਕਰਵਾਉਂਦੀ। ਆਪਣੇ ਤੋਂ ਵੱਡੇ ਮਰਦ ਨਾਲ, ਨਾਲੇ ਉਸ ਦੇ ਬੱਚੇ ਸਾਂਭਦੀ, ਪਰ ਔਰਤ ਆਪਣੇ ਅੰਦਰਲੇ ਖਲਾਅ ਦਾ ਕੀ ਕਰੇ, ਜਿਸ ਨੂੰ ਦੂਜਾ ਮਰਦ ਸ਼ਰਾਬੀ-ਕਬਾਬੀ ਨਹੀਂ ਭਰ ਸਕਦਾ। ਇਹ ਜੀਵਨ ਫਿਰ ਕੰਡਿਆਂ ਦੀ ਸੇਜ ਬਣ ਜਾਂਦਾ।

ਉਸ ਦੀਆਂ ਕਹਾਣੀਆਂ ਦੀ ਖਾਸੀਅਤ ਹੈ, ਉਨ੍ਹਾਂ 'ਚ ਪੁਰਾਣੀਆਂ ਯਾਦਾਂ, ਗੁੱਡੀਆਂ ਪਟੋਲੇ, ਵੱਡਿਆਂ-ਛੋਟਿਆਂ ਦੀਆਂ ਝਿੜਕਾਂ, ਪਿਆਰ, ਸੱਥਾਂ ਦੀ ਚੁੰਜ ਚਰਚਾ, ਪੁਰਾਣਾ ਵਿਰਸਾ, ਕਿੱਸੇ, ਕਿਤਾਬਾਂ ਨੂੰ ਯਾਦ ਕਰਦੀ-ਕਰਵਾਉਂਦੀ ਆਪਣੀਆਂ ਕਹਾਣੀਆਂ 'ਚ ਸ਼ਾਨਦਾਰ ਤਰੀਕੇ ਨਾਲ ਪਰੋਂਦੀ ਜਾਂਦੀ ਹੈ। ਇਵੇਂ ਥਾਂ-ਕੁਥਾਂਅ ਆਉਂਦੀਆਂ ਇਹ ਗੱਲਾਂ ਇਵੇਂ ਜਾਪਦੀਆਂ ਜਿਵੇਂ ਬਾਸਮਤੀ 'ਚੋਂ ਲੰਘਦੀਆਂ ਜਾਂਦੀਆਂ ਨੱਕ ਨੂੰ ਬਾਸਮਤੀ ਦੀ ਮਹਿਕ ਪਈ ਆ ਜਾਵੇ। ਦਿਮਾਗ 'ਚ ਤਰੰਗਾਂ ਛਿੜ ਜਾਂਦੀਆਂ । ਦੂਜੇ ਪਾਸੇ ਅਮਰੀਕਾ 'ਚ ਵੱਸੀ ਉੱਥੇ ਦੇ ਵੀ ਖੁਸ਼ਕ ਮਹੌਲ ਨਾਲ ਤਾਰਾਂ ਜੋੜਦੀ ਜਾਂਦੀ ਹੈ। ਕਿਵੇਂ ਲੋਕ ਫੋਨਾਂ, ਕੰਪਿਊਟਰਾਂ ਨਾਲ ਜੁੜੇ ਕੰਨਾਂ 'ਚ ਤਾਰਾਂ ਪਾਈ ਆਪਣੇ ਆਪ 'ਚ ਮਦ-ਮਸਤ ਹਨ ਤੇ ਫਿਰ ਇਹੋ ਹੀ ਲੋਕ ਕਹਿੰਦੇ ਫਿਰਦੇ ਲੋਕਾਂ ਦਾ ਤਾਂ ਖ਼ੂਨ ਸਫੈਦ ਹੋ ਗਿਆ।

ਉਸ ਦੀਆਂ ਕਹਾਣੀਆਂ ਆਮ ਮਨੁੱਖਾਂ ਦੀਆ ਕਹਾਣੀਆਂ ਹਨ। ਪਤੀ-ਪਤਨੀਆਂ ਦੀਆਂ ਹਲਕੀਆਂ-ਫੁਲਕੀਆਂ ਨੋਕਾਂ-ਝੋਕਾਂ। ਫਿਰ ਥੋੜ੍ਹਾ ਚਿਰ ਖਿਝ-ਖਪ ਕੇ ਇੱਕ-ਦੂਜੇ ਦੇ ਮੋਢੇ 'ਤੇ ਹੱਥ ਰੱਖ ਕੇ ਮੰਨ ਜਾਵੇ ਤੇ ਹੱਸ ਪੈਣ ਵਾਲੀ ਪ੍ਰਵਿਰਤੀ ਵੀ ਹੈ।

ਔਰਤ ਦੀ ਤਰਾਸਦੀ ਦੀ ਇੱਕ ਹੋਰ ਕਹਾਣੀ 'ਚਾਚੀ ਵੀਰੋ' ਵੀ ਹੈ। ਕਿਵੇਂ ਪਤੀ ਤੋਂ ਦੁੱਖ ਸਹਿੰਦੀ, ਕੰਮ ਕਰਦੀ, ਬੱਚੇ ਪਾਲਦੀ, ਪਰ ਸੁੱਖ ਕੋਈ ਨਹੀਂ। ਫਿਰ ਵੀ ਗਿਆਨ ਵਰਗੇ ਨਿਕੰਮੇ ਪਤੀ ਤੋਂ ਕੁੱਟ ਖਾਂਦੀ ਦਿਨ ਕੱਢਦੀ। ਫਿਰ ਸਮੇਂ ਨੇ ਕਰਵਟ ਲਈ। ਉਹੋ ਗਿਆਨ ਮੰਗਤਾ ਬਣਿਆ। ਪਤਨੀ ਤੋਂ ਭੀਖ ਮੰਗਣ ਤੱਕ ਜਾਂਦਾ। ਇੱਥੇ ਕਹਾਣੀ ਪਾਠਕ ਮਨ ਨੂੰ ਝੰਜੋੜ ਹੀ ਸੁੱਟਦੀ ਹੈ।

1947 ਦੀ ਵੰਡ ਨਾਲ ਸੰਬੰਧਤ 'ਤੂੰ ਇਸ ਨੂੰ ਵੰਡ ਆਖਦੀ ਏਂ' ਉਸ ਵੇਲੇ ਦਾ ਮਾਰੂ ਦੁਖਾਂਤ। ਕਿਵੇਂ ਮੁਸਲਿਮ ਪਰਵਾਰ ਦੀ ਜੈਨੀਫਰ ਉਜੜੀ। ਕਦੇ ਕਿਤੇ ਕਦੇ ਕਿਤੇ ਵਿਕਦੀ। ਆਪੇ ਹੀ ਇੱਕ ਘਰ 'ਚ ਅੱਕੀ ਹੋਈ ਫਾਹ ਲਾ ਲੈਂਦੀ ਹੈ। ਮਨੁੱਖਤਾ ਦੇ ਘਾਣ ਦੀ ਇਸ ਤੋਂ ਘਟੀਆ ਕੀ ਦਾਸਤਾਨ ਹੋ ਸਕਦੀ।

ਇਸ ਸੰਗ੍ਰਹਿ ਦੀ ਆਖਰੀ ਕਹਾਣੀ 'ਰੀਝਾਂ ਦਾ ਮੁੱਲ' ਬੇਹੱਦ ਖ਼ੂਬਸੂਰਤ ਤੇ ਮੁੱਲਵਾਨ ਰਚਨਾ ਹੈ। ਕਿਵੇਂ ਇੱਕ ਅਮੀਰਜ਼ਾਦੇ ਰਿਸ਼ਤੇਦਾਰ ਤੇ ਠਾਣੇਦਾਰ ਨੇ ਦੋ ਕੁੜੀਆਂ ਦੀ ਗਰੀਬੀ ਤੇ ਭੋਲੇਪਣ ਦਾ ਮਜ਼ਾਕ ਉਡਾਉਂਦਿਆਂ ਉਨ੍ਹਾਂ ਦੀ ਜਵਾਨੀ ਦੇ ਪੜਛੇ ਲਾਹ ਦਿੰਦਾ ਹੈ। ਉਨ੍ਹਾਂ ਨੂੰ ਵਰਗਲਾ ਕੇ ਆਪਣੇ ਤੇ ਵੱਡੇ ਅਫਸਰਾਂ ਨੂੰ ਪਰੋਸਦਾ ਰਿਹਾ। ਨਜਾਇਜ਼ ਠਹਿਰੇ ਗਰਭਾਂ ਦੇ ਅਬੌਰਸ਼ਨ ਕਰਵਾਉਣਾ, ਉਨ੍ਹਾਂ ਦੇ ਸਰੀਰਾਂ ਦਾ ਸਤਿਆਨਾਸ਼ ਹੀ ਕਰ ਦਿੰਦਾ। ਕੁੜੀਆਂ ਮੌਤ ਦੇ ਮੂੰਹ ਜਾ ਪੈਂਦੀਆਂ ਹਨ।

ਕਹਾਣੀਕਾਰ ਦਵਿੰਦਰ ਕੌਰ ਗੁਰਾਇਆ ਕਹਾਣੀਆਂ ਰਚਦਿਆਂ ਕਈ ਸਾਰੇ ਸ਼ਬਦ ਤੇ ਵਾਕਾਂ ਨੂੰ ਇਵੇਂ ਜੋੜਦੀ ਜਾਂਦੀ ਹੈ। ਜਿਵੇਂ ਧਾਗੇ 'ਚ ਮੋਤੀ। ਉਹ ਇਵੇਂ ਕਹਾਣੀਆਂ ਨੂੰ ਨਿਖਾਰ ਸੁੱਟਦੀ ਹੈ। ਬਦੋਬਦੀ ਪੜ੍ਹਨ ਲਈ ਚਾਅ ਉਮੜ ਪੈਂਦਾ ਹੈ। ਪਾਠਕ ਮਨ ਕਿਤੇ ਉੱਕਦਾ ਹੀ ਨਹੀਂ। ਵਾਕ ਕੋਡ ਕੀਤੇ ਹਨ।

"ਇਹ ਖਾਰੇ ਹੰਝੂ ਤਾਂ ਅੱਖੀਆਂ ਨੇ ਕਿਸੇ ਹੋਰ ਡੂੰਘੇ ਦਰਦ ਨੂੰ ਧੋਣ ਲਈ ਰੱਖੇ "ਮੇਰੀਆਂ ਅੱਖਾਂ 'ਚੋਂ ਇੱਕ ਵੀ ਹੰਝੂ ਨਾ ਕਿਰਿਆ। ਕਿੱਦਾਂ ਕਿਰਦਾ? ਸੁੱਕੇ ਖੂਹਾਂ ਵਾਂਗ ਸਨ ਮੇਰੀਆਂ ਅੱਖਾਂ।"

"ਔਰਤ ਦੇ ਸੁੱਕੇ ਬੁੱਲ੍ਹਾਂ 'ਚ ਸਮੁੰਦਰ ਦੀ ਭਾਫ ਵਰਗਾ ਹੌਕਾ ਨਿਕਲਿਆ"

"ਮਾਰੂਥਲ ਦੀ ਪਿਆਸ ਵਰਗੇ ਇਸ ਸਵਾਲ ਨੇ ਰੇਤੇ ਦੀ ਢੇਰੀ 'ਤੇ ਉੱਗੇ ਰੁੱਖ ਵਾਂਗ ਬਜ਼ੁਰਗ ਨੂੰ ਸਾਹਸਤਹੀਣ ਕਰ ਦਿੱਤਾ।"

"ਘਰ ਦੀ ਗਰੀਬੀ ਨੇ ਮੂੰਹ ਅੱਡ ਕੇ ਗਿੰਦੀ ਦੀ ਮੌਤ ਹਜ਼ਮ ਕਰ ਲਈ ਹੋਵੇ।"

"ਪੰਛੀ ਚੋਗਾ ਚੁਗਣਾ ਭੁੱਲ ਕੇ ਵਿਰਲਾਪ ਕਰਨ ਲੱਗ ਪਏ।"

ਇਹ ਦਵਿੰਦਰ ਕੌਰ ਗੁਰਾਇਆ ਦੀ ਪਹਿਲੀ ਕਹਾਣੀ ਪੁਸਤਕ ਜ਼ਰੂਰ ਹੈ, ਪਰ ਲੱਗਦਾ ਨਹੀਂ। ਉਹ ਤਾਂ ਸ਼ਬਦਾਂ ਦੀ ਜਾਦੂਗਰ ਹੈ। ਉਹ ਆਉਣ ਵਾਲੇ ਸਮੇਂ 'ਚ ਹੋਰ ਵੀ ਕਮਾਲ ਦੀਆਂ ਕਹਾਣੀਆਂ ਪੰਜਾਬੀ ਸਾਹਿਤ ਜਗਤ ਨੂੰ ਦੇਵੇਗੀ। ਉਸ 'ਚ ਇੱਕ ਚੰਗੇ ਕਹਾਣੀਕਾਰਾਂ ਵਾਲੇ ਗੁਣ ਆ ਚੁੱਕੇ ਹਨ। ਇਹ ਪੁਸਤਕ ਪੜ੍ਹ ਕੇ ਪਾਠਕ ਤੇ ਹੋਰ ਲੇਖਕ ਆਪਣੇ ਗੁਣਾਂ ਨੂੰ ਹੋਰ ਵੱਧ ਨਿਖਾਰ ਕੇ ਸ਼ਿੰਗਾਰ ਸਕਦੇ ਹਨ।

ਮੋਬਾ. 98151-86532

## ਸੱਜਰਾ ਸਾਹਿਤ

### ਜਾਗਦੇ ਬੋਲ

**(ਕਾਵਿ ਸੰਗ੍ਰਹਿ)**
**ਸੰਪਾਦਕ ਰੂਪ ਲਾਲ ਰੂਪ**
**ਪੰਨੇ : 142, ਮੁੱਲ : 300 ਰੁਪਏ**
**ਪੰਜਾਬੀ ਸਾਹਿਤ ਸਭਾ ਆਦਮਪੁਰ, ਦੋਆਬਾ**





ਹਿੰਦੂ ਅਤੇ ਇਸਲਾਮ ਧਰਮ ਨੇ ਔਰਤ ਨੂੰ ਭੋਗ ਦੀ ਸ਼ੈਅ ਜਾਣ ਕੇ ਉਸ ਦੀ ਸੋਚ ਘਰ ਦੀ ਚਾਰਦੀਵਾਰੀ ਤੱਕ ਸੀਮਤ ਰੱਖੀ ਹੈ। ਇਹ ਗੁਰੂ ਰਵਿਦਾਸ ਜੀ ਸਨ, ਜਿਨ੍ਹਾਂ ਰਾਣੀ ਝਾਲੀ, ਰਾਣੀ ਮੀਰਾ, ਰਾਣੀ ਚੰਪਕ ਮਾਲਿਨੀ, ਕਮਾਲੀ, ਭਾਨਮਤੀ, ਗੰਗਾ ਆਦਿ ਔਰਤਾਂ ਨੂੰ ਪਹਿਲੀ ਵਾਰ ਨਾਮ ਦੀ ਦਾਤ ਦੇ ਕੇ ਖੁੱਲ੍ਹੇ ਅੰਬਰ ਵਿੱਚ ਉਡਾਰੀ ਭਰਨ ਯੋਗ ਬਣਾ ਦਿੱਤਾ। ਗੁਰੂ ਨਾਨਕ ਦੇਵ ਜੀ ਨੇ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ' ਆਖ ਔਰਤ ਪ੍ਰਤੀ ਸਮਾਜ ਦੀ ਸੌੜੀ ਸੋਚ ਵਿੱਚ ਕ੍ਰਾਂਤੀਕਾਰੀ ਤਬਦੀਲੀ ਲਿਆਂਦੀ। ਸਮੇਂ ਦੇ ਫੇਰ ਨਾਲ ਅਨੇਕਾਂ ਔਰਤਾਂ ਭਾਰਤ ਸਮੇਤ ਸੰਸਾਰ ਦੇ ਵੱਡੇ ਮੁਲਕਾਂ ਦੀਆਂ ਸਫ਼ਲ ਹੁਕਮਰਾਨ ਰਹੀਆਂ ਹਨ।

### ਜ਼ਿੰਦਗੀ ਜਿਉਣ ਦੀ ਕਲਾ

**ਹਰਨੰਦ ਸਿੰਘ ਬੱਲਿਆਂਵਾਲਾ**
**ਪੰਨੇ : 110, ਮੁੱਲ : 200 ਰੁਪਏ**
**ਆਜ਼ਾਦ ਬੁਕ ਡਿੱਪੋ, ਅੰਮ੍ਰਿਤਸਰ**





ਮੁਲਕ ਦੀ ਭ੍ਰਿਸ਼ਟ ਰਾਜਨੀਤੀ ਦੀ ਅਗਵਾਈ ਵਿੱਚ ਆਮ ਲੋਕਾਂ ਲਈ ਦਿਨੋ-ਦਿਨ ਭਿਆਨਕ ਬਣ ਰਹੀ ਸਥਿਤੀ ਬਾਰੇ ਇੱਕ ਹੋਰ ਲੇਖ ਵਿੱਚ ਉਸ ਲਿਖਿਆ ਹੈ: "ਕਈ ਦਹਾਕਿਆਂ ਤੋਂ ਅਸੀਂ ਦੇਖ ਰਹੇ ਹਾਂ ਕਿ ਸਾਡਾ ਦੇਸ਼ ਬੇਰੁਜ਼ਗਾਰੀ, ਭੁੱਖਮਰੀ, ਕੁਰੱਪਸ਼ਨ, ਬਿਮਾਰੀ, ਭ੍ਰਿਸ਼ਟਾਚਾਰ, ਗ਼ਰੀਬੀ, ਨਸ਼ੇ, ਅਪਰਾਧ, ਔਰਤਾਂ 'ਤੇ ਅੱਤਿਆਚਾਰ, ਜਾਤ-ਪਾਤ ਅਤੇ ਧਰਮ ਦੇ ਭੇਦਭਾਵ ਦੇ ਨਾਂਅ 'ਤੇ ਦੰਗੇ, ਕਤਲੇਆਮ ਵਰਗੀਆਂ ਸਮੱਸਿਆਵਾਂ ਨਾਲ ਲਗਾਤਾਰ ਜੂਝਦਾ ਆ ਰਿਹਾ ਹੈ, ਪ੍ਰੰਤੂ ਸਾਡੀਆਂ ਰਾਜ ਕਰਦੀਆਂ ਰਾਜਸੀ ਧਿਰਾਂ ਪੰਜ ਸਾਲ ਬਾਅਦ ਇੱਕ-ਦੂਜੇ ਨਾਲ ਦੋਸਤਾਨਾ ਮੈਚ ਖੇਡਦੇ ਹੋਏ, ਤੂੰ ਚੱਲ ਮੈਂ ਆਇਆ ਵਾਂਗ ਲੋਕਾਂ ਨੂੰ ਲਗਾਤਾਰ ਮੂਰਖ ਬਣਾਉਂਦੀਆਂ ਆ ਰਹੀਆਂ ਹਨ।"

### ਪ੍ਰੋਫ਼ੈਸਰ ਕਿਰਪਾਲ ਸਿੰਘ ਯੋਗੀ

**ਸੰਪਾਦਕ ਤਰਸੇਮ ਸਿੰਘ ਭੰਗੂ ਅਤੇ ਸੁਭਾਸ਼ ਦੀਵਾਨਾ**
**(ਯਾਦਾਂ ਤੇ ਕਿਰਤਾਂ)**
**ਪੰਨੇ : 152, ਮੁੱਲ-200 ਰੁਪਏ**
**ਸੁਭਾਸ਼ ਚੰਦਰ, ਗੁਰਦਾਸਪੁਰ**





ਬਿਨਾਂ ਸ਼ੱਕ ਪ੍ਰੋ. ਕਿਰਪਾਲ ਸਿੰਘ ਯੋਗੀ ਅਦਬ, ਚਿੰਤਨ, ਦਰਸ਼ਨ, ਲੇਖਨ, ਅਧਿਆਪਨ ਖੇਤਰ ਦਾ ਇਕ ਚਮਕਦਾ ਸਿਤਾਰਾ ਸੀ, ਹੈ ਅਤੇ ਰਹੇਗਾ। ਉਹ ਅਨੁਭਵ ਤੇ ਬੁੱਧੀਮੱਤਾ ਦਾ ਆਪਣੇ ਆਪ ਵਿੱਚ ਮੁਜੱਸਮਾ ਸੀ। ਇੱਕ ਅਜਿਹੀ ਸ਼ਖ਼ਸੀਅਤ, ਜਿਸ ਨੇ ਵਿਪਰੀਤ ਹਾਲਤਾਂ ਨਾਲ ਜੱਦੋ-ਜਹਿਦ ਕਰਕੇ ਆਪਣਾ ਨਿਰਮਾਣ ਕੀਤਾ। ਉਹ ਪੜ੍ਹਿਆ ਤਾਂ ਬਹੁਤ ਸੀ, ਪਰ ਗੁੜ੍ਹਿਆ ਹੋਰ ਵੀ ਵਧੇਰੇ ਸੀ। ਉਹ ਜਿੱਥੇ ਵੀ ਰਿਹਾ, ਉਸ ਨੇ ਉਥੇ ਹੀ ਅਦਬ/ਚਿੰਤਨ ਦੀ ਚਿਣਗ ਲਾਈ।

### ਨਵੀਂ ਬੁਲਬੁਲ

**(ਗ਼ਜ਼ਲ ਸੰਗ੍ਰਹਿ)**
**ਕਮਲ ਬੰਗਾ ਸੈਕਰਾਮੈਂਟੋ**
**ਪੰਨੇ : 240, ਮੁੱਲ : 300 ਰੁਪਏ**
**ਪੰਜਾਬੀ ਵਿਰਸਾ ਟਰੱਸਟ, ਫਗਵਾੜਾ**





ਭਾਈਚਾਰੇ 'ਚ ਪਈਆਂ ਤ੍ਰੇੜਾਂ, ਨਫ਼ਰਤੀ ਵਰਤਾਰਾ, ਅਵਿਸ਼ਵਾਸ ਨੂੰ ਜਦੋਂ ਉਹ ਮਨੁੱਖੀ ਕਾਲੀਨ ਉੱਤੇ ਵਿਛਿਆ ਵੇਖਦਾ ਹੈ ਤਾਂ ਤੜਪ ਉਠਦਾ ਹੈ। ਉਹ ਕਹਿੰਦਾ ਹੈ, ਆਖਿਰ ਮਨੁੱਖ ਇਸ ਵਰਤਾਰੇ ਵਿੱਚੋਂ ਕਦੋਂ ਬਾਹਰ ਆਏਗਾ, ਕਦੋਂ ਇਕ ਧਰਮ ਦੂਜੇ ਧਰਮ ਨੂੰ ਪਿਆਰ ਕਰੇਗਾ, ਕਦੋਂ ਮਨੁੱਖ ਜ਼ਿੰਦਗੀ ਦੀ ਖ਼ੂਬਸੂਰਤੀ ਨੂੰ ਪਛਾਣ ਸਕੇਗਾ?

# ਪੁਸਤਕ ਰੀਵਿਊ

## ਖਾਰਾ ਪਾਣੀ

**ਮਨਮੋਹਨ ਸਿੰਘ ਬਾਸਰਕੇ**
**ਪੰਨੇ-116, ਮੁੱਲ-200 ਰੁਪਏ**
**ਆਜ਼ਾਦ ਬੁੱਕ ਡੀਪੂ, ਅੰਮ੍ਰਿਤਸਰ**

ਮਨਮੋਹਨ ਸਿੰਘ ਬਾਸਰਕੇ ਦਾ ਹਥਲਾ ਨਾਵਲ ਸਾਮੰਤੀ ਦੌਰ ਤੋਂ ਪੂੰਜੀਵਾਦੀ ਦੌਰ ਵਿਚ ਦਾਖਲ ਹੋ ਰਹੇ ਪੇਂਡੂ ਸਮਾਜ ਦੇ ਸਮਾਜਿਕ, ਸੱਭਿਆਚਾਰਕ, ਆਰਥਿਕ ਤੇ ਨੈਤਿਕ ਪੱਖਾਂ ਦੀ ਨਿਸ਼ਾਨਦੇਹੀ ਕਰਦਾ ਹੈ। ਸਾਮੰਤੀ ਸਮਾਜ ਵਿਚ ਜ਼ਰ, ਜ਼ੋਰੂ ਤੇ ਜ਼ਮੀਨ ਨੂੰ ਵੱਧ ਅਹਿਮੀਅਤ ਦਿੱਤੀ ਜਾਂਦੀ ਸੀ। ਜ਼ਮੀਨ ਕਿਸਾਨੀ ਜੀਵਨ ਦੀ ਆਰਥਿਕਤਾ ਦਾ ਇਕੋ-ਇਕ ਧੁਰਾ ਹੋਣ ਕਾਰਨ ਰਿਸ਼ਤਿਆਂ ਦਾ ਕੱਚ-ਸੱਚ ਇਸ ਨਾਲ ਗਹਿਰਾ ਜੁੜਿਆ ਹੁੰਦਾ ਹੈ। ਇਸ ਸਮਾਜ ਵਿਚ ਵਿਆਹ ਲਈ ਜ਼ਮੀਨ ਦਾ ਹੋਣਾ ਤੇ ਜ਼ਮੀਨ ਦੀ ਮਾਲਕੀ ਲਈ ਆਪਣੇ ਖ਼ੂਨ ਦਾ ਵਾਰਿਸ ਹੋਣਾ ਲਾਜ਼ਮੀ ਹੈ। ਇਸੇ ਕਰਕੇ ਇਸ ਸਮਾਜ ਵਿਚ ਕੁੜੀ ਦੇ ਜਨਮ ਦੀ ਥਾਂ ਮੁੰਡੇ ਦੇ ਜਨਮ ਦੀ ਵਧੇਰੇ ਖ਼ੁਸ਼ੀ ਮਨਾਈ ਜਾਂਦੀ ਹੈ। ਜ਼ਮੀਨ ਦਾ ਯੋਗ ਵਾਰਿਸ ਨਾ ਹੋਣ 'ਤੇ ਇਸ ਦੀ ਮਾਲਕੀ ਲਈ ਕੀਤੇ ਜਾਣ ਵਾਲੇ ਜੋੜ-ਤੋੜ ਵਿੱਚੋਂ ਰਿਸ਼ਤਿਆਂ ਦੀ ਸਵਾਰਥੀ ਭਾਵਨਾ ਦਾ ਸੱਚ ਉਜਾਗਰ ਹੋ ਜਾਂਦਾ ਹੈ। ਪੂੰਜੀਵਾਦੀ ਸਮਾਜ ਵਿਚ ਰਿਸ਼ਤਿਆਂ ਦੇ ਪਿਆਰ-ਸਤਿਕਾਰ ਦੀ ਥਾਂ ਪੂੰਜੀ ਦੀ ਪ੍ਰਧਾਨਤਾ ਹੋਣ ਕਾਰਨ ਰਿਸ਼ਤਿਆਂ ਵਿਚ ਨਿੱਜਵਾਦੀ ਰੁਝਾਨ ਤੇ ਸਵਾਰਥੀ ਭਾਵ ਪ੍ਰਮੁੱਖ ਹੋ ਜਾਂਦੇ ਹਨ। ਇਸ ਨਾਵਲ ਦਾ ਬਿਰਤਾਂਤਕ ਸੰਗਠਨ ਇਸ ਦੀ ਪੇਸ਼ਕਾਰੀ ਨਾਲ ਸੰਬੰਧਤ ਹੈ।

ਨਾਵਲ ਦੀ ਕੇਂਦਰੀ ਪਾਤਰ ਕੁਲਵਿੰਦਰ ਉਰਫ਼ ਕਿੰਦਰ ਇਕ ਆਦਰਸ਼ ਧੀ, ਪਤਨੀ ਤੇ ਨੂੰਹ ਬਣਨ ਦੇ ਬਾਵਜੂਦ ਰਿਸ਼ਤਿਆਂ ਵੱਲੋਂ ਤ੍ਰਿਸਕਾਰੀ ਰਹਿੰਦੀ ਹੈ, ਕਿਉਂਕਿ ਮਾਇਆ ਦੀ ਖਿੱਚ ਰਿਸ਼ਤਿਆਂ ਦਾ ਪੈਰਾਡਾਇਮ ਬਦਲ ਦਿੰਦੀ ਹੈ। ਕਿੰਦਰ ਇਕ ਅਜਿਹੇ ਘਰ ਵਿਚ ਵਿਆਹੀ ਜਾਂਦੀ ਹੈ, ਜਿੱਥੇ ਉਸ ਦਾ ਪਤੀ ਰਾਜੂ ਫੌਜ ਵਿਚ ਹੈ, ਸਹੁਰਾ ਰਿਟਾਇਰਡ ਫੌਜੀ ਹੈ ਤੇ ਦੋ ਨਨਾਣਾਂ ਹਨ।

ਕਿੰਦਰ ਦੇ ਮਨ ਵਿਚ ਆਪਣੇ ਘਰ ਤੇ ਪਤੀ ਬਾਰੇ ਕੁਝ ਸੁਪਨੇ ਤੇ ਇੱਛਾਵਾਂ ਸੰਜੋਈਆਂ ਹੋਈਆਂ ਹਨ, ਜਿਨ੍ਹਾਂ ਦੀ ਪੂਰਤੀ ਉਸ ਹਿਸਾਬ ਨਾਲ ਨਹੀਂ ਹੁੰਦੀ। ਕਿੰਦਰ ਇਸ ਦਾ ਕੋਈ ਬਹੁਤਾ ਗਿਲਾ ਕਰਨ ਦੀ ਥਾਂ ਆਪਣੇ ਕੰਮ-ਕਾਰ ਵਿਚ ਖੁਸ਼ ਰਹਿਣ ਦਾ ਯਤਨ ਕਰਦੀ ਹੈ। ਉਹਨਾਂ ਦੇ ਘਰ ਜ਼ਮੀਨ ਦਾ ਵਾਰਿਸ ਅੰਮ੍ਰਿਤਪਾਲ ਜਨਮ ਲੈਂਦਾ ਹੈ। ਇਸ ਉਪਰੰਤ ਵਾਪਰੀ ਘਟਨਾ ਨਾਲ ਨਾਵਲ ਦਾ ਅਤੇ ਰਿਸ਼ਤਿਆਂ ਦਾ ਬਿਰਤਾਂਤਕੀ ਸੰਗਠਨ ਬਦਲ ਜਾਂਦਾ ਹੈ। ਉਸ ਦਾ ਪਤੀ ਰਾਜੂ ਫੌਜ ਵਿਚ ਸ਼ਹੀਦ ਹੋ ਜਾਂਦਾ ਹੈ। ਪੂਰੇ ਘਰ ਵਿਚ ਸਹੁਰੇ ਸੁਖਦੇਵ ਸਿੰਘ ਤੋਂ ਬਿਨਾਂ ਉਸ ਦਾ ਪੱਖ ਲੈਣ ਵਾਲਾ ਕੋਈ ਨਹੀਂ ਰਹਿੰਦਾ। ਸ਼ਹੀਦ ਦੀ ਵਿਧਵਾ ਨੂੰ ਮਿਲਣ ਵਾਲੀ ਨੌਕਰੀ 'ਤੇ ਕਿੰਦਰ ਦਾ ਹੱਕ ਹੈ, ਪਰ ਸੱਸ ਪ੍ਰਸਿੰਨੀ ਆਪਣੀ ਧੀ ਸੱਤੀ ਨੂੰ ਇਹ ਨੌਕਰੀ ਦਿਵਾਉਣਾ ਚਾਹੁੰਦੀ ਹੈ।

ਕਿੰਦਰ ਨੌਕਰੀ ਜੁਆਇੰਨ ਕਰ ਲੈਂਦੀ ਹੈ ਤੇ ਆਪਣੇ ਪੁੱਤਰ ਅੰਮ੍ਰਿਤਪਾਲ ਨੂੰ ਲੈ ਕੇ ਸ਼ਹਿਰ ਰਹਿਣ ਲੱਗ ਜਾਂਦੀ ਹੈ। ਨਾਵਲ ਵਿਚ ਪਿੰਡ ਦੇ ਮੁਕਾਬਲੇ ਸ਼ਹਿਰੀ ਜੀਵਨ ਨੂੰ ਸਮੱਸਿਆਵਾਂ ਦੇ ਗੜ੍ਹ ਵਜੋਂ ਪੇਸ਼ ਕੀਤਾ ਹੈ। ਸ਼ਹਿਰ ਰਹਿੰਦਿਆਂ ਅੰਮ੍ਰਿਤਪਾਲ ਦੀ ਸੰਗਤ ਵਿਗੜ ਜਾਂਦੀ ਹੈ ਤੇ ਉਹ ਨਸ਼ਿਆਂ ਦੀ ਦਲਦਲ ਵਿਚ ਧੱਸ ਜਾਂਦਾ ਹੈ। ਨਸ਼ਿਆਂ ਦੇ ਅਗਲੇ ਪੜਾਅ ਲੁੱਟ-ਖੋਹ ਤੋਂ ਜੇਲ੍ਹ ਚਲਿਆ ਜਾਂਦਾ ਹੈ। ਜੇਲ੍ਹ ਤੋਂ ਛੁੱਟ ਕੇ ਸੁਧਰਨ ਦੀ ਥਾਂ ਗੈਂਗਸਟਰ ਗਰੁੱਪ ਨਾਲ ਰਲ਼ ਵੱਡੇ ਡਾਕੇ ਮਾਰਦਾ ਅੰਤ ਪੁਲਸ ਹੱਥੋਂ ਮਾਰਿਆ ਜਾਂਦਾ ਹੈ। ਜ਼ਮੀਨ ਦਾ ਆਖਰੀ ਵਾਰਿਸ ਚਲਾ ਜਾਣ ਬਾਅਦ ਜ਼ਮੀਨ ਦੀ ਮਾਲਕੀ ਲਈ ਰਿਸ਼ਤਿਆਂ ਖਾਸ ਕਰਕੇ ਭੈਣਾਂ ਦੇ ਮਨ ਵਿਚ ਜ਼ਮੀਨ ਦੀਆਂ ਵਾਰਿਸ ਹੋਣ ਦਾ ਖਿਆਲ ਪੈਦਾ ਹੁੰਦਾ ਹੈ। ਕਿੰਦਰ ਆਪਣੇ ਤਜਰਬੇ ਤੇ ਸਮਾਜੀ ਧੱਕੇ-ਧੋੜਿਆਂ ਦੌਰਾਨ ਕਾਫੀ ਚੇਤਨ ਹੋ ਚੁੱਕੀ ਹੈ। ਉਸ ਅੰਦਰ ਜ਼ਮੀਨ ਦੀ ਮਾਲਕੀ ਦਾ ਕੋਈ ਵਿਚਾਰ ਨਹੀਂ ਰਹਿੰਦਾ। ਉਹ ਆਪਣੀ ਨੌਕਰੀ ਤੇ ਸ਼ਹੀਦ ਪਤੀ ਦੀ ਪੈਨਸ਼ਨ ਨਾਲ ਹੀ ਸੰਤੁਸ਼ਟ ਹੈ।

ਨਾਵਲ ਦੇ ਉਕਤ ਕੇਂਦਰੀ ਵਿਸ਼ੇ ਤੋਂ ਇਲਾਵਾ ਪਿੰਡ ਪੱਧਰ ਦੀ ਪੰਚਾਇਤੀ ਰਾਜਨੀਤੀ ਵਿਚ ਕੀਤੇ ਜਾਂਦੇ ਸਿਆਸੀ ਜੋੜ-ਤੋੜ ਤੇ ਸ਼ਹਿਰੀ ਨੌਕਰੀ ਦੌਰਾਨ ਮੁਲਾਜ਼ਮਾਂ ਦੀਆਂ ਆਪਸੀ ਰੰਜਿਸ਼ਾਂ ਤੇ ਖਹਿਬਾਜ਼ੀਆਂ ਦੇ ਲਘੂ ਬਿਰਤਾਂਤ ਵੀ ਨਾਵਲ ਦਾ ਹਿੱਸਾ ਬਣ ਕੇ ਪੇਸ਼ ਹੋਏ ਹਨ।

ਪੇਂਡੂ ਯਥਾਰਥ ਹੋਣ ਕਾਰਨ ਨਾਵਲ ਦਾ ਕਥਾਨਕ ਰੌਚਕ ਤਾਂ ਹੈ, ਪਰ ਇਹ ਸਹਿਜ ਰੂਪ ਵਿਚ ਉੱਸਰਨ ਦੀ ਥਾਂ ਇਸ ਵਿਚ ਲੇਖਕ ਦੀ ਹਾਜ਼ਰੀ ਮਹਿਸੂਸ ਹੁੰਦੀ ਹੈ। ਨਾਵਲ ਦੀ ਭਾਸ਼ਾ ਪੇਂਡੂ ਮੁਹਾਵਰੇ ਵਾਲੀ ਹੈ। ਕਿੰਦਰ ਦੇ ਪਤੀ ਰਾਜੂ ਦੀ ਮੌਤ ਤੋਂ ਪਹਿਲਾਂ ਦਾ ਬਿਰਤਾਂਤ ਸਹਿਜ ਰੂਪ ਵਿਚ ਵਾਪਰਦਾ ਹੈ। ਮੌਤ ਤੋਂ ਬਾਅਦ ਦੇ ਬਿਰਤਾਂਤਕੀ ਪਾਠ ਵਿਚ ਘਟਨਾਵਾਂ ਬਹੁਤ ਤੇਜ਼ੀ ਨਾਲ ਵਾਪਰਦੀਆਂ ਦਿਖਾਈਆਂ ਹਨ। ਕੁੱਲ ਮਿਲਾ ਕੇ ਇਹ ਨਾਵਲ ਪੇਂਡੂ ਸਮਾਜ ਦੇ ਬਦਲ ਰਹੇ ਯਥਾਰਥ ਵਿਚ ਨਾਰੀ ਵੇਦਨਾ ਨੂੰ ਵਿਭਿੰਨ ਪੱਖਾਂ ਤੋਂ ਪੇਸ਼ ਕਰਦਾ ਨਾਵਲ ਹੈ।

**— ਡਾ. ਹਰਿੰਦਰ ਸਿੰਘ**

## ਗ਼ਲ-ਰੁਖੀ (ਕਹਾਣੀਆਂ)

**ਹੇਮਨ**
**ਮੁੱਲ : 200 ਰੁਪਏ, ਪਾਕਟ ਸਾਈਜ਼ ਪੰਨੇ 104**
**ਵ੍ਹਾਈਟ ਕਰੋ**
**ਪਬਲੀਕੇਸ਼ਨ, ਮਾਨਸਾ**

ਇਸ ਪੁਸਤਕ ਦੀਆਂ ਕਹਾਣੀਆਂ ਪੜ੍ਹਦਿਆਂ ਉਹ ਅਫ਼ਸਾਨੇ ਯਾਦ ਆਏ, ਜਦ ਮੈਂ ਦਿੱਲੀ ਤੋਂ ਪ੍ਰਕਾਸ਼ਤ ਹੁੰਦੇ ਉਰਦੂ ਦੇ ਪਰਚੇ, ਸ਼ਮਾਂ ਅਤੇ ਵੀਹਵੀਂ ਸਦੀ ਦੇ ਮਾਸਿਕ ਪੱਤਰਾਂ 'ਚ ਅਫਸਾਨੇ ਪੜ੍ਹਿਆ ਕਰਿਆ ਕਰਦੇ ਸੀ। ਭਾਵੇਂ ਉਸ ਸਮੇਂ ਪੰਜਾਬੀ ਕਹਾਣੀਕਾਰ ਵੀ ਸਰਗਰਮ ਸਨ।

'ਗਲ-ਰੁਖੀ' ਕਹਾਣੀ ਸੰਗ੍ਰਹਿ ਵਿੱਚ 11 ਕਹਾਣੀਆਂ ਹਨ। ਹੋਰ ਕਹਾਣੀਆਂ ਵਿੱਚ ਕਹਾਣੀ ਦੀ ਆਪਣੀ ਕਲਾ ਹੈ। ਕਹਾਣੀ ਦੀ ਪਰਪੱਕਤਾ ਹੈ; ਪਾਤਰਾਂ ਦੀ ਆਪਣੀ ਸ਼ਖ਼ਸੀਅਤ ਹੈ। ਪੁਸਤਕ ਦੇ ਪਹਿਲੇ ਪੰਨੇ ਉਪਰ ਜੋ-ਜੋ ਲਿਖਿਆ ਹੈ, ਉਹ ਲੇਖਕ ਵੱਲੋਂ ਇਸ ਪ੍ਰਕਾਰ ਹੈ, ਜੋ ਉਸ ਦਾ ਅਹਿਮ ਸੁਨੇਹਾ ਹੈ। ਕਹਾਣੀ ਤੁਹਾਡੇ ਕੋਲ ਹੁੰਦੀ ਹੈ ਜਾਂ ਨਹੀਂ ਹੁੰਦੀ, ਇਹਦੇ ਵਿੱਚ ਸਿੱਖਣ ਵਰਗਾ ਕੁਝ ਵੀ ਨਹੀਂ ਹੁੰਦਾ। ਪਾਠਕ ਨੂੰ ਮੂਰਖ ਬਣਾਉਣ ਦੀ ਕੋਸ਼ਿਸ਼ ਕਰੋਗੇ, ਤਾਂ ਉਹ ਵਰਕੇ ਪਾੜ ਕੇ ਉਹਦੇ 'ਚ ਗਿਰੀਆਂ ਰੱਖ ਕੇ ਖਾ ਪਾਓਗੇ ਤੇ ਅਗਲੀ ਵਾਰ ਕਿਤਾਬ ਦੀ ਬਜਾਏ ਕਿੱਲੋ ਸੇਬ ਘਰ ਲੈ ਜਾਓਗੇ । ਰੋਹਮਨੀ ਉਸ ਦੀ ਇਸ ਪੁਸਤਕ ਦੀ ਕੋਈ ਕਹਾਣੀ ਪੜ੍ਹ ਲਵੋ, ਭਾਵੇਂ ਰੁਕਮਣੀ ਹੋਵੇ ਜਾਂ ਐਸਾ ਕਿਉਂ ਲਗਤਾ ਹੈ, ਕਹਾਣੀ ਬਾਬੂ ਆਮੀ ਤੋਦੇ, ਸਮੇਂ ਦਾ ਟਾਕਰਾ ਕਰਦੇ ਆਪਣਾ ਵਕਤ ਲੰਘਾਉਂਦੇ ਹਨ। ਇਸ ਦੀ ਕਹਾਣੀ 'ਤੂੰ ਨਹੀਂ ਸਮਝੇਂਗਾ' ਆਸਿਮ ਅਲੀ ਅਤਿ ਦਿਲਚਸਪ ਕਹਾਣੀ ਹੈ, ਜਿਸ ਦਾ ਹਰ ਸ਼ਬਦ-ਵਾਕ ਕਹਾਣੀ ਹੈ 'ਇੱਕ ਵਾਕ ਪੜ੍ਹੋ' ਉਨ੍ਹਾਂ ਦੇ ਅੱਠ ਪੁਤਰਾਂ ਦੇ ਅਗਾਂਹ ਅਠਾਰਾਂ ਅਠਾਰਾਂ ਨਿਆਣੇ ਹੋਏ ਤੇ ਕੁਝ ਨੂੰਹਾਂ ਅਜੇ ਵੀ ਜਣੇਪੇ ਦੀ ਜ਼ਹਿਮਤ ਕੱਟਣ ਆਪਣੇ ਪੇਕੇ ਗਈਆਂ ਹੋਈਆਂ ਸੀ। ਘਰ ਵਿੱਚ ਪੈਂਦੀ ਕਾਵਾਂਰੌਲੀ, ਮੰਨੋ ਸੁਣਨੀ ਹੀ ਬੰਦ ਹੋ ਗਈ। ਨੂੰਹਾਂ ਦਾ ਇਹ ਤਰਫ ਧਿਆਨ ਕਿਉਂ ਜਾਂਦਾ ... ਇਸ ਤਰ੍ਹਾਂ ਰਸਦੇ ਵਸਦੇ ਘਰ ਦਾ ਨਕਸ਼ਾ ਖਿੱਚਣਾ, ਸੁਚੇਤ ਕਹਾਣੀਕਾਰ ਦੀ ਕਲਮ ਹੀ ਲਿਖ ਸਕਦੀ ਹੈ। ਧੀਰਜ ਨਾਲ ਕਹਾਣੀਆਂ ਪੜ੍ਹਾਂਗਾ। ਇੱਕ ਵੱਖਰੀ ਕਿਸਮ ਦਾ ਸਮਾਜ ਤੁਸੀਂ ਆਪਣੀਆਂ ਅੱਖਾਂ ਸਾਹਮਣੇ ਸਿਰਜਨ ਹੋਇਆ ਪੜ੍ਹੋਗੇ। ਕਿਧਰੇ ਰੁਮਕਣੀ ਨਾਲ ਸੰਬੰਧ ਜੋੜ ਪਾਏ ਅਨੁਭਵ ਕਰੋਗੇ। ਅਨੁਭਵ ਕਰ ਪਾਉਗੇ ਕਿ ਐਸੇ ਕਿਉਂ ਲਗਦਾ ਹੈ? ਤੇ ਸਮਝ ਸਕੋਗੇ ਕਿ ਆਸਿਮ ਅਲੀ ਨੂੰ ਇੰਝ ਕਿਉਂ ਲਗਦਾ ਹੈ, ਚਾਲੀ ਦਿਨ; ਕਿਉਂ ਕਿਵੇਂ ਕਿੱਥੇ ਕੀ ਹਨ। ਤੁਹਾਡੇ ਅੱਗੇ ਕੀ ਦਿੱਕਤ ਕੀ ਹੈ? ਕਿੱਥੇ ਹੈ।

ਮੁਸੀਬਤ ਚਾਰੇ ਪਾਸੇ ਹੈ। ਮੁਸੀਬਤ ਤੋਂ ਬਿਨਾਂ ਵਿਅਕਤੀ ਨਿਮਾਣਾ, ਵਿਹਲਾ ਅਤੇ ਨਿਮਾਣਾ ਹੈ। ਹੁਣ ਜੇ ਕਿਸੇ ਕੋਲ ਜੇ ਮੁਸੀਬਤ ਹੈ, ਤਾਂ ਉਹ ਵਿਹਲਾ ਨਹੀਂ, ਘੱਟ ਵੱਧ ਰੁਝੇਵਿਆਂ ਵਿੱਚ ਹੈ। ਯਾਦਾਂ ਦਾ ਆਉਣਾ ਵੀ ਅਜੀਬ ਹੈ। ਸੁਪਨੇ ਜੇ ਰਾਤ ਨੂੰ ਆਉਂਦੇ, ਯਾਦਾਂ ਸਹੁਰੀਆਂ ਦਿਨ ਨੂੰ ਆਉਂਦੀਆਂ ਹਨ। ਲਾਹੌਰੀ ਗੇਟ ਯਾਦ ਆ ਗਿਆ।

ਪਾਠਕੋ! ਸੁਣੋ ਤੇ ਪੜ੍ਹੋ, ਸਭ ਜ਼ਰੂਰੀ ਕੀ ਹੈ। ਜਨਾਬ ! ਪੜ੍ਹੋਗੇ ਤਾਂ ਹੀ ਤੁਸੀਂ ਜਾਣ ਜਾਓਗੇ ਸਭ ਤੋਂ ਜ਼ਰੂਰੀ ਕੀ? ਜਾਂ ਮੁੰਡਾ ਕੀ/ਕੌਣ ਕੌਣ ਸੀ?

ਬਾਹਰਹਾਲ; ਜਿੰਨੀਆਂ ਵੀ ਮੈਂ ਕਹਾਣੀਆਂ ਪੜ੍ਹੀਆਂ ਹਨ, ਮੈਨੂੰ ਪਸੰਦ ਹਨ। ਤੁਸੀਂ ਇਹ ਕਹਾਣੀਆਂ ਪੜ੍ਹੋਗੇ, ਜ਼ਰੂਰ ਤੁਹਾਨੂੰ ਵੀ ਪਸੰਦ ਆਉਣਗੀਆਂ।

**- ਡਾ. ਅਮਰ ਕੋਮਲ**

## ਫੁੱਲ ਸਰਕਲ

**(ਕਹਾਣੀ ਸੰਗ੍ਰਹਿ)**
**ਮੀਨੂੰ**
**ਪੰਨੇ : 140, ਮੁੱਲ : 250 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

'ਫੁੱਲ ਸਰਕਲ' ਮੀਨੂੰ ਦਾ ਲਿਖਿਆ ਇਕ ਖ਼ੂਬਸੂਰਤ ਕਹਾਣੀ ਸੰਗ੍ਰਹਿ ਹੈ। ਤਿੰਨ ਨਾਵਲ 'ਚਾਂਦ ਬੀਬੀ', 'ਸੰਭਾਲ', 'ਮੀਲ-ਪੱਥਰ' ਤਿੰਨ ਕਹਾਣੀ ਸੰਗ੍ਰਹਿ। 'ਬੱਸ!..ਹੁਣ ਬੱਸ', 'ਚਿੱਬੜ', 'ਬਸੰਤ ਕੌਰ ਦੀ ਖੂੰਡੀ' ਤੇ ਇੱਕ ਕਾਵਿ ਸੰਗ੍ਰਹਿ 'ਕਿਤੇ ਗਾਉਂਦੀਆਂ ਹੋਣਗੀਆਂ ਬੁਲਬੁਲਾਂ' ਹੁਣ ਤੱਕ 07 ਪੁਸਤਕਾਂ ਪੰਜਾਬੀ ਸਾਹਿਤ ਨੂੰ ਭੇਟ ਕਰ ਚੁੱਕੀ ਹੈ। ਚੇਤਨਾ ਪ੍ਰਕਾਸ਼ਨ ਲੁਧਿਆਣਾ ਦੁਆਰਾ ਪ੍ਰਕਾਸ਼ਿਤ 8ਵੀਂ ਪੁਸਤਕ ਕਹਾਣੀ ਸੰਗ੍ਰਹਿ 'ਫੁੱਲ ਸਰਕਲ' ਸਮਰਪਿਤ ਹੈ। ਉਨ੍ਹਾਂ ਪੰਜਾਬੀ ਪੜ੍ਹਨ ਵਾਲਿਆਂ ਨੂੰ ਜਿਨ੍ਹਾਂ ਵਿੱਚ ਕਹਾਣੀਕਾਰਾ ਆਪਣੇ ਪਾਠਕਾਂ ਨੂੰ ਦੇਖਦੀ ਹੈ। ਇਸ ਸੰਗ੍ਰਹਿ ਵਿੱਚ ਕੁੱਲ ਚਾਰ ਕਹਾਣੀਆਂ ਹਨ। ਕਹਾਣੀਆਂ 'ਤ੍ਰਿਕੋਣ' ਤੇ 'ਫੁੱਲ ਸਰਕਲ' ਲੰਮੀਆਂ ਕਹਾਣੀਆਂ ਹਨ, ਇਨ੍ਹਾਂ ਨੂੰ ਨਾਵਲਿਟ ਵੀ ਕਹਿ ਸਕਦੇ ਹਾਂ। 'ਤ੍ਰਿਕੋਣ' ਕਹਾਣੀ ਸਰਿਤਾ, ਕੁੰਦਨ ਤੇ ਡਾ. ਰਮਨ ਦੀ ਕਹਾਣੀ ਹੈ। ਸਰਿਤਾ ਬਚਪਨ ਵਿੱਚ ਗੁਆਂਢ ਰਹਿੰਦੇ ਇਕ ਮੁੰਡੇ ਨੂੰ ਪਿਆਰ ਕਰਦੀ ਹੈ। ਅੱਲ੍ਹੜ ਉਮਰ ਵਿੱਚ ਘਰੋਂ ਭੱਜਣ ਦੀ ਗਲਤੀ ਕਰ ਬੈਠਦੀ ਹੈ ਤੇ ਸਰੀਰਕ ਸ਼ੋਸ਼ਣ ਦਾ ਸ਼ਿਕਾਰ ਹੁੰਦੀ ਹੈ, ਜਵਾਨੀ ਵਿੱਚ ਇਕ ਐਸੇ ਮੁੰਡੇ ਨਾਲ ਵਿਆਹੀ ਜਾਂਦੀ ਹੈ, ਜਿਸ ਨੂੰ ਹਾਲਾਤ ਨੇ ਇਕ ਗੁੰਡਾ ਬਣਾ ਦਿੱਤਾ। ਜੋ ਵਿਆਹ ਤੋਂ ਬਾਅਦ ਸਰਿਤਾ ਨੂੰ ਵੀ ਮਾੜੇ ਕੰਮਾਂ ਦਾ ਹਿੱਸੇਦਾਰ ਬਣਾ ਲੈਂਦਾ ਹੈ। ਜੇ ਡਾ. ਰਮਨ ਦਾ ਸਾਥ ਮਿਲਦਾ ਹੈ ਤਾਂ ਇਹ ਇਸ ਪਾਤਰ ਨੂੰ ਨਸੀਬ ਹੀ ਨਹੀਂ ਹੁੰਦਾ, ਕਿਉਂਕਿ ਇਹ ਆਪਣੇ ਪਹਿਲੇ ਰਿਸ਼ਤੇ ਪ੍ਰਤੀ ਇਮਾਨਦਾਰ ਹੈ। ਕਹਾਣੀ ਔਰਤ ਦੇ ਭੋਲੇਪਨ ਦੀ ਖ਼ੂਬਸੂਰਤੀ ਨੂੰ ਬਿਆਨ ਕਰਦੀ ਹੈ ਕਿ ਔਰਤ ਪਿਆਰ ਸਦਕਾ ਕਿਸੇ ਦੀਆਂ ਕਮਜ਼ੋਰੀਆਂ ਨੂੰ ਵੀ ਅੱਖੋਂ ਓਹਲੇ ਕਰ ਦਿੰਦੀ ਹੈ, ਸਦਾ ਵਫਾਦਾਰੀ ਨਿਭਾਉਂਦੀ ਹੈ। ਦੂਜੀ ਲੰਮੀ ਕਹਾਣੀ 'ਫੁੱਲ ਸਰਕਲ' ਹੈ। ਸਾਰੀ ਕਹਾਣੀ ਮਿਸਕਾ ਨਾਮੀ ਪਾਤਰ ਦੇ ਆਲੇ-ਦੁਆਲੇ ਘੁੰਮਦੀ ਹੈ। ਕਹਾਣੀ ਰਿਸ਼ਤਿਆਂ ਦੀ ਖ਼ੂਬਸੂਰਤੀ ਨੂੰ ਬਿਆਨ ਕਰਦੀ ਹੈ। 1994 ਤੋਂ ਸ਼ੁਰੂ ਹੋਇਆ ਇਕ ਸਰਕਲ 19 ਸਾਲਾਂ ਬਾਅਦ ਫੁੱਲ ਹੁੰਦਾ ਹੈ, ਜਦੋਂ ਮਿਸਕਾ ਆਪਣੇ ਪਾਪਾ ਦੀ ਅਸਲੀਅਤ ਸਭ ਦੇ ਸਾਹਮਣੇ ਲਿਆਉਂਦੀ ਹੈ ਤੇ ਆਪਣੇ ਗੈਂਡਪਾ ਨੂੰ ਨਰਕ ਵਰਗੀ ਜ਼ਿੰਦਗੀ ਤੋਂ ਕੱਢਦੀ ਹੈ ਤੇ ਆਪਣੇ ਪਰਵਾਰ ਲਈ ਕਾਓ ਬਵਾਏ ਸਾਬਿਤ ਹੁੰਦੀ ਹੈ। ਕਹਾਣੀਕਾਰ ਦੇ ਰੂਸ, ਮਾਸਕੋ, ਇੰਗਲੈਂਡ, ਅਮਰੀਕਾ ਵਰਗੇ ਮੁਲਕਾਂ ਵਿੱਚ ਵਾਪਰੀਆਂ ਘਟਨਾਵਾਂ ਨੂੰ ਬਾਖ਼ੂਬੀ ਚਿਤਰਦੀ ਹੈ। 'ਬਾਬੇ ਦੀ ਫੁੱਲ ਕਿਰਪਾ' ਕਹਾਣੀ ਡੇਰਾਵਾਦ ਦੇ ਪਾਖੰਡ ਦਾ ਪਰਦਾਫਾਸ਼ ਕਰਦੀ ਹੈ। ਕਹਾਣੀ ਦੱਸਦੀ ਹੈ ਕਿ ਅਨਪੜ੍ਹਾਂ ਦੇ ਨਾਲ-ਨਾਲ ਕਈ ਵਾਰ ਪੜ੍ਹੇ-ਲਿਖੇ ਵੀ ਇਨ੍ਹਾਂ ਦੇ ਝਾਂਸੇ ਵਿੱਚ ਆ ਜਾਂਦੇ ਹਨ। ਅੱਖਾਂ ਉਸ ਸਮੇਂ ਖੁੱਲ੍ਹਦੀਆਂ ਹਨ, ਜਦੋਂ ਉਸ ਬਾਬੇ ਦਾ ਪਰਦਾਫਾਸ਼ ਹੁੰਦਾ ਹੈ। 'ਇਕ ਮਿੰਨੀ ਲਵ ਸਟੋਰੀ' ਸੁੰਦਰੀ ਨਾਮੀ ਇਕ ਐਸੇ ਕੁੱਤੇ ਦੀ ਕਹਾਣੀ ਹੈ, ਜਿਸ ਦੀ ਬਿਰਤਾਂਤਕਾਰ ਮਦਦ ਕਰਦਾ ਹੈ।

ਲਵ ਸਟੋਰੀ ਸਿਰਫ ਮਨੁੱਖ ਦੀ ਮਨੁੱਖ ਨਾਲ ਸਾਂਝ ਤੇ ਪਿਆਰ ਦੀ ਕਹਾਣੀ ਨਹੀਂ ਹੁੰਦੀ, ਬਲਕਿ ਜਾਨਵਰ ਨਾਲ ਪਿਆਰ ਵੀ ਲਵ ਸਟੋਰੀ ਹੋ ਸਕਦੀ ਹੈ। ਜਿਸ ਦੀ ਮਦਦ ਤੋਂ ਸ਼ੁਰੂ ਹੋਈ ਕਹਾਣੀ ਬਿਰਤਾਂਤਕਾਰ ਨੂੰ ਜਾਨਵਰਾਂ ਦੀ ਮਦਦ ਲਈ ਸ਼ੈਲਟਰ ਬਣਾ ਦਿੰਦਾ ਹੈ ਤੇ ਇਹ ਕਹਾਣੀ ਕਦੇ ਨਾ ਖਤਮ ਹੋਣ ਵਾਲੀ ਕਹਾਣੀ ਬਣ ਜਾਂਦੀ ਹੈ। ਛੋਟੇ-ਛੋਟੇ ਹਿੱਸਿਆਂ ਵਿੱਚ ਕਹਾਣੀ ਕਹਿ ਜਾਣਾ ਮੀਨੂੰ ਦੀ ਖਾਸੀਅਤ ਹੈ। ਬੂਮਰੈਂਗ ਵਿਧੀ, ਚੇਤਨਾ ਪ੍ਰਵਾਹ ਦੀ ਜੁਗਤ ਤੇ ਪਿਛਲਝਾਤ ਜੁਗਤ ਵੀ ਵਰਤੀ ਗਈ ਹੈ। ਕਹਾਣੀਆਂ ਵਿੱਚ ਪ੍ਰਭਾਵ ਦੀ ਏਕਤਾ ਵੀ ਬਣੀ ਰਹਿੰਦੀ ਹੈ। ਸਾਰੀਆਂ ਹੀ ਕਹਾਣੀਆਂ ਔਰਤ ਦੇ ਭੋਲੇਪਨ ਤੇ ਵਫਾਦਾਰੀ ਨੂੰ ਫੋਕਸ ਕਰਦੀਆਂ ਹਨ। ਵਧੀਆ ਪੜ੍ਹਨਯੋਗ ਕਹਾਣੀਆਂ ਹਨ। ਨਿਰੰਤਰ ਇਸ ਕਾਰਜ ਵਿੱਚ ਜੁਟੀ ਕਹਾਣੀਕਾਰ ਨੂੰ ਪਾਠਕਾਂ ਦੇ ਹੁੰਗਾਰੇ ਦੀ ਉਡੀਕ ਰਹੇਗੀ।

**— ਡਾ. ਭੁਪਿੰਦਰ ਕੌਰ**

24-March-Sunday.qxd 3/23/2024 10:33 PM Page 6



# ਸੰਤ ਜਗਦੀਸ਼ ਸਿੰਘ ਵਰਿਆਮ ਯਾਦਗਾਰੀ ਪੁਰਸਕਾਰ ਡਾ. ਰਘਵੀਰ ਸਿੰਘ ਸਿਰਜਣਾ ਨੂੰ ਭੇਟ




**ਜਲੰਧਰ:** ਇੱਥੇ ਪੰਜਾਬੀ ਲੇਖਕ ਸਭਾ ਜਲੰਧਰ ਵੱਲੋਂ ਪੰਜਾਬ ਪ੍ਰੈਸ ਕਲੱਬ ਵਿਖੇ ਹੋਏ ਇੱਕ ਪ੍ਰਭਾਵਸ਼ਾਲੀ ਸਮਾਗਮ ਵਿੱਚ ਸੰਤ ਜਗਦੀਸ਼ ਸਿੰਘ ਵਰਿਆਮ ਯਾਦਗਾਰੀ ਪੁਰਸਕਾਰ ਉੱਘੇ ਪੰਜਾਬੀ ਚਿੰਤਕ ਡਾਕਟਰ ਰਘਬੀਰ ਸਿੰਘ ਸਿਰਜਣਾ ਨੂੰ ਭੇਟ ਕੀਤਾ ਗਿਆ।ਇਸ ਪੁਰਸਕਾਰ ਵਿੱਚ 21 ਹਜ਼ਾਰ ਰੁਪਏ ਨਗਦ ਅਤੇ ਸਨਮਾਨ ਚਿੰਨ ਸ਼ਾਮਿਲ ਸਨ। ਸਮਾਗਮ ਦੀ ਪ੍ਰਧਾਨਗੀ ਸਿਰਮੌਰ ਪੰਜਾਬੀ ਕਥਾਕਾਰ ਡਾਕਟਰ ਵਰਿਆਮ ਸਿੰਘ ਸੰਧੂ ਨੇ ਕੀਤੀ। ਉੱਘੇ ਪੱਤਰਕਾਰ ਸਤਨਾਮ ਸਿੰਘ ਮਾਣਕ, ਕੁਲਦੀਪ ਸਿੰਘ ਬੇਦੀ, ਮੰਗਤ ਰਾਮ ਪਾਸਲਾ, ਸੁਰਿੰਦਰ ਸਿੰਘ ਸੁੰਨੜ, ਹਰਜਿੰਦਰ ਸਿੰਘ ਅਟਵਾਲ ਅਤੇ ਰਜਵੰਤ ਕੌਰ ਰਾਣਾ (ਸੰਪਾਦਕ ਵਰਿਆਮ) ਪ੍ਰਧਾਨਗੀ ਮੰਡਲ ਵਿੱਚ ਸ਼ਾਮਿਲ ਹੋਏ।ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਹਾਜ਼ਰ ਹੋਏ ਸਾਹਿਤਕਾਰਾਂ ਅਤੇ ਪੱਤਰਕਾਰਾਂ ਦਾ ਪੰਜਾਬ ਕਲਾ ਪ੍ਰੀਸ਼ਦ ਦੇ ਸਕੱਤਰ ਡਾਕਟਰ ਲਖਵਿੰਦਰ ਸਿੰਘ ਜੌਹਲ ਵੱਲੋਂ ਸਵਾਗਤ ਕੀਤਾ ਗਿਆ ਅਤੇ ਇਸ ਪੁਰਸਕਾਰ ਦੀ ਮਹੱਤਤਾ ਬਾਰੇ ਚਾਨਣਾ ਪਾਇਆ ਗਿਆ। ਪ੍ਰਧਾਨਗੀ ਮੰਡਲ ਦੇ ਮੈਂਬਰਾਂ ਤੋਂ ਇਲਾਵਾ ਡਾਕਟਰ ਰਘਬੀਰ ਕੌਰ, ਰਜਵੰਤ ਕੌਰ ਸੰਧੂ, ਡਾਕਟਰ ਹਰਜੀਤ ਸਿੰਘ ਦੂਰਦਰਸ਼ਨ ਅਤੇ ਗੋਪਾਲ ਸਿੰਘ ਬੁੱਟਰ ਨੇ ਵੀ ਜਗਦੀਸ਼ ਸਿੰਘ ਵਰਿਆਮ ਅਤੇ ਡਾਕਟਰ ਰਘਬੀਰ ਸਿੰਘ ਦੀ ਸਾਹਿਤਕ ਘਾਲਣਾ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ।ਪ੍ਰਧਾਨਗੀ ਭਾਸ਼ਨ ਕਰਦਿਆਂ ਡਾਕਟਰ ਵਰਿਆਮ ਸਿੰਘ ਸੰਧੂ ਨੇ ਸੰਤ ਜਗਦੀਸ਼ ਸਿੰਘ ਵਰਿਆਮ ਅਤੇ ਡਾਕਟਰ ਰਘਵੀਰ ਸਿੰਘ ਨਾਲ ਆਪਣੀ ਨੇੜਤਾ ਅਤੇ ਪੰਜਾਬੀ ਸਾਹਿਤ, ਸਮੀਖਿਆ ਅਤੇ ਸੰਪਾਦਨਾ ਦੇ ਖੇਤਰ ਵਿੱਚ ਦੋਹਾਂ ਸ਼ਖਸ਼ੀਅਤਾਂ ਦੇ ਯੋਗਦਾਨ ਨੂੰ ਬੇਹਦ ਵਿਲੱਖਣ ਅਤੇ ਵਡਮੁੱਲਾ ਦੱਸਿਆ।ਇਸ ਮੌਕੇ ਸਭਾ ਦੇ ਜਨਰਲ ਸਕੱਤਰ ਡਾਕਟਰ ਉਮਿੰਦਰ ਸਿੰਘ ਜੌਹਲ, ਸੰਤ ਨਰੈਣ ਸਿੰਘ ਨਾਮਧਾਰੀ, ਡਾਕਟਰ ਤਜਿੰਦਰ ਹਰਜੀਤ, ਜਸਪਾਲ ਜੀਰਵੀ, ਸੰਤੋਖ ਸਿੰਘ ਰੰਧਾਵਾ, ਇੰਦਰਜੀਤ ਸਿੰਘ ਆਰਟਿਸਟ, ਹਰੀਸ਼ ਅਗਰਵਾਲ,ਡਾਕਟਰ ਤਰਨਜੀਤ ਸਿੰਘ, ਅਮਰਜੀਤ ਸਿੰਘ ਨਿੱਝਰ,ਉੱਘੇ ਕਵੀ ਸੰਤ ਸੰਧੂ, ਡਾਕਟਰ ਰਾਮ ਮੂਰਤੀ, ਚੇਤਨ ਸਿੰਘ, ਜਸਵੀਰ ਸਮਰ, ਪ੍ਰੋਫੈਸਰ ਸੁਲੇਖਾ, ਜਤਿੰਦਰ ਪੰਮੀ ਡਾਕਟਰ ਸੁਰਿੰਦਰ ਕੌਰ ਨਰੂਲਾ, ਨਵਜੋਤ ਕੌਰ ਢਿੱਲੋਂ ਕੈਨੇਡਾ, ਇੰਦਰਜੀਤ ਸਿੰਘ ਕਨੇਡਾ, ਰਮਨਪ੍ਰੀਤ ਕੌਰ, ਸੋਢੀ ਜਸਵੀਰ ਸਿੰਘ ਅਤੇ ਹੋਰ ਸਾਹਿਤਕਾਰ ਸ਼ਾਮਿਲ ਹੋਏ ।ਮੰਚ ਸੰਚਾਲਨ ਪੰਜਾਬੀ ਲੇਖਕ ਸਭਾ ਜਲੰਧਰ ਦੇ ਸਕੱਤਰ ਪ੍ਰੋਫੈਸਰ ਨਿਰਮਲਜੀਤ ਕੌਰ ਨੇ ਬਾਖੂਬੀ ਨਿਭਾਇਆ।

# 'ਕੱਕੀਆਂ ਕਣੀਆਂ' ਉਪਰ ਗੋਸ਼ਟੀ



**ਬਰਨਾਲਾ**-ਬੀਤੇ ਦਿਨੀਂ ਪੰਜਾਬੀ ਸਾਹਿਤ ਸਭਾ (ਰਜਿ.) ਬਰਨਾਲਾ ਵੱਲੋਂ ਵਿਸ਼ਵ ਔਰਤ ਦਿਵਸ ਨੂੰ ਸਮਰਪਿਤ ਇਕ ਸਾਹਿਤਕ ਸਮਾਗਮ ਪ੍ਰਿੰਸੀਪਲ ਕਰਮ ਸਿੰਘ ਭੰਡਾਰੀ ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ, ਜਿਸ ਦੇ ਵਿਸ਼ੇਸ਼ ਮਹਿਮਾਨ ਲੋਕ ਕਵੀ ਸੁਰਜੀਤ ਸਿੰਘ ਦਿਹੜ ਸਨ। ਇਸ ਸਮਾਗਮ ਵਿੱਚ ਅੰਜਨਾ ਮੈਨਨ ਦੀ ਪਲੇਠੀ ਮੌਲਿਕ ਪੁਸਤਕ 'ਕੱਕੀਆਂ ਕਣੀਆਂ' 'ਤੇ ਗੋਸ਼ਟੀ ਕਰਵਾਈ ਗਈ। ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਡਾ. ਅਨਿਲ ਸ਼ੋਰੀ, ਕਵਿਤਰੀ ਅੰਜਨਾ ਮੈਨਨ, ਡਾ. ਸੰਪੂਰਨ ਸਿੰਘ ਟੱਲੇਵਾਲੀਆ, ਕੰਵਰਜੀਤ ਭੱਠਲ, ਪ੍ਰਿੰਸੀਪਲ ਕਰਮ ਸਿੰਘ ਭੰਡਾਰੀ ਅਤੇ ਲੋਕ ਕਵੀ ਸੁਰਜੀਤ ਸਿੰਘ ਦਿਹੜ ਸੁਸ਼ੋਭਿਤ ਸਨ। ਤੇਜਿੰਦਰ ਚੰਡਿਹੋਕ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਅੰਜਨਾ ਮੈਨਨ ਦੀ ਕਾਵਿ ਪੁਸਤਕ 'ਕੱਕੀਆਂ ਕਣੀਆਂ' ਉਪਰ ਡਾ. ਅਨਿਲ ਸ਼ੋਰੀ ਨੇ 'ਕੱਕੀਆਂ ਕਣੀਆਂ' ਕਾਵਿ ਸੰਗ੍ਰਹਿ ਦਾ 'ਥੀਮਕ ਅਧਿਐਨ' ਵਿਸ਼ਾ ਅਧਾਰਤ ਪੇਪਰ ਪੜ੍ਹਿਆ। ਸਾਹਿਤਕ ਵਿਦਵਾਨਾਂ ਵੱਲੋਂ ਪੇਪਰ ਅਤੇ ਪੁਸਤਕ ਉੱਪਰ ਭਖਵੀਂ ਬਹਿਸ ਕੀਤੀ ਗਈ। ਇਸ ਵਿਚ ਡਾ. ਭੁਪਿੰਦਰ ਸਿੰਘ ਬੇਦੀ, ਡਾ. ਤਰਸਪਾਲ ਕੌਰ, ਤੇਜਿੰਦਰ ਚੰਡਿਹੋਕ, ਤੇਜਾ ਸਿੰਘ ਤਿਲਕ ਅਤੇ ਡਾ. ਸੰਪੂਰਨ ਸਿੰਘ ਟੱਲੇਵਾਲੀਆ ਅਤੇ ਮਾਲਵਿੰਦਰ ਸ਼ਾਇਰ ਨੇ ਆਪਣੇ ਵਿਚਾਰ ਪੇਸ਼ ਕੀਤੇ। ਉਪਰੰਤ ਪੇਪਰ ਅਤੇ ਪੁਸਤਕ ਉਪਰ ਉੱਠੇ ਸਵਾਲਾਂ ਦੇ ਜਵਾਬ ਡਾ. ਅਨਿਲ ਸ਼ੋਰੀ ਅਤੇ ਕਵਿਤਰੀ ਅੰਜਨਾ ਮੈਨਨ ਵੱਲੋਂ ਬਾਖ਼ੂਬੀ ਦਿੱਤੇ ਗਏ। ਇਸ ਮੌਕੇ ਸਭਾ ਵੱਲੋਂ ਡਾ. ਅਨਿਲ ਸ਼ੋਰੀ ਅਤੇ ਅੰਜਨਾ ਮੈਨਨ ਦਾ ਸਨਮਾਨ ਵੀ ਕੀਤਾ ਗਿਆ।ਸਭਾ ਦੇ ਪ੍ਰਧਾਨ ਤੇਜਾ ਸਿੰਘ ਤਿਲਕ ਨੇ ਸਕੂਲ ਦੇ ਪ੍ਰਿੰਸੀਪਲ ਹਰੀਸ਼ ਬਾਂਸਲ ਦਾ ਸਭਾ ਦੇ ਸਮਾਗਮਾਂ ਵਿੱਚ ਸਹਿਯੋਗ ਦੇਣ ਲਈ ਧੰਨਵਾਦ ਕੀਤਾ। ਮੰਚ ਸੰਚਾਲਨ ਸਭਾ ਦੇ ਜਨਰਲ ਸਕੱਤਰ ਮਾਲਵਿੰਦਰ ਸ਼ਾਇਰ ਨੇ ਬੜੇ ਸੁਚੱਜੇ ਢੰਗ ਨਾਲ ਨਿਭਾਇਆ ।

**—ਤੇਜਿੰਦਰ ਚੰਡੀਹੋਕ**

# ਸਾਹਿਤਕ ਮੰਚ ਖਰੜ (ਮੁਹਾਲ਼ੀ) ਵੱਲੋਂ ਬੂਟਾ ਸਿੰਘ ਚੌਹਾਨ ਨਾਲ ਰੂਬਰੂ

**ਚੰਡੀਗੜ੍ਹ** : ਚੰਡੀਗੜ੍ਹ ਦੇ ਪੰਜਾਬ ਕਲਾ ਭਵਨ ਵਿਖੇ ਸਾਹਿਤਕ ਮੰਚ ਖਰੜ ਵੱਲੋਂ ਪੰਜਾਬ ਸਾਹਿਤ ਅਕਾਦਮੀ ਚੰਡੀਗੜ੍ਹ ਅਤੇ ਅਦਾਰਾ 'ਸੰਵੇਦਨਾ' ਦੇ ਸਹਿਯੋਗ ਨਾਲ਼ ਬਹੁ-ਵਿਧਾਵੀ ਚਰਚਿਤ ਲੇਖਕ ਬੂਟਾ ਸਿੰਘ ਚੌਹਾਨ ਮੈਂਬਰ ਜਨਰਲ ਕੌਂਸਲ ਭਾਰਤੀ ਸਾਹਿਤ ਅਕਾਦਮੀ ਦਾ ਰੂਬਰੂ ਅਤੇ ਸਨਮਾਨ ਸਮਾਗਮ ਰਚਾਇਆ ਗਿਆ। ਇਸ ਸਨਮਾਨ ਸਮਾਰੋਹ ਵਿੱਚ ਜੰਗ ਬਹਾਦਰ ਗੋਇਲ ਮੁੱਖ ਮਹਿਮਾਨ ਤੇ ਪ੍ਰਿੰਸੀਪਲ ਸਤਨਾਮ ਸਿੰਘ ਸ਼ੋਕਰ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਡਾ. ਲਾਭ ਸਿੰਘ ਖੀਵਾ ਨੇ ਇਸ ਸਮਾਗਮ ਦੀ ਪ੍ਰਧਾਨਗੀ ਕੀਤੀ, ਜਦਕਿ ਕਨਵੀਨਰ ਇੰਦਰਜੀਤ ਪ੍ਰੇਮੀ ਸਨ। ਮੰਚ ਦੇ ਪ੍ਰਧਾਨ ਤਰਸੇਮ ਬਸ਼ਰ ਨੇ ਸਮਾਗਮ ਵਿੱਚ ਸ਼ਾਮਿਲ ਹੋਏ ਲੇਖਕਾਂ, ਪੱਤਰਕਾਰਾਂ ਤੇ ਸਾਹਿਤ ਪ੍ਰੇਮੀਆਂ ਦਾ ਸਵਾਗਤ ਕਰਦਿਆਂ ਮੰਚ ਦੀਆਂ ਗਤੀਵਿਧੀਆਂ ਬਾਰੇ ਵਿਸਥਾਰ ਵਿੱਚ ਚਾਨਣਾ ਪਾਇਆ। ਇੰਦਰਜੀਤ ਪ੍ਰੇਮੀ ਨੇ ਬੂਟਾ ਸਿੰਘ ਚੌਹਾਨ ਬਾਰੇ ਜਾਣ-ਪਛਾਣ ਕਰਵਾਉਂਦਿਆਂ ਉਨ੍ਹਾਂ ਦੀ ਸਾਹਿਤ ਨੂੰ ਦੇਣ ਅਤੇ ਆਪਣੇ ਕਿੱਤੇ ਪ੍ਰਤੀ ਸੁਹਿਰਦਤਾ ਦਾ ਵਰਨਣ ਕੀਤਾ। ਬੂਟਾ ਸਿੰਘ ਚੌਹਾਨ ਨੇ ਰੂਬਰੂ ਦੌਰਾਨ ਆਪਣੀ ਜ਼ਿੰਦਗੀ ਵਿੱਚ ਹੰਢਾਈਆਂ ਦੁਸ਼ਵਾਰੀਆਂ, ਤੰਗੀਆਂ-ਤੁਰਸੀਆਂ, ਸੰਘਰਸ਼ ਤੇ ਸਾਹਿਤਕ ਸਫ਼ਰ ਬਾਰੇ ਖੁੱਲ੍ਹ ਕੇ ਚਾਨਣਾ ਪਾਇਆ। ਉਨ੍ਹਾ ਆਪਣੀ ਪੱਤਰਕਾਰੀ ਦੇ ਸਫ਼ਰ ਦੌਰਾਨ ਲੋਕ-ਪੱਖੀ ਮੁੱਦਿਆਂ ਨੂੰ ਉਭਾਰਨ ਦਾ ਵਰਨਣ ਵੀ ਕੀਤਾ। ਉਹਨਾ ਕਿਹਾ ਕਿ ਲੋਕਾਂ ਨਾਲ਼ ਨੇੜਿਓਂ ਵਿਚਰਨ ਵਾਲ਼ਾ ਹੀ ਚੰਗਾ ਸਾਹਿਤ ਰਚ ਸਕਦਾ ਹੈ। ਉਨ੍ਹਾ ਦੀਆਂ ਬੇਬਾਕ ਗੱਲਾਂ ਨਾਲ਼ ਦਰਸ਼ਕ ਬਹੁਤ ਪ੍ਰਭਾਵਤ ਹੋਏ। ਉਨ੍ਹਾਂ ਰਾਮ ਸਰੂਪ ਅਣਖੀ, ਸੰਤ ਬਲਬੀਰ ਸਿੰਘ ਘੁੰਨਸ ਤੇ ਭਗਵੰਤ ਮਾਨ ਨਾਲ਼ ਆਪਣੇ ਰਿਸ਼ਤਿਆਂ ਦੀ ਗੱਲ ਵੀ ਛੋਹੀ। ਉਨ੍ਹਾ ਆਪਣੀਆਂ ਚਰਚਿਤ ਗ਼ਜ਼ਲਾਂ ਦੇ ਸ਼ੇਅਰ ਵੀ ਪੜ੍ਹੇ। ਉਨ੍ਹਾ ਦੀਆਂ ਦੋ ਦਰਜਨ ਤੋਂ ਜ਼ਿਆਦਾ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿੱਚ ਗ਼ਜ਼ਲ ਸੰਗ੍ਰਹਿ, ਨਾਵਲ, ਬਾਲ ਕਹਾਣੀਆਂ ਅਤੇ ਅਨੁਵਾਦਤ ਕਿਤਾਬਾਂ ਸ਼ਾਮਲ ਹਨ। ਉਨ੍ਹਾ ਕਿਹਾ ਕਿ ਲੇਖਕ ਨੂੰ ਉਸਾਰੂ ਸੋਚ ਅਪਣਾ ਕੇ ਸਮਾਜ ਵਿਚਲੀਆਂ ਘਾਟਾਂ ਪ੍ਰਤੀ ਸੁਚੇਤ ਰਹਿਣਾ ਚਾਹੀਦਾ ਹੈ। ਉਨ੍ਹਾ ਆਪਣੀਆਂ ਗ਼ਜ਼ਲਾਂ ਦੇ ਬਹੁਤ ਸਾਰੇ ਸ਼ੇਅਰ ਸੁਣਾਏ। ਉਨ੍ਹਾ ਕਿਹਾ ਕਿ ਲੇਖਕ ਨੂੰ ਨਿਰੰਤਰ ਲਿਖਦੇ ਰਹਿਣਾ ਚਾਹੀਦਾ ਹੈ। ਜੰਗ ਬਹਾਦਰ ਗੋਇਲ ਨੇ ਕਿਹਾ ਕਿ ਬੂਟਾ ਸਿੰਘ ਚੌਹਾਨ ਦੇ ਰੂਬਰੂ ਸਮਾਗਮ ਵਿੱਚ ਸ਼ਾਮਲ ਹੋ ਕੇ ਜੋ ਆਨੰਦ ਅੱਜ ਆਇਆ, ਉਹ ਪਹਿਲਾਂ ਕਦੀ ਨਹੀਂ ਆਇਆ। ਉਨ੍ਹਾ ਦੀ ਹਰ ਕਿਸੇ ਨੂੰ ਪ੍ਰਭਾਵਤ ਕਰਨ ਵਾਲ਼ੀ ਸ਼ਖਸੀਅਤ ਹੈ। ਉਨ੍ਹਾ ਠੇਠ ਮਲਵਈ ਬੋਲੀ ਰਾਹੀਂ ਪੰਜਾਬੀ ਸਾਹਿਤ ਦਾ ਮੂੰਹ-ਮੱਥਾ ਸੰਵਾਰਨ ਵਿੱਚ ਅਹਿਮ ਯੋਗਦਾਨ ਪਾਇਆ ਹੈ। ਇਨ੍ਹਾ ਦੀਆਂ ਬੇਬਾਕ ਗੱਲਾਂ ਨੇ ਸਾਰਿਆਂ ਦਾ ਮਨ ਮੋਹ ਲਿਆ ਹੈ। ਡਾ. ਲਾਭ ਸਿੰਘ ਖੀਵਾ ਨੇ ਪ੍ਰਧਾਨਗੀ ਭਾਸ਼ਨ ਵਿੱਚ ਕਿਹਾ ਕਿ ਬੂਟਾ ਸਿੰਘ ਚੌਹਾਨ ਨੇ ਆਪਣੀਆਂ ਗ਼ਜ਼ਲਾਂ, ਗੀਤਾਂ, ਨਾਵਲਾਂ ਅਤੇ ਹੋਰ ਰਚਨਾਵਾਂ ਰਾਹੀਂ ਆਪਣੀ ਸਾਹਿਤਕ ਪ੍ਰਤਿਭਾ ਦਾ ਲੋਹਾ ਮਨਵਾਇਆ ਹੈ। ਕੁਝ ਸਮਾਂ ਪਹਿਲਾਂ ਸਿਹਤ ਨਾਸਾਜ਼ ਰਹਿਣ ਦੇ ਬਾਵਜੂਦ ਉਨ੍ਹਾ ਹਿੰਮਤ ਦਾ ਪੱਲਾ ਨਹੀਂ ਛੱਡਿਆ। ਉਨ੍ਹਾ ਦਾ ਨਾਵਲ 'ਗੇਰੂ ਰੰਗੇ' ਡੇਰਾਵਾਦ, ਰਾਜਨੀਤਕ ਤੇ ਜ਼ਮੀਨਾਂ ਹੜੱਪਣ ਵਾਲ਼ੇ ਲੋਕਾਂ ਦੇ ਪਾਜ ਉਘਾੜਦਾ ਹੈ।




# ਸਾਹਿਤ ਤੇ ਕਲਾ ਮੰਚ ਤੇ ਜਨਤਕ ਜਥੇਬੰਦੀਆਂ ਵੱਲੋਂ ਸਨਮਾਨ ਸਮਾਰੋਹ




**ਬਰੇਟਾ**-ਸਥਾਨਕ ਸਾਹਿਤ ਤੇ ਕਲਾ ਮੰਚ ਵੱਲੋਂ ਇਲਾਕੇ ਦੀਆਂ ਸਮਾਜ ਸੇਵੀ ਅਤੇ ਜਨਤਕ ਜਥੇਬੰਦੀਆਂ ਨਾਲ ਮਿਲ ਕੇ ਸਾਹਿਤਕਾਰ ਤੇ ਅਨੁਵਾਦਕ ਜਗਦੀਸ਼ ਰਾਏ ਕੁਲਰੀਆਂ ਨੂੰ ਭਾਰਤੀ ਸਾਹਿਤ ਅਕਾਦਮੀ ਦਿੱਲੀ ਦਾ ਕੌਮੀ ਪੱਧਰ ਦਾ ਅਨੁਵਾਦ ਪੁਰਸਕਾਰ ਐਲਾਨੇ ਜਾਣ 'ਤੇ ਇਕ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਸਨਮਾਨ ਸਮਾਰੋਹ ਵਿਚ ਲੋਕ ਹਿੱਤ ਕਲੱਬ, ਆਸਰਾ ਫਾਊਂਡੇਸ਼ਨ, ਸਰਬ ਸੁੱਖ ਸੇਵਾ ਟਰੱਸਟ, ਪੈਨਸ਼ਨਰਜ਼ ਐਸੋਸੀਏਸ਼ਨ, ਇਲਾਕਾ ਵਿਕਾਸ ਕਮੇਟੀ, ਮਿੰਨੀ ਕਹਾਣੀ ਵਿਕਾਸ ਮੰਚ, ਭਾਰਤ ਗਿਆਨ ਵਿਗਿਆਨ ਸੰਮਤੀ, ਮਲਟੀਪਰਪਜ਼ ਹੈਲਥ ਇੰਪਲਾਈਜ਼ ਯੂਨੀਅਨ ਅਤੇ ਹੋਰ ਸੰਸਥਾਵਾਂ ਦੇ ਨੁਮਾਇੰਦੇ ਸ਼ਾਮਲ ਹੋਏ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਆਲੋਚਕ ਪ੍ਰੋ. ਗੁਰਦੀਪ ਢਿੱਲੋਂ, ਜਗਦੀਸ਼ ਰਾਏ ਕੁਲਰੀਆਂ, ਸ਼ਿਖਾ ਗਰਗ, ਮਾਸਟਰ ਕ੍ਰਿਸ਼ਨ ਗੋਇਲ, ਪ੍ਰਿੰਸੀਪਲ ਦਰਸ਼ਨ ਸਿੰਘ ਬਰੇਟਾ ਤੇ ਮੈਡਮ ਅੰਜਨਾ ਰਾਣੀ ਸ਼ਾਮਲ ਹੋਏ। ਡਾ. ਭਵਾਨੀ ਸ਼ੰਕਰ ਗਰਗ ਨੇ ਜੀ ਆਇਆਂ ਨੂੰ ਕਹਿੰਦਿਆਂ ਕੁਲਰੀਆਂ ਦੇ ਜੀਵਨ, ਸਾਹਿਤਕ ਪ੍ਰਾਪਤੀਆਂ ਅਤੇ ਅਨੁਵਾਦ ਕਲਾ ਬਾਰੇ ਚਾਨਣਾ ਪਾਇਆ। ਪ੍ਰੋ. ਗੁਰਦੀਪ ਢਿੱਲੋਂ ਨੇ ਕਿਹਾ ਕਿ ਇਸ ਸਨਮਾਨ ਨਾਲ ਸਮੁੱਚੇ ਮਾਨਸਾ ਵਾਸੀਆਂ ਦਾ ਸਿਰ ਉੱਚਾ ਹੋਇਆ ਤੇ ਇਹ ਸਨਮਾਨ ਸਾਨੂੰ ਮਿਲਿਆ ਹੈ। ਉਨ੍ਹਾਂ ਕਿਹਾ ਕਿ ਕੁਲਰੀਆਂ ਦੀ ਮਿਹਨਤ ਇਸ ਨਾਵਲ ਦੇ ਅਨੁਵਾਦ ਵਿਚ ਮੂੰਹੋਂ ਬੋਲਦੀ ਹੈ, ਜਿਸ ਕਾਰਨ ਵੱਡੇ ਵਿਦਵਾਨਾਂ ਅਤੇ ਪਾਠਕਾਂ ਨੇ ਵੱਡੀ ਪੱਧਰ 'ਤੇ ਇਸ ਅਨੁਵਾਦ ਤੇ ਨਾਵਲ ਦੀ ਸਰਾਹਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਹੁਣ ਕੁਲਰੀਆਂ ਦੀਆਂ ਜ਼ਿੰਮੇਵਾਰੀਆਂ ਵੀ ਵਧ ਗਈਆਂ ਹਨ। ਪ੍ਰਿੰਸੀਪਲ ਦਰਸ਼ਨ ਬਰੇਟਾ ਨੇ ਕਿਹਾ ਕਿ ਇਸ ਨਾਵਲ ਦੇ ਅਨੁਵਾਦ ਦਾ ਚਰਚਿਤ ਹੋਣ ਦਾ ਇਕ ਕਾਰਨ ਇਹ ਵੀ ਹੈ ਕਿ ਜਗਦੀਸ਼ ਨੇ ਉਲੱਥਾ ਕਰਦਿਆਂ ਇਸ ਵਿਚ ਬਹੁਤ ਸਾਰੇ ਠੇਠ ਅਤੇ ਆਮ ਬੋਲਚਾਲ ਦੀ ਭਾਸ਼ਾ ਵਾਲੇ ਸ਼ਬਦ ਵਰਤੇ ਹਨ। ਇਸ ਦੇ ਸਿਰੜ ਤੇ ਜਾਨੂੰਨ ਦੀ ਦਾਦ ਦੇਣੀ ਬਣਦੀ ਹੈ।ਇਸ ਤੋਂ ਬਾਅਦ ਸਮੂਹ ਸੰਸਥਾਵਾਂ ਵੱਲੋਂ ਜਗਦੀਸ਼ ਕੁਲਰੀਆਂ ਤੇ ਉਨ੍ਹਾਂ ਦੀ ਧਰਮਪਤਨੀ ਸ਼ਿਖਾ ਗਰਗ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਆਪਣੇ ਵਿਚਾਰ ਰੱਖਦਿਆਂ ਕੁਲਰੀਆਂ ਨੇ ਕਿਹਾ ਕਿ ਉਹ ਅੱਜ ਦੇ ਇਸ ਸਮਾਰੋਹ ਲਈ ਆਪਣਿਆਂ ਦੇ ਸ਼ੁਕਰਗੁਜ਼ਾਰ ਹਨ ਅਤੇ ਉਨ੍ਹਾ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਇਸ ਅਨੁਵਾਦ ਨੂੰ ਏਨੀ ਵੱਡੀ ਸਫਲਤਾ ਮਿਲੇਗੀ। ਉਨ੍ਹਾਂ ਕਿਹਾ ਕਿ ਇਹ ਵੱਖਰੀ ਭਾਂਤ ਦਾ ਇਤਿਹਾਸਕ ਤੇ ਰੁਮਾਂਟਿਕ ਨਾਵਲ ਹੈ, ਜੋ ਕਿ ਬਹੁਤ ਜ਼ਿਆਦਾ ਰੌਚਿਕਤਾ ਭਰਪੂਰ ਹੈ। ਉਨ੍ਹਾਂ ਨਾਵਲ ਗੁਲਾਰਾ ਬੇਗਮ ਦੇ ਲੇਖਕ ਸ਼ਰਦ ਪਗਾਰੇ ਦਾ ਵੀ ਧੰਨਵਾਦ ਕੀਤਾ।

# ਇਸ ਵਾਰ ਦਾ ਬਚਵਾਹੀ ਐਵਾਰਡ ਗੁਰਭਜਨ ਗਿੱਲ ਨੂੰ

**ਭੰਗਾਲਾ**-ਪੰਜਾਬੀ ਸਾਹਿਤਕ ਮੰਚ ਭੰਗਾਲਾ-ਮੁਕੇਰੀਆਂ ਵੱਲੋਂ ਇਸ ਵਾਰ ਦਾ ਚੌਥਾ ਬਚਵਾਹੀ ਐਵਾਰਡ ਨਾਮਵਰ ਸ਼ਾਇਰ ਗੁਰਭਜਨ ਗਿੱਲ ਨੂੰ ਦਿੱਤਾ ਜਾਵੇਗਾ। ਮੰਚ ਦੇ ਜਨਰਲ ਸਕੱਤਰ ਗੁਰਮੀਤ ਹਯਾਤਪੁਰੀ ਨੇ ਦੱਸਿਆ ਕਿ ਇਸ ਦੇ ਨਾਲ ਹੀ ਚਾਰ ਹੋਰ ਲੇਖਕਾਂ ਦੇ ਸਨਮਾਨ ਵੀ ਹੋਣਗੇ ਜਿਹਨਾਂ ਵਿੱਚ ਸ੍ਰੀਮਤੀ ਅਰਤਿੰਦਰ ਕੌਰ ਸੰਧੂ, ਸ੍ਰੀ ਤਰਲੋਚਨ ਲੋਚੀ, ਡਾ. ਨਿਰੰਜਨ ਅਤੇ ਮੱਖਣ ਕੁਹਾੜ ਸ਼ਾਮਲ ਹਨ। 31 ਮਾਰਚ 2024 ਨੂੰ ਪ੍ਰਸਿੱਧ ਕਹਾਣੀਕਾਰ ਡਾ. ਵਰਿਆਮ ਸਿੰਘ ਸੰਧੂ ਦੀ ਪ੍ਰਧਾਨਗੀ ਹੇਠ ਕਰਵਾਏ ਜਾ ਰਹੇ ਇਸ ਸਮਾਗਮ ਵਿੱਚ ਮੁੱਖ ਮਹਿਮਾਨ ਡਾ. ਲਖਵਿੰਦਰ ਸਿੰਘ ਜੌਹਲ ਅਤੇ ਵਿਸ਼ੇਸ਼ ਮਹਿਮਾਨ ਡਾ. ਹਰਜਿੰਦਰ ਸਿੰਘ ਅਟਵਾਲ ਤੇ ਪ੍ਰੀਤ ਹੀਰ ਹੋਣਗੇ। ਇਹ ਸਮਾਗਮ ਲੇਖਕਾਂ ਦਾ ਵਿਹੜਾ 'ਯਾਰਾਂਦਰੀ' ਪਿੰਡ ਹਯਾਤਪੁਰ ਤਹਿਸੀਲ ਮੁਕੇਰੀਆਂ ਵਿਖੇ ਹੋਵੇਗਾ, ਜਿਸ ਵਿੱਚ ਹੋਣ ਵਾਲੇ ਕੌਮੀ ਕਵੀ ਦਰਵਾਰ ਵਿੱਚ ਇਸ ਵਾਰ 25 ਕਵੀਆਂ ਨੂੰ ਸਨਮਾਨਿਤ ਵੀ ਕੀਤਾ ਜਾਵੇਗਾ।



**— ਗੁਰਮੀਤ ਹਯਾਤਪੁਰੀ**

# ਦਿਹਾਤੀ ਲਾਇਬ੍ਰੇਰੀਆਂ ਦੇ ਪ੍ਰਤੀਨਿਧਾਂ ਦੀ ਸਾਲਾਨਾ ਮੀਟਿੰਗ



**ਨਵੀਂ ਦਿੱਲੀ:** 'ਦਿਹਾਤੀ ਲਾਇਬ੍ਰੇਰੀ ਸਕੀਮ' ਤਹਿਤ ਪੰਜਾਬੀ ਸਾਹਿਤ ਸਭਾ ਵੱਲੋਂ ਆਪਣੇ ਦਫ਼ਤਰ ਪੰਜਾਬੀ ਭਵਨ ਤੋਂ ਚਲਾਈਆਂ ਜਾ ਰਹੀਆਂ 200 ਲਾਇਬ੍ਰੇਰੀਆਂ ਦੀ ਸਾਲਾਨਾ ਬੈਠਕ ਮੁਹਾਲੀ ਵਿਚ ਸਿਹਤ ਭਵਨ ਵਿਖੇ ਕਰਵਾਈ। ਵੱਡੀ ਗਿਣਤੀ ਵਿੱਚ ਹਾਜ਼ਰ ਲਾਇਬ੍ਰੇਰੀ ਸੰਚਾਲਕਾਂ ਤੇ ਪ੍ਰਤੀਨਿਧਾਂ ਦਾ ਸਵਾਗਤ ਕਰਦਿਆਂ ਸਭਾ ਦੇ ਪ੍ਰਧਾਨ, ਲੇਖਕ ਤੇ ਪੱਤਰਕਾਰ ਗੁਲਜ਼ਾਰ ਸਿੰਘ ਸੰਧੂ ਨੇ ਲਾਇਬ੍ਰੇਰੀਆਂ ਦੇ ਇੰਚਾਰਜ ਵਜੋਂ ਸਭਾ ਦੇ ਉਦੇਸ਼ਾਂ ਦਾ ਜ਼ਿਕਰ ਕਰਦਿਆਂ ਆਖਿਆ ਕਿ ਸਭਾ ਆਪਣੇ ਸੀਮਤ ਵਸੀਲਿਆਂ ਨਾਲ ਪੰਜਾਬ, ਹਰਿਆਣਾ ਤੇ ਕਸ਼ਮੀਰ ਦੇ ਵੱਖ-ਵੱਖ ਪਿੰਡਾਂ ਵਿਚ ਕਿਤਾਬਾਂ ਪਹੁੰਚਾ ਰਹੀ ਹੈ। ਮਨੋਰਥ ਪੰਜਾਬੀਆਂ ਵਿਚਾਲੇ ਸਾਹਿਤਕ ਲਹਿਰ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਮਾਤ-ਭਾਸ਼ਾ ਪੰਜਾਬੀ ਭਾਸ਼ਾ ਤੇ ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਤ ਕਰਨਾ ਹੈ। ਸਭਾ, ਬੱਚਿਆਂ ਨੂੰ ਮੋਬਾਇਲਾਂ ਤੋਂ ਕੁਝ ਹੱਦ ਦੂਰ ਕਰਨ ਲਈ, ਬਾਲ ਸਾਹਿਤ ਨੂੰ ਇਸ ਲਹਿਰ ਦਾ ਹਿੱਸਾ ਬਣਾ ਕੇ ਉਨ੍ਹਾਂ ਅੰਦਰ ਪੜ੍ਹਨ-ਲਿਖਣ ਦੀ ਰੁਚੀ ਪੈਦਾ ਕਰਨ, ਨਵੇਂ-ਨਰੋਏ ਸਮਾਜ ਦੀ ਸਿਰਜਣਾ ਵਿਚ ਆਪਣੀ ਵਿੱਤ ਮੁਜ਼ਬ ਲਗਾਤਾਰ ਯੋਗਦਾਨ ਪਾਉਂਦੀ ਆ ਰਹੀ ਹੈ। ਉਪਰੰਤ ਲਾਇਬ੍ਰੇਰੀਆਂ ਦੇ ਸੰਚਾਲਕਾਂ ਤੇ ਪ੍ਰਤੀਨਿਧਾਂ ਵਿੱਚੋਂ ਬਹੁਤਿਆਂ ਨੇ ਆਪੋ-ਆਪਣੀ ਲਾਇਬ੍ਰੇਰੀ ਨਾਲ ਜੁੜੇ ਪਾਠਕਾਂ ਤੇ ਸੁਚੱਜੇ ਪ੍ਰਬੰਧਾਂ ਦੇ ਨਾਲ-ਨਾਲ ਸਭਾ ਨੂੰ ਕਈ ਸੁਝਾਅ ਦਿੱਤੇ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ, ਲੇਖਕ ਤੇ ਸਭਾ ਦੇ ਚੇਅਰਪਰਸਨ ਡਾ. ਰੇਣੁਕਾ ਸਿੰਘ ਨੇ ਲਾਇਬ੍ਰੇਰੀ ਸੰਚਾਲਕਾਂ ਨੂੰ ਕਿਤਾਬਾਂ ਦੀ ਮਹੱਤਤਾ, ਲਾਇਬ੍ਰੇਰੀਆਂ ਵਿੱਚ ਸੁਧਾਰ, ਮਿਆਰ ਤੇ ਰੱਖ-ਰਖਾਅ ਬਾਰੇ ਸੁਝਾਅ ਦਿੱਤੇ। ਮੰਚ ਸੰਚਾਲਕ ਤੇ ਡਾਇਰੈਕਟਰ, ਪੰਜਾਬੀ ਭਵਨ ਬਲਬੀਰ ਮਾਧੋਪੁਰੀ ਨੇ ਪੰਜਾਬੀ ਭਵਨ, ਨਵੀਂ ਦਿੱਲੀ ਦੇ ਸੰਸਥਾਪਕ ਤੇ ਸਭਾ ਦੇ ਮਰਹੂਮ ਚੇਅਰਮੈਨ ਭਾਪਾ ਪ੍ਰੀਤਮ ਸਿੰਘ ਹੁਰਾਂ ਦੀ 'ਦਿਹਾਤੀ ਲਾਇਬ੍ਰੇਰੀ ਸਕੀਮ' ਸੰਬੰਧੀ ਦੂਰ-ਦ੍ਰਿਸ਼ਟੀ ਤੇ ਉਸ ਦੇ ਵਿਸਥਾਰ ਦੀ ਭਰਵੀਂ ਚਰਚਾ ਕੀਤੀ। ਦਿਹਾਤੀ ਲਾਇਬ੍ਰੇਰੀਆਂ ਦੇ ਨਿਗਰਾਨ ਰਛਪਾਲ ਸਿੰਘ ਬੱਧਣ ਨੇ ਲਾਇਬ੍ਰੇਰੀਆਂ ਦੇ ਸੰਚਾਲਕਾਂ-ਪ੍ਰਬੰਧਕਾਂ ਨੂੰ ਹੋਰ ਚੁਸਤ-ਫੁਰਤ ਤਰੀਕੇ ਨਾਲ ਲਾਇਬ੍ਰੇਰੀ ਚਲਾਉਣ ਦੇ ਮਸ਼ਵਰੇ ਦਿੱਤੇ। ਸਭਾ ਦੇ ਖ਼ਜ਼ਾਨਚੀ ਹਰਵਿੰਦਰ ਸਿੰਘ ਭਾਟੀਆ ਨੇ ਲਾਇਬ੍ਰੇਰੀਆਂ ਦੇ ਸੰਚਾਲਕਾਂ ਨਾਲ ਵਿੱਤੀ ਮਸਲਿਆਂ ਬਾਰੇ ਗੱਲਬਾਤ ਕੀਤੀ। ਪ੍ਰੋਗਰਾਮ ਦੇ ਸ਼ੁਰੂ ਵਿਚ ਉੱਘੇ ਅਨੁਵਾਦਕ ਤੇ ਸਾਹਿਤਕਾਰ ਡਾ. ਕਰਨਜੀਤ ਸਿੰਘ ਹੁਰਾਂ ਨਮਿਤ ਖੜ੍ਹੇ ਹੋ ਕੇ ਦੋ ਮਿੰਟ ਮੌਨ ਲਈ ਸ਼ਰਧਾਂਜਲੀ ਦਿੱਤੀ।

**—ਬਲਬੀਰ ਮਾਧੋਪੁਰੀ**

# ਭਾਸ਼ਾ ਵਿਭਾਗ ਦਫ਼ਤਰ ਵੱਲੋਂ ਡਾ. ਗੁਰਪ੍ਰੀਤ ਧੁੱਗਾ ਦਾ ਸਨਮਾਨ



**ਹੁਸ਼ਿਆਰਪੁਰ**-ਕੈਲੇਫੋਰਨੀਆ ਵਿੱਚ ਬਤੌਰ ਡਾਕਟਰ ਸੇਵਾ ਨਿਭਾਅ ਰਹੇ ਅਤੇ ਪੰਜਾਬੀ ਨਾਵਲ 'ਚਾਲ਼ੀ ਦਿਨ' ਰਾਹੀਂ ਚਰਚਾ ਵਿੱਚ ਆਏ ਡਾ. ਗੁਰਪ੍ਰੀਤ ਧੁੱਗਾ ਦਾ ਜ਼ਿਲ੍ਹਾ ਭਾਸ਼ਾ ਦਫ਼ਤਰ ਹੁਸ਼ਿਆਰਪੁਰ ਵਿਖੇ ਆਮਦ 'ਤੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਜ਼ਿਲ੍ਹਾ ਖੋਜ ਅਫ਼ਸਰ ਡਾ. ਜਸਵੰਤ ਰਾਏ ਦੀ ਪ੍ਰਧਾਨਗੀ ਹੇਠ ਜੁੜੀ ਮੀਟਿੰਗ ਵਿੱਚ ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਦੇ ਪ੍ਰਧਾਨ ਜਸਬੀਰ ਸਿੰਘ ਧੀਮਾਨ, ਮਦਨ ਵੀਰਾ ਅਤੇ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ ਸ. ਹਰਦੇਵ ਸਿੰਘ ਆਸੀ ਹੁਰਾਂ ਨੇ ਭਾਗ ਲਿਆ। ਜ਼ਿਲ੍ਹਾ ਭਾਸ਼ਾ ਦਫ਼ਤਰ ਹੁਸ਼ਿਆਰਪੁਰ ਵੱਲੋਂ ਡਾ. ਧੁੱਗਾ ਨੂੰ ਜੀ ਆਇਆਂ ਆਖਦਿਆਂ ਭਾਵਪੂਰਤ ਸਵਾਗਤ ਕੀਤਾ ਗਿਆ। ਉਪਰੰਤ ਡਾ. ਗੁਰਪ੍ਰੀਤ ਧੁੱਗਾ ਨੇ ਇਸ ਨਾਵਲ ਦੀ ਸਿਰਜਣ ਪ੍ਰਕਿਰਿਆ ਬਾਰੇ ਬੜੇ ਵਿਸਤਾਰ ਵਿੱਚ ਗੱਲ ਕਰਦਿਆਂ ਕਿਹਾ ਕਿ ਮੇਰੇ ਮਨ ਵਿੱਚ ਇਸ ਨਾਵਲ ਦੀ ਕਹਾਣੀ ਬੜੇ ਚਿਰ ਦੀ ਰਿੱਝ-ਪੱਕ ਰਹੀ ਸੀ। ਮੈਂ ਚਾਹੁੰਦਾ ਸਾਂ ਕਿ ਇਸ ਨੂੰ ਕਿਸੇ ਐਸੇ ਸਾਹਿਤਕ ਰੂਪ ਵਿੱਚ ਪੇਸ਼ ਕੀਤਾ ਜਾਵੇ ਤਾਂ ਕਿ ਇਸ ਨਾਲ ਵੱਧ ਤੋਂ ਵੱਧ ਪਾਠਕ ਜੁੜਨ। ਇਹੋ ਉਦੇਸ਼ ਲੈ ਕੇ ਦੋ ਸਾਲ ਕੀਤੀ ਮਿਹਨਤ ਦੀ ਬਦੌਲਤ ਇਹ ਨਾਵਲ ਤੁਹਾਡੇ ਹੱਥਾਂ ਵਿੱਚ ਹੈ। ਇਸ ਚਰਚਾ ਨੂੰ ਹੋਰ ਵਿਸਤਾਰ ਦੇਣ ਲਈ ਮਦਨ ਵੀਰਾ, ਡਾ. ਜਸਵੰਤ ਰਾਏ ਨੇ ਡਾ. ਧੁੱਗਾ ਨੂੰ ਕਈ ਸਾਰੇ ਸਵਾਲ ਵੀ ਕੀਤੇ। ਉਨ੍ਹਾ ਕਿਹਾ ਕਿ ਇਸ ਨਾਵਲ ਨੇ ਲੋਕਧਾਰਕ ਸਮੱਗਰੀ ਰਾਹੀਂ ਪੰਜਾਬੀ ਪਾਠਕਾਂ ਦੀ ਗਿਣਤੀ ਵਿੱਚ ਇੱਕ ਨਰੋਆ ਵਾਧਾ ਕੀਤਾ ਹੈ। ਇਹੋ ਕਾਰਨ ਹੈ ਕਿ ਹੁਣ ਇਸ ਨਾਵਲ ਦਾ ਪੰਜਵਾਂ ਐਡੀਸ਼ਨ ਛਪ ਰਿਹਾ ਹੈ। ਲੋਕ ਕਥਾਵਾਂ, ਲੋਕ ਮੁਹਾਵਰੇ ਅਤੇ ਲੋਕ ਅਖਾਣਾਂ ਨਾਲ ਲਬਰੇਜ਼ ਇਸ ਨਾਵਲ ਦੀ ਕਹਾਣੀ ਨੇ ਵਿੱਚ ਸੱਭਿਆਚਾਰਕ ਕੀਮਤਾਂ ਦੇ ਨਾਲ-ਨਾਲ ਇੱਕ ਸੁਚੱਜੇ ਅਤੇ ਸਹਿਜ ਜੀਵਨ ਵਰਤਾਰੇ ਨੂੰ ਬੜੀ ਗੰਭੀਰਤਾ ਨਾਲ ਬਿਆਨਿਆ ਹੈ। ਇਸ ਕਿਤਾਬ ਦੀ ਪੰਜਾਬੀ ਜਗਤ ਵਿੱਚ ਮਕਬੂਲੀਅਤ ਦਾ ਇਸ ਗੱਲ ਤੋਂ ਪਤਾ ਲੱਗਦਾ ਹੈ ਕਿ ਲੋਕ ਵਿਆਹ-ਸ਼ਾਦੀਆਂ ਵਿੱਚ ਵਿਆਂਦੜਾਂ ਨੂੰ ਇਸ ਕਿਤਾਬ ਦਾ ਸ਼ਗਨ ਪਾ ਰਹੇ ਹਨ। ਸੋ ਚਾਲ਼ੀ ਦਿਨ ਨਾਵਲ ਦਾ ਪੰਜਾਬੀ ਪਾਠਕ ਜਗਤ ਵਿੱਚ ਸਵਾਗਤ ਕਰਨਾ ਬਣਦਾ ਹੈ। ਵਿਚਾਰ-ਚਰਚਾ ਵਿੱਚ ਭਾਗ ਲੈ ਕੇ ਜਸਬੀਰ ਧੀਮਾਨ ਅਤੇ ਹਰਦੇਵ ਆਸੀ ਹੁਰਾਂ ਨੇ ਵੀ ਨਿੱਗਰ ਵਾਧਾ ਕੀਤਾ। ਇਸ ਮੌਕੇ ਜ਼ਿਲ੍ਹਾ ਭਾਸ਼ਾ ਦਫ਼ਤਰ ਵੱਲੋਂ ਡਾ. ਗੁਰਪ੍ਰੀਤ ਧੁੱਗਾ ਦਾ ਲੋਈ ਅਤੇ ਕਿਤਾਬਾਂ ਦਾ ਸੈੱਟ ਦੇ ਕੇ ਵਿਸ਼ੇਸ਼ ਸਨਮਾਨ ਕੀਤਾ ਗਿਆ।

# ਪੰਜਾਬੀ ਸੱਥ ਦੀ ਇਕੱਤਰਤਾ

**ਲਾਂਬੜਾ**-ਪੰਜਾਬੀ ਸੱਥ ਲਾਂਬੜਾ ਦੀ ਵਿਸ਼ੇਸ਼ ਬੈਠਕ ਡਾਕਟਰ ਨਿਰਮਲ ਸਿੰਘ ਸੇਵਾਦਾਰ ਪੰਜਾਬੀ ਸੱਥ ਦੀ ਅਗਵਾਈ ਵਿੱਚ ਸ਼ਹੀਦ ਬਾਬਾ ਖੁਸ਼ਹਾਲ ਸਿੰਘ ਖਾਲਸਾ ਸਕੂਲ ਲਾਂਬੜਾ ਵਿਖੇ ਹੋਈ, ਜਿਸ ਵਿੱਚ ਸਕੂਲ ਪ੍ਰਧਾਨ ਬਲਦੇਵ ਸਿੰਘ ਸਿੱਧੂ, ਸੁਖਦੇਵ ਸਿੰਘ ਅਟਵਾਲ, ਪ੍ਰਿੰਸੀਪਲ ਬਲਜੀਤ ਸਿੰਘ ਚਿੱਟੀ, ਕੋਮਲ ਸਿੰਘ ਸੰਧੂ, ਬਲਜਿੰਦਰ ਰਾਣੀ ਤੇ ਸੱਥ ਦੇ ਮੀਡੀਆ ਸਕੱਤਰ ਬਹਾਦਰ ਸਿੰਘ ਸੰਧੂ ਨੇ ਹਿੱਸਾ ਲਿਆ, ਜਿਸ ਵਿੱਚ ਫੈਸਲਾ ਕੀਤਾ ਗਿਆ ਕਿ ਸੱਥ ਆਪਣਾ 25ਵਾਂ ਸਨਮਾਨ ਸਮਾਗਮ ਮਿਤੀ 6 ਅਪ੍ਰੈਲ 2024 ਸ਼ਨਿਚਰਵਾਰ ਸ਼ਹੀਦ ਬਾਬਾ ਖੁਸ਼ਹਾਲ ਸਿੰਘ ਖਾਲਸਾ ਸਕੂਲ ਲਾਂਬੜਾ, ਜਲੰਧਰ ਵਿੱਚ ਕਰਵਾਏਗੀ, ਜਿਸ ਦੀ ਪ੍ਰਧਾਨਗੀ ਡਾਕਟਰ ਲਖਵਿੰਦਰ ਜੌਹਲ ਕਰਨਗੇ। ਇਸ ਮੌਕੇ ਵਿਰਾਸਤ, ਸਾਹਿਤ ਤੇ ਸੱਭਿਆਚਾਰ ਵਿੱਚ ਯੋਗਦਾਨ ਪਾਉਣ ਵਾਲੇ ਪ੍ਰਸਿੱਧ ਫੋਟੋਗ੍ਰਾਫਰ ਹਰਭਜਨ ਸਿੰਘ ਬਾਜਵਾ ਨੂੰ ਸੋਭਾ ਸਿੰਘ ਪੁਰਸਕਾਰ, ਗੁਰਪ੍ਰੀਤ ਸਿੰਘ ਨੂੰ ਮਾਨਵਤਾ ਦੀ ਸੇਵਾ ਲਈ ਭਗਤ ਪੂਰਨ ਸਿੰਘ ਪੁਰਸਕਾਰ, ਸਵਰਨ ਸਿੰਘ ਟਹਿਣਾ ਨੂੰ ਉੱਚ ਪਾਏ ਦੀ ਪੱਤਰਕਾਰਤਾ ਲਈ ਗਿਆਨੀ ਹੀਰਾ ਸਿੰਘ ਦਰਦ ਪੁਰਸਕਾਰ, ਨਾਸਿਰ ਢਿੱਲੋਂ ਲਹਿੰਦੇ ਪੰਜਾਬ ਨੂੰ ਸਾਹਿਤ ਲਈ ਵਾਰਿਸ ਸ਼ਾਹ ਪੁਰਸਕਾਰ, ਕਿੱਸਾਕਾਰ ਦਰਸ਼ਨ ਲਾਲ (ਬਿੱਟੂ ਲਹਿਰੀ) ਜੰਡ ਵਾਲਾ ਭੀਮੇਸ਼ਾਹ ਨੂੰ ਪ੍ਰੋ. ਪੂਰਨ ਸਿੰਘ ਪੁਰਸਕਾਰ ਦਿੱਤੇ ਜਾਣਗੇ, ਜਿਸ ਵਿਚ ਸਨਮਾਨ ਪੱਤਰ, ਦਸਤਾਰ ਤੇ ਨਗਦ ਰਾਸ਼ੀ ਭੇਟ ਕੀਤੀ ਜਾਵੇਗੀ। ਇਸ ਮੌਕੇ ਚਾਹ-ਪਾਣੀ ਦੇ ਲੰਗਰ ਵੀ ਵਰਤਾਏ ਜਾਣਗੇ। ਸਮਾਗਮ ਵਿੱਚ ਦੇਸ਼-ਵਿਦੇਸ਼ ਵਿਚਲੀਆਂ ਸੱਥ ਦੀਆਂ ਇਕਾਈਆਂ ਦੇ ਸੱਜਣ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨਗੇ।

**—ਬਹਾਦਰ ਸਿੰਘ ਸੰਧੂ**

# ਨਾਵਲ 'ਨਾਬਰ' ਉਪਰ ਹੋਈ ਵਿਚਾਰ-ਚਰਚਾ



**ਸਰੀ**-ਵੈਨਕੂਵਰ ਵਿਚਾਰ ਮੰਚ ਵੱਲੋਂ ਬੀਤੇ ਦਿਨ ਜਰਨੈਲ ਸਿੰਘ ਸੇਖਾ ਦੇ ਨਵ-ਪ੍ਰਕਾਸ਼ਿਤ ਨਾਵਲ 'ਨਾਬਰ' ਉਪਰ ਵਿਚਾਰ ਚਰਚਾ ਕਰਨ ਲਈ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਜਰਨੈਲ ਸਿੰਘ ਸੇਖਾ, ਪ੍ਰੋ. ਹਰਿੰਦਰ ਕੌਰ ਸੋਹੀ ਅਤੇ ਡਾ. ਹਰਜੋਤ ਕੌਰ ਖਹਿਰਾ ਨੇ ਕੀਤੀ। ਜਰਨੈਲ ਸਿੰਘ ਆਰਟਿਸਟ ਨੇ ਸਵਾਗਤੀ ਸ਼ਬਦ ਕਹੇ। ਮੋਹਨ ਗਿੱਲ ਨੇ ਸ਼ੁਰੂਆਤ ਵਿੱਚ ਜਰਨੈਲ ਸਿੰਘ ਸੇਖਾ ਦੇ ਸਾਹਿਤਕ ਸਫਰ ਬਾਰੇ ਦੱਸਦਿਆਂ ਕਿਹਾ ਕਿ ਪੰਜਾਬੀ ਸਾਹਿਤ ਵਿੱਚ ਉਹਨਾਂ ਦਾ ਮਾਨਯੋਗ ਸਥਾਨ ਹੈ। ਇਹ ਉਹਨਾਂ ਦਾ ਪੰਜਵਾਂ ਨਾਵਲ ਹੈ। ਪਹਿਲਾ ਪਰਚਾ ਡਾ. ਹਰਜੋਤ ਕੌਰ ਖਹਿਰਾ ਨੇ ਪੇਸ਼ ਕੀਤਾ। ਉਹਨਾਂ ਆਪਣੇ ਪਰਚੇ ਵਿੱਚ ਕਿਹਾ ਕਿ ਇਹ ਨਾਵਲ ਸਾਰੇ ਦਾ ਸਾਰਾ ਬਹੁਤ ਸਾਰੇ ਘਟਨਾਕ੍ਰਮ ਦੇ ਰਾਹੀਂ ਰਾਜਨੀਤਕ ਅਤੇ ਇਤਿਹਾਸਕ ਪੜਾਵਾਂ ਵਿੱਚੋਂ ਗੁਜ਼ਰਦਾ ਹੋਇਆ ਵਰਤਮਾਨ ਸਮੇਂ ਵਿੱਚ ਸ਼ਾਮਲ ਹੋ ਜਾਂਦਾ ਹੈ। ਦੂਜਾ ਪਰਚਾ ਪ੍ਰੋ. ਹਰਿੰਦਰ ਕੌਰ ਸੋਹੀ ਵੱਲੋਂ ਪੜ੍ਹਿਆ ਗਿਆ। ਸੋਹੀ ਨੇ ਨਾਵਲ ਦੇ ਵਿਸ਼ਾ ਪੱਖ ਅਤੇ ਕਲਾ ਪੱਖ ਦੀ ਗੱਲ ਕੀਤੀ। ਇਸ ਨਾਵਲ ਦੀ ਗੋਂਦ ਬੜੀ ਗੁੰਦਵੀਂ ਹੈ। ਤਕਰੀਬਨ ਪੰਜ-ਛੇ ਦਹਾਕਿਆਂ ਦੀਆਂ ਘਟਨਾਵਾਂ ਨੂੰ ਬਹੁਤ ਹੀ ਸੁਲਝੇ ਤੇ ਵਧੀਆ ਢੰਗ ਨਾਲ ਕੜੀਆਂ ਵਿਚ ਪਰੋਇਆ ਗਿਆ। ਰਾਜਵੰਤ ਰਾਜ ਨੇ ਆਪਣੇ ਸੰਖੇਪ ਪਰਚੇ ਵਿੱਚ ਕਿਹਾ ਕਿ 'ਨਾਬਰ' ਨਾਵਲ ਵਿੱਚ ਵੱਡਾ ਸੁਨੇਹਾ ਇਹ ਦਿੱਤਾ ਗਿਆ ਹੈ ਕਿ ਔਰਤ ਅਤੇ ਮਰਦ ਇੱਕ-ਦੂਜੇ ਦੇ ਪੂਰਕ ਹਨ, ਬਖਸ਼ਿੰਦਰ ਨੇ ਕਿਹਾ ਕਿ ਨਾਵਲਕਾਰ ਪਹਿਲੇ ਸੰਵਾਦ ਤੋਂ ਹੀ ਇਹ ਦੱਸਣ ਦਾ ਆਹਰ ਕਰਦਾ ਦਿਸਣ ਲੱਗ ਪੈਂਦਾ ਹੈ ਕਿ ਉਸ ਦਾ ਵਿਸ਼ਾ ਮਰਦ-ਔਰਤ ਵਿਚਲੀ ਅਸਮਾਨਤਾ ਹੀ ਹੈ। ਅਜਮੇਰ ਰੋਡੇ ਨੇ ਨਾਵਲ ਦੇ ਅੰਤ 'ਤੇ ਨਾਵਲਕਾਰ ਵੱਲੋਂ ਕਾਹਲੀ ਕਰਨ ਦੀ ਗੱਲ ਕਹੀ ਅਤੇ 10-15 ਸਫੇ ਹੋਰ ਦੇ ਕੇ ਪਾਤਰਾਂ ਦੇ ਦਵੰਦ ਨੂੰ ਪੇਸ਼ ਕੀਤਾ ਜਾਂਦਾ ਤਾਂ ਨਾਵਲ ਹੋਰ ਵੀ ਵਧੀਆ ਬਣ ਸਕਦਾ ਸੀ। ਡਾ. ਪ੍ਰਿਥੀਪਾਲ ਸਿੰਘ ਸੋਹੀ ਨੇ ਕਿਹਾ ਕਿ 90 ਸਾਲਾਂ ਦੀ ਜ਼ਿੰਦਗੀ ਦੌਰਾਨ ਵੱਖ-ਵੱਖ ਪੜਾਅ ਹੰਢਾਅ ਚੁੱਕੇ ਜਰਨੈਲ ਸਿੰਘ ਸੇਖਾ ਨੇ ਇਸ ਨਾਵਲ ਰਾਹੀਂ ਜਗੀਰੂਵਾਦ, ਪੂੰਜੀਵਾਦ ਅਤੇ ਵਿਅਕਤੀਵਾਦ ਨੂੰ ਬਹੁਤ ਹੀ ਖੂਬਸੂਰਤੀ ਨਾਲ ਪੇਸ਼ ਕੀਤਾ ਹੈ।

**—ਹਰਦਮ ਮਾਨ**

# 'ਅਧਿਆਪਕ ਹੋਣ ਦਾ ਮਾਣ' ਲੋਕ ਅਰਪਣ

**ਮੋਗਾ**-ਪ੍ਰਸਿੱਧ ਸ਼ਾਇਰ ਅਤੇ ਵਾਰਤਕਕਾਰ ਅਮਰ ਸੂਫੀ ਦੀ ਨਵ ਪ੍ਰਕਾਸ਼ਿਤ ਪੁਸਤਕ "ਅਧਿਆਪਕ ਹੋਣ ਦਾ ਮਾਣ" ਮਹਿੰਦਰ ਸਾਥੀ ਯਾਦਗਾਰੀ ਮੰਚ ਵੱਲੋਂ ਕਰਵਾਏ ਸਮਾਗਮ ਦੌਰਾਨ ਪੰਜਾਬ ਦੇ ਪ੍ਰਸਿੱਧ ਲੇਖਕਾਂ ਵੱਲੋਂ ਲੋਕ ਅਰਪਣ ਕੀਤੀ ਗਈ। ਪੁਸਤਕ ਬਾਰੇ ਸੰਖੇਪ ਜਾਣਕਾਰੀ ਦਿੰਦਿਆਂ ਨਾਵਲਕਾਰ ਕ੍ਰਿਸ਼ਨ ਪ੍ਰਤਾਪ ਨੇ ਦੱਸਿਆ ਕਿ ਇਸ ਪੁਸਤਕ ਵਿਚ ਅਮਰ ਸੂਫੀ ਨੇ ਆਪਣੇ ਅਧਿਆਪਨ ਕਾਲ ਦੌਰਾਨ ਵਾਪਰੀਆਂ ਘਟਨਾਵਾਂ ਅਤੇ ਅਨੁਭਵਾਂ ਨੂੰ ਖ਼ੂਬਸੂਰਤ ਵਾਰਤਕ ਰਾਹੀਂ ਪੇਸ਼ ਕੀਤਾ ਹੈ।

ਮੰਚ ਦੇ ਜਨਰਲ ਸਕੱਤਰ ਰਣਜੀਤ ਸਰਾਂਵਾਲੀ ਨੇ ਅਮਰ ਸੂਫੀ ਦੀ ਸਾਹਿਤਕ ਦੇਣ ਬਾਰੇ ਚਰਚਾ ਕੀਤੀ। ਉਸ ਨੇ ਦੱਸਿਆ ਕਿ ਸੂਫੀ ਦੀਆਂ ਹੁਣ ਤੱਕ ਚਾਰ ਪੁਸਤਕਾਂ 'ਬਾਲਕ ਬੀਬੇ ਰਾਣੇ', 'ਨਿੱਕੀ ਜਿਹੀ ਗੱਲ', 'ਰਾਜ ਕਰੇਂਦੇ ਰਾਜਿਆ', 'ਬੁੱਝ ਬੁਝੱਕੜ' ਅਤੇ 'ਇਹੋ ਜਿਹਾ ਸੀ ਸ਼ੇਰ ਜੰਗ ਜਾਂਗਲੀ (ਸੰਪਾਦਨਾ)' ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਮੰਚ ਦੇ ਪ੍ਰਧਾਨ ਗੁਰਮੀਤ ਕੜਿਆਲਵੀ ਨੇ ਅਮਰ ਸੂਫੀ ਦੀ ਵਾਰਤਕ ਕਲਾ ਬਾਰੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਸੂਫੀ ਦੀ ਵਾਰਤਕ ਰਸੀਲੀ ਅਤੇ ਖਿੱਚ ਪਾਊ ਹੁੰਦੀ ਹੈ। ਕੇ ਐੱਲ ਗਰਗ ਨੇ ਕਿਹਾ ਕਿ ਅਮਰ ਸੂਫੀ ਕੋਲ ਅਧਿਆਪਨ ਕਿੱਤੇ ਦੇ ਨਾਲ-ਨਾਲ ਜ਼ਿੰਦਗੀ ਦੇ ਹੋਰ ਬਹੁਤ ਸਾਰੇ ਪੱਖਾਂ ਦਾ ਅਮੀਰ ਅਨੁਭਵ ਹੈ, ਜੋ ਉਸ ਦੀਆਂ ਰਚਨਾਵਾਂ ਵਿਚ ਵੱਖ-ਵੱਖ ਤਰ੍ਹਾਂ ਨਾਲ ਪੇਸ਼ ਹੁੰਦਾ ਰਹਿੰਦਾ ਹੈ। ਗੁਰਬਚਨ ਚਿੰਤਕ (ਕੈਨੇਡਾ) ਨੇ ਅਮਰ ਸੂਫੀ ਨਾਲ ਆਪਣੀਆਂ ਯਾਦਾਂ ਨੂੰ ਸਾਂਝਾ ਕਰਦਿਆਂ ਉਸ ਨੂੰ ਕਰਮਸ਼ੀਲ ਲੇਖਕ ਕਿਹਾ। ਅਮਰਪ੍ਰੀਤ ਕੌਰ ਸੰਘਾ ਨੇ ਅਮਰ ਸੂਫੀ ਨੂੰ ਬਹੁ-ਵਿਧਾਈ ਲੇਖਕ ਆਖਦਿਆਂ ਉਸ ਦੀ ਸ਼ਾਇਰੀ ਅਤੇ ਵਾਰਤਕ ਵਿਚਲੇ ਵਿਭਿੰਨ ਪੱਖਾਂ ਦੀ ਗੱਲ ਕੀਤੀ। ਸਿਮਰਜੀਤ ਸਿੰਮੀ ਨੇ ਸੂਫੀ ਨੂੰ ਆਮ ਲੋਕਾਂ ਦਾ ਲੇਖਕ ਆਖਿਆ। ਧਾਮੀ ਗਿੱਲ ਨੇ ਅਮਰ ਸੂਫੀ ਦੀ ਪੁਸਤਕ "ਅਧਿਆਪਕ ਹੋਣ ਦਾ ਮਾਣ" ਦੇ ਪ੍ਰਕਾਸ਼ਿਤ ਹੋਣ 'ਤੇ ਮੁਬਾਰਕਬਾਦ ਦਿੰਦਿਆਂ ਆਸ ਪ੍ਰਗਟਾਈ ਕਿ ਉਹ ਲਗਾਤਾਰ ਸਾਹਿਤ ਸਿਰਜਣਾ ਵਿਚ ਜੁਟੇ ਰਹਿਣਗੇ। ਮੰਚ ਸੰਚਾਲਨ ਕਰਦਿਆਂ ਗੁਰਪ੍ਰੀਤ ਧਰਮਕੋਟ ਨੇ ਸੂਫੀ ਦੀਆਂ ਪ੍ਰਕਾਸ਼ਨ ਅਧੀਨ ਅਤੇ ਤਿਆਰੀ ਅਧੀਨ ਪੁਸਤਕਾਂ ਬਾਰੇ ਜਾਣਕਾਰੀ ਦਿੱਤੀ। ਉਸ ਨੇ ਦੱਸਿਆ ਕਿ ਅਮਰ ਸੂਫੀ ਦੀਆਂ ਪ੍ਰਕਾਸ਼ਨ ਅਧੀਨ 'ਦੋਹੜਾਵਲੀ', 'ਹੂ', 'ਅਜਲੋ ਯਾਰ ਫਕੀਰ' ਅਤੇ 'ਗੁਆਚੇ ਪਿੰਡ ਦੀ ਗਾਥਾ' ਨਾਲ ਪੰਜਾਬੀ ਸਾਹਿਤ ਵਿਚ ਨਿੱਗਰ ਵਾਧਾ ਹੋਵੇਗਾ। ਅੰਤ ਵਿਚ ਅਮਰ ਸੂਫੀ ਦੀ ਜੀਵਨ ਸਾਥਣ ਪ੍ਰਿੰਸੀਪਲ ਹਰਿੰਦਰ ਕੌਰ ਸੰਧੂ ਨੇ ਆਏ ਹੋਏ ਲੇਖਕਾਂ ਦਾ ਧੰਨਵਾਦ ਕੀਤਾ। ਅਮਿਤਾ ਕੁਮਾਰੀ ਨੇ ਮੰਚ ਵੱਲੋਂ ਅਮਰ ਸੂਫੀ ਨੂੰ ਪੁਸਤਕਾਂ ਦਾ ਸੈੱਟ ਭੇਟ ਕਰਕੇ ਸਨਮਾਨਿਤ ਕੀਤਾ।




# ਪਾਠਕਾਂ ਦੇ ਝਰੋਖੇ 'ਚੋਂ

## ਖਾਲਸਾ ਕਾਲਜ ਦਾ ਸਾਹਿਤ ਮੇਲਾ

17 ਮਾਰਚ ਦੇ ਐਤਵਾਰਤਾ ਵਿਚ ਦੀਪ ਜਗਦੀਪ ਸਿੰਘ ਨੇ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਲੱਗੇ ਵਿਸ਼ਾਲ ਪੁਸਤਕ ਮੇਲੇ ਦੇ ਇਕ-ਇਕ ਦਿਨ ਦੀ ਜਾਣਕਾਰੀ ਦਿੱਤੀ ਹੈ। ਹਰ ਸਾਲ ਲੱਗਦਾ ਇਹ ਮੇਲਾ ਪੰਜਾਬੀਆਂ ਵਿਚ ਸ਼ਬਦ ਚੇਤਨਾ ਭਰਨ ਦਾ ਸਬੱਬ ਬਣ ਰਿਹਾ ਹੈ। ਪੁਸਤਕ ਮੇਲੇ ਤੋਂ ਪੰਜਾਬੀ ਪਾਠਕ ਕਰੋੜਾਂ ਰੁਪਏ ਦੀਆਂ ਮਨਪਸੰਦ ਪੁਸਤਕਾਂ ਖਰੀਦ ਕੇ ਲਿਜਾਂਦੇ ਹਨ। ਇਸ ਨਾਲ ਪ੍ਰਕਾਸ਼ਕ ਵੀ ਕਮਾਈ ਕਰ ਲੈਂਦਾ ਹੈ ਤੇ ਪੰਜਾਬੀ ਪਾਠਕਾਂ ਨੂੰ ਸੁਹਜ ਤੇ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਪੁਸਤਕ ਪ੍ਰਕਾਸ਼ਨ ਬਹੁਤ ਮਹਿੰਗਾ ਹੈ ਤੇ ਕਿਤਾਬਾਂ ਦਾ ਛਪਣਾ ਵੀ ਸਪੀਡ ਫੜ ਰਿਹਾ ਹੈ। ਹਰ ਮਹੀਨੇ ਹਜ਼ਾਰਾਂ ਨਵੀਆਂ ਕਿਤਾਬਾਂ ਛਪ ਕੇ ਆ ਰਹੀਆਂ ਹਨ। ਕਿਤਾਬ ਛਪਣ ਪਿੱਛੋਂ ਪਾਠਕ ਤੱਕ ਪਹੁੰਚਣੀ ਜ਼ਰੂਰੀ ਹੈ। ਇਹੋ ਜਿਹੇ ਪੁਸਤਕ ਮੇਲੇ ਵਿਚ ਆਪਣੀ ਕਿਤਾਬ ਵਿਕਦੀ ਵੇਖ ਕੇ ਲੇਖਕ ਨੂੰ ਮਾਨਸਿਕ ਖੁਸ਼ੀ ਵੀ ਮਿਲਦੀ ਹੈ ਤੇ ਉਹ ਹੋਰ ਵੀ ਲਿਖਣ ਲਈ ਤਿਆਰ ਹੁੰਦਾ ਹੈ। ਪ੍ਰਬੰਧਕਾਂ ਦਾ ਇਹ ਬਹੁਮੁੱਲਾ ਕਾਰਜ ਹੈ। ਇਸ ਦੀ ਲੋੜ ਹੈ ਤਾਂ ਕਿ ਪੰਜਾਬ ਵਿਚ ਬੌਧਿਕਤਾ ਦਾ ਪਸਾਰ ਹੋਵੇ। ਪੰਜਾਬੀਆਂ ਦੇ ਮੱਥੇ 'ਤੇ ਲੱਗਾ ਨਸ਼ਾਖੋਰੀ ਵਾਲਾ ਦਾਗ ਧੋਤਾ ਜਾਵੇ। ਦੁਨੀਆ ਜਾਣ ਜਾਵੇ ਕਿ ਪੰਜਾਬੀ ਕਿਤਾਬਾਂ ਦੇ ਵੀ ਆਸ਼ਕ ਹਨ। ਪੰਜਾਬ ਤਾਂ ਪਹਿਲਾਂ ਹੀ ਸ਼ਬਦ ਨਾਲ ਜੁੜੀ ਧਰਤੀ ਹੈ। ਇਸ ਧਰਤੀ 'ਤੇ ਆਦਿ ਕਾਲ ਤੋਂ ਸ਼ਬਦ ਦੀ ਵਿਸਮਾਦੀ ਗੂੰਜ ਪੈਂਦੀ ਰਹੀ ਹੈ। ਹੁਣ ਵੀ ਇਹੋ ਜਿਹੇ ਮੇਲੇ ਗੂੰਜ ਦੀ ਸੁਰ ਨੂੰ ਬੁਲੰਦ ਕਰ ਰਹੇ ਹਨ। ਪੰਜਾਬ ਵਿਚ ਇਹੋ ਜਿਹੇ ਹੋਰ ਵੀ ਪੁਸਤਕ ਮੇਲੇ ਲਗਦੇ ਰਹਿਣ ਤੇ ਧਨੀ ਅਮੀਰ ਲੋਕ ਜਾਂ ਖੁਦ ਪੰਜਾਬ ਸਰਕਾਰ ਪੁਸਤਕ ਮੇਲਿਆਂ ਨੂੰ ਸਪਾਂਸਰ ਕਰੇ। ਪੰਜਾਬ ਦੀਆਂ ਸਾਹਿਤਕ ਜਥੇਬੰਦੀਆਂ ਤੇ ਸਾਹਿਤ ਸਭਾਵਾਂ ਇਹ ਉੱਦਮ ਕਰਨ। ਡਾ. ਦੀਪਤੀ ਨੇ ਘਰ ਦੀ ਰੂਪ-ਰੇਖਾ, ਘਰ ਦੀ ਮਾਲਕਨ (ਘਰ ਵਾਲੀ) ਘਰ ਨਾਲ ਮੁਹੱਬਤ ਡਾ. ਦੀਪਤੀ ਦਾ ਘਰ ਨਾਲ ਪਿਆਰ। ਕਿਰਾਏ 'ਤੇ ਰਹਿਣ ਵਾਲਿਆਂ ਦੀ ਮਾਨਸਿਕਤਾ ਚਿਤਰਣ ਦੇ ਨਾਲ ਹੋਰ ਵੀ ਬਹੁਤ ਕੁਝ ਦਾ ਚਿਤਰਣ ਕੀਤਾ ਹੈ। ਇਸ ਲੇਖ ਨੇ ਪ੍ਰਿੰਸੀਪਲ ਤੇਜਾ ਸਿੰਘ ਦਾ ਲੇਖ ਘਰ ਦਾ ਪਿਆਰ ਯਾਦ ਕਰਾ ਦਿੱਤਾ। ਪ੍ਰਿੰਸੀਪਲ ਤੇਜਾ ਸਿੰਘ ਦਾ ਲੇਖ ਕਿਸੇ ਵੇਲੇ (1969) ਦਸਵੀਂ ਵਿਚ ਪੜ੍ਹਿਆ ਸੀ। ਅਰਤਿੰਦਰ ਸੰਧੂ ਦੀ ਕਿਤਾਬ ਘਰ ਤੇ ਘਰ ਦਾ ਜ਼ਿਕਰ ਵੀ ਬਹੁਤ ਢੁਕਵਾਂ ਹੈ। ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਨੇ 'ਭਾਰਤ ਮੇਰਾ ਪਰਵਾਰ' ਦਾ ਸੱਚ ਲਿਖ ਕੇ ਵੱਡੇ ਲੀਡਰਾਂ ਨੂੰ ਸ਼ੀਸ਼ਾ ਵਿਖਾਇਆ ਹੈ, ਕਹਿਣਾ ਬਹੁਤ ਸੌਖਾ ਹੈ, ਪਰ ਭਾਰਤ ਦੇ ਵੱਖ-ਵੱਖ ਕੋਨਿਆਂ 'ਤੇ ਜੋ ਕੁਝ ਵਾਪਰ ਰਿਹਾ ਹੈ, ਉਸ ਬਾਰੇ ਅੱਖਾਂ ਮੀਚੀ ਰੱਖਣ ਨਾਲ ਪਰਵਾਰ ਨਾਲ ਅਖੌਤੀ ਮੋਹ ਦਾ ਲੋਕਾਂ ਨੂੰ ਪਤਾ ਲੱਗ ਰਿਹਾ ਹੈ। 'ਸੰਘਰਸ਼ ਕਰਦੇ ਲੋਕਾਂ ਦੀ ਗੱਲ' ਵਿਚ ਇਸ ਵਾਰ ਪੰਜਾਬੀ ਭਾਸ਼ਾ, ਸਾਹਿਤ ਤੇ ਸਾਹਿਤਕਾਰਾਂ ਦੀ ਚਰਚਾ ਕੀਤੀ ਹੈ। ਲੇਖਕ ਦਾ ਕਥਨ ਹੈ ਕਿ ਸਾਹਿਤ ਮਜ਼ਲੂਮ ਦੀ ਗੱਲ ਕਰੇ ਅਮੀਰ ਮਲਕ ਭਾਗੋ ਦੀ ਗੱਲ ਨਾ ਕਰੇ ਇਹ ਸਿਧਾਂਤ ਪ੍ਰੋ. ਮੋਹਨ ਸਿੰਘ ਨੇ ਵੀ ਕਿਸੇ ਵੇਲੇ ਪ੍ਰਚਲਿਤ ਕੀਤਾ ਸੀ। ਦੁਨੀਆ ਦੇ ਦੋ ਟੋਟਿਆਂ ਦੀ ਗੱਲ ਕੀਤੀ ਸੀ, ਜਿਸ ਵਿਚ ਇਕ ਟੋਟਾ ਲੁੱਟਣ ਵਾਲਿਆਂ ਦਾ ਹੈ ਤੇ ਇਕ ਹਿੱਸਾ ਗਰੀਬ ਮਜ਼ਦੂਰ ਵਰਗ ਦਾ ਹੈ। ਇਹੀ ਸਿਧਾਂਤ ਸਮੇਂ ਨਾਲ ਪ੍ਰਗਤੀਵਾਦੀ ਸਾਹਿਤ ਬਣਿਆ, ਇਸੇ ਤਹਿਤ ਗੁਰਬਚਨ ਸਿੰਘ ਭੁੱਲਰ ਦੀ ਕਹਾਣੀ ਕਾਰ ਖਿਡੌਣਾ ਤੇ ਪ੍ਰਿੰਸੀਪਲ ਸੁਜਾਨ ਸਿੰਘ ਦੀ ਕੁਲਫੀ ਦੀ ਪੜਚੋਲ ਹੁੰਦੀ ਰਹੀ ਹੈ। ਸਾਡਾ ਵੱਡਾ ਕਹਾਣੀਕਾਰ ਸੰਤੋਖ ਸਿੰਘ ਧੀਰ ਵੀ ਪ੍ਰਗਤੀਵਾਦੀ ਸਾਹਿਤ ਰਚਦਾ ਰਿਹਾ ਹੈ। ਹਮਦਰਦਵੀਰ ਨੌਸ਼ਹਿਰਵੀ ਵੀ ਇਸੇ ਸਿਧਾਂਤ ਉਪਰ ਸਾਰੀ ਉਮਰ ਪਹਿਰਾ ਦਿੰਦਾ ਰਿਹਾ। ਪ੍ਰੋ. ਕੁਲਵੰਤ ਸਿੰਘ ਔਜਲਾ ਨੇ ਦਿਲ ਢੂੰਡਤਾ ਰਹਾ ਵਿਚ ਕਈ ਜ਼ਹੀਨ ਗੱਲਾਂ ਕੀਤੀਆਂ ਹਨ। ਬਹੁਤ ਦਿਲਚਸਪ ਤੇ ਚੇਤਨਤਾ ਭਰਪੂਰ ਲਿਖਤ ਹੈ। ਮੇਰੀ ਸਮੀਖਿਆ ਖਾਲਸਾ ਰਾਜ ਦੇ ਉਸਰਈਏ ਛਾਪਣ ਲਈ ਧੰਨਵਾਦ। ਇਸ ਵਾਰ ਮੇਰਾ ਫੋਨ ਨੰਬਰ ਛਪਣ ਕਰਕੇ ਪਾਠਕਾਂ ਨੇ ਕਿਤਾਬ ਪ੍ਰਾਪਤ ਕਰਨ ਬਾਰੇ ਮੈਨੂੰ ਪੁੱਛਿਆ। ਖੁਸ਼ੀ ਹੈ ਕਿ ਨਵਾਂ ਜ਼ਮਾਨਾ ਦੇ ਪਾਠਕ ਸਮੀਖਿਆ ਲੇਖਾਂ ਨੂੰ ਸ਼ਿੱਦਤ ਨਾਲ ਪੜ੍ਹ ਰਹੇ ਹਨ। ਕਹਾਣੀ ਸੰਗ੍ਰਹਿ ਆਖਰੀ ਮੁਸਕਾਨ ਬਾਰੇ ਸਮੀਖਿਆ ਪੜ੍ਹ ਕੇ ਕਹਾਣੀਆਂ ਬਾਰੇ ਬਹੁਤ ਜਾਣਕਾਰੀ ਮਿਲੀ। ਡਾ. ਅਮਰ ਕੋਮਲ ਨੇ ਦੋ ਕਿਤਾਬਾਂ ਅਪੀਲ ਤੇ ਜ਼ਿਹਬਾ ਹੁੰਦੇ ਪਲ ਬਾਰੇ ਰੀਵਿਊ ਚੰਗੇ ਲੱਗੇ।

ਡਾ. ਅਮਰ ਕੋਮਲ ਘੱਟ ਸ਼ਬਦਾਂ ਵਿਚ ਵਡਮੁੱਲੀ ਗੱਲ ਕਰਦੇ ਹਨ। ਡਾ. ਦਰਸ਼ਨ ਸਿੰਘ ਆਸ਼ਟ ਦਾ ਨੌਵੀਂ ਵਾਰ ਪ੍ਰਧਾਨ ਚੁਣੇ ਜਾਣ 'ਤੇ ਆਸਟ ਜੀ ਨੂੰ ਮੇਰੇ ਵੱਲੋਂ ਵਧਾਈ। ਡਾ. ਆਸ਼ਟ ਲੰਮੇ ਸਮੇਂ ਤੋਂ ਪੰਜਾਬੀ ਪ੍ਰਚਾਰ-ਪ੍ਰਸਾਰ ਤੇ ਬਾਲ ਸਾਹਿਤ ਨੂੰ ਸਮਰਪਿਤ ਭਾਵਨਾ ਨਾਲ ਅਗੇਰੇ ਲਿਜਾ ਰਹੇ ਹਨ। ਡਾ. ਆਸ਼ਟ ਲਹਿੰਦੇ ਪੰਜਾਬ ਵਿਚ ਵੀ ਹਰਮਨਪਿਆਰੇ ਸਾਹਿਤਕਾਰ ਹਨ। ਉਨ੍ਹਾਂ ਨੇ ਪੰਜਾਬੀ ਬਾਲ ਸਾਹਿਤ ਨੂੰ ਪੰਜਾਬ ਤੋਂ ਬਾਹਰ ਤੇ ਵਿਦੇਸ਼ਾਂ ਵਿਚ ਵੱਡਾ ਮਾਣ ਦਿਵਾਇਆ ਹੈ। ਜਗਦੀਸ਼ ਰਾਏ ਕੁਲਰੀਆਂ ਨੂੰ ਅਨੁਵਾਦ ਪੁਰਸਕਾਰ ਮਿਲਣਾ ਮੁਬਾਰਕ। ਦਿੱਲੀ ਵਾਲੇ ਸਾਡੇ ਹਰਮਨਪਿਆਰੇ ਸਾਹਿਤਕਾਰ ਡਾ. ਕਰਨਜੀਤ ਸਿੰਘ ਦੇ ਅਕਾਲ ਚਲਾਣਾ ਦਾ ਪੜ੍ਹ ਕੇ ਬਹੁਤ ਦੁੱਖ ਹੋਇਆ।

**—ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ**

## ਡਾ. ਦੀਪਤੀ ਦਾ ਲੇਖ

ਸੱਚੀਂ-ਮੁੱਚੀਂ ਘਰ ਨਿੱਜ ਦਾ ਅਹਿਸਾਸ ਦਿੰਦਾ ਹੈ; ਇਸੇ ਥਾਂ ਨਾਲ ਸਾਡੇ ਮਨੁੱਖੀ-ਜੋੜ ਪਣਪਦੇ ਹਨ ਹੋਰ ਦੋਸਤਾਂ ਅਤੇ ਪਰਵਾਰਾਂ ਨਾਲ। ਇਸ ਲੇਖ ਨੂੰ ਸਾਂਝਾ ਕਰਨ ਲਈ ਸ਼ੁਕਰੀਆ। ਤੁਹਾਡਾ ਮਨੁੱਖੀ ਅਹਿਸਾਸ ਅਸੀਮ ਹੈ ਜੀ।

**- ਮਨਜੀਤ ਔਲਖ**

---

ਡਾਕਟਰ ਸਾਹਿਬ, ਸੋਚ ਨੂੰ ਝੰਜੋੜਦਾ ਆਰਟੀਕਲ ਹੈ। ਸਾਡੇ ਵਿੱਚੋਂ ਬਹੁਤ ਸਾਰੇ ਲੋਕ ਮਕਾਨ ਬਣਾਉਣ ਦੇ ਚੱਕਰ ਵਿੱਚ ਘਰ ਬਣਾਉਣਾ ਭੁੱਲ ਜਾਂਦੇ ਹਨ। ਮੇਰੇ ਮੈਨੇਜਮੈਂਟ ਦੇ ਕੋਰਸ ਦੌਰਾਨ ਮਾਜਲੋ ਦੀ ਥਿਊਰੀ ਬਾਰੇ ਜੋ ਪੜ੍ਹਿਆ ਸੀ, ਉਹ ਤਕਰੀਬਨ ਵਿਸਰ ਹੀ ਗਿਆ ਸੀ। ਤੁਹਾਡੇ ਇਸ ਲੇਖ ਨੇ ਮਾਜਲੋ ਵੀ ਮੁੜ ਯਾਦ ਕਰਵਾ ਦਿੱਤਾ।

**- ਡਾ. ਨਵਦੀਪ ਸਿੰਘ**

---

ਬਹੁਤ ਖ਼ੂਬਸੂਰਤ ਰਚਨਾ ਹੈ, ਨਿਵੇਕਲੀ ਤੇ ਪ੍ਰਭਾਵਸ਼ਾਲੀ! ਡਾਕਟਰ ਸਾਹਿਬ, ਤੁਸੀਂ ਆਪਣੀ ਆਤਮ-ਕਥਾ ਜੇ ਅਜੇ ਨਹੀਂ ਲਿਖੀ ਤਾਂ ਲਿਖਣ ਦੀ ਯੋਜਨਾ ਬਣਾ ਲਓ। ਤੁਸੀਂ ਈਮਾਨਦਾਰੀ ਨਾਲ ਲਿਖਦੇ ਹੋ। ਤੁਹਾਡੇ ਲਿਖਣ ਵਿੱਚ ਰਸ ਹੈ। ਸਚਿਆਰੇ ਹੋਣ ਕਾਰਨ ਤੁਹਾਡਾ ਲਿਖਿਆ ਪ੍ਰੇਰਨਾਮਈ ਹੁੰਦਾ ਹੈ। ਤੁਹਾਡਾ ਲਿਖਣ ਦਾ ਅਭਿਆਸ ਵੀ ਬਹੁਤ ਹੈ ਹੋਰ ਬੜਾ ਕੁਝ ਪ੍ਰਸ਼ੰਸਾ ਦੇ ਯੋਗ ਹੈ। ਧੰਨਵਾਦ ਬਹੁਤ-ਬਹੁਤ!!!

**- ਕਰਨੈਲ ਸਿੰਘ ਸੋਮਲ**

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

**ਹਕੂਮਤੀ ਜਬਰ ਲਈ ਖ਼ਤਰਨਾਕ ਹਥਿਆਰ ਧਾਰਾ 295 ਏ : ਸੁਮੀਤ ਸਿੰਘ**

**ਮਨ ਦਿਆਂ ਰੰਗਾਂ ਦਾ ਕਥਾਕਾਰ ਫਿਓਦਰ ਦੋਸਤੋਵਸਕੀ : ਅਜੈ ਤਨਵੀਰ**

**'ਹਾਜ਼ਰ ਗ਼ੈਰ ਹਾਜ਼ਰ' ਦੀ ਪਰਖ ਪੜਚੋਲ : ਡਾ. ਹਰਜਿੰਦਰ ਸਿੰਘ ਅਟਵਾਲ**

**ਸੁਰਿੰਦਰ ਕੈਲੇ ਦੀਆਂ ਮਿੰਨੀ ਕਹਾਣੀਆਂ ਤੇ ਹੋਰ ਬਹੁਤ ਕੁਝ**

24-March-Sunday.qxd 3/23/2024 10:30 PM Page 3



ਪਿਛਲੇ ਸਾਲ ਸਾਡੇ ਸਮਿਆਂ ਦੇ ਇਕ ਪ੍ਰਬੁੱਧ ਸ਼ਾਇਰ ਨੇ ਸਮਕਾਲੀ ਕਾਵਿਕਾਰੀ 'ਤੇ ਵਿਅੰਗ ਕਰਦਿਆਂ ਲਿਖਿਆ ਸੀ ਕਿ 'ਵਕਤ ਲਿਖੇਗਾ ਸਾਡੇ ਯੁੱਗ ਦੇ ਲੋਕ ਘਿਸੜਕੇ ਜੀਂਦੇ ਸਨ, ਚੌਕੀਦਾਰ ਲੁਟੇਰਾ ਸੀ ਤੇ ਸ਼ਾਇਰ ਸੁਤਉਨੀਂਦੇ ਸਨ।' ਸਮਕਾਲੀ ਕਾਵਿਕਾਰੀ ਦੀ ਸੁਤਉਨੀਂਦੀ ਅਵਸਥਾ ਦਾ ਗਿਲਾ ਹਰ ਜਾਗਦੀ ਜ਼ਮੀਰ ਵਾਲਾ ਮਾਨਵ ਕਰ ਰਿਹਾ ਹੈ। ਪਿੱਛੇ ਜਿਹੇ ਇਕ ਵੱਡੇ ਕਵੀ ਦਰਬਾਰ ਵਿਚ ਜਾਣ ਦਾ ਮੌਕਾ ਮਿਲਿਆ ਅਤੇ ਉਥੇ 70 ਦੇ ਕਰੀਬ ਸ਼ਾਇਰਾਂ ਨੇ ਆਪੋ-ਆਪਣੇ ਕਲਾਮ ਪੜ੍ਹੇ, ਪਰ ਅਮਰੀਕਾ ਤੋਂ ਆਏ ਸ਼ਾਇਰ ਰਵਿੰਦਰ ਸਹਿਰਾਅ ਦੀ ਕਵਿਤਾ 'ਅੱਛੇ ਕਵੀ ਜ਼ਿੱਦ ਨਹੀਂ ਕਰਦੇ' ਸਮਕਾਲ ਦੇ ਉਨ੍ਹਾਂ ਸਾਰੇ ਕਵੀਆਂ ਲਈ ਵਿਅੰਗ ਭਰੀ ਤਾੜਨਾ ਸੀ, ਜੋ ਸਮਕਾਲ ਵਿਚਲੇ ਮਾਨਵ ਵਿਰੋਧੀ ਵਰਤਾਰਿਆਂ ਤੋਂ ਜਾਣ-ਬੁੱਝ ਕੇ ਜਾਂ ਵਿਸ਼ੇਸ਼ ਸਾਜ਼ਿਸ਼ ਅਧੀਨ ਟਾਲਾ ਵੱਟਦਿਆਂ ਸੁਤਉਨੀਂਦੇ ਹੋਣ ਦਾ ਦੰਭ ਰਚ ਰਹੇ ਹਨ। ਅੱਛੇ ਕਵੀ ਕੌਣ ਹਨ? ਇਹ ਇਸ ਕਵਿਤਾ ਦੇ ਪਾਠ ਤੋਂ ਬਾਖੂਬੀ ਪਤਾ ਲੱਗ ਜਾਵੇਗਾ। ਇਕ ਹੋਰ ਕਵਿਤਾ 'ਨਗਨ ਧਰਤੀਆਂ' ਅਮਰਜੀਤ ਅਮਨੀਤ ਦੀ ਕਵਿਤਾ ਲੰਮੀ ਸੀ, ਜੋ ਰਵਾਇਤੀ ਕਵੀ ਦਰਬਾਰਾਂ ਵਿਚ ਪੜ੍ਹਨ ਲਈ ਸ਼ਾਇਦ ਢੁਕਵੀਂ ਨਹੀਂ ਸੀ। ਵਿਚਾਰ ਪ੍ਰੇਰਕ ਇਸ ਕਵਿਤਾ ਨੂੰ ਸੁਣਨ ਨਾਲੋਂ ਧਿਆਨ ਨਾਲ ਪੜ੍ਹਨ ਦੀ ਵਧੇਰੇ ਲੋੜ ਮਹਿਸੂਸ ਹੋਈ। ਜੋ ਕੁਝ ਪਿਛਲੇ ਸਾਲ ਮਨੀਪੁਰ ਵਿਚ ਵਾਪਰਿਆ, ਇਕ ਜਨਣੀ (ਧਰਤੀ) ਦੀ ਪੁਕਾਰ ਬਣ ਕੇ ਇਸ ਕਵਿਤਾ ਵਿਚ ਪੇਸ਼ ਹੋ ਰਹੀ ਹੈ। ਐਤਵਾਰਤਾ (ਨਵਾਂ ਜ਼ਮਾਨਾ) ਦੇ ਗੰਭੀਰ ਪਾਠਕਾਂ ਲਈ ਇਹ ਦੋਨੋਂ ਕਵਿਤਾਵਾਂ ਵਿਸ਼ੇਸ਼ ਰੂਪ ਵਿਚ ਪੇਸ਼ ਹਨ। -ਸੰਪਾਦਕ

# ਦੋ ਕਵੀ-ਦੋ ਕਵਿਤਾਵਾਂ

## ਅੱਛੇ ਕਵੀ ਜ਼ਿੱਦ ਨਹੀਂ ਕਰਦੇ

ਅੱਛੇ ਕਵੀ ਜ਼ਿਦ ਨਹੀਂ ਕਰਦੇ
ਅੱਛੇ ਬੱਚਿਆਂ ਵਾਂਗ
ਵਕਤ ਨਾਲ ਸੌਂਦੇ, ਉੱਠਦੇ, ਪੜ੍ਹਦੇ ਹਨ
ਖਰੂਦੀ ਬੱਚਿਆਂ ਤੋਂ ਪਰ੍ਹੇ ਰਹਿੰਦੇ ਹਨ
ਧਰਨੇ, ਰੈਲੀਆਂ, ਮੁਜ਼ਾਹਰਿਆਂ ਨੂੰ
ਨਜ਼ਰ ਅੰਦਾਜ਼ ਕਰਦੇ ਹਨ
ਉਨ੍ਹਾਂ ਦਾ ਮੰਨਣਾ ਹੈ
ਅਜਿਹੇ ਕਾਰਨਾਮੇ ਹੀ ਤਾਂ
ਕੈਰੀਅਰ ਨੂੰ ਬਰਬਾਦ ਕਰਦੇ ਹਨ।
-------
ਅੱਛੇ ਕਵੀ
ਬੜੇ ਆਗਿਆਕਾਰੀ ਹੁੰਦੇ ਹਨ
ਥਾਣੇ ਦੇ ਮੁਨਸ਼ੀ ਸਿਪਾਹੀਆਂ ਵਾਂਗ
ਵੱਡੇ ਅਫਸਰਾਂ, ਨੇਤਾਵਾਂ ਦੀ
ਹਾਂਅ ਵਿਚ ਹਾਂਅ ਮਿਲਾਉਂਦੇ ਹਨ।
ਕੋਈ ਫੱਟੜ ਕੋਈ ਮਰਿਆ ਹੈ
ਕੋਈ ਅੱਥਰੂ ਗੈਸ ਨਾਲ ਡਿੱਗਿਆ
ਕਈ ਪਣ-ਮਸ਼ੀਨਾਂ ਨਾਲ ਝੜਿਆ
ਕੋਈ ਫਰਕ ਨਹੀਂ ਪੈਂਦਾ
ਉਨ੍ਹਾਂ ਦਾ ਮੰਨਣਾ ਹੈ
ਸਾਹਿਬ ਜੋ ਕਰਦੇ ਹਨ
ਸਭ ਠੀਕ ਹੀ ਕਰਦੇ ਹਨ
ਸਹਿਬਾਨ ਨੂੰ ਤਣਾਓ-ਮੁਕਤ ਕਰਨ ਲਈ
ਉਨ੍ਹਾਂ ਦਾ ਮਨ ਪਰਚਾਉਣ ਲਈ
ਕਸੀਦੇ ਪੜ੍ਹਦੇ ਹਨ
ਤੇ ਖੁਸ਼ ਕਰਦੇ ਹਨ।
-----
ਅੱਛੇ ਕਵੀ
ਆਦਰਸ਼ ਸ਼ਹਿਰੀਆਂ ਵਾਂਗ
ਹਾਕਮ ਨੂੰ ਪ੍ਰੇਸ਼ਾਨ ਨਹੀਂ ਕਰਦੇ
ਨਾ ਹੀ ਕੋਈ ਟੇਢਾ ਸਵਾਲ ਹਨ ਕਰਦੇ।
ਨੇਤਾ ਜੇ ਦਲ ਬਦਲਦੇ ਹਨ
ਚੋਲਿਆਂ ਦਾ ਰੰਗ ਬਦਲਦੇ ਹਨ
ਤਾਂ ਫੇਰ ਕੀ ਹੋਇਆ
ਇਹ ਤਾਂ ਨੇਤਾਵਾਂ ਦੀ ਮਜਬੂਰੀ ਹੈ
ਇੰਝ ਕਰਨਾ ਉਨ੍ਹਾਂ ਲਈ ਬੇਹੱਦ ਜ਼ਰੂਰੀ ਹੈ
ਮਾਂ ਬੋਲੀ ਦੀ ਕਦਰ ਨਹੀਂ ਕਰਦੇ
ਤਾਂ ਕੋਈ ਕਹਿਰ ਨਹੀਂ ਟੁੱਟਿਆ
ਬੋਲੀ ਦੇ ਨਾਂਅ 'ਤੇ
ਕਿਸ ਕਿਸ ਨੇ ਕੀ ਕੀ ਨਹੀਂ ਲੁੱਟਿਆ?
--
ਨੇਤਾ ਸੱਤਾ 'ਚ ਆਉਂਦੇ ਹਨ
ਤਾਂ ਅੱਛੇ ਕਵੀ
ਕੁਰਸੀਆਂ ਬਣਦੇ ਹਨ
ਸ਼ਬਦ ਪਾਵੇ ਤੇ ਤਸ਼ਬੀਹ
ਢੋਅ ਬਣੀ ਹੈ
ਤੱਤੇ ਬੋਲਾਂ ਤੋਂ ਸੰਕੋਚ ਕਰਦੇ ਹਨ
ਬੜੇ ਹਲੀਮੀ ਰਹਿੰਦੇ ਹਨ
ਬਣ ਕੇ ਮਸਕੀਨ ਰਹਿੰਦੇ ਹਨ
ਬੋਲਣ ਤੋਂ ਪਹਿਲਾਂ
ਬੜਾ ਖਿਆਲ ਕਰਦੇ ਹਨ
ਹਰ ਲਫ਼ਜ਼ ਨੂੰ ਸੁਰਤਾਲ ਕਰਦੇ ਹਨ।
-------
ਅੱਛੇ ਕਵੀ
ਕਦੇ ਵੀ ਹੰਗਾਮਾ ਨਹੀਂ ਕਰਦੇ
ਕੋਈ ਤਲਖ਼ ਬੋਲ
ਤਾਂ ਵੀ ਮਿੱਠੀ ਗੁਫ਼ਤਾਰ ਕਰਦੇ ਹਨ।
ਲੋੜ ਪਏ ਤਾਂ ਰਚਨਾ ਨੂੰ
ਸੂਹੇ ਬਸਤਰ ਪਹਿਨਾਉਂਦੇ ਹਨ
ਆਪਣੇ ਮੱਠ ਬਣਾਉਂਦੇ ਹਨ
ਨਿੱਕੇ ਮੋਟੇ ਇਨਾਮ ਦੁਆਉਂਦੇ ਹਨ
ਸਰਕਾਰੀ ਤੇ ਗੈਰ ਸਰਕਾਰੀ ਸਫਾਂ 'ਚ
ਜੈ ਜੈ ਕਾਰ ਕਰਾਉਂਦੇ ਹਨ।
ਅੱਛੇ ਕਵੀ ਜ਼ਿਦ ਨਹੀਂ ਕਰਦੇ
ਜ਼ਿਦੀਆਂ ਨਾ-ਸਮਝਾਂ ਤੋਂ
ਦੂਰੀ ਬਣਾਉਂਦੇ ਹਨ।

**- ਰਵਿੰਦਰ ਸਹਿਰਾਅ**
ਮੋਬਾ. +1(219) 900-1115

## ਨਗਨ ਧਰਤੀਆਂ

ਮੈਂ ਤਾਂ ਜੁੱਗਾਂ ਜੁੱਗਾਂ ਤੋਂ ਹੀ ਨਗਨ ਹਾਂ
ਮੈਂ ਤੈਨੂੰ ਕੁੱਖੇ ਸਮਾਉਣ ਲੱਗੀ ਵੀ ਨਗਨ ਸਾਂ
ਤੈਨੂੰ ਸਿਰਜਣ ਲੱਗਿਆਂ ਮੈਂ ਆਪਣੇ ਪਿੰਡੇ ਦਾ
ਜ਼ੱਰਾ ਜ਼ੱਰਾ ਤੇਰੇ 'ਚ ਘੋਲ਼ ਦਿੱਤਾ
ਆਪਣੀ ਕੁੱਖ 'ਚੋਂ ਤੈਨੂੰ ਵਿਦਾ ਕਰਨ ਲੱਗੇ ਵੀ ਮੈਂ ਨਗਨ ਸਾਂ
ਮੈਂ ਜੁੱਗਾਂ ਜੁੱਗਾਂ ਤੋਂ ਧਰਤ ਵਾਂਗ ਨਗਨ ਹਾਂ
ਅਸਮਾਨ ਵਾਂਗ, ਰੁੱਖਾਂ ਵਾਂਗ ਨਗਨ ਹਾਂ
ਨੀਰ ਵਾਂਗ ਹਾਂ ਅਗਨ ਵਾਂਗ ਹਾਂ

ਸਭ ਤੋਂ ਓਹਲੇ ਮੇਰੀ ਕੁੱਖ ਹੈ
ਉਸ ਤੋਂ ਬਾਅਦ ਛੁਪਾਉਣ ਲਈ
ਮੇਰੇ ਤਨ ਕੋਲ਼ ਤਾਂ ਹੋਰ ਕੁਝ ਨਹੀਂ ਹੁੰਦਾ
ਤੇ ਮੈਂ ਤੈਨੂੰ ਉਹ ਸੌਂਪੀ ਹੈ ਤੇਰੇ ਨਿੰਮ ਹੋਣ ਨੂੰ

ਮੈਂ ਤੈਨੂੰ ਸਿਰਜ ਕੇ ਪੌਣਾਂ ਦੇ ਹਵਾਲੇ ਕੀਤਾ ਸੀ
ਮੈਂ ਤੈਨੂੰ ਅਸਮਾਨ ਨੂੰ ਸੌਂਪਿਆ ਸੀ
ਤੈਨੂੰ ਧਰਤ ਨੂੰ ਅਰਪਿਆ ਸੀ
ਤੇ ਤੂੰ ਮੇਰੇ ਸੀਰਾਂ ਨੂੰ, ਮੇਰੀ ਕੁੱਖ ਨੂੰ,
ਮੇਰੀ ਦੇਹ ਨੂੰ ਹੀ ਚਿੰਬੜਿਆ ਹੋਇਆ ਏਂ

ਉਂਝ ਤੇਰੀ ਨੰਗੀ ਨਜ਼ਰ ਸਾਹਵੇਂ
ਕੋਈ ਬਸਤਰ ਮੇਰੀ ਦੇਹ ਨੂੰ ਕੱਜ ਹੀ ਨਹੀਂ ਸਕਿਆ
ਇਸ ਧਰਤੀ 'ਤੇ ਸਭ ਥਾਂ,
ਸਾਰੇ ਸਮਿਆਂ 'ਚ, ਸਾਰੀਆਂ ਰੁੱਤਾਂ 'ਚ
ਤੂੰ ਮੈਨੂੰ ਬਸਤਰਹੀਣ ਕੀਤਾ ਹੈ
ਜੁੱਗਾਂ ਤੋਂ ਮੇਰਾ ਚੀਰਹਰਣ ਅਜੇ ਵੀ ਜਾਰੀ ਹੈ
ਤੂੰ ਬਸਤਰ ਕਦੋਂ ਦੇ ਉਤਾਰ ਲਏ ਨੇ
ਤੈਨੂੰ ਤਾਂ ਮੇਰੀ ਚਮੜੀ ਵੀ ਕੋਈ ਬਸਤਰ ਹੀ ਲੱਗਦੀ ਰਹੀ ਹੈ
ਬਹੁਤ ਵਾਰ ਤੂੰ ਚਮੜੀ ਵੀ ਨੋਚ ਚੁੱਕਿਆ ਹੈਂ
ਕੀ ਹੈ ਮੇਰੇ ਜਿਸਮ 'ਚ
ਜੋ ਅਜੇ ਤੱਕ ਤੂੰ ਨੰਗਾ ਨਹੀਂ ਕਰ ਸਕਿਆ
ਵਲੂੰਧਰ ਨਹੀਂ ਸਕਿਆ
ਤੇ ਚਮੜੀ ਥੱਲੇ ਉਹੀ ਕੁੱਖ ਹੈ ਮੇਰੀ
ਜੋ ਮੈਂ ਤੈਨੂੰ ਮੁੱਢ 'ਚ ਹੀ ਸੌਂਪ ਦਿੱਤੀ ਸੀ
ਤੂੰ ਆਪਣੇ ਘਰ ਨੂੰ ਹੀ ਕਿਵੇਂ ਢਾਅ ਰਿਹਾ ਹੈਂ
ਤੂੰ ਆਪਣੀਆਂ ਹੀ ਆਂਦਰਾਂ ਵਲੂੰਧਰ ਰਿਹਾ
ਇਸ ਤਰ੍ਹਾਂ ਤਾਂ ਤੂੰ ਕਹਿਰਾਂ ਦਾ ਬੇਘਰਾ ਹੋ ਜਾਵੇਂਗਾ

ਤੈਨੂੰ ਮੇਰੇ ਨਾਲ਼ੋਂ ਹਮੇਸ਼ਾ ਤਕੜੀ ਦਿਸਦੀ ਤੇਰੀ ਫੌਲਾਦੀ ਦੇਹ
ਮੇਰੇ ਤਨ ਦੇ ਬਾਹਰਲੇ ਨਿੱਘ ਨਾਲ਼ ਹੀ
ਕਿੰਨੀ ਛੇਤੀ ਪੰਘਰ ਕੇ ਕੁਝ ਕੁ ਤੁਪਕਿਆਂ 'ਚ ਵਟ ਜਾਂਦੀ ਹੈ
ਮੇਰੇ ਤਨ ਦੇ ਰੂਬਰੂ ਹੋਣ ਲਈ
ਤੂੰ ਸਿਰਫ ਆਪਣੇ ਜਣਨ ਅੰਗ 'ਚ ਹੀ ਸਮਾ ਜਾਂਦਾ ਹੈਂ
ਤੂੰ ਮੇਰੀ ਦੇਹ ਦੇ ਹੱਡ-ਮਾਸ 'ਚ ਹੀ ਗਵਾਚ ਗਿਆ ਹੈਂ
ਤੇ ਤੂੰ ਮੈਨੂੰ ਅਸਮਾਨ ਤੱਕ ਫੈਲੀ ਹੋਈ ਨੂੰ
ਪਾਤਾਲ ਤੱਕ ਰਚੀ ਹੋਈ ਨੂੰ
ਕਦੋਂ ਵੇਖ ਸਕਿਆ ਹੈਂ
ਤੇ ਕਦੋਂ ਵੇਖ ਸਕੇਂਗਾ
ਕਿੰਨੀਆਂ ਸੱਭਿਅਤਾਵਾਂ ਉਗਮਣ ਵਿਗਸਣ ਬਾਅਦ ਵੀ
ਤੂੰ ਕਿੰਨੇ ਅਧੂਰੇ, ਕਿੰਨੇ ਅਣਜਾਣ ਨੇ ਹੀ
ਆਉਧ ਗਵਾ ਕੇ ਮਰ-ਖਪ ਜਾਣਾ ਹੈ

ਆਪਣੇ ਵਹਿਸ਼ੀਪਣ ਦੀ ਪਰਵਿਰਤੀ ਨੂੰ
ਤੂੰ ਕਿੰਨੀ ਛੇਤੀ ਜੰਗਲੀਪਣ ਦਾ ਨਾਂਅ ਦੇ ਦਿੱਤਾ ਹੈ
ਇਹ ਤੇਰਾ ਜੰਗਲੀ ਵਰਤਾਰਾ ਨਹੀਂ ਹੈ
ਤੂੰ ਪਸ਼ੂ ਵੀ ਨਹੀਂ ਹੋ ਸਕਦਾ
ਜੰਗਲ ਰੁੱਤਾਂ ਪਿੱਛੇ ਤੁਰਦਾ
ਜੰਗਲ ਤੇ ਇਸ ਦੇ ਪਸ਼ੂ ਬੜੇ ਨਿਯਮਤ ਹੁੰਦੇ
ਤੇਰੀ ਕੋਈ ਰੁੱਤ ਨਹੀਂ ਹੈ
ਤੂੰ ਜੰਗਲ ਨੂੰ ਕਦੋਂ ਦਾ ਤੱਜ ਆਇਆ ਹੈਂ
ਜੰਗਲ ਦੇ ਤੱਜ ਦੇਣ ਨੂੰ
ਤੂੰ ਕਈ ਸੱਭਿਅਤਾਵਾਂ ਦਾ ਨਾਂਅ ਦਿੱਤਾ ਹੈ
ਤੇ ਮੈਂ ਤੈਨੂੰ ਕਿਸੇ ਸੱਭਿਅਤਾ ਵਿੱਚ ਵੀ
ਆਪਣੇ ਹਾਣ ਦਾ ਨਹੀਂ ਵੇਖਿਆ

ਮੇਰੀ ਰੂਹ ਨੂੰ ਜਾਣੇ ਬਿਨਾਂ
ਮੇਰੇ ਜਿਸ ਤਨ ਦੀ ਲਾਲਸਾ 'ਚ
ਤੂੰ ਇਸ ਹੱਦ ਤੱਕ ਨਿੱਘਰ ਗਿਆ ਹੈਂ
ਉਹ ਤਨ ਕੁਝ ਵੀ ਨਹੀਂ ਹੈ
ਆਪਣਾ ਹਰ ਵਹਿਸ਼ੀ ਯੁੱਧ ਲੜਨ ਬਾਅਦ
ਤੂੰ ਦੇਖਿਆ ਹੈ
ਮੇਰੀ ਗਲਦੀ ਸੜਦੀ ਚਮੜੀ ਨੂੰ, ਮੇਰੀ ਫੁੱਲੀ ਹੋਈ ਦੇਹ ਨੂੰ
ਪਿੰਜਰ 'ਚ ਬਦਲਦਿਆਂ
ਫਿਰ ਪਿੰਜਰ ਨੂੰ ਮਿੱਟੀ 'ਚ ਵਟਦਿਆਂ
ਇਹੀ ਹੁੰਦੀ ਹੈ ਇਹਨਾਂ ਤਨਾਂ ਦੀ ਹੋਣੀ
ਤੇ ਤੇਰਾ ਰਿਸ਼ਤਾ ਤਾਂ ਸਿਰਫ ਮੇਰੇ ਇਸੇ ਤਨ ਤੱਕ ਹੀ ਹੁੰਦਾ ਹੈ

ਮੇਰੇ ਜਿਹੜੇ ਅੰਗਾਂ ਨੇ ਤੈਨੂੰ ਸਿਰਜਿਆ ਹੈ
ਤੂੰ ਉਹੀ ਨੋਚੇ ਨੇ, ਵਲੂੰਧਰੇ ਨੇ, ਮੈਲ਼ੇ ਕੀਤੇ ਨੇ
ਤੇ ਵੇਖ ਮੈਂ ਧਰਤ ਹਾਂ ਕਦੇ ਮੈਲ਼ੀ ਨਹੀਂ ਹੋਈ
ਮੈਂ ਅਜੇ ਵੀ ਤੇਰੀ ਮਾਂ ਹਾਂ, ਧੀ-ਭੈਣ ਹਾਂ, ਸਾਥਣ ਹਾਂ
ਤੂੰ ਪੀੜ੍ਹੀ ਦਰ ਪੀੜ੍ਹੀ ਕਿੰਨਾ ਕਰੂਪ ਹੋ ਗਿਆ ਏਂ
ਮੈਂ ਅਜੇ ਵੀ ਤੈਨੂੰ ਜੰਮਣ ਤੋਂ ਇਨਕਾਰੀ ਨਹੀਂ ਹੋਈ

ਤੇਰਾ ਹਰ ਯੁੱਧ ਤੇ ਹਥਿਆਰ ਅੰਤ ਨੂੰ
ਮੇਰੇ ਤੇ ਧਰਤ ਦੇ ਵਿਰੁੱਧ ਹੈ
ਪਰ ਮੈਂ ਵੀ ਧਰਤ ਵਾਂਗ ਹਰ ਪਲ ਸਿਰਜਣਾ 'ਚ ਵਲੀਨ ਹਾਂ

ਧਰਤੀ ਹਰ ਵਾਰ ਛਿੱਲੇ ਤੋਂ, ਝਰੀਟੇ ਤੋਂ, ਲਤਾੜੇ ਤੋਂ ਬਾਅਦ ਵੀ
ਸਾਵੀਂ-ਪੱਧਰੀ ਹੋ ਜਾਂਦੀ
ਹਰਿਆਵਲਾਂ ਨਾਲ ਭਰ ਜਾਂਦੀ
ਫੁੱਲ ਬੂਟਿਆਂ ਨਾਲ ਭਰ ਜਾਂਦੀ
ਵੇਖ ਮੈਂ ਤੇਰੀ ਹਰ ਕਰੂਰਤਾ 'ਚੋਂ, ਹਰ ਪਾਪ 'ਚੋਂ
ਮਨੁੱਖ ਸਿਰਜ ਲੈਂਦੀ ਹਾਂ
ਮੈਂ ਇਸ ਤਰ੍ਹਾਂ ਹਰਿਆਵਲਾਂ ਨਾਲ ਭਰ ਜਾਂਦੀ ਹਾਂ

ਮੈਂ ਧਰਤ ਹਾਂ ਬਹੁਤ ਸਹਿਜ ਨਾਲ ਭਰੀ ਹੋਈ
ਤੂੰ ਮੇਰੀਆਂ ਹਰਿਆਵਲਾਂ ਤੇ ਛਾਵਾਂ ਵੇਖੀਆਂ ਨੇ
ਮੇਰਾ ਨਿੱਘ ਵੇਖਿਆ ਮਾਣਿਆ ਹੈ
ਮੇਰੇ ਧੁਰ ਅੰਦਰ ਅਗਨ ਹੈ, ਲਾਵਾ ਵੀ ਹੈ,
ਇਹ ਮੇਰੇ ਸਹਿਜ ਦੀ ਪਰਤ ਹੀ ਹੈ
ਜੋ ਮੇਰੀ ਅਗਨ ਤੇ ਤੇਰੇ ਵਿਚਕਾਰ ਹੈ
ਤੇ ਮੈਨੂੰ ਨਗਨ ਕਰਦਾ ਕਰਦਾ
ਇਹ ਪਰਤ ਨਾ ਉਤਾਰ ਲਵੀਂ
ਫਿਰ ਮੈਂ ਇਹ ਨਹੀਂ ਵੇਖ ਸਕਾਂਗੀ
ਕਿ ਮੈਂ ਤੈਨੂੰ ਸਿਰਜਿਆ ਹੈ
ਉਹ ਮੇਰੀਆਂ ਅੱਖਾਂ ਦਾ ਨੀਰ ਨਹੀਂ ਹੋਵੇਗਾ
ਮੇਰਾ ਸੀਰ ਵੀ ਨਹੀਂ ਹੋਵੇਗਾ
ਉਹ ਮੇਰਾ ਖੌਲਦਾ ਹੋਇਆ ਲਾਵਾ ਹੋਵੇਗਾ
ਲਾਵੇ ਸਾਹਵੇਂ ਤੂੰ ਬਹੁਤ ਮਾਸੂਮ
ਬਹੁਤ ਨਿਹੱਥਾ ਹੋਵੇਂਗਾ

**— ਅਮਰਜੀਤ ਸਿੰਘ ਅਮਨੀਤ**
ਮੋਬਾ. 88722-66066

# ਅਟਵਾਲ ਜੱਟਾਂ ਦਾ ਵਸਾਇਆ ਪਿੰਡ : ਖ਼ੁਰਦਪੁਰ

## ਪਿੰਡ ਵਸਿਆ

**ਵਿਜੈ ਬੰਬੇਲੀ**

ਆਦਮਪੁਰ ਦੋਆਬਾ ਨਾਲ ਖਹਿੰਦੀ ਬਿਸਤ ਦੋਆਬ ਨਾਲ ਜੁੜਵਾਂ, ਹੁਣ ਆਦਮਪੁਰ ਨਾਲ ਗਲਵੱਕੜੀ ਪਾਈ ਬੈਠੇ, ਪਹਿਲ-ਪਲੱਕੜੇ ਗ਼ਦਰੀ ਸ਼ਹੀਦਾਂ ਦੇ ਪਿੰਡ ਖੁਰਦਪੁਰ ਦੀ ਮੋੜ੍ਹੀ ਕਰੀਬ ਚਾਰ ਸਦੀਆਂ ਪਹਿਲਾਂ ਅਟਵਾਲ ਜੱਟਾਂ ਨੇ ਗੱਡੀ ਸੀ। ਅਟਵਾਲ ਜੱਟਾਂ ਦੇ ਪੁਰਖੇ ਮਾਲਵੇ ਦੇ ਧੜਵੈਲ ਰਾਜਾ ਮਹਿਰਾਜ ਦੇ ਉਸ ਕੁਨਬੇ ਵਿੱਚੋਂ ਗਿਣਦੇ ਹਨ, ਜਿਹੜੇ ਆਪਣੇ ਕਬੀਲੇ ਨਾਲ ਆਪਣੀਆਂ ਲੋੜਾਂ-ਥੋੜਾਂ ਤਹਿਤ ਮੱਧ ਏਸ਼ੀਆ ਤੋਂ ਸਿੰਧ-ਰਾਜਸਥਾਨ ਹੁੰਦੇ ਹੋਏ ਮਾਲਵੇ ਵਿਚ ਆ ਟਿਕੇ ਸਨ। ਇਤਿਹਾਸਕਾਰ ਸਰ ਡੇਂਜਲਸ ਇਬਟਸਨ ਅਟਵਾਲ ਜੱਟਾਂ ਦਾ ਪਿਛੋਕੜ ਇੱਠਵਾਲ ਜਾਂ ਉੱਠਵਾਲ ਘਰਾਣਾ ਦੱਸਦਾ ਹੈ। ਅਟਵਾਲ ਖੁਦ ਨੂੰ ਸੂਰਜਬੰਸੀ ਰਾਜਪੂਤਾਂ ਦੇ ਉਸ ਧੜੇ ਤੋਂ ਉੱਗਮੇ ਹੋਏ ਮੰਨਦੇ ਹਨ, ਜਿਸ ਦੇ ਆਗੂ ਮਹਿਰਾਜ ਨੂੰ ਘੋੜੇ ਦੀ ਬਜਾਏ ਊਠ ਦੀ ਸਵਾਰੀ ਕਰਨ ਕਰਕੇ ਉੱਠਵਾਲ ਤਖੱਲਸ ਮਿਲਿਆ। ਹੌਲੀ-ਹੌਲੀ ਬਦਲਦੀ ਬੋਲ-ਚਾਲ ਅਤੇ ਸ਼ਬਦ ਬਣਤਰ ਤੇ ਸਥਾਨ ਤਬਦੀਲੀ-ਦਰ-ਤਬਦੀਲੀ ਨਾਲ ਇਸ ਕੁਨਬੇ ਦਾ ਨਾਂਅ ਉੱਠਵਾਲ ਤੋਂ ਊਂਟਵਾਲ ਤੇ ਫਿਰ ਵਿਗੜਦਾ-ਸੰਵਰਦਾ ਅਟਵਾਲ ਪਕੇਰਾ ਹੋ ਗਿਆ।

ਸਮੇਂ ਮੁਜ਼ਬ ਅਟਵਾਲ ਜੱਟ ਜਲ ਸੋਮਿਆਂ ਅਤੇ ਚਰਗਾਹਾਂ ਦੀ ਭਾਲ 'ਚ ਦੋਆਬਾ ਵੱਲ ਆਏ ਸਨ। ਪਹਿਲਾਂ ਉਨ੍ਹਾਂ ਨੇ ਸੰਧਵਾਂ-ਫਰਾਲਾ, ਫਗਵਾੜਾ-ਮਾਹਿਲਪੁਰ ਸੜਕ ਵਿਖੇ ਟਿਕਵਾਂ ਵਸੇਬਾ ਕੀਤਾ। ਮਗਰੋਂ ਉਨ੍ਹਾਂ ਦੀ ਇੱਕ ਪੂਰ ਜਲੰਧਰ ਜ਼ਿਲ੍ਹੇ ਦੇ ਚਿੱਟੀ ਪਿੰਡ ਨੂੰ ਧਾਅ ਗਈ। ਦੂਜੀ, ਪਹਿਲਾਂ ਖੁਰਦਪੁਰ ਲਾਗਲੇ ਧੀਰੋਵਾਲ (ਘੀਰੋਵਾਲ) ਕੋਲ ਆ ਬੈਠੀ, ਪਰ ਉਥੇ ਪੈਰ ਨਾ ਟਿਕਣ ਕਾਰਨ ਉਹਨਾਂ ਲੋਕਾਂ ਉਸ ਖਾਲੀ ਥਾਂ ਖੁਰਦਪੁਰ ਆ ਬੰਨ੍ਹਿਆ, ਜਿੱਥੇ ਜਲ-ਸੀਰਾਂ ਆਪ-ਮੁਹਾਰੇ ਫੁੱਟਦੀਆਂ ਸਨ। ਇਸ ਧਿਰ ਦੇ ਆਗੂਆਂ ਦੇ ਨਾਂਅ ਹਰੀਆ ਅਤੇ ਭੰਗਾ ਸਨ। ਭੰਗਾ ਬੇਔਲਾਦ ਫੌਤ ਹੋ ਗਿਆ। ਹਰੀਏ ਦੀ ਅਗਲੀ ਪੀੜ੍ਹੀ ਵਿੱਚੋਂ ਹੋਏ ਸੱਤ ਪੁੱਤਰਾਂ ਦੇ ਨਾਂਅ ਉੱਤੇ ਇਸ ਖੇੜੇ ਦੀਆਂ ਸੱਤ ਪੱਤੀਆਂ ਬਣੀਆਂ। ਸਿੱਖ ਮਿਸਲਾਂ ਵੇਲੇ, ਆਦਮਪੁਰ ਦੇ ਧੜਵੈਲ ਪਠਾਣਾ ਕਾਰਨ ਇੱਥੇ ਇੱਕ ਕੱਚੀ ਗੜ੍ਹੀ ਵੀ ਤਾਮੀਰ ਕਰਵਾਈ ਗਈ ਸੀ, ਜਿਹੜੀ ਇਸ ਪਿੰਡ ਦੀ ਉਸ ਵੇਲੇ ਦੀ ਜੰਗੀ ਮਹੱਤਤਾ ਦੱਸਦੀ ਹੈ। ਮਗਰੋਂ; ਇਸੇ ਜੁਝਾਰ ਬਿਰਤੀ ਨੇ ਜੰਗਿ-ਏ-ਆਜ਼ਾਦੀ ਅਤੇ ਹੋਰ ਲਹਿਰਾਂ ਵਿੱਚ ਸਿਰਲੱਥ ਯੋਧਿਆਂ ਨੂੰ ਜਨਮ ਦਿੱਤਾ। ਕੁੱਝ ਇੱਕ ਦਾ ਜ਼ਿਕਰ ਕਰਨ ਦੀ ਤੁਸੀਂ ਮੈਨੂੰ ਆਗਿਆ ਦਿਓ :

1. ਕਾਮਾ ਗਾਟਾਮਾਰੂ ਕਾਂਡ: ਬਿਧੀ ਸਿੰਘ, ਊਧਮ ਸਿੰਘ, ਮੇਲਾ ਸਿੰਘ ਅਤੇ ਸਰੂਪ ਸਿੰਘ। 2. ਗ਼ਦਰ ਪਾਰਟੀ: ਸ਼ਹੀਦ ਬਲਵੰਤ ਸਿੰਘ, ਸ਼ਹੀਦ ਰੰਗਾ ਸਿੰਘ ਅਤੇ ਗ਼ਦਰੀ ਲਛਮਣ ਸਿੰਘ। 3. ਗੁਰਦਵਾਰਾ ਸੁਧਾਰ ਲਹਿਰ: ਭਾਈ ਸੰਤਾ ਸਿੰਘ, ਹਜ਼ਾਰਾ ਸਿੰਘ, ਹਰੀ ਸਿੰਘ, ਬੋਘ ਸਿੰਘ, ਲਾਲ ਸਿੰਘ, ਪਿਰਥੀ ਸਿੰਘ, ਬਾਵਾ ਸਿੰਘ, ਮੋਹਣ ਸਿੰਘ ਅਤੇ ਜਥੇਦਾਰ ਲਛਮਣ ਸਿੰਘ ਤੇ ਪ੍ਰਤਾਪ ਸਿੰਘ, ਭਾਈ ਵਰਿਆਮ ਸਿੰਘ, ਕਰਤਾਰ ਸਿੰਘ, ਦਲੀਪ ਸਿੰਘ, ਪ੍ਰੀਤਮ ਸਿੰਘ, ਖੜਕ ਸਿੰਘ, ਠਾਕੁਰ ਸਿੰਘ, ਅੱਛਰ ਸਿੰਘ, ਦਰਸ਼ਨ ਸਿੰਘ, ਹਜ਼ਾਰਾ ਸਿੰਘ ਅਤੇ ਬੋਧ ਸਿੰਘ। 4. ਬਾਰਾਂ ਪੱਥਰ: ਫੌਜਦਾਰ ਪਿਸ਼ੋਰਾ ਸਿੰਘ। 5. ਬੱਬਰ ਅਕਾਲੀ ਲਹਿਰ: ਬੱਬਰ ਜੋਗਿੰਦਰ ਸਿੰਘ, ਊਧਮ ਸਿੰਘ ਅਤੇ ਅੱਛਰ ਸਿੰਘ। 6. ਆਜ਼ਾਦ ਹਿੰਦ ਫੌਜ: ਸ਼ਹੀਦ ਜਗਤ ਸਿੰਘ, ਗੁਰਚਰਨ ਸਿੰਘ, ਊਧੋ ਸਿੰਘ, ਹਰਦਿਆਲ ਸਿੰਘ ਅਤੇ ਲ਼ਛਮਣ। 7. ਕਮਿਊਨਿਸਟ ਇਨਕਲਾਬੀ: ਕਾ. ਚੰਨਣ ਸਿੰਘ ਅਤੇ ਊਧਮ ਸਿੰਘ। ਇਹਨਾਂ ਸੂਰਮਿਆਂ ਨੇ ਸੁਤੰਤਰਤਾ ਸੰਗਰਾਮ ਵਿਚ ਬੇਹੱਦ ਸੂਹਾ ਹਿੱਸਾ ਪਾਇਆ ਸੀ। ਉਪਰੋਕਤ ਤੋਂ ਬਿਨਾਂ ਇਸ ਨਗਰ ਦੇ 5 ਸਪੂਤ ਪੰਜਾਬੀ ਸੂਬਾ ਮੋਰਚਾ ਵਿਚ ਅਤੇ ਦੋ ਐਮਰਜੰਸੀ ਵੇਲੇ ਜੇਲ੍ਹ ਗਏ। ਇਹੀ ਨਹੀਂ, ਇਸ ਦੇ ਦਰਜਨ ਭਰ ਹੋਰ ਨਾਇਕਾਂ ਨੇ ਲੋਕਾਂ ਅਤੇ ਆਹਲਾ ਵਤਨ ਹਿੱਤ, ਸਮੇਂ-ਸਮੇਂ ਸੰਗਰਾਮੀ ਫਰਜ਼ ਨਿਭਾਇਆ। ਖੁਰਦਪੁਰ ਦੇ ਇਹਨਾਂ ਸਾਰੇ ਜਾਇਆਂ ਕਾਰਨ ਇਸ ਪਿੰਡ ਨੂੰ 52 ਕੌਮੀ ਪਰਵਾਨਿਆਂ ਦਾ ਗਰਾਂ ਕਿਹਾ ਜਾਂਦਾ ਹੈ।

ਇੱਕ ਖਾਸ ਗੱਲ ਹੋਰ: ਗ਼ਦਰੀ ਦੇਸ਼ ਭਗਤਾਂ ਨੇ ਇਸ ਸੋਚ ਅਧੀਨ ਕਿ ਜੇ ਲੋਕ ਖਾਸ ਕਰ ਕੁੜੀਆਂ-ਚਿੜੀਆਂ ਪੜ੍ਹ-ਲਿਖ ਜਾਣਗੀਆਂ ਤਾਂ ਆਜ਼ਾਦੀ ਦੀ ਜੰਗ ਬੇਹੱਦ ਵੇਗ ਫੜੇਗੀ ਅਤੇ ਗੁਲਾਮ ਭਾਰਤ ਦੀ ਜਲਦੀ ਬੰਦ ਖਲਾਸੀ ਹੋਵੇਗੀ, ਇੱਥੇ ਨਿਰੋਲ ਲੜਕੀਆਂ ਦਾ ਸਕੂਲ ਖੋਹਲਿਆ। ਉਦੋਂ ਪੰਜਾਬ ਵਿਚ ਲੜਕੀਆਂ ਦੇ ਚਾਰ ਸਕੂਲ ਖੋਹਲੇ ਗਏ, ਜਿਹਨਾਂ ਨੂੰ ਗ਼ਦਰ ਪਾਰਟੀ ਵੱਲੋਂ ਮੁਕੰਮਲ ਮਾਲੀ ਅਤੇ ਨੈਤਿਕ ਮਦਦ ਆਉਂਦੀ ਸੀ, ਦੋ ਮਾਲਵੇ ਵਿਚ ਅਤੇ ਦੋ ਦੋਆਬੇ ਵਿਚ: ਵੱਡਾ ਨੰਗਲ, ਬਲਾਕ ਮਾਹਿਲਪੁਰ (ਹੁਸ਼ਿਆਰਪੁਰ) ਅਤੇ ਦੂਜਾ ਇਸੇ ਖੁਰਦਪੁਰ (ਜਲੰਧਰ) ਵਿਚ। ਇੱਥੋਂ ਦੇ ਵਾਸ਼ਿੰਦੇ ਪਹਿਲਾਂ ਤੋਂ ਹੀ ਪੜ੍ਹਾਕੂ ਰਹੇ ਹਨ। ਭਲਿਆਂ-ਵੇਲੀ ਗੁਰਮੁਖੀ ਅੱਖਰ ਗਿਆਨ ਨਿਰਮਲਾ ਸਾਧ ਗਿਆਨੀ ਸ਼ਮੀਰ ਸਿੰਘ ਦਿੰਦਾ ਸੀ ਅਤੇ ਉਰਦੂ-ਫਾਰਸੀ ਦੇ ਅੱਖਰ ਉਠਾਲਣੇ ਮੌ.ਬਰਕਤ ਉੱਲਾ ਦੱਸਦਾ ਸੀ, ਜਿਹਨਾਂ ਬਦੌਲਤ ਕੁੱਝ ਸਰਕਾਰੀ ਕਾਮੇ ਬਣੇ ਅਤੇ ਕੁੱਝ ਇੱਕ ਵਿਦੇਸ਼ੀਂ ਉਡਾਰੀ ਮਾਰ ਗਏ। ਗ਼ਦਰੀਆਂ ਦਾ ਸਕੂਲ ਪਹਿਲਾਂ ਭਾਈ ਵਰਿਆਮ ਦੇ ਘਰ ਸ਼ੁਰੂ ਕੀਤਾ ਗਿਆ ਸੀ। ਮਗਰੋਂ ਬੱਬਰ ਲਹਿਰ ਵਾਲੇ ਠਾਕੁਰ ਸਿੰਘ ਭੋਜੋਵਾਲ, ਜਿਹੜਾ ਕਿ ਬੱਬਰਾਂ ਦੇ ਥਿੰਕ-ਟੈਂਕ ਮਾਸਟਰ ਮੋਤਾ ਸਿੰਘ ਪਤਾਰਾ ਦਾ ਨਜ਼ਦੀਕੀ ਸੀ, ਨੇ ਇਥੇ ਨਹਿਰ ਨਾਲ ਜੁੜਵੀਂ, ਮੁੱਖ ਸੜਕ ਉੱਤੇ ਵਾਕਿਆ ਅਲਾਟ ਹੋਈ ਆਪਣੀ ਬੇਹੱਦ ਕੀਮਤੀ ਜ਼ਮੀਨ ਦੇਸ਼ ਭਗਤਾਂ ਦੇ ਨਾਂਅ ਸਕੂਲ ਖੋਹਲਣ ਹਿੱਤ ਦੇ ਦਿੱਤੀ, ਜਿੱਥੇ ਅੱਜ ਦਾ ਗ਼ਦਰੀ ਸ਼ਹੀਦ ਰੰਗਾ ਸਿੰਘ-ਬਲਵੰਤ ਸਿੰਘ ਯਾਦਗਾਰੀ ਵੱਡਾ ਸਕੂਲ ਹੈ।

ਸ਼ਾਇਦ ਬਹੁਤਿਆਂ ਨੂੰ ਨਹੀਂ ਪਤਾ ਕਿ ਸਭ ਤੋਂ ਪਹਿਲਾਂ ਇੱਥੋਂ ਦੀ ਹੀ ਇੱਕ ਬਹੂ ਬੀਬੀ ਕਰਤਾਰ ਕੌਰ ਪਤਨੀ ਭਾਈ ਬਲਵੰਤ ਸਿੰਘ ਆਪਣੀਆਂ ਦੋ ਨਿੱਕੜੀਆਂ ਧੀਆਂ ਊਧਮ ਕੌਰ ਅਤੇ ਨਿਰੰਜਣ ਕੌਰ ਨਾਲ ਅਤਿ ਜੋਖ਼ਮ ਹਾਲਤਾਂ ਵਿੱਚ ਵੈਨਕੂਵਰ ਪੁੱਜੀਆਂ ਸਨ, ਉਹਨੀਂ ਵੇਲੀਂ, ਜਦ ਹਿੰਦੀਆਂ ਨੂੰ ਆਪਣੇ ਟੱਬਰ ਕੈਨੇਡਾ ਲਿਜਾਣ ਦੀ ਖੁੱਲ੍ਹ ਨਹੀਂ ਸੀ।

*ਮੋਬਾ. 94634-39075*

## ਸਫ਼ਾ 1 ਦੀ ਬਾਕੀ — ਪ੍ਰੋਫੈਸਰ ਸਾਈਬਾਬਾ ਦੀ ਰਿਹਾਈ...

ਪੂਰਬ-ਉੱਤਰੀ ਦਿੱਲੀ ਹਿੰਸਾ ਕੇਸਾਂ 'ਚ ਜੇਲ੍ਹਾਂ 'ਚ ਸਾੜੇ ਜਾ ਰਹੇ ਬੁੱਧੀਜੀਵੀ/ਕਾਰਕੁਨ ਵੀ ਇਕ ਦਿਨ ਬਰੀ ਜ਼ਰੂਰ ਹੋਣਗੇ। ਇਹ ਗੱਲ ਵੱਖਰੀ ਹੈ ਕਿ ਯੂਏਪੀਏ ਵਰਗੇ ਕਾਨੂੰਨਾਂ ਤਹਿਤ ਬਿਨਾਂ ਮੁਕੱਦਮਾ ਚਲਾਏ, ਬਿਨਾਂ ਜ਼ਮਾਨਤ ਦਿੱਤੇ ਕਈ-ਕਈ ਸਾਲ ਦੀ ਜੇਲ੍ਹਬੰਦੀ ਆਪਣੇ ਆਪ 'ਚ ਹੀ ਬਹੁਤ ਸੰਤਾਪ ਦੇਣ ਵਾਲੀ ਸਜ਼ਾ ਹੈ। ਐਸੀਆਂ ਸਜ਼ਾਵਾਂ ਦਾ ਮੂਲ ਮਨੋਰਥ ਹੀ ਆਲੋਚਕ ਆਵਾਜ਼ਾਂ ਅਤੇ ਅਵਾਮ ਦੀਆਂ ਜਮਹੂਰੀ ਰੀਝਾਂ ਨੂੰ ਕੁਚਲਣਾ ਹੈ। ਇਹ ਵੀ ਤੈਅ ਹੈ ਕਿ ਹਕੂਮਤ ਦੀ ਫਾਸ਼ੀਵਾਦੀ ਜ਼ਿਹਨੀਅਤ ਸਾਜ਼ਿਸ਼ਾਂ ਤੋਂ ਬਾਜ ਆਉਣ ਵਾਲੀ ਨਹੀਂ ਹੈ। ਹਕੂਮਤ ਨੇ ਅਜੇ ਹਾਈਕੋਰਟ ਦਾ ਫ਼ੈਸਲਾ ਸਵੀਕਾਰ ਨਹੀਂ ਕੀਤਾ। ਸਾਈਬਾਬਾ ਅਤੇ ਹੋਰਾਂ ਨੂੰ ਕਿਸੇ ਹੋਰ ਕੇਸ 'ਚ ਫਸਾ ਕੇ ਮੁੜ ਜੇਲ੍ਹਾਂ 'ਚ ਸੁੱਟਣ ਦੀ ਸੰਭਾਵਨਾ ਨੂੰ ਵੀ ਰੱਦ ਨਹੀਂ ਕੀਤਾ ਜਾ ਸਕਦਾ। ਅਰੁਣ ਫ਼ਰੇਰਾ, ਵਰਨੋਨ ਗੋਂਜ਼ਾਲਵੇਜ਼ ਅਤੇ ਪ੍ਰਸ਼ਾਂਤ ਰਾਹੀ ਨੂੰ ਪਹਿਲੇ ਕੇਸਾਂ 'ਚ ਸਾਫ਼ ਬਰੀ ਹੋ ਜਾਣ ਤੋਂ ਬਾਦ ਨਵੇਂ ਕੇਸਾਂ 'ਚ ਫਸਾਉਣ ਦੀਆਂ ਮਿਸਾਲਾਂ ਪਹਿਲਾਂ ਹੀ ਸਾਡੇ ਸਾਹਮਣੇ ਹਨ। ਪਿਛਲੇ ਦਿਨੀਂ ਪਬਲਿਕ ਸੇਫ਼ਟੀ ਐਕਟ ਤਹਿਤ ਸਾਢੇ ਪੰਜ ਸਾਲ ਜੇਲ੍ਹ 'ਚ ਸਾੜੇ ਜਾਣ ਤੋਂ ਬਾਅਦ ਰਿਹਾ ਹੋਏ ਕਸ਼ਮੀਰੀ ਪੱਤਰਕਾਰ ਆਸਿਫ਼ ਸੁਲਤਾਨ ਨੂੰ ਰਿਹਾਈ ਤੋਂ ਦੋ ਦਿਨ ਬਾਅਦ ਹੀ ਨਵੇਂ ਕੇਸ 'ਚ ਜੰਮੂ-ਕਸ਼ਮੀਰ ਪੁਲਿਸ ਨੇ ਮੁੜ ਗ੍ਰਿਫ਼ਤਾਰ ਕਰ ਲਿਆ ਅਤੇ ਜੇਲ੍ਹ ਭੇਜ ਦਿੱਤਾ ਹੈ। ਅਜੇ ਪਤਾ ਨਹੀਂ ਉਸ ਨੂੰ ਕਿੰਨਾ ਸਮਾਂ ਹੋਰ ਜੇਲ੍ਹ 'ਚ ਸੜਨਾ ਪਵੇਗਾ।

ਲਿਹਾਜ਼ਾ, ਇਹ ਰਿਹਾਈ ਫਾਸ਼ੀਵਾਦੀ ਹਕੂਮਤ ਤੋਂ ਜਮਹੂਰੀ ਤੇ ਮਨੁੱਖੀ ਹੱਕਾਂ ਦੀ ਰਾਖੀ ਦੀ ਲੰਮੀ ਲੜਾਈ 'ਚ ਇਕ ਮਹੱਤਵਪੂਰਨ ਹੌਸਲਾ ਵਧਾਊ ਜਿੱਤ ਹੈ। ਹੁਕਮਰਾਨ ਧਿਰ ਦੇ ਫਾਸ਼ੀਵਾਦੀ ਮਨਸ਼ਿਆਂ ਨੂੰ ਦੇਖਦਿਆਂ ਇਹ ਲੜਾਈ ਹੋਰ ਵੀ ਜ਼ੋਖ਼ਮ ਭਰੀ ਅਤੇ ਹੋਰ ਵੀ ਸਖ਼ਤ ਹੋਣ ਦੇ ਆਸਾਰ ਹਨ।

**ਕੈਦੀਆਂ ਦੇ ਹੱਕਾਂ ਦੇ ਘਾਣ ਦਾ ਦੋਸ਼ੀ ਭਾਰਤੀ ਰਾਜ**

ਅਪਾਹਜ ਵਿਅਕਤੀਆਂ ਦੇ ਹੱਕਾਂ ਉੱਪਰ ਸੰਯੁਕਤ ਰਾਸ਼ਟਰ ਕਨਵੈਨਸ਼ਨ ਦਾ ਹਸਤਾਖ਼ਰੀ ਹੋਣ ਤੋਂ ਇਲਾਵਾ ਭਾਰਤ, ਨਾਗਰਿਕ ਅਤੇ ਰਾਜਨੀਤਕ ਹੱਕਾਂ ਬਾਬਤ ਅੰਤਰਰਾਸ਼ਟਰੀ ਸਮਝੌਤੇ ਵਿਚ ਸ਼ਾਮਲ ਸਟੇਟ ਵੀ ਹੈ ਅਤੇ ਇਸ ਨੇ ਤਸੀਹਿਆਂ ਵਿਰੁੱਧ ਯੂ.ਐੱਨ ਕਨਵੈਨਸ਼ਨ ਉੱਪਰ ਵੀ ਸਹੀ ਪਾਈ ਹੋਈ ਹੈ। ਕੈਦੀਆਂ ਦੇ ਇਲਾਜ ਦੇ ਲਈ ਯੂ.ਐੱਨ. ਦੇ ਸਟੈਂਡਰਡ ਘੱਟੋਘੱਟ ਨਿਯਮਾਂ, ਜਿਨ੍ਹਾਂ ਨੂੰ ਨੈਲਸ਼ਨ ਮੰਡੇਲਾ ਨਿਯਮ ਕਿਹਾ ਜਾਂਦਾ ਹੈ, ਅਨੁਸਾਰ ਕੈਦੀਆਂ ਦੀ ਸਿਹਤ ਦੀ ਦੇਖਭਾਲ ਕਰਨਾ ਸਟੇਟ ਦੀ ਜ਼ਿੰਮੇਵਾਰੀ ਹੈ। ਜੇਲ੍ਹਾਂ ਵਿਚ ਆਏ ਦਿਨ ਕੈਦੀਆਂ ਦੀਆਂ ਮੌਤਾਂ, ਸਟੈਨ ਸਵਾਮੀ, ਪਾਂਡੂ ਨਰੋਤੇ ਵਰਗੇ ਕੈਦੀਆਂ ਦੇ ਜੇਲ੍ਹਬੰਦੀ ਦੌਰਾਨ ਸੰਸਥਾਗਤ ਕਤਲ, ਅਤੇ ਇਸੇ ਬਾਬਤ ਸਾਈਬਾਬਾ ਦਾ ਇਹ ਕਹਿਣਾ ਕਿ 'ਇਹ ਮਹਿਜ਼ ਇਤਫ਼ਾਕ ਹੈ ਕਿ ਮੈਂ ਜੇਲ੍ਹ ਵਿੱਚੋਂ ਜਿਉਂਦਾ ਬਾਹਰ ਆ ਗਿਆ ਹਾਂ' ਦਰਸਾਉਂਦਾ ਹੈ ਕਿ ਭਾਰਤੀ ਰਾਜ ਲਈ ਇਹ ਅੰਤਰਰਾਸ਼ਟਰੀ ਸਮਝੌਤੇ ਮਹਿਜ਼ ਆਪਣੇ ਖ਼ੂਨੀ ਚਿਹਰੇ ਨੂੰ ਲੁਕੋਣ ਵਾਲੇ ਮਖੌਟੇ ਹਨ।

## ਸਫ਼ਾ 3 ਦੀ ਬਾਕੀ — ਸਮਾਜਿਕ ਸਰੋਕਾਰਾਂ ਦੀ ਤਰਜਮਾਨੀ...

ਆਪਣੇ ਲਈ ਚਾਹੁੰਦੀ ਹੈ, ਉਸ ਆਜ਼ਾਦੀ ਦੀ ਹੱਕਦਾਰ ਉਹ ਮਾਂ ਨੂੰ ਨਹੀਂ ਬਣਨ ਦੇਣਾ ਚਾਹੁੰਦੀ। ਉਹ ਇਸ ਗੱਲ ਨੂੰ ਸਹਿਣ ਨਹੀਂ ਕਰ ਪਾਉਂਦੀ ਕਿ ਉਸ ਦੀ ਮਾਂ ਕਿਸੇ ਹੋਰ ਨਾਲ ਦੋਸਤੀ ਵੀ ਕਰੇ ਤੇ ਕਿਸੇ ਦੀ ਸਲਾਹ ਉਤੇ ਚੱਲੇ।

ਗੱਲ ਸਿਰਫ਼ ਐਨੀ ਨਹੀਂ ਹੈ, ਇਸ ਪਿੱਛੇ ਉਹ ਪੂਰੀ ਜੀਵਨ-ਜਾਚ ਕੰਮ ਕਰ ਰਹੀ ਹੈ, ਜਿਸ ਵਿੱਚ ਅੱਜ ਦੀ ਨੌਜਵਾਨ ਪੀੜ੍ਹੀ ਰਹਿ ਰਹੀ ਹੈ। ਇਕੱਲੇ-ਕਾਰੇ ਘਰਾਂ ਵਿੱਚ ਰਹਿੰਦੀ ਇਕਲੌਤੀ ਔਲਾਦ, ਮਾਂ-ਬਾਪ ਲਾਡ-ਪਿਆਰ ਤੇ ਸੰਪੰਨ ਹੋਣ ਵਜੋਂ ਦੁਨੀਆ ਦੀ ਹਰ ਚੀਜ਼ ਆਪਣੀ ਕੱਲੀ-ਕਾਰੀ ਔਲਾਦ ਅੱਗੇ ਢੇਰ ਕਰ ਦੇਂਦੇ ਹਨ। ਵਧੀਆ ਪੜ੍ਹਾਈ, ਹੁਨਰੀ ਕੌਸ਼ਲ, ਆਧੁਨਿਕ ਤੇ ਸੰਪੰਨ ਜੀਵਨ ਨੇ ਨੌਜਵਾਨਾਂ ਅੰਦਰ ਸੰਘਰਸ਼ ਤੇ ਸਮਝੌਤੇ ਕਰਨ ਦਾ ਮਾਦਾ ਹੀ ਨਹੀਂ ਰਹਿਣ ਦਿੱਤਾ। ਜਿੱਥੇ ਉਹ ਜੀਵਨ ਵਿੱਚ ਅਸਫਲਤਾ ਦੇਖਦੇ ਹਨ, ਉਸ ਨਾਲ ਮੱਥਾ ਮਾਰਨ, ਹੌਸਲਾ ਰੱਖਣ ਦੀ ਬਜਾਏ, ਡਿਪਰੈਸ਼ਨ ਦਾ ਸ਼ਿਕਾਰ ਹੋ ਜਾਂਦੇ ਹਨ ਜਾਂ ਕਿਸੇ ਚੰਗੇ ਸੰਸਥਾਨ ਵਿੱਚ ਸੀਟ ਨਾ ਮਿਲਣ ਕਾਰਨ ਖ਼ੁਦਕੁਸ਼ੀ ਦੀ ਰਾਹ ਉਤੇ ਪੈ ਜਾਂਦੇ ਹਨ। ਅਜਿਹੀ ਪੀੜ੍ਹੀ ਕੋਲ ਭਾਵੁਕਤਾ ਤੇ ਸੰਵੇਦਨਾ ਦੀ ਘਾਟ ਹੁੰਦੀ ਜਾਂਦੀ ਹੈ। ਉਨ੍ਹਾਂ ਦਾ ਫੋਕਸ ਨਿੱਜ ਵੱਲ ਜ਼ਿਆਦਾ ਹੈ। ਇਸ ਕਾਰਨ ਗੁੱਸੇਖ਼ੋਰ, ਜ਼ਿੱਦੀ ਤੇ ਬਦਤਮੀਜ਼ ਹੋਣਾ ਨੌਜਵਾਨਾਂ ਦੇ ਸੁਭਾਅ ਵਿੱਚ ਆਮ ਦੇਖਿਆ ਜਾ ਸਕਦਾ ਹੈ। 'ਟੈਬੂ' ਕਹਾਣੀ ਸਿਰਫ਼ ਮਾਂ-ਧੀ ਦੀ ਕਹਾਣੀ ਨਹੀਂ, ਇਹ ਦੋ ਪੀੜ੍ਹੀਆਂ ਦੀ ਵੀ ਕਹਾਣੀ ਹੈ। ਮਾਂ ਉਸ ਪੀੜ੍ਹੀ ਵਿੱਚੋਂ ਹੈ, ਜਿਸ ਨੇ ਜੀਵਨ ਵਿੱਚ ਸਮਝੌਤੇ ਕਰਨਾ ਸਿੱਖਿਆ ਹੈ, ਸਬਰ ਕਰਨਾ ਤੇ ਹਰ ਸਥਿਤੀ ਦੇ ਅਨੁਕੂਲ ਹੋਣਾ ਸਿੱਖਿਆ, ਕਿਉਂਕਿ ਪੰਜਾਹ-ਸੱਠ ਸਾਲ ਪਹਿਲੇ ਦੀ ਜੀਵਨ-ਜਾਚ ਤੇ ਪਰਵਰਿਸ਼ ਵਿੱਚ ਬਹੁਤ ਅੰਤਰ ਸੀ। ਹੁਣ ਦੀ ਨੌਜਵਾਨ ਪੀੜ੍ਹੀ ਨੂੰ ਉਨ੍ਹਾਂ ਪ੍ਰਸਥਿਤੀਆਂ ਵਿੱਚੋਂ ਨਹੀਂ ਲੰਘਣਾ ਪਿਆ।

ਉਹ ਮੋਬਾਇਲ ਤੇ ਸੋਸ਼ਲ ਮੀਡੀਆ ਦੇ ਦੌਰ ਦੀ ਪੈਦਾਇਸ਼ ਹੈ, ਜਿੱਥੇ ਕੋਈ ਵੀ ਪਰਦਾ ਨਹੀਂ। ਹਰ ਸ਼ੈਅ, ਚੀਜ਼ ਤੇ ਰਿਸ਼ਤਾ ਉਦੋਂ ਤੱਕ ਸਾਰਥਕ ਹੈ, ਜਦੋਂ ਤੱਕ ਵਰਤਣਯੋਗ ਹੈ। ਜ਼ਿੰਮੇਵਾਰੀ ਤੋਂ ਬਚਣ ਪਿੱਛੇ ਲਿਵ-ਇਨ ਨੂੰ ਸਪੋਰਟ ਕਰਨਾ, ਆਪਣੀ ਤਕਲੀਫ਼ ਨੂੰ ਸਭ ਤੋਂ ਮੂਹਰੇ ਰੱਖਣਾ...ਅੱਜ ਇਹ ਕੁਝ ਗੱਲਾਂ ਪ੍ਰਮੁੱਖ ਹਨ। ਇਸ ਕਹਾਣੀ ਨੂੰ ਦੋ ਜੀਵਨ-ਜਾਚਾਂ ਵਜੋਂ ਦੇਖਿਆ ਜਾਣਾ ਚਾਹੀਦਾ ਹੈ, ਨਾ ਕਿ ਸਮਕਾਲੀ ਤੌਰ 'ਤੇ।

ਮੈਂ ਹਮੇਸ਼ਾ ਪੰਜਾਬੀ ਕਹਾਣੀ ਨੂੰ ਸਮੇਂ ਦੇ ਹਾਣ ਦਾ ਕਿਹਾ ਹੈ, ਕਿਉਂਕਿ ਇਸ ਦੇ ਵਿਸ਼ੇ ਸਾਡੇ ਸਮਿਆਂ ਦਾ ਸੱਚ ਦੱਸਦੇ ਹਨ। ਜਿਸ ਤਰ੍ਹਾਂ ਔਰਤਾਂ ਤੇ ਮੁਟਿਆਰਾਂ ਨਵੇਂ ਦਿਸਹੱਦਿਆਂ ਵੱਲ ਉਡਾਰੀ ਮਾਰ ਰਹੀਆਂ ਹਨ, ਉਥੇ ਉਹ ਆਪਣੇ-ਆਪ ਨੂੰ ਪ੍ਰਗਟ ਕਰਨ ਵਿੱਚ ਵੀ ਸੰਕੋਚ ਨਹੀਂ ਕਰਦੀਆਂ। ਸੁਰਿੰਦਰ ਦੀਆਂ ਬਹੁਤ ਸਾਰੀਆਂ ਕਹਾਣੀਆਂ ਵਿੱਚੋਂ 'ਨਾਰੀ ਸਰੋਕਾਰਾਂ' ਨਾਲ ਜੁੜੇ ਮੁੱਦਿਆਂ ਨੂੰ ਪਛਾਣਿਆ ਜਾ ਸਕਦਾ ਹੈ। ਇਸ ਵਿੱਚ ਹਰ ਵਰਗ ਤੇ ਸੋਚ ਵਾਲੀ ਔਰਤ ਆਪਣੀਆਂ ਅਨੇਕ ਪਰਤਾਂ ਨਾਲ ਹਾਜ਼ਰ ਦਿਸਦੀ ਹੈ। 'ਆਈਸ ਬਰਗ' ਕਹਾਣੀ ਦੀ ਸਨੇਹਲਤਾ ਇਕ ਵੱਡੇ ਸਰਕਾਰੀ ਵਿਭਾਗ ਦੀ ਡਾਇਰੈਕਟਰ ਹੈ। ਉਸ ਦਾ ਰੁੱਖਾ ਸੁਭਾਅ, ਉਸ ਦੀ ਅਫ਼ਸਰੀ ਕਾਰਨ ਹੋਣਾ ਸੁਭਾਵਕ ਹੈ, ਪਰ ਉਹ ਆਪਣੀ ਇਕ ਸਹੇਲੀ ਅੱਗੇ ਇਹ ਦੱਸਣ ਤੋਂ ਗੁਰੇਜ਼ ਨਹੀਂ ਕਰਦੀ ਕਿ ਉਸ ਦਾ ਆਪਣੇ ਪਤੀ ਨਾਲ ਸੰਬੰਧ ਹਮੇਸ਼ਾ 'ਦੋ ਮਿੰਟ' ਵਾਲਾ ਰਿਹਾ। ਜਦੋਂ ਉਸ ਨੇ ਅੱਗੇ ਵਧ ਕੇ ਆਪਣੀ ਭਾਵਨਾ ਨੂੰ ਪਤੀ ਅੱਗੇ ਪ੍ਰਗਟ ਕੀਤਾ ਤੇ ਉਸ ਨੇ ਝੱਟ ਉਸ ਨੂੰ ਬੇਸ਼ਰਮ ਕਹਿ ਕੇ ਲਿਤਾੜ ਦਿੱਤਾ ਤੇ ਅੱਗੋਂ ਲਈ ਉਸ ਨੂੰ ਸ਼ੱਕ ਦੀ ਨਿਗਾਹ ਨਾਲ ਦੇਖਣ ਲੱਗਾ। ਪੰਜਾਬੀ ਕਹਾਣੀ ਦੀ ਔਰਤ ਆਪਣੇ ਇਸ ਹੱਕ ਦੀ ਮੰਗ ਵੀ ਕਰਦੀ ਹੈ ਤੇ ਇਸ ਦੀ ਕਮੀ ਨੂੰ ਨਜ਼ਰਅੰਦਾਜ਼ ਨਹੀਂ ਕਰਦੀ। ਇਹ ਇਕ ਕੁਦਰਤੀ ਵਰਤਾਰਾ ਹੈ, ਜਿਸ ਉੱਤੇ ਮਰਦ ਦਾ ਪੂਰਾ ਹੱਕ ਤੇ ਉਸ ਦੀ ਪਤਨੀ, ਔਰਤ ਹੋਣ ਕਾਰਨ ਉਸ ਦੀ ਮੁਥਾਜ਼ ਬਣਦੀ ਹੈ। ਸਨੇਹਲਤਾ ਦਾ ਵਿਭਾਗ ਦੀ ਮੁਖੀ ਹੋਣਾ ਤੇ ਆਪਣੀ ਕੁਦਰਤੀ ਮੰਗ ਬਾਬਤ ਪਤੀ ਨਾਲ ਗੱਲ ਕਰਨਾ, ਫਿਰ ਇਕ ਟੈਬੂ ਤੋੜਨ ਵਾਂਗ ਹੈ, ਪਰ ਪਤੀ ਲਈ ਇਹ ਗੱਲ ਅਸਹਿ ਹੈ ਕਿ ਉਸ ਦੀ ਬੀਵੀ ਕੋਈ ਟੈਬੂ ਤੋੜੇ। ਕਮਾਊ ਬੀਵੀ ਤੇ ਉਸ ਦੀ ਅਫ਼ਸਰੀ ਪਤੀ ਨੂੰ ਸਵੀਕਾਰ ਹੈ, ਪਰ ਔਰਤ ਦਾ ਆਪਣੀ ਤਰਬੀਅਤ ਅਨੁਸਾਰ ਵਿਹਾਰ ਕਰਨਾ ਬੇਸ਼ਰਮੀ ਦੀ ਨਿਸ਼ਾਨੀ...। ਇਹ ਮਰਦ ਜਾਤ ਚਾਹੁੰਦੀ ਹੀ ਨਹੀਂ ਕਿ ਕੋਈ ਔਰਤ ਟੈਬੂ ਤੋੜੇ ਤੇ ਉਸ ਦੇ ਸਨਮੁਖ ਖੜੀ ਹੋਵੇ। ਇਸੇ ਲਈ ਉਸ ਨੂੰ ਤੁਰੰਤ ਬੇਸ਼ਰਮ ਤੇ ਸ਼ੱਕ ਦੇ ਘੇਰੇ ਵਿੱਚ ਲੈ ਆਉਂਦਾ ਗਿਆ। ਸ਼ੁਰੂ ਤੋਂ ਹੀ ਔਰਤ ਤੇ ਸੁੰਦਰਤਾ ਨੂੰ ਇਕ-ਦੂਜੇ ਦੇ ਪੂਰਕ ਮੰਨਿਆ ਗਿਆ। ਇਹੀ ਮੰਨਿਆ ਜਾਂਦਾ ਹੈ ਕਿ ਕੁੜੀਆਂ ਤੇ ਔਰਤਾਂ ਦਾ ਮਨਪਸੰਦ ਕੰਮ ਤੇ ਇੱਛਾ ਸਜਣਾ-ਸੰਵਰਨਾ ਹੈ, ਜਦਕਿ ਇਸ ਗੱਲ ਨੂੰ ਪੂਰੀ ਤਰ੍ਹਾਂ ਨਾਲ ਸੱਚ ਨਹੀਂ ਕਿਹਾ ਜਾ ਸਕਦਾ, ਪਰ ਫਿਰ ਵੀ ਅੱਜ ਦੇ ਸਮੇਂ ਵਿੱਚ ਸੁੰਦਰਤਾ ਮੁਕਾਬਲਿਆਂ ਦੀ ਭਰਮਾਰ ਕਾਰਨ ਆਪਣੀ ਪੜ੍ਹਾਈ ਦੀ ਉਮਰ ਵਿੱਚ ਕੁੜੀਆਂ ਇਸ ਨੂੰ ਆਪਣੇ ਕੈਰੀਅਰ ਵਜੋਂ ਦੇਖਣ ਲੱਗ ਪਈਆਂ ਹਨ, ਕਿਉਂਕਿ ਇਸ ਦਾ ਅੱਗੇ ਦਾ ਰਾਹ ਮਾਡਲਿੰਗ ਤੇ ਫਿਲਮਾਂ ਤੱਕ ਫੈਲਿਆ ਹੋਇਆ ਹੈ। 'ਮਿੱਸ ਸਿਟੀ' ਰਾਹੀਂ ਲੇਖਿਕਾ ਨੇ ਦੋ ਭੈਣਾਂ ਵੱਲੋਂ ਅਪਨਾਏ ਗਏ ਵੱਖ-ਵੱਖ ਰਾਹਾਂ ਰਾਹੀਂ ਇਹ ਦੱਸਣ ਦਾ ਯਤਨ ਕੀਤਾ ਕਿ ਕਿਸੇ ਵੀ ਕੁੜੀ ਲਈ ਸੁੰਦਰਤਾ ਦੇ ਰਾਹ ਨੂੰ ਗਲੈਮਰ ਵਜੋਂ ਅਪਨਾਉਣਾ ਜਿੰਨਾ ਆਸਾਨ ਹੁੰਦਾ ਹੈ, ਉਸ ਨੂੰ ਬਰਕਰਾਰ ਰੱਖਣਾ ਤੇ ਸੰਤੁਲਨ ਬਣਾ ਕੇ ਚੱਲਣਾ ਓਨਾ ਹੀ ਮੁਸ਼ਕਲ ਵੀ ਹੁੰਦਾ ਹੈ, ਕਿਉਂਕਿ ਇੱਥੇ ਸਰੀਰਕ ਸੁੰਦਰਤਾ ਨੂੰ ਪ੍ਰਮੁਖਤਾ ਨਾਲ ਦੇਖਿਆ ਜਾਂਦਾ ਹੈ, ਜਿਸ ਵਿੱਚ ਕੁਦਰਤ ਦਾ ਹੱਥ ਵੀ ਸ਼ਾਮਲ ਹੁੰਦਾ ਹੈ। ਲੰਮੇ ਸਮੇਂ ਤੱਕ ਬਾਹਰੀ ਸੁੰਦਰਤਾ ਤੇ ਸਰੀਰਕ ਬਣਤਰ ਨੂੰ ਬਣਾ ਕੇ ਰੱਖਣਾ ਕਈ ਵਾਰ ਅਸੰਭਵ ਵੀ ਹੁੰਦਾ ਹੈ। ਦੂਜੇ ਪਾਸੇ ਵੱਡੀ ਭੈਣ ਸ੍ਰੇਸ਼ਟਾ ਨੇ ਪੁਲਸ ਵਿੱਚ ਜਾ ਕੇ ਆਪਣੇ-ਆਪ ਨੂੰ ਸਾਬਤ ਕੀਤਾ ਤੇ ਇਮਾਨਦਾਰੀ ਨਾਲ ਆਪਣੇ ਕੰਮ ਨੂੰ ਨਿਭਾਉਂਦੇ ਹੋਏ, ਭੈਣ ਉੱਤੇ ਵੀ ਜੁਰਮਾਨਾ ਲਾਉਣ ਤੋਂ ਗੁਰੇਜ਼ ਨਾ ਕੀਤਾ। ਉਸ ਦੀ ਯੋਗਤਾ ਕਾਰਨ ਉਸ ਨੂੰ ਪੁਲਸ ਵਿਭਾਗ ਵੱਲੋਂ ਐਵਾਰਡ ਦਿੱਤਾ ਜਾਣਾ ਇਸ ਗੱਲ ਦਾ ਪ੍ਰਮਾਣ ਹੈ ਕਿ ਔਰਤਾਂ ਸਖ਼ਤ ਤੋਂ ਸਖ਼ਤ ਕੰਮ ਕਰਨ ਵਿੱਚ ਵੀ ਪਿੱਛੇ ਨਹੀਂ ਹਨ।

ਉਨ੍ਹਾਂ ਨੂੰ ਜਿੱਥੇ ਵੀ ਮੌਕਾ ਮਿਲਿਆ, ਉਨ੍ਹਾਂ ਆਪਣਾ ਆਪ ਮੰਨਵਾਇਆ ਹੈ। ਛੋਟੀ ਭੈਣ ਪ੍ਰੇਰਨਾ ਨੇ ਸੁੰਦਰਤਾ ਮੁਕਾਬਲੇ ਵਿੱਚ 'ਮਿੱਸ ਸਿਟੀ' ਖ਼ਿਤਾਬ ਜਿੱਤਿਆ, ਪਰ ਦ੍ਰਿੜ੍ਹਤਾ ਤੇ ਹਿੰਮਤ ਪੱਖੋਂ ਪਿੱਛੇ ਰਹਿ ਗਈ। ਸੁੰਦਰਤਾ ਕਿਸੇ ਵੀ ਸਮੱਸਿਆ ਦਾ ਨਾ ਹੱਲ ਹੈ ਤੇ ਨਾ ਬਦਲ। ਇਸ ਨੂੰ ਸਲਾਹਿਆ ਜ਼ਰੂਰ ਜਾਣਾ ਚਾਹੀਦਾ ਹੈ, ਇਹ ਕਿਸੇ ਦੀ ਨਿੱਜੀ ਖ਼ੂਬੀ ਹੋ ਸਕਦੀ ਹੈ, ਪਰ ਕਿਸੇ ਹੁਨਰ ਜਾਂ ਕੌਸ਼ਲ ਵਜੋਂ ਵਰਤੇ ਜਾਣ ਦੀ ਬਜਾਏ ਇਸ ਨੂੰ ਹਥਿਆਰ ਵਜੋਂ ਵਧੇਰੇ ਵਰਤਿਆ ਜਾਂਦਾ ਹੈ। ਤੇ ਤੁਹਾਨੂੰ ਸਭ ਨੂੰ ਹੀ ਪਤਾ ਹੈ, ਹਥਿਆਰ ਕਦੇ ਵੀ ਕਿਸੇ ਦਾ ਭਲਾ ਨਹੀਂ ਕਰਦੇ।

ਸਮਾਜ ਵਿੱਚ ਔਰਤ ਦੀ ਹੋਣੀ ਦੋ-ਤਰਫ਼ਾ ਨਜ਼ਰ ਆਉਂਦੀ ਹੈ, ਇਕ ਪਾਸੇ ਵੱਡੀਆਂ ਪੁਲਾਂਘਾਂ ਭਰਦੀ ਤੇ ਦੂਜੇ ਪਾਸੇ ਉਸ ਨੂੰ ਸਮਾਜ ਤੇ ਮਰਦਾਂ ਵੱਲੋਂ ਵਾਰ-ਵਾਰ ਉਸ ਦੇ ਸਰੀਰ ਕਾਰਨ ਹੇਠਾਂ ਸੁੱਟਣ ਤੇ ਮਧੋਲਣ ਦੇ ਯਤਨ ਕੀਤੇ ਜਾਂਦੇ ਹਨ। ਉਨ੍ਹਾਂ ਨੂੰ ਆਪਣੇ ਰਸੂਖ਼, ਪ੍ਰਮੋਸ਼ਨ ਤੇ ਕਿਸੇ ਹੋਰ ਨਿੱਜੀ ਸਵਾਰਥ ਲਈ ਉਨ੍ਹਾਂ ਦੇ ਪਤੀ ਤੇ ਪ੍ਰੇਮੀ ਵੀ ਵਰਤਣ ਤੋਂ ਪਿੱਛੇ ਨਹੀਂ ਰਹਿੰਦੇ। ਇਹ ਦੋਵੇਂ ਪ੍ਰਕਾਰ ਦੀ ਔਰਤ ਅੱਜ ਦੇ ਸਮੇਂ ਦੀ ਹਕੀਕਤ ਹੈ, ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। 'ਆਇਰਨ ਗਲਵਜ਼' 'ਕ੍ਰਾਂਤੀਕਾਰੀ' ਤੇ 'ਭੂਮੀ' ਇਹ ਕਹਾਣੀਆਂ ਸਦੀਆਂ ਤੋਂ ਕੁੜੀਆਂ/ ਔਰਤਾਂ ਨੂੰ ਮਨ ਪਰਚਾਵੇ, ਮਧੋਲਣ ਤੇ ਆਪਣੇ ਫਾਇਦੇ ਲਈ ਇਸਤੇਮਾਲ ਕੀਤੇ ਜਾਣ ਵਾਲੇ ਪੱਖ ਨੂੰ ਦਿਖਾਉਂਦੀਆਂ ਹਨ। ਆਇਰਨ ਗਲਵਜ਼ ਵਿੱਚ ਛੋਟੀ ਉਮਰ ਦੀ ਸੰਗੀਤਾ ਸ਼ਰਮਾ ਦੀ ਮਾਸੂਮੀਅਤ, ਜਵਾਨੀ ਤੇ ਗਾਇਕੀ ਨੂੰ ਕਲਬ ਦਾ ਮਾਲਕ ਪੁਰੀ, ਮੰਤਰੀ ਅਸ਼ਫਾਕ ਤੇ ਜਵਾਨ ਮੁੰਡਾ ਗੁਲਜ਼ਾਰ, ਸਾਰੇ ਆਪਣੇ-ਆਪਣੇ ਢੰਗ ਨਾਲ ਵਰਤਦੇ ਹਨ। ਪੁਰੀ ਉਸ ਨੂੰ ਮੰਤਰੀ ਅਸ਼ਫਾਕ ਅਹਿਮਦ ਸਾਹਮਣੇ ਪੇਸ਼ ਕਰ, ਉਸ ਤੋਂ ਕਲਾਕਾਰਾਂ ਨੂੰ ਵਿਦੇਸ਼ ਲਿਜਾਣ ਵਾਲੇ ਟੂਰ ਲਈ ਸਪਾਂਸਰਸ਼ਿਪ ਚਾਹੁੰਦਾ ਹੈ, ਜਦਕਿ ਮੰਤਰੀ ਦੀ ਨਜ਼ਰ ਉਸ ਕੁੜੀ ਦੀ ਖ਼ੂਬਸੂਰਤੀ ਉਤੇ ਹੈ ਤੇ ਮੰਤਰੀ ਦਾ ਜਵਾਨ ਪੁੱਤਰ ਗੁਲਜ਼ਾਰ ਆਪਣੀ ਜਵਾਨੀ ਦੇ ਜੋਸ਼ ਵਿੱਚ ਪਹਿਲਾਂ ਹੀ ਗੈਸਟ ਹਾਊਸ ਵਿੱਚ ਪਹੁੰਚ ਕੇ ਪਿਉ ਤੋਂ ਪਹਿਲਾਂ ਹੀ ਉਸ ਕਲੀ ਵਰਗੀ ਕੁੜੀ ਨੂੰ ਮਧੋਲ ਸੁੱਟਦਾ ਹੈ। ਜਿਸ ਗੈਸਟ ਹਾਊਸ ਵਿੱਚ ਪੁਰੀ ਨੇ ਅਸ਼ਫਾਕ ਅਹਿਮਦ ਲਈ ਚਲਾਕੀ ਨਾਲ ਉਸ ਕੁੜੀ ਨੂੰ ਉਥੇ ਭੇਜਿਆ ਸੀ।

'ਕ੍ਰਾਂਤੀਕਾਰੀ' ਵਿਚਲਾ ਵਿਸ਼ਨੂੰ ਸ਼ਰਮਾ ਵੀ ਡਾਇਰੈਕਟਰ ਦੀ ਸੀਟ ਹਥਿਆਉਣ ਲਈ ਇਹੀ ਹਥਕੰਡਾ ਅਪਨਾਉਂਦਾ ਹੈ। ਉਸ ਦੀ ਸ਼ਿਕਾਰ ਬਣਦੀ ਹੈ ਜੂਹੀ, ਜੋ ਕਾਲਜ ਦੀ ਪੜ੍ਹਾਈ ਖਤਮ ਕਰਨ ਬਾਅਦ ਵਿਸ਼ਨੂੰ ਸ਼ਰਮਾ ਦੀ ਨਾਟ-ਸੰਸਥਾ ਨਾਲ ਜੁੜੀ ਤੇ ਫਿਰ ਉਸ ਘਾਘ ਦੀਆਂ ਗੱਲਾਂ ਦੇ ਬਹਿਕਾਵੇ ਵਿੱਚ ਆਪਣਾ ਆਪ ਗਵਾ ਬੈਠੀ। ਹਾਲਾਂਕਿ ਉਸ ਨੇ ਹਿੰਮਤ ਦਿਖਾਈ ਤੇ ਨਾਟਕ ਦੀ ਸਟੇਜ ਤੋਂ ਹੀ ਆਪਣੇ ਨਾਲ ਧੋਖੇ ਦਾ ਸੱਚ ਲੋਕਾਂ ਨੂੰ ਦੱਸਦੇ ਹੋਏ ਕਿਹਾ, 'ਬੜੇ ਦਿਨ ਹੋਏ ਇਕ ਮਹਾਨ ਪ੍ਰੇਮ ਦਾ ਅਨੁਭਵ ਕੀਤਾ, ਪਰ ਮੇਰੇ ਖ਼ੁਦਗਰਜ਼ ਪ੍ਰੇਮੀ ਨੇ ਆਪਣੇ ਪੁਰਸ਼ ਦੰਭ ਤੇ ਸੱਤਾ ਦੇ ਅਹੰਕਾਰ ਵਿੱਚ ਮੇਰੇ ਮਾਸੂਮ ਪ੍ਰੇਮ ਦਾ ਕਤਲ ਕਰ ਦਿੱਤਾ। ਮੈਂ ਤੁਹਾਡੇ ਸਾਰਿਆਂ ਤੋਂ ਆਪਣੇ ਪ੍ਰੇਮ ਦੀ ਹੱਤਿਆ ਦਾ ਇਨਸਾਫ਼ ਚਾਹੁੰਦੀ ਹਾਂ, ਜਦਕਿ ਉਹ ਹਤਿਆਰਾ ਮੇਰੇ ਸਾਹਮਣੇ ਖੜਾ ਹੈ।' ਤੇ ਉਹ ਉਂਗਲ ਨਾਲ ਵਿਸ਼ਨੂੰ ਸ਼ਰਮਾ ਵੱਲ ਇਸ਼ਾਰਾ ਕਰਕੇ ਸਵੈ ਦੇ ਕ੍ਰਾਂਤੀਕਾਰੀ ਹੋਣ ਦੀ ਪਛਾਣ ਕਰਾਉਂਦੀ ਹੈ।

ਇਨ੍ਹਾਂ ਦੇ ਨਾਲ ਅਤਿ-ਆਧੁਨਿਕ ਤੇ ਆਪਣੇ ਢੰਗ ਨਾਲ ਜੀਣ ਵਾਲੀਆਂ ਔਰਤਾਂ ਵੀ ਮਰਦਾਂ ਦੀ ਸਵਾਰਥ ਪੂਰਤੀ ਤੇ ਸ਼ੋਸ਼ਣ ਦਾ ਸ਼ਿਕਾਰ ਹੁੰਦੀਆਂ ਹਨ। 'ਭੂਮੀ' ਵਿੱਚ ਆਰਟ ਕ੍ਰਿਟਿਕ ਤੇ ਮਾਡਲ ਸ਼ਾਲਿਨੀ ਮਹਿਤਾ ਨੂੰ ਉਸ ਦੇ ਪ੍ਰੇਮੀ ਐੱਸ.ਆਰ. ਨੇ ਉਸ ਨੂੰ ਆਪਣੇ ਇਕ ਕਲਾਕਾਰ ਮਿੱਤਰ ਸਫ਼ਦਰ ਕੋਲ ਭੇਜ ਦਿੱਤਾ, ਜੋ ਔਰਤ ਦੀ ਅਜਿਹੀ ਪੇਂਟਿੰਗ ਬਣਾਉਣਾ ਚਾਹੁੰਦਾ ਸੀ, ਜੋ ਇਕੋ ਹੀ ਵੇਲੇ ਦੇਵੀ ਤੇ ਕਾਮਿਨੀ ਦਿਸੇ। ਉਹ ਇਹ ਪੇਂਟਿੰਗ ਨਿਊਡ ਬਣਾਉਣਾ ਚਾਹੁੰਦਾ ਸੀ ਤੇ ਐੱਸ.ਆਰ. ਨੇ ਸ਼ਾਲਿਨੀ ਨੂੰ ਇਸ ਕੰਮ ਲਈ ਤਿਆਰ ਕਰ ਲਿਆ। ਇਸ ਤਰ੍ਹਾਂ ਐੱਸ.ਆਰ ਨੇ ਆਪਣੀ ਹੀ ਪ੍ਰੇਮਿਕਾ ਨੂੰ ਵਰਤਿਆ। ਇੰਜ ਹੀ ਉਹ ਆਪਣੀ ਸਰੀਰਕ ਤੇ ਮਾਨਸਿਕ ਥਕਾਵਟ ਉਤਾਰਨ ਲਈ ਆਪਣੀ ਬੀਵੀ ਭੂਮੀ ਨਾਲ ਵੀ ਜ਼ਬਰਦਸਤੀ ਕਰਦਾ ਹੈ, ਜਦਕਿ ਪੀਰੀਅਡਜ਼ ਕਾਰਨ ਉਸ ਦਿਨ ਭੂਮੀ ਦੀ ਤਬੀਅਤ ਬਹੁਤ ਹੀ ਖ਼ਰਾਬ ਸੀ। ਕੰਮ-ਕਾਜੀ ਔਰਤ ਨੂੰ ਵੀ ਆਪਣੇ ਦਫ਼ਤਰਾਂ ਵਿੱਚ ਕਮਤਰੀ ਦਾ ਅਹਿਸਾਸ ਕਰਵਾਇਆ ਜਾਂਦਾ ਹੈ, ਉਨ੍ਹਾਂ ਦੇ ਮਾਤਹਿਤ ਮਰਦ ਵੀ ਉਨ੍ਹਾਂ ਉੱਤੇ ਹਾਵੀ ਹੋਣ ਦੀ ਕੋਸ਼ਿਸ਼ ਕਰਦੇ ਹਨ। ਉਸ ਦੀਆਂ ਬਹੁਤ ਸਾਰੀਆਂ ਕਹਾਣੀਆਂ ਵਿਵਸਥਾ ਤੇ ਨੌਕਰਸ਼ਾਹੀ ਦੇ ਸਰੋਕਾਰਾਂ ਵੱਲ ਵੀ ਇਸ਼ਾਰਾ ਕਰਦੀਆਂ ਹਨ, ਜਿਨ੍ਹਾਂ ਵਿੱਚੋਂ ਭ੍ਰਿਸ਼ਟਾਚਾਰ ਤੇ ਸਵਾਰਥੀ ਤੱਤ ਆਪਣੇ ਫਾਇਦੇ ਲਈ ਚਾਲਾਂ ਚੱਲਦੇ ਤੇ ਨਿਰਦੋਸ਼ ਤੇ ਮਾਸੂਮਾਂ ਨੂੰ ਆਪਣੇ ਹਿੱਤ ਪੱਖੋਂ ਵਰਤਦੇ ਹਨ। 'ਮਿੱਸ ਸਿਟੀ' ਕਹਾਣੀ ਵਿੱਚ ਮਿਸੇਜ਼ ਕਮਲ ਨੂੰ ਸੁਪਰਿੰਟੈਂਡੈਂਟ ਪਦ ਉਤੇ ਆਸੀਨ ਹੋਣ ਦੇ ਬਾਵਜੂਦ ਆਪਣੇ ਮਾਤਹਿਤ ਮਰਦਾਂ ਦੀ ਬਚਕਾਨੀ ਹੇਠੀ ਦਾ ਸਾਹਮਣਾ ਕਰਨਾ ਪੈਂਦਾ, ਪਰ ਉਸ ਨੂੰ ਸਟਾਫ ਯੂਨੀਅਨ ਦੇ ਬੰਦਿਆਂ ਸਾਹਮਣੇ ਦ੍ਰਿੜ੍ਹਤਾ ਦਿਖਾਉਂਦੇ ਹੋਏ ਇਸ ਸਮੱਸਿਆ ਦਾ ਹੱਲ ਕੱਢਣਾ ਪਿਆ।

'ਸ਼ਰੀਫ ਆਦਮੀ' ਵਿੱਚ ਦਫ਼ਤਰ ਦੇ ਕਮਰੇ ਇਕੱਲੀ ਔਰਤ ਦੀ ਬੈਠਣ ਦੀ ਸੀਟ ਹੋਣ ਕਾਰਨ ਉਸ ਨੂੰ ਆਪਣੇ ਸਹਿਕਰਮੀਆਂ ਤੇ ਕਲਾਇੰਟਾਂ ਦੀ ਬੇਹੂਦਗੀ ਨੂੰ ਝੱਲਣਾ ਪੈਂਦਾ। ਜਦੋਂ ਦਫ਼ਤਰੀ ਤੌਰ 'ਤੇ ਸ਼ਿਕਾਇਤ ਕਰਨ 'ਤੇ ਵੀ ਕੋਈ ਸੁਣਵਾਈ ਨਾ ਹੋਈ ਤਾਂ ਉਸ ਨੇ ਹਿੰਮਤ ਕਰਕੇ ਆਪ ਹੀ ਆਪਣੀ ਸੀਟ ਵੱਡੇ ਬਾਬੂ ਦੇ ਕਮਰੇ ਵਿੱਚ ਰਖਵਾ ਲਈ। ਇਹ ਗੱਲ ਵੱਖਰੀ ਹੈ ਕਿ ਜਿਸ ਨੂੰ ਉਹ 'ਸ਼ਰੀਫ' ਸਮਝ ਕੇ ਆਈ ਸੀ, ਉਸ ਨੂੰ ਇਸ ਗੱਲ ਦਾ ਬੁਰਾ ਲੱਗਾ ਕਿ ਉਸ ਨੂੰ 'ਮਰਦ' ਕਿਉਂ ਨਹੀਂ ਸਮਝਿਆ ਗਿਆ। 'ਦਾਇਰੇ' ਵਿਚਲੀ ਮਾਂ ਨੂੰ ਘਰ-ਘਰ ਕੰਮ ਕਰਦੇ, ਆਪਣੇ ਤਿੰਨ ਬੱਚਿਆਂ ਦੀ ਇਕੱਲੇ ਪਰਵਰਿਸ਼ ਕਰਦੇ ਹੋਏ ਲੋਕਾਂ ਦੇ ਤਾਹਨਿਆਂ ਤੇ ਕਦੇ-ਕਦੇ ਆਉਣ ਵਾਲੇ ਪਤੀ ਦੀ ਜ਼ਬਰਦਸਤੀ ਨੂੰ ਝੱਲਣ ਲਈ ਮਜਬੂਰ ਹੋਣਾ ਪੈਂਦਾ ਹੈ। ਆਇਰਨ ਗਲਵਜ਼ ਵਿੱਚ ਇਕ ਮਾਸੂਮ ਤੇ ਜਵਾਨ ਕੁੜੀ ਅਧਨੰਗੀ ਤੇ ਲਹੂ-ਲੁਹਾਨ ਲਾਸ਼ ਵਿੱਚ ਬਦਲ ਗਈ, ਪਰ ਬਿਜ਼ਨੈਸਮੈਨ ਪੁਰੀ ਕਲਚਰ ਸੁਸਾਇਟੀ ਦੇ ਡਾਇਰੈਕਟਰ ਦੀ ਸੀਟ ਉਤੇ ਮਨੋਨੀਤ ਹੋਣ ਵਿੱਚ ਕਾਮਯਾਬ ਹੋ ਗਿਆ। ਭਾਵੇਂ ਉਸ ਦਾ ਦੂਰ-ਦੂਰ ਤੱਕ ਕਲਾ, ਸਾਹਿਤ ਤੇ ਇੰਟਲੈਕਚੁਅਲ ਸੁਸਾਇਟੀਆਂ ਨਾਲ ਕੋਈ ਲੈਣਾ-ਦੇਣਾ ਨਹੀਂ। ਇਹ ਸਾਰੇ ਸਰੋਕਾਰ ਸਾਡੇ ਸਿਸਟਮ ਦੀ ਅਸਫਲਤਾ ਨੂੰ ਦਰਸਾਉਂਦੇ ਹਨ, ਜਿੱਥੇ ਜ਼ਿਆਦਾਤਰ ਸੀਟਾਂ ਤੇ ਅਹੁਦਿਆਂ ਉਤੇ ਅਯੋਗ, ਸਿਫ਼ਾਰਸ਼ੀ, ਚਮਚੇਬਾਜ਼ ਤੇ ਸਵਾਰਥੀ ਲੋਕ ਕਾਬਜ਼ ਹਨ। ਇੱਥੇ ਇਮਾਨਦਾਰ ਵਿਅਕਤੀਆਂ ਨੂੰ ਕਾਮਯਾਬ ਹੋਣ ਲਈ ਇਸ ਸਿਸਟਮ ਨਾਲ ਮੱਥਾ ਮਾਰਨਾ ਹੀ ਪੈਂਦਾ ਹੈ। ਕਾਤਲ ਵਿੱਚ ਧੋਖੇ, ਚਲਾਕੀ ਤੇ ਪੈਸੇ ਦੇ ਬਲ ਰਾਹੀਂ ਕਮਜ਼ੋਰ ਬੰਦੇ ਨੂੰ ਕਤਲ ਦੇ ਦੋਸ਼ ਵਿੱਚ ਫਸਾ ਦਿੱਤਾ ਜਾਣਾ, ਸਾਡੇ ਸਿਸਟਮ ਦੇ ਭ੍ਰਿਸ਼ਟਾਚਾਰੀ ਦੀ ਸਾਖ਼ੀ ਭਰਦਾ ਹੈ।

ਨਾਰੀ ਸਰੋਕਾਰਾਂ ਦੀ ਗੱਲ ਕਰਦੇ ਹੋਏ 'ਭੂਮੀ' ਕਹਾਣੀ ਰਾਹੀਂ ਔਰਤ ਦੇ ਸਰੀਰ ਨੂੰ ਲੈ ਕੇ ਇਕ ਗੋਰੀ ਔਰਤ ਦੇ ਹਵਾਲੇ ਨਾਲ ਬੜਾ ਅਹਿਮ ਸਵਾਲ ਚੁੱਕਿਆ ਗਿਆ ਹੈ ਕਿ ਕੀ ਔਰਤ ਦਾ ਆਪਣੇ ਹੀ ਜਿਸਮ ਉਤੇ ਕੋਈ ਹੱਕ ਨਹੀਂ। ਉਸ ਨੂੰ ਹਰ ਵੇਲੇ ਆਪਣੇ ਜਿਸਮ ਨੂੰ ਸੁਡੌਲ ਤੇ ਕੱਸਿਆ ਹੋਇਆ ਰੱਖਣਾ ਚਾਹੀਦਾ ਹੈ ਤਾਂ ਕਿ ਉਸ ਦਾ ਪਤੀ ਉਸ ਤੋਂ ਪੂਰੀ ਤਰ੍ਹਾਂ ਨਾਲ ਸੰਤੁਸ਼ਟ ਹੋਵੇ, ਜਦਕਿ ਗੋਰੀ ਔਰਤ ਦਾ ਕਹਿਣਾ ਸੀ ਕਿ ਉਸ ਦੀ ਛਾਤੀ ਵਿੱਚ ਦੁੱਧ ਬੱਚਿਆਂ ਦੀ ਆਮਦ ਨਾਲ ਆਉਂਦਾ ਹੈ ਤੇ ਉਸ ਉੱਤੇ ਉਸ ਦੇ ਨਵ-ਜੰਮੇ ਬੱਚਿਆਂ ਦਾ ਹੱਕ ਹੈ, ਨਾ ਕਿ ਉਸ ਦਾ ਸੁਡੌਲ ਸੀਨਾ ਪਤੀ ਦੀ ਅੱਯਾਸ਼ੀ ਦਾ ਖਿਡੌਣਾ ਹੈ। ਚਿੰਤਕ ਤੇ ਸਮਾਜ ਸੁਧਾਰਕ ਦੇ ਤੌਰ 'ਤੇ ਚਰਚਿੱਤ ਐੱਸ.ਆਰ. ਨੇ ਆਪਣੀ ਬੀਵੀ ਭੂਮੀ ਨੂੰ ਇਸ ਕਰਕੇ ਦੋ ਵਾਰ ਅਬੌਰਸ਼ਨ ਕਰਵਾਉਣ ਲਈ ਮਜਬੂਰ ਕੀਤਾ, ਕਿਉਂਕਿ ਪਹਿਲੀ ਕੁੜੀ ਤੋਂ ਬਾਅਦ ਵੀ ਦੋਨੋਂ ਵਾਰ ਉਸ ਦੀ ਕੁੱਖ ਵਿੱਚ ਕੁੜੀ ਸੀ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਸੁਰਿੰਦਰ ਦੀਆਂ ਕਹਾਣੀਆਂ ਦੀ ਇਸਤਰੀ ਹਰ ਤਰ੍ਹਾਂ ਦੀ ਸਥਿਤੀ ਅਨੁਸਾਰ ਦਿਸਦੀ ਹੈ। ਉਸ ਨੂੰ ਆਪਣੇ ਹਿੱਸੇ ਵਿੱਚ ਆਏ ਪਿਆਰ, ਲਿਤਾੜ, ਸ਼ੋਸ਼ਣ ਤੇ ਵਰਤੇ ਜਾਣ ਦੇ ਦੁੱਖ ਨੂੰ ਭੋਗਣਾ ਵੀ ਪੈਂਦਾ ਹੈ ਤੇ ਮੌਕੇ ਅਨੁਸਾਰ ਉਹ ਉਨ੍ਹਾਂ ਨਾਲ ਨਜਿੱਠਣ ਦਾ ਹੌਸਲਾ ਵੀ ਕਰਦੀ ਹੈ।

ਸੁਰਿੰਦਰ ਦੀਆਂ ਇਨ੍ਹਾਂ ਕਹਾਣੀਆਂ ਨੇ ਇਕ ਹੋਰ ਨਵੀਂ ਗੱਲ ਕੀਤੀ ਹੈ,

ਕਾਫ਼ੀ ਅਰਸੇ ਤੋਂ ਸਾਡੀਆਂ ਰਚਨਾਵਾਂ ਵਿੱਚੋਂ ਮੁਸਲਿਮ ਕਿਰਦਾਰ ਤੇ ਨਾਂਅ ਮਨਫ਼ੀ ਹੋ ਗਏ ਸਨ, ਜਿਵੇਂ ਸਾਡੇ ਤੋਂ ਕਿਧਰੇ ਕਿਰ ਗਏ ਸਨ।

ਟੈਬੂ ਦੀਆਂ ਬਹੁਤ ਸਾਰੀਆਂ ਕਹਾਣੀਆਂ ਵਿੱਚ ਸਾਡੀ ਪਛਾਣ ਅਨੇਕ ਮੁਸਲਿਮ ਪਾਤਰਾਂ ਤੇ ਉਨ੍ਹਾਂ ਦੀ ਜ਼ਿੰਦਗੀ ਨਾਲ ਹੁੰਦੀ ਹੈ, ਜਿਵੇਂ :

'ਸੁਨਹਿਰੀ ਜਿਲਦ ਵਾਲੀ ਕਿਤਾਬ' ਕਹਾਣੀ ਪੂਰੀ ਤਰ੍ਹਾਂ ਨਾਲ ਮੁਸਲਿਮ ਪਾਤਰਾਂ ਨਾਲ ਵਾਬਸਤਾ ਹੈ, ਜੋ ਆਫ਼ਤਾਬ ਅਹਿਮਦ ਦੀ ਸ਼ਾਹੀਨ ਪ੍ਰਤੀ ਪ੍ਰੇਮ ਤੇ ਤਿਆਗ ਦੀ ਕਹਾਣੀ ਹੈ। 'ਆਇਰਨ ਗਲਵਜ਼' ਵਿੱਚ ਮਾਸੂਮ ਕੁੜੀ ਉਤੇ ਮਾੜੀ ਨਜ਼ਰ ਰੱਖਣ ਵਾਲੇ ਮੰਤਰੀ ਅਸ਼ਫ਼ਾਕ ਅਹਿਮਦ ਤੇ ਉਸ ਦਾ ਪੁੱਤਰ ਗੁਲਜ਼ਾਰ ਪਾਤਰ ਵਜੋਂ ਹਨ। ਮਿੱਟੀ ਵਿੱਚ 'ਨਬੀ ਖੂੰਖਾ' ਦਾ ਬਿਲੋ ਪ੍ਰਤੀ ਸੱਚੇ-ਸੁੱਚੇ ਪਿਆਰ ਦਾ ਪ੍ਰਗਟਾਵਾ ਕਰਨਾ ਤੇ ਆਖ਼ਰੀ ਸਮੇਂ ਉਸ ਨਾਲ ਹੀ ਕਬਰ ਵਿੱਚ ਲੇਟਣ ਬਾਰੇ ਸੋਚਣਾ, ਅੰਤ ਵਿੱਚ ਸੱਚਮੁੱਚ ਵਿੱਚ ਪੂਰਾ ਹੋ ਜਾਂਦਾ ਹੈ। ਜਦੋਂ ਮਿੱਟੀ ਪੁੱਟਣ ਗਈ ਬਿੱਲੋ ਮਿੱਟੀ ਦੇ ਛੰਬ ਹੇਠ ਦਬ ਗਈ ਤੇ ਉਸ ਨੂੰ ਬਚਾਉਣ ਗਿਆ ਨਬੀ ਵੀ ਵਾਪਸ ਨਾ ਮੁੜ ਸਕਿਆ। ਇਕ ਅਜਨਬੀ ਨੂੰ ਕਸ਼ਮੀਰ ਰੂਪੀ 'ਅਨਾਰਕਲੀ' ਦੀ ਕਹਾਣੀ ਸੁਣਾਉਂਦਾ ਹਾਊਸ ਬੋਟ ਦਾ ਮਾਲਕ ਆਹਦ ਜੂ, ਸਫਦਰ ਜਿਹਾ ਕਲਾਕਾਰ ਆਦਿ ਪਾਤਰਾਂ ਦੀ ਸ਼ਮੂਲੀਅਤ ਨੇ ਜਿਵੇਂ ਸਾਡਾ ਨਿੱਖੜਿਆਂ ਨਾਲ ਮੇਲ ਕਰਵਾ ਦਿੱਤਾ। ਉਨ੍ਹਾਂ ਨੂੰ ਸਾਡੇ ਕੋਲ ਲੈ ਆਂਦਾ।

ਸੁਰਿੰਦਰ ਜਿਹੀ ਸਮਰੱਥ ਲੇਖਿਕਾ ਮਾਨਵੀ ਸਰੋਕਾਰਾਂ ਨੂੰ ਵੀ ਆਪਣੀਆਂ ਕਹਾਣੀਆਂ ਵਿੱਚੋਂ ਅੱਖੋਂ-ਪਰੋਖੇ ਨਹੀਂ ਕਰਦੀ। ਇਸ ਦਾ ਪ੍ਰਤੱਖ ਪ੍ਰਮਾਣ 'ਰਾਮ ਸਨੇਹੀ' ਦਾ ਮਿਸਤਰੀ ਪਾਤਰ, ਜੋ ਕੇਂਦਰੀ ਪਾਤਰ ਦੀ ਬਿਨਾਂ ਕਿਸੇ ਸਵਾਰਥ ਦੇ ਮਦਦ ਕਰਦਾ ਹੈ, ਕਿਉਂਕਿ ਉਹ ਦੇਖਦਾ ਹੈ ਕਿ ਕਿਸ ਤਰ੍ਹਾਂ ਘਰ ਦੀ ਸੁਆਣੀ ਕੰਮ ਤੇ ਜ਼ਿੰਮੇਵਾਰੀ ਦੇ ਭਾਰ ਹੇਠ ਦੱਬੀ ਹੋਈ ਹੈ। 'ਟੌਫੀਆਂ ਦਾ ਹਾਰ' ਵਿਚਲਾ ਅਰਜੁਨ, ਜੋ ਆਪਣੀ ਮਾਂ ਛੋਟੇ ਭੈਣ-ਭਰਾ ਦੇ ਵਿਆਹ ਦੇ ਸੁਪਨੇ ਪੂਰਾ ਕਰਦਾ ਹੈ, ਪਰ ਇਸ ਦੇ ਨਾਲ ਹੀ ਉਸ ਅੰਦਰ ਇਕ ਖ਼ਲਾਅ ਭਰਦਾ ਜਾਂਦਾ ਹੈ।

'ਸ਼ਾਂਤੀ' ਵਿਚਲਾ ਗੁਰਚਰਨਾ ਤੇ ਜੋਗੀ ਆਪਣੀਆਂ ਕੀਤੀਆਂ ਗਲਤੀਆਂ ਉਤੇ ਪਛਤਾਵਾ ਕਰਦੇ ਹਨ। 'ਕਾਤਲ' ਵਿਚਲਾ ਡਰਾਈਵਰ ਪਾਤਰ ਨੂੰ, ਆਪਣੇ ਛੋਟੇ ਭਰਾ ਗੋਲੀ ਦੇ ਮਾਰੇ ਜਾਣ ਦੀ ਸੱਚਾਈ ਵਜੋਂ ਪਤਾ ਲੱਗਦਾ ਹੈ ਕਿ ਇਸ ਵਿੱਚ ਉਸ ਦੇ ਸ਼ਰੀਕੇ ਦੇ ਭਰਾ, ਤਾਇਆ ਤੇ ਬਾਪ ਸ਼ਾਮਲ ਹਨ, ਜਿਨ੍ਹਾਂ ਨੇ ਆਪਣੇ ਸਵਾਰਥੀਪਨ ਤੇ ਧੋਖੇ ਨਾਲ ਇਕ ਮੈਕੇਨਿਕ ਉਸ ਉੱਤੇ ਕਤਲ ਦਾ ਇਲਜ਼ਾਮ ਧਰ ਦਿੱਤਾ ਹੈ। ਉਦੋਂ ਉਸ ਨੂੰ ਉਸ ਮੈਕੇਨਿਕ ਦੀ ਬੇਬੱਸ ਔਰਤ ਤੇ ਛੋਟੇ ਪੁੱਤਰ ਨਾਲ ਹਮਦਰਦੀ ਹੋ ਜਾਂਦੀ ਹੈ। ਅਜਿਹੇ ਕਈ ਮਰਦ ਪਾਤਰਾਂ ਦਾ ਹੋਣਾ ਇਹ ਸਾਬਿਤ ਕਰਦਾ ਹੈ ਕਿ ਸਮਾਜ ਕਦੇ ਵੀ ਚੰਗੇ ਬੰਦਿਆਂ ਤੋਂ ਖ਼ਾਲੀ ਨਹੀਂ ਹੁੰਦਾ। ਇੱਥੇ ਬੰਦੇ ਚੰਗੇ-ਮਾੜੇ ਹੋ ਸਕਦੇ ਹਨ, ਸਿਰਫ਼ ਇਸਤਰੀ-ਮਰਦ ਨਹੀਂ ਤੇ ਨਾ ਹੀ ਕੌਮਾਂ ਮਾੜੀਆਂ ਹੁੰਦੀਆਂ ਹਨ।

ਸੰਖੇਪ ਵਿੱਚ ਕਿਹਾ ਜਾ ਸਕਦਾ ਹੈ ਕਿ ਸੁਰਿੰਦਰ ਦੀ ਲੇਖਣੀ ਨਿਰਪੱਖ ਹੈ, ਕਿਸੇ ਵਿਸ਼ੇਸ਼ ਧਿਰ ਵੱਲ ਨਾ ਉਲਾਰ ਤੇ ਨਾ ਹੀ ਨਜ਼ਰਅੰਦਾਜ਼ ਕਰਨ ਦਾ ਨਜ਼ਰੀਆ। ਉਹ ਸਮਾਜ ਦੇ ਮੁੱਦਿਆਂ ਵੱਲ ਧਿਆਨ ਦੇਂਦੀ ਹੈ, ਜਿਨ੍ਹਾਂ ਸਰੋਕਾਰਾਂ ਨਾਲ ਸਾਡਾ ਵਾਸਤਾ ਦਿਨ-ਰਾਤ ਪੈਂਦਾ ਹੈ, ਉਹ ਉਸ ਦੀ ਕਹਾਣੀ ਦੇ ਕੇਂਦਰ ਵਿੱਚ ਹਨ। ਸੱਭਿਆਚਾਰਕ ਪਛਾਣ, ਵਿਸਥਾਪਨ ਕਾਰਨ ਹੋਂਦ ਦਾ ਮਸਲਾ, ਪਰਵਾਰਕ ਰਿਸ਼ਤਿਆਂ ਵਿੱਚ ਮਾਂ-ਧੀ ਤੇ ਪਤੀ-ਪਤਨੀ ਵਿੱਚ ਆਉਂਦੀ ਦੂਰੀ, ਸਿਸਟਮ ਦੀ ਨਾਕਾਮੀ ਤੇ ਭ੍ਰਿਸ਼ਟਾਚਾਰ ਤੇ ਸਮਾਜਿਕ ਵਤੀਰੇ ਅਧੀਨ ਕਿੱਧਰੇ ਨਿਹੱਥੇ ਹੁੰਦੇ ਪਾਤਰ ਤੇ ਕਦੇ ਸੰਘਰਸ਼ ਕਰਦੇ, ਹੌਸਲਾ ਰੱਖਦੇ ਪਾਤਰਾਂ ਨੂੰ ਇਹ ਸੰਗ੍ਰਹਿ ਆਪਣੇ ਅੰਦਰ ਸਮਾਉਂਦਾ ਵੀ ਹੈ ਤੇ ਉਨ੍ਹਾਂ ਨੂੰ ਆਪਣੇ ਹੀ ਥਾਂ ਤੇ ਦਾਇਰੇ ਵਿੱਚ ਫੈਲਣ ਲਈ ਵਿਸਤਾਰ ਵੀ ਪ੍ਰਦਾਨ ਕਰਦਾ ਹੈ।

24-March-Sunday.qxd 3/23/2024 10:30 PM Page 2



ਪਾਸ਼ ਨੂੰ ਯਾਦ ਕਰਦਿਆਂ

# ਨੁਕੀਲੀਆਂ ਅੱਖਾਂ ਦੀ ਦਿਭ-ਦ੍ਰਿਸ਼ਟੀ

ਡਾ. ਲਖਵਿੰਦਰ ਸਿੰਘ ਜੌਹਲ

ਪਾਸ਼ ਇਕ ਵਰਤਾਰੇ ਦਾ ਨਾਂਅ ਹੈ, ਜੋ ਪੰਜਾਬੀ ਕਵਿਤਾ ਵਿੱਚ ਵਾਵਰੋਲੇ ਵਾਂਗ ਆਇਆ ਅਤੇ ਆਪਣੇ ਪਿੱਛੇ ਬਹੁਤ ਕੁਝ ਅਜਿਹਾ ਛੱਡ ਗਿਆ, ਜਿਸ ਨੂੰ ਸਮਝਣਾ, ਉਸ ਦੇ ਵਿੱਛੜ ਜਾਣ ਤੋਂ ਏਨੇ ਸਾਲਾਂ ਬਾਅਦ ਵੀ ਇਕ ਰਹੱਸ ਬਣਿਆ ਹੋਇਆ ਹੈ।

ਉਹ ਨਕਸਲੀ ਕਾਰਕੁਨ ਸੀ? ਕਵੀ ਸੀ? ਸਮਾਜ ਸੁਧਾਰਕ ਸੀ? ਜਾਂ ਫਿਰ ਇਕ ਅਜਿਹਾ ਤਿੱਖਾ ਸ਼ਰਾਰਤੀ ਅਤੇ ਜ਼ਿੱਦਰੀ ਨੌਜਵਾਨ ਸੀ, ਜੋ ਪੈਰ-ਪੈਰ ਉੱਤੇ ਬਦਲਦਾ, ਪਲਾਇਨ ਕਰਦਾ ਅਤੇ ਆਪਣੇ ਆਸ਼ਿਆਂ ਵੱਲ ਅੱਗੇ ਵਧਦਾ ਜਾਂਦਾ ਸੀ?

ਕੀ ਹੋ ਸਕਦੇ ਸਨ ਉਸ ਦੇ ਆਸ਼ੇ? ਇਹ ਰਹੱਸ ਵੀ ਅਜੇ ਤੱਕ ਬਣਿਆ ਹੋਇਆ ਹੈ।

ਮੈਂ ਉਸ ਨੂੰ ਪਹਿਲੀ ਵਾਰ ਆਪਣੇ ਪਿੰਡ ਜੰਡਿਆਲਾ (ਮੰਜਕੀ) ਦੀਆਂ ਗਲੀਆਂ ਵਿੱਚ ਗਲ਼ ਵਿੱਚ ਚੁੱਕਵਾਂ, ਸਪੀਕਰ ਲਟਕਾਈ, ਯੁਵਕ ਕੇਂਦਰ ਵੱਲੋਂ ਕਰਵਾਏ ਜਾ ਰਹੇ ਇਨਕਲਾਬੀ ਡਰਾਮੇ ਦੀ ਅਨਾਊਂਸਮੈਂਟ ਕਰਦੇ ਵੇਖਿਆ ਸੀ। ਭੂਰੀ ਮਹਿੰਦੀ ਲੱਗੇ ਉਸ ਦੇ ਘੁੰਗਰਾਲੇ ਵਾਲ, ਮੋਟੀਆਂ-ਮੋਟੀਆਂ ਨੁਕੀਲੀਆਂ ਅੱਖਾਂ, ਜੀਨ ਦੀ ਪੈਂਟ ਨਾਲ ਪਾਇਆ ਹੋਇਆ ਬਦਾਮੀ ਰੰਗ ਦਾ ਪੰਜਾਬੀ ਕੁੜਤਾ। ਸਪੀਕਰ ਰਾਹੀਂ ਗੂੰਜਦੇ ਉਸ ਦੇ ਗੋਲਾਈਦਾਰ ਸ਼ਬਦ... ਸੁਣਦੇ-ਸੁਣਦੇ ਅਤੇ ਉਸ ਨੂੰ ਵੇਖਦੇ-ਵੇਖਦੇ ਅਸੀਂ ਪਿੰਡ ਦੇ ਬੱਚੇ ਸਾਰੇ ਪਿੰਡ ਵਿੱਚ ਉਸ ਦੇ ਨਾਲ-ਨਾਲ ਘੁੰਮਦੇ ਰਹੇ ਸਾਂ। ਉਦੋਂ ਮੈਂ ਅਜੇ ਸਕੂਲ ਵਿੱਚ ਹੀ ਪੜ੍ਹਦਾ ਸੀ।...

ਪਾਸ਼ ਸਿਰਫ਼ ਵੀਹ ਕੁ ਸਾਲ ਦਾ ਸੀ, ਜਦੋਂ ਉਸ ਦੀ ਪਹਿਲੀ ਕਾਵਿ-ਕਿਤਾਬ 'ਲੋਹ ਕਥਾ' ਛਪ ਗਈ ਸੀ। ਕਵਿਤਾ ਦੀਆਂ ਉਸ ਨੇ ਸਿਰਫ਼ ਤਿੰਨ ਕਿਤਾਬਾਂ ਲਿਖੀਆਂ ਸਨ। 'ਲੋਹ ਕਥਾ' (1970), ਉੱਡਦੇ ਬਾਜ਼ਾਂ ਮਗਰ (1973) ਅਤੇ ਸਾਡੇ ਸਮਿਆਂ ਵਿੱਚ (1978)। ਉਸ ਦੀਆਂ ਰਚਨਾਵਾਂ ਦੀ ਚੌਥੀ ਕਿਤਾਬ 'ਖਿੱਲਰੇ ਹੋਏ ਵਰਕੇ' (1989) ਵਿੱਚ ਉਸ ਦੀ ਮੌਤ ਤੋਂ ਬਾਅਦ ਅਮਰਜੀਤ ਚੰਦਨ ਦੀ ਹਿੰਮਤ ਨਾਲ ਸਾਹਮਣੇ ਆਈ ਸੀ, ਜਿਸ ਵਿੱਚ ਕਵਿਤਾਵਾਂ ਦੇ ਨਾਲ-ਨਾਲ ਉਸ ਦੀਆਂ ਹੋਰ ਲਿਖਤਾਂ ਵੀ ਹਨ। ਇਸ ਕਿਤਾਬ ਵਿੱਚ ਉਸ ਦੀਆਂ ਬਹੁਚਰਚਿੱਤ ਕਵਿਤਾਵਾਂ 'ਸਭ ਤੋਂ ਖ਼ਤਰਨਾਕ', 'ਧਰਮ ਦੀਖਸ਼ਾਂ ਲਈ ਬਿਨੈਪੱਤਰ' ਅਤੇ ਅੰਗਰੇਜ਼ੀ ਕਵੀ ਕਾਰਲ ਸੈਂਡਬਰਮ ਦੀ ਮਸ਼ਹੂਰ ਕਵਿਤਾ 'ਗਰਾਸ' ਦਾ ਪੰਜਾਬੀ ਰੂਪਾਂਤਰਣ 'ਘਾਹ' ਕਵਿਤਾ ਵੀ ਸ਼ਾਮਲ ਹਨ। ਇਸੇ ਕਿਤਾਬ ਵਿੱਚ ਉਸ ਦੀਆਂ ਗ਼ਜ਼ਲਾਂ, ਕੁਝ ਦੋਹੇ ਅਤੇ ਕੁਝ ਚਿੱਠੀਆਂ ਵੀ ਸ਼ਾਮਲ ਹਨ।

ਗ਼ਜ਼ਲ :

ਡੁੱਬਦਾ ਡੁੱਬਦਾ ਸੂਰਜ ਸਾਨੂੰ ਨਿੱਤ ਹੀ ਲਾਲ ਸਲਾਮ ਕਹੇ
ਫੜ ਲਓ ਇਹ ਤਾਂ ਨਕਸਲੀਆ ਹੈ ਕੇਹੀ ਗੱਲ ਸ਼ਰੇਆਮ ਕਹੇ

ਖੇਤਾਂ ਵਿੱਚ ਮੱਕੀਆਂ ਦੇ ਟੂੰਬੇ ਚਰ੍ਹੀਆਂ ਵਾਂਗ ਤਣੇ ਹੋਏ
ਖੜਕ ਖੜਕ ਕੇ ਰੁੱਖ ਟਾਹਲੀ ਦਾ ਜੂਝਣ ਦਾ ਪੈਗਾਮ ਕਹੇ
ਛੱਪੜ ਦੀਏ ਟਟੀਰੀਏ, ਮੰਦੇ ਬੋਲ ਨਾ ਬੋਲ
ਦੁਨੀਆ ਤੁਰੀ ਹੱਕ ਲੈਣ ਨੂੰ, ਤੂੰ ਬੈਠੀ ਚਿੱਕੜ ਕੋਲ
ਵਿੰਗ-ਤੜਿੰਗੀ ਲੱਕੜੀ, ਉੱਤੇ ਬੈਠਾ ਮੋਰ
ਕੰਮੀ ਟੁੱਟ-ਟੁੱਟ ਮਰਦੇ, ਹੱਡੀਆਂ ਲੈਂਦੇ ਖੋਰ

ਨਿਰਸੰਦੇਹ ਪਾਸ਼ ਦਾ ਇਹ ਉਹ ਪ੍ਰਗੀਤਕ ਰੰਗ ਹੈ, ਜਿਸ ਨੂੰ ਉਹ ਅਭਿਆਸ ਵਜੋਂ ਲਿਖਦਾ ਤਾਂ ਰਿਹਾ ਸੀ, ਪਰ ਉਸ ਨੇ ਆਪ ਇਸ ਨੂੰ ਆਪਣੀਆਂ ਕਿਤਾਬਾਂ ਦਾ ਹਿੱਸਾ ਨਹੀਂ ਬਣਾਇਆ ਸੀ।

ਪਾਸ਼ ਦੀ ਇਹ ਵਿਡੰਬਨਾ ਰਹੀ ਹੈ ਕਿ ਉਸ ਦੀ ਵਿਚਰਨ ਕਲਾ ਦੀ ਚੰਚਲਤਾ, ਉਸ ਦੀ ਸ਼ਖ਼ਸੀਅਤ ਬਾਰੇ ਕੋਈ ਬੱਝਵਾਂ ਪ੍ਰਭਾਵ ਨਹੀਂ ਸੀ ਬਣਨ ਦਿੰਦੀ।

ਨੌਂ ਸਤੰਬਰ, 1950 ਨੂੰ ਦੁਆਬੇ ਦੇ ਨਿੱਕੇ ਜਿਹੇ ਪਿੰਡ ਤਲਵੰਡੀ ਸਲੇਮ ਵਿੱਚ ਸੋਹਣ ਸਿੰਘ ਸੰਧੂ ਦੇ ਘਰ ਜੰਮਿਆ ਅਵਤਾਰ ਸਿੰਘ ਸੰਧੂ ਆਪਣੇ ਕਲਮੀ ਨਾਂਅ ਪਾਸ਼ ਨਾਲ ਜਾਣਿਆ ਗਿਆ। ਬਕੌਲ ਡਾਕਟਰ ਤੇਜਵੰਤ ਸਿੰਘ ਗਿੱਲ, ਰੂਸੀ ਲੇਖਕ ਮਿਖਾਈਲ ਸ਼ੋਲੋਖੋਵ ਦੇ ਨੋਬਲ ਪੁਰਸਕਾਰ ਜੇਤੂ ਨਾਵਲ 'ਡਾਨ ਵਹਿੰਦਾ ਰਿਹਾ' ਦੇ ਨਾਇਕ ਪਾਸ਼ਾ ਤੋਂ ਪ੍ਰਭਾਵਿਤ ਹੋ ਕੇ ਅਵਤਾਰ ਸਿੰਘ ਸੰਧੂ ਨੇ ਆਪਣਾ ਨਾਂਅ 'ਪਾਸ਼' ਰੱਖ ਲਿਆ ਸੀ। ਇਕ ਕਹਾਣੀ ਇਹ ਵੀ ਹੈ ਕਿ ਉਸ ਨੇ ਸਕੂਲ ਵਿੱਚ ਪੜ੍ਹਦਿਆਂ ਆਪਣੀ ਇਕ ਅਧਿਆਪਕਾ ਨਾਲ ਮਿਲਦਾ-ਜੁਲਦਾ ਆਪਣਾ ਨਾਂਅ ਪਾਸ਼ ਰੱਖਿਆ ਸੀ......

ਉਸ ਦਾ ਪਰਵਾਰ ਮੱਧਵਰਗੀ ਕਿਸਾਨੀ ਪਰਵਾਰ ਸੀ। ਪਿਤਾ ਸੋਹਣ ਸਿੰਘ ਸੰਧੂ ਫ਼ੌਜੀ ਸਨ ਅਤੇ ਕਵਿਤਾ ਲਿਖਣ ਦਾ ਸ਼ੌਕ ਵੀ ਰੱਖਦੇ ਸਨ। ਜਲੰਧਰ ਛਾਉਣੀ ਦੇ ਜੈਨ ਹਾਈ ਸਕੂਲ ਵਿੱਚ ਉਹ ਦਸਵੀਂ ਤੱਕ ਪੜ੍ਹਿਆ। ਫੇਰ ਉਸ ਨੇ ਗਿਆਨੀ ਕੀਤੀ ਅਤੇ ਫੇਰ ਸਰਕਾਰੀ ਸਕੂਲ ਸਮਰਾਏ ਜੰਡਿਆਲਾ ਵਿੱਚ ਜੇ.ਬੀ.ਟੀ. ਕਰਨ ਲੱਗਿਆ। ਇੱਥੋਂ ਹੀ ਉਹ ਸੇਖੂਪੁਰਾ (ਕਪੂਰਥਲਾ) ਦੇ ਸਕੂਲ ਵਿੱਚ ਚਲਾ ਗਿਆ। ਜੇ.ਬੀ.ਟੀ. ਕਰਨ ਤੋਂ ਪਹਿਲਾਂ-ਪਹਿਲਾਂ ਹੀ ਉਹ ਜੇਲ੍ਹ ਯਾਤਰਾਵਾਂ ਦੇ ਰੰਗ ਵੀ ਦੇਖ ਚੁੱਕਾ ਸੀ ਅਤੇ ਦੋ ਕਿਤਾਬਾਂ ਦਾ ਲੇਖਕ ਵੀ ਬਣ ਚੁੱਕਾ ਸੀ।

ਮਈ 1970 ਵਿੱਚ ਉਸ ਨੂੰ ਇਕ ਕਤਲ ਦੇ ਮੁਕੱਦਮੇ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ। ਇਕ ਸਾਲ ਬਾਅਦ ਹੀ ਉਹ ਬਾਹਰ ਆ ਗਿਆ ਤਾਂ 1972 ਵਿੱਚ ਮੋਗਾ ਕਾਂਡ ਵਿੱਚ ਫੇਰ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਨੂੰ ਕੇਂਦਰੀ ਜੇਲ੍ਹ ਜਲੰਧਰ ਵਿੱਚ ਰੱਖਿਆ ਗਿਆ। ਇਤਫ਼ਾਕ ਹੀ ਸੀ ਕਿ ਮੋਗਾ ਕਾਂਡ ਵਿੱਚ ਹੀ ਗ੍ਰਿਫ਼ਤਾਰ ਹੋਏ ਸਤਨਾਮ ਚਾਨਾ, ਜੋਗਿੰਦਰ ਭੰਗਾਲੀਆ, ਗੁਰਮੀਤ (ਦੇਸ਼ ਭਗਤ ਯਾਦਗਾਰ ਹਾਲ), ਤਰਸੇਮ ਜੰਡਿਆਲਾ, ਸੁਰਿੰਦਰ ਸੰਧੂ ਅਤੇ ਲਖਵਿੰਦਰ ਜੌਹਲ (ਯਾਨੀ ਮੈਂ) ਨੂੰ ਵੀ ਜਲੰਧਰ ਜੇਲ੍ਹ ਵਿੱਚ ਹੀ ਰੱਖਿਆ ਗਿਆ। ਜਿਨ੍ਹਾਂ ਚੱਕੀਆਂ ਵਿੱਚ ਅਸੀਂ ਬੰਦ ਸਾਂ, ਪਿਛਲੇ ਪਾਸੇ ਤੋਂ ਇਨ੍ਹਾਂ ਚੱਕੀਆਂ ਨਾਲ ਲਗਦੀਆਂ ਚੱਕੀਆਂ ਵਿੱਚ ਹੀ ਪਾਸ਼ ਵੀ ਬੰਦ ਸੀ। ਸ਼ਾਮ ਦੀ ਚਾਹ ਲੈ ਕੇ ਆਏ ਜੇਲ੍ਹ ਦੇ ਨੰਬਰਦਾਰ ਨੇ ਸੀਖਾਂ ਵਿੱਚ ਦੀ ਸਾਡੀਆਂ ਪਿੱਤਲ ਦੀਆਂ ਬਾਟੀਆਂ ਵਿੱਚ ਚਾਹ ਉਲੱਦਦੇ ਹੋਏ ਸਾਨੂੰ ਦੱਸਿਆ, "ਉਹ ਪਿਛਲੀਆਂ ਚੱਕੀਆਂ ਵਿੱਚ ਇਕ ਕਵੀ ਪਾਸ਼ ਵੀ ਬੰਦ ਹੈ" ਅਸੀਂ ਇਕਦਮ ਚੌਂਕ ਕੇ ਕਿਹਾ, "ਅਸੀਂ ਮਿਲ ਸਕਦੇ ਹਾਂ ਉਸ ਨੂੰ" ਕਹਿਣ ਲੱਗਾ, "ਮਿਲਣ ਤਾਂ ਤੁਹਾਨੂੰ ਕਿਸੇ ਨੇ ਨਹੀਂ ਦੇਣਾ, ਪਰ ਜੇਕਰ ਤੁਸੀਂ ਉੱਚੀ ਆਵਾਜ਼ ਮਾਰੋ ਤਾਂ ਉਹ ਤੁਹਾਡੇ ਨਾਲ ਗੱਲ ਕਰ ਸਕਦੈ, ਮੈਂ ਉਸ ਨੂੰ ਤੁਹਾਡੇ ਬਾਰੇ ਦੱਸ ਦਿਆਂਗਾ।" ਉਹ ਮੈਨੂੰ ਤਾਂ ਅਜੇ ਨਹੀਂ ਜਾਣਦਾ ਸੀ, ਪਰ ਚਾਨਾ ਅਤੇ ਭੰਗਾਲੀਆ ਨੂੰ ਜਾਣਦਾ ਸੀ। ਅਸੀਂ ਨੰਬਰਦਾਰ ਨੂੰ ਕਿਹਾ, "ਕੱਲ੍ਹ ਸ਼ਾਮ ਦੀ ਚਾਹ ਵੇਲੇ ਅਸੀਂ ਉਸ ਨੂੰ ਆਵਾਜ਼ ਲਗਾਵਾਂਗੇ"...

ਦਸੰਬਰ, 1972 ਦੇ ਠਰਦੇ ਦਿਨਾਂ ਦੀ ਇਹ ਸ਼ਾਮ ਅਦਭੁੱਤ ਸੀ। ਅਸੀਂ ਉਸ ਨੂੰ ਆਵਾਜ਼ ਲਗਾਈ, ਉਸ ਨੇ ਹਾਲ-ਚਾਲ ਪੁੱਛਿਆ, ਅਸੀਂ ਕਿਹਾ ਕੁਝ ਸੁਣਾ... ... ਉਹ ਤਰੰਨਮ ਵਿੱਚ ਗਾਉਣ ਲੱਗ ਪਿਆ:-

"ਕੱਖਾਂ ਦੀਏ ਕੁੱਲੀਏ
ਮੀਨਾਰ ਬਣ ਜਾਈਂ ਨੀਂ
ਪੈਰਾਂ ਦੀਏ ਮਿੱਟੀਏ
ਪਹਾੜ ਬਣ ਜਾਈਂ ਨੀਂ
ਲੱਖ ਲੱਖ ਦਾ ਏ ਤੇਰਾ ਕੱਖ ਨੀਂ
ਕਿਰਤੀ ਦੀਏ ਕੁੱਲੀਏ
ਆਪਣੀ ਕਮਾਈ ਸਾਂਭ ਰੱਖ ਨੀ
ਕਿਰਤੀ ਦੀਏ ਕੁੱਲੀਏ...

ਸਾਡੇ ਜੋਸ਼ ਅਤੇ ਉਮਾਹ ਦੀ ਕੋਈ ਸੀਮਾ ਨਹੀਂ ਸੀ। ਜੇਲ੍ਹ ਦੀ ਉਦਾਸੀ ਹੁਲਾਸ ਵਿੱਚ ਬਦਲ ਗਈ ਸੀ। ਪਾਸ਼ ਨਾਲ ਇਹ ਮੇਰੀ ਆਵਾਜ਼ ਦੀ ਮੁਲਾਕਾਤ ਸੀ। ਇਕ ਅਦਭੁੱਤ ਮੁਲਾਕਾਤ। ਉਨ੍ਹੀ ਦਿਨਾਂ ਦੇ ਕਾਰਾਵਾਸ ਪਿੱਛੋਂ ਸਰਕਾਰ ਨੇ ਸਾਡੇ ਵਿਰੁੱਧ ਦਰਜ ਕੀਤਾ ਕੇਸ ਵਾਪਸ ਲੈ ਲਿਆ ਅਤੇ ਅਸੀਂ ਸਾਰੇ ਬਾਹਰ ਆ ਗਏ। ਪਾਸ਼ ਅਜੇ ਅੰਦਰ ਹੀ ਰਿਹਾ, ਉਸ ਨੂੰ ਸਾਰੇ ਪੰਜਾਬ ਵਿੱਚ ਗੜਬੜ ਫੈਲਾਉਣ ਦਾ ਦੋਸ਼ੀ ਗਰਦਾਨਿਆ ਗਿਆ ਸੀ। ਉਸ ਨੂੰ ਲੱਗਭੱਗ ਸਾਲ ਬਾਅਦ ਛੱਡਿਆ ਗਿਆ।




1973 ਵਿੱਚ ਜਦੋਂ ਉਹ ਬਾਹਰ ਆਇਆ ਤਾਂ ਨਕਸਲੀ ਦੌਰ ਦੇ ਕਈ ਸਾਹਿਤਕ ਪਰਚਿਆਂ ਦਾ ਕਰਤਾ-ਧਰਤਾ ਬਣਿਆ, ਜਿਸ ਵਿੱਚ 'ਸਿਆੜ' ਅਤੇ 'ਹੋਕਾ' ਆਦਿ ਗਿਣੇ ਜਾ ਸਕਦੇ ਹਨ।

ਉਸ ਨੇ ਆਪਣਾ ਕੈਰੀਅਰ 1967 ਵਿੱਚ ਬੀ.ਐੱਸ.ਐੱਫ. ਵਿੱਚ ਭਰਤੀ ਹੋਣ ਤੋਂ ਆਰੰਭ ਕੀਤਾ ਸੀ, ਪਰ ਸਥਾਪਤੀ ਪ੍ਰਤੀ ਸਵਾਲੀਆ ਸੁਭਾਅ ਨੇ ਉਸ ਨੂੰ ਇੱਥੇ ਟਿਕਣ ਨਾ ਦਿੱਤਾ। ਪੰਜਾਬ ਵਿੱਚ ਹਰੇ ਇਨਕਲਾਬ ਅਤੇ ਪੰਜਾਬ ਸੰਕਟ ਦੇ ਵਿਚਕਾਰਲਾ ਸਮਾਂ ਨਕਸਲੀ ਚੜ੍ਹਤ ਦਾ ਸਮਾਂ ਸੀ। ਜਿਸ ਵੱਲ ਪੰਜਾਬ ਦੇ ਨੌਜਵਾਨ ਵੱਡੀ ਗਿਣਤੀ ਵਿੱਚ ਖਿੱਚੇ ਗਏ ਸਨ। ਪਾਸ਼ ਵੀ ਉਨ੍ਹਾਂ ਵਿੱਚੋਂ ਇਕ ਸੀ। 1973 ਵਿੱਚ ਉਸ ਨੇ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਮੰਚ ਦੀ ਸਥਾਪਨਾ ਕੀਤੀ ਸੀ। ਇਹੀ ਉਹ ਦੌਰ ਹੈ, ਜਦੋਂ ਪਾਸ਼ ਰਵਾਇਤੀ ਖੱਬੇਪੱਖੀਆਂ ਤੋਂ ਇਕ ਵਿੱਥ ਸਥਾਪਤ ਕਰਨ ਦੇ ਰਾਹ ਤੁਰ ਚੁੱਕਾ ਸੀ। ਹਾਲਾਂਕਿ ਉਸ ਦੀ ਇਹ ਫ਼ਿਤਰਤ 1971 ਦੇ ਸ਼ੁਰੂ ਦੇ ਦਿਨਾਂ ਵਿੱਚ ਹੀ ਉਜਾਗਰ ਹੋਣੀ ਸ਼ੁਰੂ ਹੋ ਗਈ ਸੀ। ਇੰਗਲੈਂਡ ਵਸਦੇ ਪੰਜਾਬੀ ਕਵੀ ਮੁਸ਼ਤਾਕ ਨੂੰ 29 ਜੁਲਾਈ 1971 ਨੂੰ ਲਿਖੇ ਇਕ ਪੱਤਰ ਵਿੱਚ ਉਸ ਨੇ ਲਿਖਿਆ ਸੀ... ...

"ਟਰਾਟਸਕੀ ਬਾਰੇ ਤੇਰੇ ਵਿਚਾਰ ਪ੍ਰਮਾਣਿਕ ਨਹੀਂ ਹਨ, ਉਸ ਦੇ ਵਿਚਾਰਾਂ ਨੂੰ ਦੂਜੀ ਸੰਸਾਰ ਜੰਗ ਬਾਰੇ ਪ੍ਰੋਲੇਤਾਰੀ ਦੇ ਰੋਲ, ਸਾਮਰਾਜਵਾਦ ਅਤੇ ਨਾਜ਼ੀਵਾਦ ਬਾਰੇ ਉਸ ਦੀ ਸਮਝ, ਸਥਾਈ ਇਨਕਲਾਬ ਦੇ ਸਿਧਾਂਤ ਦੀਆਂ ਵਿਲੱਖਣਤਾਵਾਂ ਨਾਲ ਜੋੜ ਕੇ ਵੇਖਣਾ ਚਾਹੀਦਾ ਹੈ।"

ਉਹ ਟਰਾਟਸਕੀ ਦੇ ਕਲਾ ਅਤੇ ਸਾਹਿਤ ਬਾਰੇ ਵਿਚਾਰਾਂ ਦਾ ਕੱਟੜ ਹਮਾਇਤੀ ਸੀ। ਇਸੇ ਕਰਕੇ ਉਸ ਨੇ 'ਰੋਹਲੇ ਬਾਣ' ਤੋਂ ਵੱਖਰੇ ਪਰਚੇ 'ਸਿਆੜ' ਦੀ ਸਥਾਪਨਾ ਕੀਤੀ ਸੀ।

ਇਸ ਵੇਲੇ ਤੱਕ ਉਹ ਸਟਾਲਿਨ ਦਾ ਕੱਟੜ ਵਿਰੋਧੀ ਬਣ ਚੁੱਕਾ ਸੀ। ਉਸ ਦੀ ਦੋਸਤਾਂ ਨਾਲ ਵਾਰਤਾਲਾਪ ਅਤੇ ਉਸ ਵੱਲੋਂ ਲਿਖੇ ਗਏ ਅਨੇਕਾਂ ਖ਼ਤ ਇਸ ਦੀ ਗਵਾਹੀ ਭਰਦੇ ਹਨ। ਆਪਣੇ ਦੋਸਤ ਸ਼ਮਸ਼ੇਰ ਸੰਧੂ ਨੂੰ 19 ਜੁਲਾਈ, 1974 ਵਿੱਚ ਲਿਖੇ ਇਕ ਪੱਤਰ ਵਿੱਚ ਉਸ ਨੇ ਲਿਖਿਆ ਸੀ:- "ਇਨ੍ਹਾਂ ਦਿਨਾਂ ਵਿੱਚ ਮੈਂ ਟਰਾਟਸਕੀ ਨੂੰ ਪੜ੍ਹ ਰਿਹਾ ਹਾਂ... ... 1905 ਦੇ ਅਸਫ਼ਲ ਇਨਕਲਾਬ ਬਾਰੇ ਉਸ ਦੇ ਲੇਖਾਂ ਦੀ ਕਿਤਾਬ ਮੈਨੂੰ ਭਗਵਾਨ (ਜੋਸ਼) ਤੋਂ ਮਿਲੀ ਹੈ। ਉਹ ਬੜੀ ਆਸਾਧਾਰਨ ਅਤੇ ਖੌਰੂ ਪਾਊ ਰੂਹ ਹੈ। ਇਸ ਤੋਂ ਬਾਅਦ ਮੈਂ ਲੈਨਿਨ ਨੂੰ ਇਕ ਵੱਢਿਓਂ ਪੜ੍ਹਨਾ ਸ਼ੁਰੂ ਕਰਾਂਗਾ, ਅਜੇ ਤੱਕ ਮੈਂ ਉਸ ਨੂੰ ਅੱਧਾ ਕੁ ਹੀ ਪੜ੍ਹਿਆ ਹੈ।... ... 25 ਅਗਸਤ, 1974 ਨੂੰ ਉਸ ਨੇ ਆਪਣੀ ਡਾਇਰੀ ਵਿੱਚ ਲਿਖਿਆ ਸੀ:-

"ਹੁਣੇ-ਹੁਣੇ ਮੈਂ ਟਰਾਟਸਕੀ ਦੀ ਪੁਸਤਕ ਸਟਾਲਿਨਲਿਸਟ ਸਕੂਲ ਆਫ਼ ਫਾਲਸੀਫੀਕੇਸ਼ਨ ਖ਼ਤਮ ਕੀਤੀ ਹੈ।" ਇਨ੍ਹਾਂ ਦਿਨਾਂ ਵਿੱਚ ਹੀ ਉਸ ਨੇ ਮੈਨੂੰ ਦੱਸਿਆ ਸੀ ਕਿ "ਕੁਝ ਨਕਸਲੀ ਆਗੂ ਮੈਨੂੰ ਐਕਸ਼ਨਾਂ ਵਿੱਚ ਸ਼ਾਮਲ ਹੋਣ ਲਈ ਧਮਕੀਆਂ ਦੇ ਰਹੇ ਹਨ, ਪਰ ਮੈਂ ਸਾਫ਼ ਮਨ੍ਹਾਂ ਕਰ ਦਿੱਤਾ ਹੈ। ਉਹ ਮੇਰੀ ਕਵਿਤਾ ਵਿੱਚ ਵੀ ਨੁਕਸ ਕੱਢਣ ਲੱਗ ਪਏ ਹਨ। ਮੈਂ ਸੋਚ ਰਿਹਾ ਹਾਂ ਜੇ ਮੇਰੀ ਕਵਿਤਾ ਪਾਰਟੀ ਦੇ ਰਹਿਮ ਉੱਤੇ ਹੀ ਹੈ, ਤਾਂ ਫੇਰ ਇਹ ਕਾਹਦੀ ਕਵਿਤਾ ਹੋਈ"...... ਉਹ ਆਪਣੀ ਕਵਿਤਾ ਤੋਂ ਨਿਰਾਸ਼ ਹੋ ਗਿਆ ਸੀ ਅਤੇ ਆਗੂਆਂ ਨਾਲ ਨਰਾਜ਼ ਹੋ ਗਿਆ ਸੀ। ਖਟਕੜਾਂ ਵਾਲੇ ਦੋਸਤਾਂ... ... ਦਰਸ਼ਨ ਖਟਕੜ, ਜਸਵੰਤ ਖਟਕੜ, ਦੀਪ ਕਲੇਰ, ਪਰਮਜੀਤ ਦੇਹਲ ਤੋਂ ਵੀ ਦੂਰੀ ਬਣਾਉਣ ਲੱਗ ਪਿਆ ਸੀ। ਉਨ੍ਹਾਂ ਨੂੰ ਮਿਲਣਾ-ਗਿਲਣਾ ਲੱਗਭੱਗ ਬੰਦ ਸੀ।

ਦਰਸ਼ਨ ਖਟਕੜ ਵੱਲੋਂ ਉਸ ਨੂੰ ਲਿਖੇ ਇਕ ਪੱਤਰ ਦੇ ਜਵਾਬ ਵਿੱਚ ਨੌਂ ਅਗਸਤ, 1974 ਨੂੰ ਉਸ ਨੇ ਲਿਖਿਆ ਸੀ:-

"ਪਿਆਰੇ ਦਰਸ਼ਨ ਖਟਕੜ, ਤੁਹਾਡੇ ਪੱਤਰ ਲਈ ਧੰਨਵਾਦੀ ਹਾਂ। ਮੈਂ ਤਾਂ ਸਮਝੀ ਬੈਠਾ ਸਾਂ ਕਿ ਹੁਣ ਮੇਲੇ ਕਦੇ ਨਹੀਂ ਹੋਣਗੇ। ਅਸਲ ਵਿੱਚ ਜਦੋਂ ਆਪਾਂ ਨਕੋਦਰ ਲਾਗੇ ਇਕ ਪਿੰਡ ਵਿੱਚ ਕੁਦਰਤੀ ਮਿਲ ਗਏ ਸਾਂ, ਉਦੋਂ ਤੋਂ ਹੀ ਮੈਨੂੰ ਲੱਗ ਰਿਹਾ ਹੈ ਕਿ ਹੁਣ ਮਿਲਣ-ਗਿਲਣ ਦਾ ਬਹੁਤਾ ਲਾਭ ਨਹੀਂ ਹੋਣਾ। ਕਿਉਂ ਨਾ ਤੁਹਾਥੋਂ ਪਰ੍ਹੇ ਰਹਿ ਕੇ, ਤੁਹਾਡੀ ਸ਼ਖ਼ਸੀਅਤ ਪ੍ਰਤੀ ਆਪਣੇ ਅੰਤਾਂ ਦੇ ਮੋਹ ਅਤੇ ਸਤਿਕਾਰ ਨੂੰ ਸੁਰੱਖਿਅਤ ਰੱਖਣੇ ਦੀਆਂ ਲੱਜ਼ਤਾਂ ਮਾਣਾਂ, ਪਰ ਇਹ ਵੀ ਕੋਈ ਸੁਪਨ-ਖਿਆਲੀ ਸੀ। ਅੰਦਰਲੇ ਸੱਚ ਤੋਂ ਭੱਜਣਾ ਬਹੁਤ ਔਖਾ ਹੈ, ਦੋਸਤ... ... ਬੰਗੇ ਆ ਕੇ ਵੀ ਤੁਹਾਡੇ ਪਿੰਡ ਨਾ ਆਉਣ ਬਾਰੇ? ਕੋਈ ਨਹੀਂ ਚਾਹੇਗਾ, ਮਹਾਨ ਸ਼ਹੀਦਾਂ ਅਤੇ ਪਿਆਰੇ ਯਾਰਾਂ ਦੀ ਧਰਤੀ ਨੂੰ ਪ੍ਰਣਾਮ ਕਰਨਾ। ਮੈਂ ਤਾਂ ਇਸ ਪਿੰਡ ਦੇ ਜ਼ਰਰੇ-ਜ਼ਰਰੇ ਤੋਂ ਕੁਰਬਾਨ ਹਾਂ... ... ਪਰ ਮੈਂ ਬਹੁਤ ਸਰੀਰਕ ਹੋ ਗਿਆ ਹਾਂ...... ਰੂਹ ਅਤੇ ਜਿਸਮਾਂ ਦੇ ਵਿਰੋਧਾਂ ਨੂੰ ਮੈਥੋਂ ਹੱਲ ਨਹੀਂ ਕਰ ਹੁੰਦਾ। ਇਕ ਕਹਾਣੀ ਸੁਣਾਵਾਂ?...... ਯੂਰਪ ਵਿੱਚ ਜਦੋਂ ਨਾਜ਼ੀ ਛਾ ਰਹੇ ਸਨ ਤਾਂ ਇਕ ਮੁਲਕ ਦੇ ਅਦੀਬ ਨੂੰ ਦੂਜੇ ਮੁਲਕ ਦੇ ਅਦੀਬ ਨੇ ਫ਼ਿਕਰ ਨਾਲ ਖ਼ਤ ਲਿਖਿਆ... ... "ਤੇਰਾ ਪਿੰਡ ਸਰਹੱਦ ਤੋਂ ਕਿੰਨਾ ਕੁ ਦੂਰ ਹੈ?" (ਪਿੰਡ ਉਸ ਵੇਲੇ ਹੱਦ ਤੋਂ ਤਿੰਨ ਕੁ ਮੀਲ ਸੀ) ਉਸ ਨੇ ਉੱਤਰ ਦਿੱਤਾ, 'ਦੋਸਤਾਂ ਲਈ ਸਿਰਫ਼ ਦਸ ਮਿੰਟ ਦਾ ਰਾਹ ਹੈ ਪਰ ਦੁਸ਼ਮਣ ਲਈ ਕਦੇ ਵੀ ਨਾ ਤੈਅ ਹੋਣ ਵਾਲਾ'। ਮੈਂ ਇਸ ਵਿੱਚੋਂ 'ਦੁਸ਼ਮਣ' ਸ਼ਬਦ ਕੱਟਦਾ ਹਾਂ, ਇਸ ਦੀ ਥਾਂ ਕੀ ਭਰਨਾ ਹੈ, ਮੈਨੂੰ ਪਤਾ ਨਹੀਂ। (ਪਾਸ਼ 9.8.74)

ਇਨ੍ਹਾਂ ਦਿਨਾਂ ਵਿੱਚ ਅਸੀਂ ਲੱਗਭੱਗ ਰੋਜ਼ ਮਿਲਦੇ, ਜੰਡਿਆਲੇ ਦੇ ਬੱਸ ਅੱਡੇ ਉੱਤੇ ਮਿੰਦੀ ਦੀ ਦੁਕਾਨ ਉੱਤੇ ਘੰਟਿਆਂਬੱਧੀ ਚਾਹ ਪੀਂਦੇ ਰਹਿੰਦੇ। ਬੱਸ ਅੱਡੇ 'ਤੇ ਕੋਈ ਮਦਾਰੀ ਆ ਜਾਂਦਾ ਤਾਂ ਉਹ ਉਸ ਦਾ ਜਮੂਰਾ ਬਣ ਕੇ ਬੈਠ ਜਾਂਦਾ... ... ਸ਼ਰਾਰਤੀ ਅੰਦਾਜ਼ ਵਿੱਚ ਸਾਨੂੰ ਤਰ੍ਹਾਂ-ਤਰ੍ਹਾਂ ਦੀਆਂ ਕਹਾਣੀਆਂ ਸੁਣਾਉਂਦਾ... ... ਸ਼ਖ਼ਸੀਅਤ ਦਾ ਵਿਕਾਸ ਕਰਨ ਦੇ ਨੁਸਖੇ ਸਮਝਾਉਂਦਾ... ... ਇਕ ਦਿਨ ਕਹਿਣ ਲੱਗਾ... ... "ਰੋਹਬਦਾਰ ਸ਼ਖ਼ਸੀਅਤ ਲਈ ਅੱਖਾਂ ਲਾਲ ਰੱਖਣੀਆਂ ਜ਼ਰੂਰੀ ਹੁੰਦੀਆਂ ਹਨ।" ਮੈਂ ਕਿਹਾ ਇਹ ਕਿਵੇਂ ਹੋ ਜਾਵੇਗਾ। ਕਹਿੰਦਾ ਮੇਰੀਆਂ ਅੱਖਾਂ ਵਿੱਚ ਵੇਖ, ਮੈਂ ਵੇਖਿਆ ਸੱਚੀਂ-ਮੁੱਚੀਂ ਲਾਲ ਸਨ। ਕਹਿੰਦਾ, ਪੁੱਛ ਮੈਂ ਕਿਵੇਂ ਲਾਲ ਕੀਤੀਆਂ। ਮੈਂ ਕਿਹਾ, ਦੱਸ... ਕਹਿੰਦਾ "ਸਵੇਰੇ-ਸਵੇਰੇ ਇਕ ਲਾਲ ਬੱਲਬ ਜਗਾ ਕੇ ਲਗਾਤਾਰ ਉਸ ਵੱਲ ਵੇਖੀ ਜਾਓ, ਅੱਖਾਂ ਵਿੱਚ ਲਾਲੀ ਭਰ ਜਾਵੇਗੀ। ਸਾਰਾ ਦਿਨ ਕਿਤੇ ਨਹੀਂ ਜਾਂਦੀ..." ਉਸ ਦੀ ਇਹ ਗੱਲ ਵੀ ਉਨ੍ਹਾਂ ਬਹੁਤ ਸਾਰੀਆਂ ਗੱਲਾਂ ਵਾਂਗ ਹੀ ਸੀ, ਜਿਨ੍ਹਾਂ ਬਾਰੇ ਮੈਂ ਜਾਣਦਾ ਸਾਂ ਕਿ ਉਸ ਦੇ ਸ਼ਰਾਰਤੀ ਸੁਭਾਅ ਦੀ ਉਪਜ ਹੀ ਹੈ। ਅਸਲ ਵਿੱਚ ਇਹ ਆਪ ਵੀ ਅਜਿਹਾ ਕੁਝ ਨਹੀਂ ਕਰਦਾ। ਸਰਵਨ ਰਾਹੀ ਨੂੰ ਉਸ ਨੇ ਮਹੀਨਿਆਂ ਤੱਕ ਇਹ ਕਹਿ ਕੇ ਆਪਣੇ ਮਗਰ ਲਗਾ ਰੱਖਿਆ ਕਿ ਖੁਸ਼ਵੰਤ ਸਿੰਘ ਨੇ ਇਲਸਟਰਡ ਵੀਕਲੀ ਲਈ ਉਸ ਦੀਆਂ ਗ਼ਜ਼ਲਾਂ ਮੰਗਵਾਈਆਂ ਹਨ, ਜਿਹੜੀਆਂ ਅੰਗਰੇਜ਼ੀ ਵਿੱਚ ਅਨੁਵਾਦ ਕਰਕੇ ਉਹ ਜਲਦੀ ਭੇਜ ਰਿਹਾ ਹੈ। ਸਰਵਣ ਰਾਹੀ ਲੰਮੇ ਸਮੇਂ ਤੱਕ ਆਪਣੀਆਂ ਅੰਗਰੇਜ਼ੀ ਵਿੱਚ ਛਪਣ ਵਾਲੀਆਂ ਗ਼ਜ਼ਲਾਂ ਲੱਭਣ ਲਈ ਬੁੱਕ ਸਟਾਲਾਂ ਤੋਂ ਹਰ ਹਫ਼ਤੇ ਇਲਸਟਰੇਟਿਡ ਵੀਕਲੀ ਲੱਭਦਾ ਰਿਹਾ ਸੀ।

ਸ਼ਿਵ ਕੁਮਾਰ ਦੀ ਪ੍ਰਗੀਤਕ ਕਵਿਤਾ ਅਤੇ ਸੁਰਜੀਤ ਪਾਤਰ ਦੀ ਗ਼ਜ਼ਲਕਾਰੀ ਬਾਰੇ ਉਹ ਬਹੁਤ ਕੌੜਾ ਬੋਲਦਾ... ... ਆਪ ਉਹ ਦੋਸਤਾਂ ਦੇ ਨਾਲ-ਨਾਲ ਕਵਿਤਾ ਤੋਂ ਵੀ ਬੇਮੁਖ ਹੋ ਰਿਹਾ ਸੀ। ਕਵਿਤਾ ਤੋਂ ਬੇਮੁਖਤਾ ਦੀ ਗੱਲ ਚੱਲੀ ਤਾਂ ਕਹਿਣ ਲੱਗਾ, ਹੁਣ ਮਸਲੇ ਮੁੱਕ ਗਏ ਹਨ। ਮੈਂ ਹੈਰਾਨੀ ਪ੍ਰਗਟ ਕੀਤੀ ਤਾਂ ਕਹਿੰਦਾ, ਪਹਿਲਾਂ ਮੇਰੇ ਸਾਹਮਣੇ ਇਕ ਮਕਸਦ ਸੀ, ਜਿਸ ਤੋਂ ਮੈਂ ਨਿਰਾਸ਼ ਹੋ ਗਿਆ ਹਾਂ। ਜੇਲ੍ਹ ਵਿੱਚ ਸੀ ਤਾਂ ਪਿੰਡ ਯਾਦ ਆਉਂਦਾ ਸੀ, ਬਾਹਰ ਆ ਗਿਆ ਹਾਂ ਤਾਂ ਉਹ ਗੱਲ ਵੀ ਖ਼ਤਮ ਹੋ ਗਈ... ... ਇਨ੍ਹਾਂ ਦਿਨਾਂ ਵਿੱਚ ਅਸੀਂ (ਅਖ਼ਤਰ ਹੁਸੈਨ, ਤਰਸੇਮ ਜੰਡਿਆਲਾ, ਦੇਵਿੰਦਰ ਜੌਹਲ ਅਤੇ ਮੈਂ) ਇਕ ਮਾਸਿਕ ਪੱਤਰ 'ਸੰਦਰਭ' ਸ਼ੁਰੂ ਕੀਤਾ ਸੀ। ਮੈਂ ਪਾਸ਼ ਨੂੰ ਕਿਹਾ, "ਜੋ ਕੁਝ ਤੂੰ ਸੋਚਦਾਂ, ਉਸ ਬਾਰੇ ਤੇਰੀ ਮੁਲਾਕਾਤ 'ਸੰਦਰਭ' ਵਿੱਚ ਛਾਪਣੀ ਹੈ।" ਉਹ ਤਿਆਰ ਹੋ ਗਿਆ। ਦੇਵਿੰਦਰ ਜੌਹਲ (ਮੇਰਾ ਛੋਟਾ ਭਰਾ) ਨੇ ਇਹ ਮੁਲਾਕਾਤ ਕੀਤੀ। ਉਸ ਨੇ ਬਹੁਤ ਸਾਰੀਆਂ ਗੱਲਾਂ ਬਹੁਤ ਬੇਬਾਕੀ ਨਾਲ ਕੀਤੀਆਂ।

ਇਸ ਮੁਲਾਕਾਤ ਦੀ ਸਭ ਤੋਂ ਮੁੱਲਵਾਨ ਪ੍ਰਾਪਤੀ ਇਹ ਸੀ ਕਿ ਇਹ ਸੰਵਾਦ ਇਸ ਨੁਕਤੇ ਉੱਤੇ ਪਹੁੰਚ ਗਿਆ ਕਿ ਪਾਸ਼ ਨੇ ਇਕਦਮ ਕਿਹਾ:-

"ਹੁਣ ਮੈਂ ਲਿਖਾਂਗਾ", ਇਸੇ ਸਿਰਲੇਖ ਹੇਠ ਇਹ ਮੁਲਾਕਾਤ 'ਸੰਦਰਭ' ਵਿੱਚ ਛਾਪੀ ਗਈ ... ਇਸ ਤੋਂ ਬਾਅਦ ਉਸ ਦੀ ਕਿਤਾਬ ਆਈ 'ਸਾਡੇ ਸਮਿਆਂ ਵਿੱਚ' ਇਸ ਕਿਤਾਬ ਦੇ ਮੁੱਖ ਬੰਦ ਵਿੱਚ ਉਸ ਨੇ ਲਿਖਿਆ ਸੀ :-

"ਪਾਰਟੀ ਲੇਬਲਾਂ ਤੋਂ ਪਿੱਛਾ ਛੁਡਾਉਣ ਲਈ ਮੈਨੂੰ ਪਤਾ ਨਹੀਂ ਕੀ-ਕੀ ਸ਼ਰਾਰਤਾਂ ਕਰਨੀਆਂ ਪਈਆਂ। ਰਾਜਨੀਤਕ ਸਰਗਰਮੀਆਂ ਵਿੱਚੋਂ ਹੱਥ ਖਿੱਚ ਲੈਣ ਨਾਲ ਕੁਦਰਤੀ ਹੀ ਸੀ ਕਿ ਮੇਰੀ ਕਵਿਤਾ ਅੰਤਰਮੁਖਤਾ ਵੱਲ ਵਧ ਜਾਂਦੀ।"

ਇਹ ਅੰਤਰਮੁਖਤਾ ਉਸ ਦੀ ਸਮਾਜ ਸ਼ਾਸਤਰੀ ਪਹੁੰਚ ਦਾ ਇਕ ਪਾਸਾਰ ਹੈ, ਜਿਸ ਨੇ ਉਸ ਨੂੰ ਕਾਵਿ ਸਿਰਜਣਾ ਦੇ ਨਾਲ-ਨਾਲ ਇਕ ਗਹਿਰੇ ਸੋਚਸ਼ੀਲ ਵਿਅਕਤੀ ਵਜੋਂ ਹਮੇਸ਼ਾ ਜਿਉਂਦੇ ਰੱਖਿਆ। ਇਕ ਅਜਿਹੇ ਵਿਅਕਤੀ ਵਜੋਂ, ਜਿਸ ਨੇ ਸਿਧਾਂਤ ਅਤੇ ਵਿਚਾਰਧਾਰਾ ਨੂੰ ਇਕ ਆਦਰਸ਼ਕ ਖੜੋਤ ਵਾਂਗ ਗ੍ਰਹਿਣ ਨਾ ਕਰਦੇ ਹੋਏ, ਇਸ ਦੀ ਗਤੀਸ਼ੀਲਤਾ ਨੂੰ ਪਛਾਣਿਆ। ਇਸ ਪਛਾਣ ਨੇ ਉਸ ਨੂੰ ਇਕ ਅੰਧ-ਵਿਸ਼ਵਾਸੀ ਰੋਮਾਂਟਿਕ ਕਾਰਕੁੰਨ ਤੋਂ ਇਕ ਵਾਸਤਵਿਕ ਚਿੰਤਕ ਤੱਕ ਵਿਸਥਾਰ ਦਿੱਤਾ। ਇਸੇ ਪਹੁੰਚ ਨੇ ਉਸ ਦੀ ਕਵਿਤਾ ਨੂੰ ਵਾਸਤਵਿਕ-ਵਿਸ਼ਲੇਸ਼ਣ ਵਾਲੀ ਦਾਰਸ਼ਨਿਕ ਕਵਿਤਾ ਤੱਕ ਫੈਲਾਅ ਦਿੱਤਾ:-

ਇਹ ਸ਼ਰਮਨਾਕ ਹਾਦਸਾ
ਸਾਡੇ ਹੀ ਸਮਿਆਂ ਨਾਲ ਹੋਣਾ ਸੀ
ਕਿ ਦੁਨੀਆ ਦੇ ਸਭ ਤੋਂ ਪਵਿੱਤਰ
ਹਰਫ਼ਾਂ ਨੇ
ਬਣ ਜਾਣਾ ਸੀ ਸਿੰਘਾਸਣ ਦੇ ਪੌਡੇ
ਮਾਰਕਸ ਦਾ ਸ਼ੇਰ ਵਰਗਾ ਸਿਰ
ਦਿੱਲੀ ਦੀਆਂ ਭੂਲ-ਭੁਲਾਈਆਂ ਵਿੱਚ
ਮਿਆਂਕਦਾ ਫਿਰਦਾ
ਅਸੀਂ ਹੀ ਤੱਲਣਾ ਸੀ
ਮੇਰੇ ਯਾਰੋ
ਇਹ ਕੁਫ਼ਰ ਸਾਡੇ ਹੀ ਸਮਿਆਂ ਵਿੱਚ ਹੋਣਾ ਸੀ ...

ਸਮਾਜ ਨੂੰ ਬਦਲਣ ਲਈ ਤੁਰੇ ਇਕ ਸੱਚੇ-ਸੁੱਚੇ ਨੌਜਵਾਨ ਦੇ ਆਦਰਸ਼ਾਂ ਦਾ ਇਸ ਤਰ੍ਹਾਂ ਟੁੱਟਣਾ ਅਤੇ ਉਸ ਦੀ ਸਿਰਜਣਾਤਮਿਕ ਸਮਰੱਥਾ ਵਿੱਚ ਇਸ ਟੁੱਟ-ਭੱਜ ਦਾ ਇਸ ਤਰ੍ਹਾਂ ਓਤ-ਪੋਤ ਹੋ ਜਾਣਾ ਹੀ ਪਾਸ਼ ਦਾ ਸੰਤਾਪ ਸੀ।

ਇਸੇ ਸੰਤਾਪ ਨੇ ਉਸ ਨੂੰ ਬੇਹੱਦ ਸ਼ਿੱਦਤ ਨਾਲ ਉਹ ਟੇਢ ਵੀ ਪ੍ਰਦਾਨ ਕਰ ਦਿੱਤੀ, ਜੋ ਆਪਣੀਆਂ ਰਾਜਨੀਤਕ ਅਤੇ ਸੱਭਿਆਚਾਰਕ ਰਹਿਤਲਾਂ ਵਿੱਚੋਂ ਬਾਹਰ ਆਉਣ ਲਈ ਭਾਰਤੀ ਸਮਾਜ ਲਈ ਬੇਹੱਦ ਜ਼ਰੂਰੀ ਹੈ। ਆਪਣੀ ਇਸ ਤੀਸਰੀ ਅੱਖ ਦੇ ਖੁੱਲ੍ਹਣ ਨਾਲ ਪੈਦਾ ਹੋਣ ਵਾਲੇ ਖ਼ਤਰੇ ਤੋਂ ਉਹ ਵਾਕਿਫ਼ ਸੀ:-

ਚਾਹੁਣ ਲੱਗਦਾ ਹਾਂ
ਪਲ ਦੀ ਪਲ
ਅਚਾਨਕ ਆਏ ਕਿਤੋਂ
ਉਹ ਨਿਊਟਨ ਦਾ ਦਰਵੇਸ਼ ਡਾਇਮੰਡ
ਫਿਰ ਸੁਣੇ ਇਕ ਵਾਰ ਬਲਦੀ ਮੋਮਬੱਤੀ
ਮੇਰੇ ਜ਼ਿਹਨ ਦੀ ਖੁੱਲ੍ਹੀ ਦਰਾਜ਼ ਵਿੱਚ
ਏਸ ਤੋਂ ਪਹਿਲਾਂ ਕਿ
ਮੇਰੇ ਜ਼ਿਹਨ ਵਿੱਚ ਮੌਜੂਦ
ਕੁੱਲ ਅਧੂਰੀਆਂ ਇਤਲਾਹਾਂ
ਕਿਸੇ ਸਿਧਾਂਤ ਵਿੱਚ ਵਟਣ
ਉਨ੍ਹਾਂ ਨੂੰ ਸਾੜ ਦਏ
ਉਨ੍ਹਾਂ ਦੇ ਨਾ ਸੜਨ ਵਿੱਚ
ਬਹੁਤ ਖ਼ਤਰਾ ਹੈ-

ਉਸ ਦਾ ਇਹ ਕਾਵਿ-ਬਿਆਨ ਕਮਿਊਨਿਸਟ ਸਿਧਾਂਤ ਦੇ ਪ੍ਰਾਪਤ ਪਰਿਪੇਖ ਦੇ ਵਿਰੋਧ ਵਿੱਚ ਇਕ ਨਵੇਂ ਵਿਸਥਾਰ ਦੀ ਸਿਰਜਣਾ ਦਾ ਸੰਕੇਤ ਦਿੰਦਾ ਹੈ। ਉਸ ਦੀਆਂ ਕਿਆਸ-ਅਰਾਈਆਂ ਵਿੱਚ ਉਸ ਦੀ ਚਿੰਤਨਸ਼ੀਲਤਾ ਵਿੱਚ, ਇਸ ਨਵੇਂ ਵਿਸਥਾਰ ਦੀ ਰੂਪਰੇਖਾ ਕੀ ਸੀ? ਇਸ ਦੀ ਤਲਾਸ਼ ਵਿੱਚ ਰੁੱਝਿਆ ਹੋਇਆ ਪਾਸ਼ ਪੰਜਾਬ ਸੰਕਟ ਦੇ ਸਭ ਤੋਂ ਭਿਆਨਕ ਦਿਨਾਂ ਵਿੱਚ ਅਮਰੀਕਾ ਚਲਾ ਗਿਆ। ਉਹ ਐਂਟੀ-47 ਫਰੰਟ ਨਾਲ ਜੁੜ ਗਿਆ ਅਤੇ ਆਪਣੀਆਂ ਸਰਗਰਮੀਆਂ ਕਾਰਨ ਮੂਲਵਾਦੀਆਂ ਦੀਆਂ ਅੱਖਾਂ ਵਿੱਚ ਬੁਰੀ ਤਰ੍ਹਾਂ ਰੜਕਣ ਲੱਗਾ। ਕੁਝ ਹੀ ਸਾਲਾਂ ਬਾਅਦ 1988 ਦੇ ਸ਼ੁਰੂ ਵਿੱਚ ਉਹ ਆਪਣੇ ਵੀਜ਼ੇ ਦੇ ਨਵੀਨੀਕਰਨ ਲਈ ਇਧਰ ਆਇਆ ਹੋਇਆ ਸੀ ...

ਡੀ.ਏ.ਵੀ. ਕਾਲਜ ਨਕੋਦਰ ਵਿਖੇ ਇਕ ਕਵੀ ਦਰਬਾਰ ਵਿੱਚ ਸ਼ਾਮਲ ਹੋਣ ਲਈ ਮੈਂ ਅਤੇ ਸਵਿਤੋਜ (ਸਵਰਗੀ) ਵੀ ਗਏ ਹੋਏ ਸਾਂ। ਹਾਲ ਵਿੱਚ ਬੈਠੇ ਆਪਣੀ ਕਵਿਤਾ ਦੀ ਉਡੀਕ ਕਰ ਰਹੇ ਸਾਂ ਕਿ ਪਰਮਜੀਤ ਦੇਹਲ ਨੇ ਪਿੱਛਿਓਂ ਆ ਕੇ ਮੇਰਾ ਮੋਢਾ ਥਪਥਪਾਇਆ "ਬਾਹਰ ਆਓ ਤੁਹਾਨੂੰ ਪਾਸ਼ ਬੁਲਾ ਰਿਹਾ ਹੈ" ਮੈਂ ਕਿਹਾ। ਉਹ ਕਦੋਂ ਆ ਗਿਆ। ਕਹਿੰਦਾ, "ਕਈ ਦਿਨ ਹੋ ਗਏ ਆਏ ਨੂੰ। ਬਾਹਰ ਲਾਅਨ ਵਿਚ ਬੈਠੈ।" ਅਸੀਂ ਉੱਠ ਕੇ ਬਾਹਰ ਚਲੇ ਗਏ। ਉਹ ਸਾਨੂੰ ਉੱਠ ਕੇ ਜੱਫ਼ੀ ਪਾ ਕੇ ਮਿਲਿਆ। ਅਸੀਂ ਉਥੇ ਹੀ ਬੈਠ ਗਏ। ਅਸੀਂ ਕਿਹਾ, "ਸਾਡੀ ਕਵਿਤਾ ਸੁਣਾਉਣ ਦੀ ਵਾਰੀ ਆਉਣ ਵਾਲੀ ਹੈ। ਚਲੋ ਅੰਦਰ ਚੱਲੀਏ"। ਉਹ ਵੀ ਅਤੇ ਬਾਕੀ ਸਾਰੇ ਦੋਸਤ ਵੀ ਸਾਡੇ ਨਾਲ ਅੰਦਰ ਚਲੇ ਗਏ... ... ਇਹ ਪਹਿਲੀ ਵਾਰ ਸੀ ਕਿ ਦੋਸਤਾਂ ਦੇ ਕਹਿਣ 'ਤੇ ਉਹ ਕਵੀ ਦਰਬਾਰ ਵਿੱਚ ਆਪਣੀ ਕਵਿਤਾ ਵੀ ਸੁਣਾਉਣ ਲਈ ਰਾਜ਼ੀ ਹੋ ਗਿਆ। ਨਹੀਂ ਤਾਂ ਸਾਡੇ ਕਈ ਵਾਰ ਕੋਸ਼ਿਸ਼ ਕਰਨ ਉੱਤੇ ਵੀ ਉਹ ਕਿਸੇ ਕਵੀ ਦਰਬਾਰ ਵਿੱਚ, ਇੱਥੋਂ ਤੱਕ ਕਿ ਦੂਰਦਰਸ਼ਨ ਦੇ ਕਵੀ ਦਰਬਾਰਾਂ ਵਿੱਚ ਵੀ ਕਦੇ ਸ਼ਾਮਲ ਨਾ ਹੁੰਦਾ। ਕਈ ਵਾਰ ਚੱਲਦੇ ਕਵੀ ਦਰਬਾਰਾਂ ਵਿੱਚ ਨਾਵਾਂ-ਕੁਨਾਵਾਂ ਦੀਆਂ ਪਰਚੀਆਂ ਭੇਜ ਕੇ ਸਟੇਜ ਸਕੱਤਰਾਂ ਨੂੰ ਪਰੇਸ਼ਾਨ ਕਰਦਾ ਰਹਿੰਦਾ, ਪਰ ਅੱਜ ਉਹ ਆਪਣੀ ਕਵਿਤਾ ਸੁਣਾਉਣ ਲਈ ਮਾਈਕ ਉੱਤੇ ਪਹੁੰਚ ਚੁੱਕਾ ਸੀ:-

ਸਭ ਤੋਂ ਖ਼ਤਰਨਾਕ ਹੁੰਦਾ ਹੈ
ਮੁਰਦਾ ਸ਼ਾਂਤੀ ਨਾਲ ਭਰ ਜਾਣਾ
ਨਾ ਹੋਣਾ ਤੜਪ ਦਾ
ਸਭ ਕੁਝ ਸਹਿਣ ਕਰ ਜਾਣਾ
ਘਰਾਂ ਤੋਂ ਨਿਕਲਣਾ ਕੰਮ 'ਤੇ
ਤੇ ਕੰਮ ਤੋਂ ਘਰ ਆਉਣਾ
ਸਭ ਤੋਂ ਖ਼ਤਰਨਾਕ ਹੁੰਦਾ ਹੈ
ਸਾਡੇ ਸੁਪਨਿਆਂ ਦਾ ਮਰ ਜਾਣਾ ...

ਇਹ ਕਵਿਤਾ ਉਸ ਨੇ ਪਹਿਲੀ ਵਾਰ ਇਸੇ ਕਵੀ ਦਰਬਾਰ ਵਿੱਚ ਪੜ੍ਹੀ। ਸ਼ਾਇਦ ਇਹ ਕਵਿਤਾ ਉਸ ਵੱਲੋਂ ਲਿਖੀ ਗਈ ਸਭ ਤੋਂ ਆਖ਼ਰੀ ਕਵਿਤਾ ਹੈ। ਇਸ ਕਵੀ ਦਰਬਾਰ ਤੋਂ ਕੁਝ ਦਿਨਾਂ ਬਾਅਦ ਉਹ ਮੈਨੂੰ ਜਲੰਧਰ ਬੱਸ ਅੱਡੇ ਉੱਤੇ ਮਿਲਿਆ। ਮੈਂ ਦੂਰਦਰਸ਼ਨ ਪਹੁੰਚਣ ਲਈ ਸਾਈਕਲ ਸਟੈਂਡ ਤੋਂ ਆਪਣਾ ਸਾਈਕਲ ਲੈਣਾ ਸੀ ਅਤੇ ਉਹ ਕਿਤੇ ਹੋਰ ਜਾਣ ਲਈ ਰਿਕਸ਼ਾ ਲੈ ਰਿਹਾ ਸੀ। ਖੜੇ-ਖੜੇ ਮੈਂ ਉਸ ਨੂੰ ਦੱਸਿਆ, "ਮੈਂ ਜੋ ਐੱਮ.ਫਿੱਲ ਦੇ ਆਪਣੇ ਥੀਸਿਸ ਵਿੱਚ ਤੇਰੇ ਬਾਰੇ ਵੀ ਲਿਖਿਆ ਹੈ, ਹੁਣ ਮੈਂ ਉਸ ਦੀ ਕਿਤਾਬ ਛਪਵਾ ਰਿਹਾਂ।" ਉਹ ਉੱਚੀ ਦੇਣੀ ਹੱਸਿਆ, ਮੈਨੂੰ ਗਾਲ੍ਹ ਕੱਢ ਕੇ ਕਹਿੰਦਾ, "ਤੂੰ ਹੁਣ ਮੇਰੇ 'ਤੇ ਗਾਈਡਾਂ ਲਿਖੂੰਗਾ?" ਮੈਂ ਕੱਚਾ ਜਿਹਾ ਹੋ ਗਿਆ। ਉਹ ਰਿਕਸ਼ੇ 'ਤੇ ਬੈਠ ਕੇ ਚਲਾ ਗਿਆ। ਮੈਂ ਮੰਦ-ਮੰਦ ਮੁਸਕਰਾਉਂਦਾ ਆਪਣਾ ਸਾਈਕਲ ਚੁੱਕਣ ਸਾਈਕਲ ਸਟੈਂਡ ਅੰਦਰ ਜਾ ਵੜਿਆ ... ...

ਅੱਜ 23 ਮਾਰਚ, 1988 ਸੀ, ਜਲੰਧਰ ਦੂਰਦਰਸ਼ਨ ਦੇ ਗੇਟ ਉੱਤੇ ਲੇਖਕਾਂ ਨੇ ਧਰਨਾ ਮਾਰਿਆ ਸੀ। ਮੰਗਾਂ ਸਨ ਕਿ ਉਨ੍ਹਾਂ ਨੂੰ ਕਵੀ ਦਰਬਾਰਾਂ ਵਿੱਚ ਬਹੁਤਾ ਸਮਾਂ ਨਹੀਂ ਮਿਲਦਾ। ... ... ਬਾਹਰ ਭਾਸ਼ਣ ਚੱਲ ਰਹੇ ਸਨ। ਅੰਦਰ ਅਸੀਂ ਲੇਖਕਾਂ ਦੀਆਂ ਮੰਗਾਂ ਬਾਰੇ ਵਿਚਾਰ ਕਰ ਰਹੇ ਸਾਂ।

ਅਚਾਨਕ ਖ਼ਬਰ ਆਈ ਕਿ ਪਾਸ਼ ਅਤੇ ਉਸ ਦੇ ਦੋਸਤ ਹੰਸ ਰਾਜ ਨੂੰ ਗੋਲੀਆਂ ਵੱਜੀਆਂ ਹਨ ... ... ਅਤੇ ਉਨ੍ਹਾਂ ਦੀ ਮੌਤ ਹੋ ਗਈ ਹੈ। ਅਸੀਂ ਸੁੰਨ ਹੋ ਗਏ। ਫ਼ੈਸਲਾ ਹੋਇਆ ਕਿ ਬਾਹਰ ਲੇਖਕਾਂ ਨੂੰ ਵੀ ਇਹ ਖ਼ਬਰ ਦੱਸ ਦਿੱਤੀ ਜਾਵੇ। ਡਲਕਦੀਆਂ ਅੱਖਾਂ ਅਤੇ ਭਰੇ ਹੋਏ ਮਨ ਨਾਲ ਮੈਂ ਇਹ ਖ਼ਬਰ ਲੇਖਕਾਂ ਨਾਲ ਸਾਂਝੀ ਕੀਤੀ...... ਧਰਨਾ ਇਕਦਮ ਖ਼ਤਮ ਹੋ ਗਿਆ। ਰੋਹ ਭਰੇ ਸੋਗ ਦਾ ਸੰਨਾਟਾ ਚਾਰੇ ਪਾਸੇ ਪੱਸਰ ਗਿਆ।

ਪਾਸ਼ ਦੇ ਵਿਛੋੜੇ ਨੇ ਪਾਸ਼ ਨੂੰ ਇਕ ਮਿੱਥ ਵਾਂਗ ਸਥਾਪਤ ਕਰ ਦਿੱਤਾ, ਪਰ ਪਾਸ਼ ਦੇ ਅੰਤਹਕਰਨ ਵਿੱਚ ਚੱਲਦੇ ਕਮਿਊਨਿਸਟ ਸਿਧਾਂਤ ਦੀਆਂ ਨਵੀਆਂ ਪਰਤਾਂ ਖੁੱਲ੍ਹਣ ਦੇ ਵਿਸਥਾਰ ਨੂੰ ਅਤੇ ਪਾਰਟੀਆਂ ਦੀ ਪੈਂਤੜੇਬਾਜ਼ੀ ਉੱਤੇ ਪੁਨਰ ਵਿਚਾਰ ਦੇ ਪ੍ਰਵਾਹ ਨੂੰ, ਪਾਸ਼ ਦੀ ਇਸ ਮਿੱਥ ਸਥਾਪਨਾ ਨੇ ਰੋਕ ਲਿਆ।

ਪਾਸ਼ ਜਦੋਂ ਵੀ ਯਾਦ ਆਉਂਦਾ ਹੈ, ਉਸ ਦੀਆਂ ਨੁਕੀਲੀਆਂ ਅੱਖਾਂ ਵਿੱਚ ਤੈਰਦੀ ਦਿਭ ਦ੍ਰਿਸ਼ਟੀ ਵਿੱਚੋਂ ਉਹ ਚੇਸ਼ਟਾ ਸਾਫ਼ ਦਿਖਾਈ ਦਿੰਦੀ ਹੈ, ਜੋ ਇਕ ਨਵੇਂ ਸਮਾਜ ਦੀ ਸਿਰਜਣਾ ਅਤੇ ਸਾਹਿਤਕ-ਸੱਭਿਆਚਾਰਕ ਕਦਰਾਂ-ਕੀਮਤਾਂ ਦਾ ਨਿਵੇਕਲਾ ਨਿਰਮਾਣ ਕਰਨਾ ਚਾਹੁੰਦੀ ਸੀ।

ਉਸ ਨੇ ਪੰਜਾਬੀ ਕਵਿਤਾ ਨੂੰ ਵਿਦਰੋਹ ਦਾ ਉਹ ਮੁਹਾਵਰਾ ਪ੍ਰਦਾਨ ਕੀਤਾ, ਜਿਸ ਦੀ ਕੋਈ ਹੋਰ ਮਿਸਾਲ ਨਹੀਂ ਹੈ:-

ਮੈਂ ਉਮਰ ਭਰ ਜਿਸ ਦੇ ਖਿਲਾਫ਼
ਸੋਚਿਆ ਅਤੇ ਲਿਖਿਆ
ਜੇ ਉਸ ਦੇ ਸੋਗ ਵਿੱਚ
ਸਾਰਾ ਹੀ ਦੇਸ਼ ਸ਼ਾਮਲ ਹੈ
ਤਾਂ ਇਸ ਦੇਸ਼ 'ਚ ਮੇਰਾ ਨਾਂਅ ਕੱਟ ਦੇਵੋ
(ਬੇਦਖਲੀ ਲਈ ਬਿਨੈ ਪੱਤਰ)
ਹੱਥ ਜੇ ਹੋਣ ਤਾਂ
ਜੋੜਨ ਲਈ ਹੀ ਨਹੀਂ ਹੁੰਦੇ
ਨਾ ਦੁਸ਼ਮਣ ਸਾਹਮਣੇ
ਚੁੱਕਣ ਨੂੰ ਹੀ ਹੁੰਦੇ ਹਨ
ਇਹ ਗਿੱਚੀਆਂ ਮਰੋੜਨ ਲਈ
ਵੀ ਹੁੰਦੇ ਹਨ ...

ਤਿੱਖੀ ਰਾਜਨੀਤਕ ਚੇਤਨਾ ਅਤੇ ਸੂਖ਼ਮ ਸੰਵੇਦਨਾ ਵਾਲੀ ਉਸ ਦੀ ਕਵਿਤਾ ਬਹੁ-ਪਰਤੀ ਪਾਸਾਰਾਂ ਵਾਲੀ ਹੈ। ਪ੍ਰਚਲਿਤ ਮਿੱਥਾਂ ਨੂੰ ਅਤਿ ਸੂਖ਼ਮਤਾ ਨਾਲ ਤੋੜਨ ਵਾਲੀ ਇਹ ਕਵਿਤਾ ਸਮਕਾਲੀ ਸਥਿਤੀ ਨੂੰ ਅੰਦਰੋਂ-ਬਾਹਰੋਂ ਸਮਝਣ ਲਈ ਕਿਰਿਆਸ਼ੀਲ ਹੈ। ਸਿੱਧੇ ਸੰਬੋਧਨ ਦੀ ਇਹ ਕਵਿਤਾ ਨਾਹਰੇ ਵਾਂਗ ਦਿਸਦੀ ਹੋਈ ਵੀ ਨਾਹਰਾ ਨਹੀਂ ਹੈ। ਐਲਾਨ ਵਾਂਗ ਬੋਲਦੀ ਹੋਈ ਵੀ ਨਿਰਾ ਐਲਾਨ ਨਹੀਂ ਹੈ:-

ਮੇਰੇ ਤੋਂ ਆਸ ਨਾ ਕਰਿਓ
ਕਿ ਮੈਂ ਖੇਤਾਂ ਦਾ ਪੁੱਤ ਹੋ ਕੇ
ਥੋਡੇ ਚਗਲੇ ਸੁਆਦਾਂ ਦੀ ਗੱਲ ਕਰਾਂਗਾ
ਜਿਨ੍ਹਾਂ ਦੇ ਹੜ੍ਹ ਵਿੱਚ ਰੁੜ੍ਹ ਜਾਂਦੀ ਹੈ
ਸਾਡੇ ਬੱਚਿਆਂ ਦੀ ਤੋਤਲੀ ਕਵਿਤਾ
ਤੇ ਧੀਆਂ ਦਾ ਕੰਜਕ ਜਿਹਾ ਹਾਸਾ...

ਉਹ ਇਕੋ ਵੇਲੇ ਬੁਲੰਦ ਕਵੀ ਸੀ, ਅਤਿ ਦਰਜੇ ਦਾ ਗਹਿਰ-ਗੰਭੀਰ ਚਿੰਤਕ ਸੀ ਤੇ ਬੇਹੱਦ ਲਚਕੀਲਾ ਅਤੇ ਚੁਲਬੁਲਾ ਵਿਅਕਤੀ ਵੀ ਸੀ। ਉਸ ਦੀ ਸ਼ਖ਼ਸੀਅਤ ਦੀ ਏਹੀ ਵਿਲੱਖਣਤਾ, ਬਹੁਤ ਸਾਰੀਆਂ ਵਿਰੋਧਤਾਈਆਂ ਦੇ ਬਾਵਜੂਦ ਉਸ ਨੂੰ ਸਾਡਾ ਦੋਸਤ ਬਣਾਈ ਰੱਖਦੀ ਸੀ।

*ਮੋਬਾ. 94171-94812*

## ਬਾਲ ਕੋਨਾ

### ਹੋਲੀ ਆਈ

ਹੋਲ਼ੀ ਆਈ-ਹੋਲੀ ਆਈ
ਸਭ ਪਾਸੇ ਰੌਣਕ ਹੈ ਆਈ,
ਮੌਸਮ ਲੱਗੇ ਸਭ ਨੂੰ ਸੋਹਣਾ
ਆਸਮਾਨ ਵੀ ਹੈ ਮਨਮੋਹਣਾ,
ਪੰਛੀ-ਪਰਿੰਦੇ ਵੀ ਖੁਸ਼ੀ ਮਨਾਵਣ
ਰਲ਼-ਮਿਲ਼ ਪਰਮਾਤਮਾ ਦੇ ਗੁਣ ਗਾਵਣ,
ਵੈਰ-ਵਿਰੋਧ ਤੇ ਊਚ-ਨੀਚ ਦੀ
ਸਭ ਪਾਸੇ ਮਿਟ ਜਾਵੇ ਖਾਈ,
ਹੋਲੀ ਆਈ-ਹੋਲੀ ਆਈ
ਸਭ ਦੇ ਚਿਹਰੇ 'ਤੇ ਖੁਸ਼ੀ ਲਿਆਈ,
ਦੇਸ਼ ਦੀ ਖੁਸ਼ਹਾਲੀ ਲਈ ਕੰਮ ਕਰੀਏ
ਮਾਨਵਤਾ ਦੀ ਵੀ ਸਭ ਹਾਮੀ ਭਰੀਏ,
ਅੰਧ-ਵਿਸ਼ਵਾਸਾਂ ਵਿਰੁੱਧ ਅਲਖ ਜਗਾਈਏ
ਵਾਤਾਵਰਣ ਨੂੰ ਵੀ ਖੁਸ਼ਹਾਲ ਬਣਾਈਏ,
ਪ੍ਰਦੂਸ਼ਣ ਘਟਾ ਕੇ ਮਨਾਂ ਅੰਦਰਲਾ ਵੀ
ਸਭ ਨੂੰ ਪਿਆਰ-ਸਤਿਕਾਰ ਨਾਲ ਬੁਲਾਈਏ,
ਭੁਲਾ ਕੇ ਸਭ ਪੁਰਾਣੇ ਗਿਲੇ-ਸ਼ਿਕਵੇ
ਭਾਈਚਾਰਕ ਸਾਂਝ ਵਧਾਈਏ,
ਆਓ! ਛੋਟੇ-ਵੱਡੇ ਮਨ-ਮੁਟਾਵਾਂ ਨੂੰ ਭੁਲਾ ਕੇ
ਸਭ ਨਾਲ਼ ਵਿਚਾਰਕ ਸਾਂਝ ਮਿਲ਼ਾਈਏ,
ਛੋਟੇ-ਵੱਡੇ ਸਭ ਦਾ ਸਤਿਕਾਰ ਕਰਕੇ
ਸੋਹਣਾ ਤੇ ਖੁਸ਼ਹਾਲ ਸਮਾਜ ਬਣਾਈਏ,
ਕਰਕੇ ਚੰਗੇ-ਪਰਉਪਕਾਰੀ ਕੰਮ ਦੁਨੀਆ ਵਿੱਚ
ਇਨਸਾਨੀਅਤ ਦੇ ਪਹਿਰੇਦਾਰ ਬਣ ਜਾਈਏ,
ਹਰ ਚੰਗੀ ਸ਼ੁਰੂਆਤ ਖੁਦ ਤੋਂ ਕਰਕੇ
ਦੂਸਰਿਆਂ ਲਈ ਰਾਹ-ਦਸੇਰੇ ਬਣ ਜਾਈਏ,
ਆਓ! ਹੋਲੀ ਦਾ ਤਿਓਹਾਰ ਮਨਾਈਏ
ਸਮਾਜ ਤੇ ਦੇਸ਼ ਲਈ ਕੁਝ ਯੋਗਦਾਨ ਪਾਈਏ।

—ਸੰਜੀਵ ਧਰਮਾਣੀ




ਚਨਪ੍ਰੀਤ ਕੌਰ, ਦੂਜੀ, ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ



ਪ੍ਰਿਅੰਸ਼ੂ, ਦੂਜੀ, ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ



ਹਰਸਾਹਿਬ ਸਿੰਘ, ਦੂਜੀ, ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ



ਚਨਪ੍ਰੀਤ ਕੌਰ, ਦੂਜੀ, ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ



ਅੰਜਲੀ, ਪੰਜਵੀਂ, ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ

### ਮਹਿਮਾਨ

ਸਾਡੇ ਘਰ ਆਏ ਮਹਿਮਾਨ।
ਸਾਡੀ ਜ਼ਿੰਦਗੀ ਹੋ ਗਈ ਅਸਾਨ।
ਦੁਕਾਨ ਤੋਂ ਲਿਆਤਾ ਸਮਾਨ।
ਆਏ ਮਹਿਮਾਨ ਆਏ ਮਹਿਮਾਨ
ਏ ਸੀ ਕਮਰੇ ਵਿੱਚ ਬੈਠਗੇ ਮਹਿਮਾਨ
ਨਾਹ ਧੋ ਕੇ ਪੈ ਗਏ ਮਹਿਮਾਨ
ਕੱਲ੍ਹ ਨੂੰ ਚਲੇ ਜਾਣਗੇ ਮਹਿਮਾਨ
ਚੰਗੇ ਮਹਿਮਾਨ ਚੰਗੇ ਮਹਿਮਾਨ।

### ਤਿਤਲੀ

ਆ ਗੀ ਤਿਤਲੀ ਆ ਗੀ ਤਿਤਲੀ
ਵਿੱਚ ਆਸਮਾਨ ਛਾਅ ਗੀ ਤਿਤਲੀ
ਬੜੀ ਪਿਆਰੀ ਲੱਗਦੀ ਤਿਤਲੀ
ਰੰਗ ਬਿਰੰਗੀ ਸੀ ਤਿਤਲੀ
ਸਰ ਦੇ ਕੰਨ ਵਿੱਚ ਕੁਝ ਕਹਿ ਗੀ ਤਿਤਲੀ
ਮੈਂ ਪੁੱਛਿਆ ਕੀ ਕਹਿ ਗੀ ਤਿਤਲੀ
ਸਰ ਨੇ ਕਿਹਾ ਫੜ ਫੜ ਕਹਿ ਗਈ ਤਿਤਲੀ

— ਨੂਰ ਮੁਹੰਮਦ
ਜਮਾਤ ਚੌਥੀ, ਸਰਕਾਰੀ ਐਲੀਮੈਂਟਰੀ ਸਕੂਲ, ਅਸਰਪੁਰ, ਜ਼ਿਲ੍ਹਾ ਪਟਿਆਲਾ